ਕੌਮਾਂਤਰੀ www.amritsartimes.live
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 22 | Issue 176| 21 May to 27 May , 2025 | Ph.: (510) 240-5949 | Email: asrtimes@gmail.com

# ਸ੍ਰੀ ਦਰਬਾਰ ਸਾਹਿਬ ਵਿੱਚ ਏਅਰ ਡਿਫ਼ੈਂਸ ਗੰਨਾਂ ਦੀ ਤਾਇਨਾਤੀ ਦੀ ਖ਼ਬਰ ਨੂੰ ਭਾਰਤੀ ਫ਼ੌਜ ਨੇ ਕੀਤਾ ਰੱਦ

## ਸ਼੍ਰੋਮਣੀ ਕਮੇਟੀ ਤੇ ਸਿੱਖ ਚਿੰਤਕਾਂ ਨੇ ਭਾਰਤੀ ਫ਼ੌਜ ਦੇ ਦਾਅਵਿਆਂ ਨੂੰ ਝੂਠਾ ਦੱਸਦਿਆਂ ਜਾਂਚ ਦੀ ਕੀਤੀ ਸੀ ਮੰਗ











ਭਾਰਤੀ ਫ਼ੌਜ ਨੇ ਹੁਣੇ ਜਿਹੇ ਸਪੱਸ਼ਟ ਕੀਤਾ ਕਿ ਅਪਰੇਸ਼ਨ ਸੰਧੂਰ ਦੌਰਾਨ ਸ੍ਰੀ ਦਰਬਾਰ ਸਾਹਿਬ (ਸ੍ਰੀ ਹਰਿਮੰਦਰ ਸਾਹਿਬ) ਦੇ ਅਹਾਤੇ ਵਿੱਚ ਕੋਈ ਵੀ ਏਅਰ ਡਿਫ਼ੈਂਸ ਗੰਨਾਂ ਜਾਂ ਹੋਰ ਏਅਰ ਡਿਫ਼ੈਂਸ ਸਾਧਨ ਤਾਇਨਾਤ ਨਹੀਂ ਕੀਤੇ ਗਏ। ਇਹ ਬਿਆਨ ਉਨ੍ਹਾਂ ਮੀਡੀਆ ਰਿਪੋਰਟਾਂ ਦੇ ਜਵਾਬ ਵਿੱਚ ਆਇਆ, ਜਿਨ੍ਹਾਂ ਵਿੱਚ ਫ਼ੌਜ ਦੇ ਹਵਾਲੇ ਨਾਲ ਕਿਹਾ ਗਿਆ ਸੀ ਕਿ ਸ੍ਰੀ ਦਰਬਾਰ ਸਾਹਿਬ ਦੇ ਪ੍ਰਬੰਧਕਾਂ ਨੇ ਫ਼ੌਜ ਨੂੰ ਪਾਕਿਸਤਾਨ ਤੋਂ ਸੰਭਾਵੀ ਡਰੋਨ ਅਤੇ ਮਿਜ਼ਾਇਲ ਹਮਲਿਆਂ ਦੇ ਜਵਾਬ ਵਿੱਚ ਏਅਰ ਡਿਫ਼ੈਂਸ ਗੰਨਾਂ ਤਾਇਨਾਤ ਕਰਨ ਦੀ ਇਜਾਜ਼ਤ ਦਿੱਤੀ ਸੀ।

ਇਥੇ ਜ਼ਿਕਰਯੋਗ ਹੈ ਕਿ ਬੀਤੇ ਦਿਨੀਂ ਭਾਰਤੀ ਫ਼ੌਜ ਨੇ 'ਅਪਰੇਸ਼ਨ ਸੰਧੂਰ' ਦੇ ਸਬੰਧ ਵਿੱਚ ਇੱਕ ਵੀਡੀਓ ਜਾਰੀ ਕੀਤਾ ਸੀ, ਜਿਸ ਵਿੱਚ ਪਾਕਿਸਤਾਨ ਵੱਲੋਂ ਦਾਗੇ ਗਏ ਡਰੋਨ ਅਤੇ ਮਿਜ਼ਾਇਲਾਂ ਨੂੰ ਮਾਰ ਡੇਗਣ ਦੀ ਗੱਲ ਦਿਖਾਈ ਗਈ ਸੀ। ਮੇਜਰ ਜਨਰਲ ਕਾਰਤਿਕ ਸੀ. ਸੇਸ਼ਾਦਰੀ ਨੇ ਕਿਹਾ ਸੀ, 'ਅਸੀਂ ਅੰਦਾਜ਼ਾ ਲਗਾਇਆ ਸੀ ਕਿ ਉਹ ਧਾਰਮਿਕ ਸਥਾਨਾਂ, ਭਾਰਤ ਦੇ ਫ਼ੌਜੀ ਟਿਕਾਣਿਆਂ ਅਤੇ ਨਾਗਰਿਕਾਂ ਨੂੰ ਨਿਸ਼ਾਨਾ ਬਣਾਉਣਗੇ। ਇਨ੍ਹਾਂ ਵਿੱਚੋਂ, ਦਰਬਾਰ ਸਾਹਿਬ ਸਭ ਤੋਂ ਪ੍ਰਮੁੱਖ ਜਾਪਦਾ ਸੀ।' ਫ਼ੌਜ ਨੇ ਕਿਹਾ ਸੀ ਕਿ ਸਾਡੇ ਸੁਚੇਤ ਆਰਮੀ ਏਅਰ ਡਿਫ਼ੈਂਸ ਗੰਨਰਾਂ ਨੇ ਦਰਬਾਰ ਸਾਹਿਬ 'ਤੇ ਨਿਸ਼ਾਨਾ ਬਣਾਏ ਗਏ ਸਾਰੇ ਡਰੋਨ ਅਤੇ ਮਿਜ਼ਾਇਲਾਂ ਨੂੰ ਮਾਰ ਸੁੱਟਿਆ। ਇਸ ਤਰ੍ਹਾਂ, ਸਾਡੇ ਪਵਿੱਤਰ ਦਰਬਾਰ ਸਾਹਿਬ 'ਤੇ ਇੱਕ ਵੀ ਝਰੀਟ ਨਹੀਂ ਆਉਣ ਦਿੱਤੀ ਗਈ। ਸ੍ਰੀ ਦਰਬਾਰ ਸਾਹਿਬ ਦੇ ਹੈੱਡ ਗ੍ਰੰਥੀ ਦੀ ਪ੍ਰਵਾਨਗੀ ਨਾਲ ਉਸ ਦੁਆਲੇ ਤੋਪਾਂ ਤਾਇਨਾਤ ਕੀਤੀਆਂ ਸਨ।

ਭਾਰਤੀ ਫ਼ੌਜ ਦੇ ਇਸ ਦਾਅਵੇ ਕਾਰਨ ਸਿੱਖ ਸੰਗਤਾਂ ਵਿੱਚ ਭਾਰੀ ਵਿਵਾਦ ਨੂੰ ਜਨਮ ਦਿੱਤਾ ਸੀ। ਇਸ ਦੀ ਵੱਡੇ ਪੱਧਰ ਉੱਪਰ ਆਲੋਚਨਾ ਹੋਈ ਸੀ।ਭਾਰਤੀ ਫ਼ੌਜ ਨੇ ਹੁਣ ਤਾਜ਼ਾ ਬਿਆਨ ਵਿੱਚ ਕਿਹਾ ਹੈ ਕਿ ਕੁਝ ਮੀਡੀਆ ਰਿਪੋਰਟਾਂ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿੱਚ ਏਅਰ ਡਿਫ਼ੈਂਸ ਗੰਨਾਂ ਦੀ ਤਾਇਨਾਤੀ ਸਬੰਧੀ ਸਾਹਮਣੇ ਆਈਆਂ ਹਨ। ਅਸੀਂ ਸਪੱਸ਼ਟ ਕਰਦੇ ਹਾਂ ਕਿ ਸ੍ਰੀ ਦਰਬਾਰ ਸਾਹਿਬ ਦੇ ਅਹਾਤੇ ਵਿੱਚ ਕੋਈ ਵੀ ਏਅਰ ਡਿਫ਼ੈਂਸ ਗੰਨਾਂ ਜਾਂ ਸਾਧਨ ਤਾਇਨਾਤ ਨਹੀਂ ਕੀਤੇ ਗਏ।

ਇਸ ਤੋਂ ਪਹਿਲਾਂ, ਸ੍ਰੀ ਦਰਬਾਰ ਸਾਹਿਬ ਦੇ ਵਧੀਕ ਮੁੱਖ ਗ੍ਰੰਥੀ ਅਤੇ ਸਿੱਖਾਂ ਦੀ ਸਰਵ ਉੱਚ ਧਾਰਮਿਕ ਸੰਸਥਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਨੇ ਵੀ ਇਨ੍ਹਾਂ ਰਿਪੋਰਟਾਂ ਨੂੰ ਖਾਰਜ ਕਰਦਿਆਂ ਕਿਹਾ ਸੀ ਕਿ ਭਾਰਤੀ ਫ਼ੌਜ ਨੂੰ ਕੋਈ ਵੀ ਏਅਰ ਡਿਫ਼ੈਂਸ ਗੰਨਾਂ ਤਾਇਨਾਤ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਗਈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਸੀ ਕਿ ਪ੍ਰਸ਼ਾਸਨ ਨੇ ਸਿਰਫ਼ ਬਲੈਕਆਊਟ ਦੌਰਾਨ ਬਿਜਲੀ ਬੰਦ ਕਰਨ ਸਬੰਧੀ ਸੰਪਰਕ ਕੀਤਾ ਸੀ, ਜਿਸ ਵਿੱਚ ਸ਼੍ਰੋਮਣੀ ਕਮੇਟੀ ਨੇ ਪ੍ਰਸ਼ਾਸਨਿਕ ਜ਼ਿੰਮੇਵਾਰੀ ਨਿਭਾਉਂਦਿਆਂ ਅਤੇ ਮਰਯਾਦਾ ਦੀ ਪਵਿੱਤਰਤਾ ਬਣਾਈ ਰੱਖਦਿਆਂ ਪੂਰਾ ਸਹਿਯੋਗ ਦਿੱਤਾ। ਉਨ੍ਹਾਂ ਨੇ ਸਪੱਸ਼ਟ ਕੀਤਾ ਕਿ ਫ਼ੌਜ ਦੇ ਕਿਸੇ ਵੀ ਅਧਿਕਾਰੀ ਨੇ ਏਅਰ ਡਿਫ਼ੈਂਸ ਗੰਨਾਂ ਦੀ ਤਾਇਨਾਤੀ ਸਬੰਧੀ ਕੋਈ ਸੰਪਰਕ ਨਹੀਂ ਕੀਤਾ। ਸ੍ਰੀ ਦਰਬਾਰ ਸਾਹਿਬ ਦੇ ਮੁੱਖ ਗ੍ਰੰਥੀ, ਗਿਆਨੀ ਰਘਬੀਰ ਸਿੰਘ, ਜੋ ਅਪਰੇਸ਼ਨ ਸੰਧੂਰ ਦੌਰਾਨ ਵਿਦੇਸ਼ੀ ਦੌਰੇ 'ਤੇ ਸਨ, ਨੇ ਵੀ ਸਪੱਸ਼ਟ ਕੀਤਾ ਕਿ ਉਨ੍ਹਾਂ ਨਾਲ ਗੰਨਾਂ ਦੀ ਤਾਇਨਾਤੀ ਸਬੰਧੀ ਕੋਈ ਗੱਲਬਾਤ ਨਹੀਂ ਹੋਈ ਅਤੇ ਨਾ ਹੀ ਅਜਿਹਾ ਕੋਈ ਵਾਕਿਆ ਵਾਪਰਿਆ। ਵਧੀਕ ਮੁੱਖ ਗ੍ਰੰਥੀ ਗਿਆਨੀ ਅਮਰਜੀਤ ਸਿੰਘ ਨੇ ਵੀ ਫ਼ੌਜ ਦੇ ਦਾਅਵੇ ਨੂੰ 'ਹੈਰਾਨੀਜਨਕ ਤੌਰ 'ਤੇ ਝੂਠਾ' ਕਰਾਰ ਦਿੱਤਾ ਅਤੇ ਸਪੱਸ਼ਟ ਕੀਤਾ ਕਿ ਕੋਈ ਵੀ ਇਜਾਜ਼ਤ ਨਹੀਂ ਦਿੱਤੀ ਗਈ। ਗਿਆਨੀ ਅਮਰਜੀਤ ਸਿੰਘ ਨੇ ਦੱਸਿਆ ਕਿ ਸ੍ਰੀ ਹਰਿਮੰਦਰ ਸਾਹਿਬ ਦੇ ਪ੍ਰਬੰਧਕਾਂ ਨੇ ਸ਼ਹਿਰ-ਵਿਆਪੀ ਬਲੈਕਆਊਟ ਦੌਰਾਨ ਜ਼ਿਲ੍ਹਾ ਪ੍ਰਸ਼ਾਸਨ ਦੀਆਂ ਹਦਾਇਤਾਂ ਦੀ ਪਾਲਣਾ ਕਰਦਿਆਂ ਸਿਰਫ਼ ਬਾਹਰੀ ਅਤੇ ਉੱਪਰਲੀਆਂ ਲਾਈਟਾਂ ਬੰਦ ਕੀਤੀਆਂ। ਜਿੱਥੇ ਮਰਯਾਦਾ ਦੀ ਪਾਲਣਾ ਹੋ ਰਹੀ ਸੀ, ਉੱਥੇ ਲਾਈਟਾਂ ਚਾਲੂ ਰੱਖੀਆਂ ਗਈਆਂ ਅਤੇ ਧਾਰਮਿਕ ਸਥਾਨ ਦੀ ਪਵਿੱਤਰਤਾ ਨੂੰ ਪੂਰੀ ਜ਼ਿੰਮੇਵਾਰੀ ਨਾਲ ਬਣਾਈ ਰੱਖਿਆ ਗਿਆ।

ਸ਼੍ਰੋਮਣੀ ਕਮੇਟੀ ਪ੍ਰਧਾਨ ਧਾਮੀ ਨੇ ਕਿਹਾ ਕਿ ਤਣਾਅਪੂਰਨ ਸਥਿਤੀ ਦੌਰਾਨ ਫ਼ੌਜ ਅਤੇ ਦੇਸ਼ ਦੀ ਸ਼ਲਾਘਾਯੋਗ ਭੂਮਿਕਾ ਨੂੰ ਮੰਨਦਿਆਂ, ਸਿੱਖਾਂ ਦੇ ਕੇਂਦਰੀ ਧਾਰਮਿਕ ਸਥਾਨ ਬਾਰੇ ਅਜਿਹੀਆਂ ਝੂਠੀਆਂ ਖ਼ਬਰਾਂ ਫ਼ੈਲਾਉਣਾ 'ਹੈਰਾਨੀਜਨਕ ਤੌਰ 'ਤੇ ਗਲਤ' ਹੈ। ਉਨ੍ਹਾਂ ਨੇ ਸਰਕਾਰ ਤੋਂ ਸਪੱਸ਼ਟੀਕਰਨ ਦੀ ਮੰਗ ਕੀਤੀ। ਉਨ੍ਹਾਂ ਨੇ ਇਹ ਵੀ ਜ਼ੋਰ ਦੇ ਕੇ ਕਿਹਾ ਕਿ ਬਲੈਕਆਊਟ ਦੌਰਾਨ ਵੀ ਵੱਡੀ ਗਿਣਤੀ ਵਿੱਚ ਸੰਗਤ ਸ੍ਰੀ ਦਰਬਾਰ ਸਾਹਿਬ ਵਿਖੇ ਸੇਵਾ ਅਤੇ ਦਰਸ਼ਨਾਂ ਲਈ ਆਈ ਸੀ ਅਤੇ ਜੇਕਰ ਅਜਿਹੀ ਕੋਈ ਗੰਨਾਂ ਦੀ ਤਾਇਨਾਤੀ ਹੁੰਦੀ, ਤਾਂ ਸੰਗਤ ਨੂੰ ਜ਼ਰੂਰ ਪਤਾ ਹੁੰਦਾ। ਧਾਮੀ ਨੇ ਫ਼ੌਜ ਦੇ ਦਾਅਵਿਆਂ ਨੂੰ 'ਝੂਠਾ' ਅਤੇ 'ਸਿੱਖਾਂ ਦੇ ਪਵਿੱਤਰ ਸਥਾਨ ਦੀ ਮਰਯਾਦਾ ਨਾਲ ਖਿਲਵਾੜ' ਕਰਾਰ ਦਿੱਤਾ ਸੀ। ਉਨ੍ਹਾਂ ਨੇ ਸਰਕਾਰ ਨੂੰ ਇਸ ਮੁੱਦੇ 'ਤੇ ਸਪੱਸ਼ਟੀਕਰਨ ਜਾਰੀ ਕਰਨ ਦੀ ਮੰਗ ਕੀਤੀ ਸੀ, ਕਿਉਂਕਿ ਅਜਿਹੀਆਂ ਖ਼ਬਰਾਂ ਸਿੱਖ ਸੰਗਤ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਂਦੀਆਂ ਹਨ।

ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ ਨੇ ਫ਼ੌਜ ਦੇ ਦਾਅਵੇ ਨੂੰ ਰੱਦ ਕਰਦਿਆਂ ਕਿਹਾ ਸੀ ਕਿ ਸ੍ਰੀ ਦਰਬਾਰ ਸਾਹਿਬ 'ਤੇ ਹਮਲੇ ਦੀ ਸੰਭਾਵਨਾ ਅਸੰਭਵ ਹੈ। ਉਨ੍ਹਾਂ ਨੇ ਕਿਹਾ ਕਿ ਸ੍ਰੀ ਦਰਬਾਰ ਸਾਹਿਬ ਸ਼ਾਂਤੀ ਅਤੇ ਸਰਬੱਤ ਦੇ ਭਲੇ ਦਾ ਪ੍ਰਤੀਕ ਹੈ। ਕੋਈ ਵੀ ਫ਼ੌਜ ਅਜਿਹੀ ਨੀਚ ਸੋਚ ਨਹੀਂ ਸਕਦੀ। ਸ੍ਰੀ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਸੀ ਕਿ ਫ਼ੌਜ ਦੇ ਜਨਰਲਾਂ ਵੱਲੋਂ ਕੀਤੇ ਗਏ ਦਾਅਵੇ ਸੱਚ ਨਹੀਂ ਜਾਪਦੇ। ਉਨ੍ਹਾਂ ਨੇ ਫ਼ੌਜ ਦੇ ਅਧਿਕਾਰੀਆਂ ਦੇ ਬਿਆਨਾਂ ਨੂੰ 'ਅਣਜਾਣਪੁਣੇ ਅਤੇ ਅਸੰਵੇਦਨਸ਼ੀਲ' ਕਰਾਰ ਦਿੱਤਾ ਅਤੇ ਸਰਕਾਰ ਨੂੰ ਸਪੱਸ਼ਟੀਕਰਨ ਜਾਰੀ ਕਰਨ ਲਈ ਕਿਹਾ। ਉਨ੍ਹਾਂ ਨੇ ਸਿੱਖ ਸੰਗਤ ਨੂੰ ਸੁਚੇਤ ਰਹਿਣ ਅਤੇ ਅਜਿਹੀਆਂ ਖ਼ਬਰਾਂ 'ਤੇ ਭਰੋਸਾ ਨਾ ਕਰਨ ਦੀ ਅਪੀਲ ਕੀਤੀ।

ਸਿੱਖ ਸੰਗਠਨਾਂ, ਜਿਵੇਂ ਕਿ ਸ਼੍ਰੋਮਣੀ ਅਕਾਲੀ ਦਲ ਅਤੇ ਹੋਰ ਸਿੱਖ ਜਥੇਬੰਦੀਆਂ, ਨੇ ਵੀ ਇਨ੍ਹਾਂ ਰਿਪੋਰਟਾਂ ਦੀ ਸਖ਼ਤ ਨਿਖੇਧੀ ਕੀਤੀ ਸੀ। ਸੋਸ਼ਲ ਮੀਡੀਆ ਉੱਪਰ ਸਿੱਖਾਂ ਵਿੱਚ ਕਾਫ਼ੀ ਰੋਸ ਦਿਖਾਈ ਦਿੱਤਾ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਨੇ ਵੀ ਜਾਂਚ ਦੀ ਮੰਗ ਦਾ ਸਮਰਥਨ ਕਰਦਿਆਂ ਸ਼੍ਰੋਮਣੀ ਕਮੇਟੀ ਨੂੰ ਪੂਰਨ ਸਹਿਯੋਗ ਦਾ ਭਰੋਸਾ ਦਿੱਤਾ ਸੀ।

ਸਿੱਖ ਚਿੰਤਕ ਅਜੈਪਾਲ ਸਿੰਘ ਬਰਾੜ ਨੇ ਸਵਾਲ ਉਠਾਇਆ ਕਿ ਏਅਰ ਡਿਫ਼ੈਂਸ ਸਿਸਟਮ ਸ੍ਰੀ ਦਰਬਾਰ ਸਾਹਿਬ ਦੀ ਹਦੂਦ ਵਿੱਚ ਕਿਉਂ ਲਗਾਇਆ ਗਿਆ, ਜਦਕਿ ਇਸ ਨੂੰ ਜਲ੍ਹਿਆਂਵਾਲਾ ਬਾਗ ਜਾਂ ਟਾਊਨ ਹਾਲ ਵਿੱਚ ਲਗਾਇਆ ਜਾ ਸਕਦਾ ਸੀ।

(ਬਾਕੀ ਸਫ਼ਾ 30 'ਤੇ)

# ਅਮਰੀਕਾ ਤੋਂ ਭਾਰਤ ਸਮੇਤ ਹੋਰ ਦੇਸ਼ਾਂ 'ਚ ਪੈਸੇ ਭੇਜਣ 'ਤੇ ਲੱਗੇਗਾ 5 ਫ਼ੀਸਦੀ ਟੈਕਸ

## ਟਰੰਪ ਦੇ ਪ੍ਰਸਤਾਵਿਤ ਬਿੱਲ ਨੂੰ ਹਾਊਸ ਬਜਟ ਕਮੇਟੀ ਨੇ ਦਿੱਤੀ ਪ੍ਰਵਾਨਗੀ




ਸੈਕਰਾਮੈਂਟੋ ,ਕੈਲੀਫ਼ੋਰਨੀਆ/ ਹੁਸਨ ਲੜੋਆ ਬੰਗਾ: ਰਾਸ਼ਟਰਪਤੀ ਡੋਨਾਲਡ ਟਰੰਪ ਦੁਆਰਾ ਪ੍ਰਸਤਾਵਿਤ ਨਵਾਂ ਬਿੱਲ ਜੇਕਰ ਕਾਨੂੰਨ ਬਣ ਜਾਂਦਾ ਹੈ ਜਿਸ ਦੀ ਕਿ ਪੂਰੀ ਸੰਭਾਵਨਾ ਹੈ, ਤਾਂ ਅਮਰੀਕਾ ਵਿੱਚ ਰਹਿ ਰਹੇ ਲੱਖਾਂ ਭਾਰਤੀਆਂ ਸਮੇਤ ਹੋਰ ਦੇਸ਼ਾਂ ਦੇ ਨਾਗਰਿਕਾਂ ਨੂੰ ਆਪਣੇ ਘਰ ਜਾਂ ਦੇਸ਼ ਪੈਸੇ ਭੇਜਣ ਉਪਰ ਟੈਕਸ ਦੇਣਾ ਪਵੇਗਾ। ਹਾਊਸ ਬਜਟ ਕਮੇਟੀ ਨੇ ਵੱਨ ਬਿੱਗ ਬਿਊਟੀਫ਼ੁੱਲ ਬਿੱਲ ਐਕਟ ਨੂੰ ਪ੍ਰਵਾਨਗੀ ਦੇ ਦਿੱਤੀ ਹੈ। 1116 ਸਫ਼ਿਆਂ ਦੇ ਬਿੱਲ ਵਿੱਚ ਗੈਰ ਅਮਰੀਕੀ ਨਾਗਰਿਕਾਂ ਉੱਪਰ 5% ਐਕਸਾਈਜ਼ ਟੈਕਸ ਲਾਉਣ ਦੀ ਵਿਵਸਥਾ ਹੈ। ਇਹ ਟੈਕਸ ਆਰਜ਼ੀ ਵਰਕ ਵੀਜ਼ੇ ਜਿਵੇਂ ਐਚ-1ਬੀ ਵੀਜ਼ਾ ਤੇ ਐਲ-1 ਵੀਜ਼ਾ ਦੇ ਨਾਲ ਨਾਲ ਗਰੀਨ ਕਾਰਡ ਧਾਰਕਾਂ ਜੋ ਅਜੇ ਅਮਰੀਕੀ ਨਾਗਰਿਕ ਨਹੀਂ ਬਣੇ ਹਨ, ਉੱਪਰ ਵੀ ਲਾਗੂ ਹੋਵੇਗਾ। ਪ੍ਰਸਤਾਵਿਤ ਟੈਕਸ ਪੈਸੇ ਭੇਜਣ ਮੌਕੇ ਕੱਟਿਆ ਜਾਵੇਗਾ। ਛੋਟੀ ਤੋਂ ਛੋਟੀ ਰਕਮ ਉੱਪਰ ਵੀ ਗ਼ੈਰ ਅਮਰੀਕੀ ਨਾਗਰਿਕਾਂ ਨੂੰ ਇਹ ਟੈਕਸ ਦੇਣਾ ਪਵੇਗਾ। ਕੇਵਲ ਅਮਰੀਕੀ ਨਾਗਰਿਕਾਂ ਜਾਂ ਅਮਰੀਕੀਆਂ ਨੂੰ ਇਸ ਟੈਕਸ ਤੋਂ ਛੋਟ ਹੋਵੇਗੀ। ਜਿਥੋਂ ਤੱਕ ਭਾਰਤੀਆਂ ਦਾ ਸਬੰਧ ਹੈ ਇਸ ਬਿੱਲ ਦੇ ਕਾਨੂੰਨ ਬਣ ਜਾਣ ਉਪਰੰਤ ਉਨ੍ਹਾਂ ਉੱਪਰ ਭਾਰੀ ਵਿੱਤੀ ਬੋਝ ਪਵੇਗਾ। ਰਿਜ਼ਰਵ ਬੈਂਕ ਆਫ਼ ਇੰਡੀਆ (ਆਰ. ਬੀ. ਆਈ.) ਵੱਲੋਂ ਮਾਰਚ 2025 ਵਿੱਚ ਕੀਤੇ ਸਰਵੇ ਅਨੁਸਾਰ ਵਿੱਤੀ ਸਾਲ 2023-2024 ਦੌਰਾਨ ਅਮਰੀਕਾ ਤੋਂ ਭਾਰਤ ਤਕਰੀਬਨ 32 ਅਰਬ ਡਾਲਰ ਭੇਜੇ ਗਏ ਸਨ। ਪ੍ਰਸਤਾਵਿਤ ਟੈਕਸ ਕਾਰਨ ਪ੍ਰਤੀ ਸਾਲ ਭਾਰਤੀਆਂ ਨੂੰ 1.6 ਅਰਬ ਡਾਲਰ ਤੋਂ ਵਧ ਟੈਕਸ ਦੇਣਾ ਪਵੇਗਾ। ਬਿੱਲ ਅਨੁਸਾਰ ਪੈਸੇ ਭੇਜਣ ਦੀ ਸੇਵਾ ਦੇਣ ਵਾਲੀਆਂ ਕੰਪਨੀਆਂ ਨੂੰ ਹਰ 3 ਮਹੀਨੇ ਬਾਅਦ ਇਹ ਰਕਮ ਅਮਰੀਕੀ ਖ਼ਜ਼ਾਨੇ ਵਿੱਚ ਜਮਾਂ ਕਰਵਾਉਣੀ ਪਵੇਗੀ। ਬਿੱਲ ਤਹਿਤ ਨਾ ਕੇਵਲ ਵਿਅਕਤੀਗਤ ਰੂਪ ਵਿੱਚ ਪੈਸੇ ਭੇਜਣ ਉਪਰ ਟੈਕਸ ਲਾਉਣ ਦੀ ਵਿਵਸਥਾ ਹੈ ਬਲਕਿ ਜੇਕਰ ਕੋਈ ਨਿਵੇਸ਼ ਉੱਪਰ ਹੋਈ ਆਮਦਨੀ ਆਪਣੇ ਦੇਸ਼ ਭੇਜਦਾ ਹੈ ਤਾਂ ਉਸ ਨੂੰ ਵੀ ਇਹ ਟੈਕਸ ਦੇਣਾ ਪਵੇਗਾ। ਅਮਰੀਕਾ ਵਿੱਚ ਰਹਿ ਰਹੇ ਅੰਦਾਜ਼ਨ 54 ਲੱਖ ਭਾਰਤੀਆਂ ਵਿਚੋਂ ਜ਼ਿਆਦਾਤਰ ਆਰਜ਼ੀ ਵਰਕ ਵੀਜ਼ੇ ਜਾਂ ਪੀ ਆਰ ਉੱਪਰ ਹਨ ਜਿਨ੍ਹਾਂ ਨੂੰ ਇਸ ਬਿੱਲ ਵਿੱਚ ਛੋਟ ਨਹੀਂ ਦਿੱਤੀ ਗਈ ਹੈ।

# ਫਰਾਂਸ ’ਚ ਰਹਿੰਦੇ ਹਨ ਕਰੀਬ 30,000 ਸਿੱਖ

## ਕਰ ਰਹੇ ਨੇ ਦਸਤਾਰ ਉੱਤੇ ਪਾਬੰਦੀ ਵਿਰੁੱਧ ਸੰਘਰਸ਼

## ਸ਼ੇਰੇ ਪੰਜਾਬ ਕੰਪਲੈਕਸ ਪੈਰਿਸ ਸਕੂਲ ਸਿੱਖਾਂ ਨੂੰ ਕਿਉਂ ਸਥਾਪਤ ਕਰਨਾ ਪਿਆ ?



ਪ੍ਰੋਫੈਸਰ ਬਲਵਿੰਦਰ ਪਾਲ ਸਿੰਘ
9815700916










ਫਰਾਂਸ ਵਿੱਚ ਸਿੱਖ ਭਾਈਚਾਰਾ ਭਾਵੇਂ ਛੋਟਾ ਹੈ, ਪਰ ਉਸ ਦੀ ਮੌਜੂਦਗੀ ਅਤੇ ਪ੍ਰਭਾਵ ਕਾਫੀ ਮਜ਼ਬੂਤ ਹੈ। ਫਰਾਂਸ ਵਿੱਚ ਲਗਭਗ 30,000 ਸਿੱਖ ਰਹਿੰਦੇ ਹਨ, ਅਤੇ ਉਨ੍ਹਾਂ ਦਾ ਮੁੱਖ ਅੱਡਾ ਪੈਰਿਸ ਦੇ ਨੇੜੇ ਬੋਬਿਗਨੀ ਸ਼ਹਿਰ ਵਿੱਚ ਹੈ, ਜਿੱਥੇ ਇੱਕ ਗੁਰਦੁਆਰਾ ਵੀ ਸਥਿਤ ਹੈ। ਭਾਈਚਾਰੇ ਨੇ ਸਮੇਂ ਦੇ ਨਾਲ ਆਪਣੇ ਸੱਭਿਆਚਾਰ ਅਤੇ ਧਰਮ ਨੂੰ ਕਾਇਮ ਰੱਖਿਆ ਹੈ, ਖਾਸ ਕਰਕੇ 2004 ਵਿੱਚ ਜਦੋਂ ਫਰਾਂਸ ਸਰਕਾਰ ਨੇ ਸਰਕਾਰੀ ਸਕੂਲਾਂ ਵਿੱਚ ਦਸਤਾਰ ਵਰਗੇ ਧਾਰਮਿਕ ਪ੍ਰਤੀਕਾਂ ’ਤੇ ਪਾਬੰਦੀ ਲਗਾਈ ਸੀ। ਇਸ ਦੇ ਬਾਵਜੂਦ, ਸਿੱਖ ਭਾਈਚਾਰੇ ਨੇ ਕਦੇ ਹਾਰ ਨਹੀਂ ਮੰਨੀ ਅਤੇ ਆਪਣੀ ਪਛਾਣ ਨੂੰ ਬਰਕਰਾਰ ਰੱਖਿਆ। ਚਾਹੇ ਉਨ੍ਹਾਂ ਦੇ ਧਾਰਮਿਕ ਸਥਾਨ ਹੋਣ ਜਾਂ ਸੱਭਿਆਚਾਰਕ ਪ੍ਰੋਗਰਾਮ, ਸਿੱਖ ਭਾਈਚਾਰੇ ਨੇ ਫਰਾਂਸ ਵਿੱਚ ਆਪਣੀ ਜਗ੍ਹਾ ਬਣਾਈ ਹੈ ਅਤੇ ਦੇਸ਼ ਦੇ ਸਮਾਜਿਕ ਢਾਂਚੇ ਵਿੱਚ ਅਹਿਮ ਭੂਮਿਕਾ ਨਿਭਾਈ ਹੈ।

**ਫਰਾਂਸ ਵਿੱਚ ਸਿੱਖ ਭਾਈਚਾਰਾ ਛੋਟਾ ਹੋਣ ਦੇ ਬਾਵਜੂਦ ਆਪਣੀ ਪਛਾਣ ਅਤੇ ਸੱਭਿਆਚਾਰ ਨੂੰ ਬਰਕਰਾਰ ਰੱਖਣ ਲਈ ਸਰਗਰਮ ਹੈ। ਚੈਰਿਟੀ ਅਤੇ ਸਮਾਜ ਸੇਵਾ ਵਿੱਚ ਉਨ੍ਹਾਂ ਦਾ ਯੋਗਦਾਨ ਮਹੱਤਵਪੂਰਨ ਹੈ, ਪਰ ਰਾਜਨੀਤਕ ਅਤੇ ਪ੍ਰਸ਼ਾਸਨਿਕ ਖੇਤਰ ਵਿੱਚ ਪ੍ਰਾਪਤੀਆਂ ਸੀਮਤ ਹਨ। ਦਸਤਾਰ ’ਤੇ ਪਾਬੰਦੀ ਅਤੇ ਸਿੱਖ ਸਕੂਲਾਂ ਦੀ ਘਾਟ ਨੇ ਸਿੱਖ ਨੌਜਵਾਨਾਂ ਦੀ ਸਿੱਖਿਆ ਅਤੇ ਪਛਾਣ ’ਤੇ ਮਾੜਾ ਅਸਰ ਪਾਇਆ ਹੈ ਅਤੇ ਇਸ ਮੁੱਦੇ ’ਤੇ ਸੰਘਰਸ਼ ਜਾਰੀ ਹੈ।**



### ਦਸਤਾਰ ’ਤੇ ਪਾਬੰਦੀ ਵਿਰੁੱਧ ਸਿੱਖ ਸੰਘਰਸ਼

ਜਾਣਕਾਰੀ ਅਨੁਸਾਰ, 2004 ਵਿੱਚ ਫਰਾਂਸ ਸਰਕਾਰ ਦੁਆਰਾ ਪਾਸ ਕੀਤੇ ਗਏ ਕਾਨੂੰਨ ਅਨੁਸਾਰ, ਸਰਕਾਰੀ ਸਕੂਲਾਂ ਵਿੱਚ ਧਾਰਮਿਕ ਪ੍ਰਤੀਕਾਂ ਨੂੰ ਹਟਾਉਣ ਦਾ ਹੁਕਮ ਦਿੱਤਾ ਗਿਆ ਸੀ। ਇਸ ਕਾਨੂੰਨ ਅਧੀਨ ਸਿੱਖ ਵਿਦਿਆਰਥੀਆਂ ਨੂੰ ਸਿਰ ’ਤੇ ਦਸਤਾਰ ਪਹਿਨਣ ਦੀ ਇਜਾਜ਼ਤ ਨਹੀਂ ਸੀ। ਇਹ ਫੈਸਲਾ ਸਿੱਖ ਭਾਈਚਾਰੇ ਲਈ ਵੱਡੇ ਸਦਮੇ ਵਜੋਂ ਆਇਆ ਅਤੇ ਇਸ ਦੇ ਵਿਰੁੱਧ ਤਿੱਖਾ ਵਿਰੋਧ ਹੋਇਆ। ਖਾਸ ਕਰਕੇ ਪੈਰਿਸ ਦੇ ਨੇੜੇ ਕੁਝ ਸਕੂਲਾਂ ਵਿੱਚ ਪੰਜ 5 ਸਿੱਖ ਵਿਦਿਆਰਥੀਆਂ ਨੂੰ ਦਸਤਾਰ ਪਹਿਨਣ ਕਾਰਨ ਕਲਾਸਾਂ ਤੋਂ ਬਾਹਰ ਕੱਢ ਦਿੱਤਾ ਗਿਆ ਸੀ। ਇਸ ਫੈਸਲੇ ਤੋਂ ਬਾਅਦ, ਸਿੱਖ ਭਾਈਚਾਰੇ ਨੇ ਅਧਿਕਾਰੀਆਂ ਨੂੰ ਅਪੀਲ ਕੀਤੀ ਕਿ ਦਸਤਾਰ ’ਤੇ ਪਾਬੰਦੀ ਹਟਾਈ ਜਾਵੇ। ਸਿੱਖ ਭਾਈਚਾਰੇ ਨੇ ਅੰਤਰਰਾਸ਼ਟਰੀ ਪੱਧਰ ’ਤੇ, ਜਿਵੇਂ ਸੰਯੁਕਤ ਰਾਸ਼ਟਰ ਮਨੁੱਖੀ ਅਧਿਕਾਰ ਕਮੇਟੀ ਵਿੱਚ, ਇਸ ਮੁੱਦੇ ਨੂੰ ਉਠਾਇਆ। 2012 ਵਿੱਚ, ਸੰਯੁਕਤ ਰਾਸ਼ਟਰ ਨੇ ਫਰਾਂਸ ਦੀ ਪਾਬੰਦੀ ਨੂੰ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕਰਾਰ ਦਿੱਤਾ, ਪਰ ਫਰਾਂਸ ਨੇ ਇਸ ਨੂੰ ਪੂਰੀ ਤਰ੍ਹਾਂ ਨਹੀਂ ਮੰਨਿਆ। ਸਿੱਖ ਭਾਈਚਾਰੇ ਨੇ ਸਥਾਨਕ ਅਧਿਕਾਰੀਆਂ ਅਤੇ ਸਮਾਜ ਨਾਲ ਸੰਵਾਦ ਜਾਰੀ ਰੱਖਿਆ, ਤਾਂ ਜੋ ਦਸਤਾਰ ਨੂੰ ਸੱਭਿਆਚਾਰਕ ਅਤੇ ਧਾਰਮਿਕ ਪ੍ਰਤੀਕ ਵਜੋਂ ਸਵੀਕਾਰਿਆ ਜਾਵੇ ਪਰ ਕੋਈ ਸਕਾਰਾਤਮਕ ਨਤੀਜਾ ਨਹੀਂ ਨਿਕਲਿਆ। ਇਸ ਤੋਂ ਬਾਅਦ, ਸਿੱਖਾਂ ਨੇ ਆਪਣਾ ਨਿੱਜੀ ਸਿੱਖ ਸਕੂਲ ਸਥਾਪਿਤ ਕੀਤਾ, ਜਿਸ ਨੂੰ ਸ਼ੇਰ ਪੰਜਾਬ ਕੰਪਲੈਕਸ ਨਾਮ ਦਿੱਤਾ ਗਿਆ। ਸ਼ੇਰੇ ਪੰਜਾਬ ਕੰਪਲੈਕਸ ਪੈਰਿਸ ਵਿੱਚ ਸਥਿਤ ਇੱਕ ਨਿੱਜੀ ਸਿੱਖ ਸਕੂਲ ਹੈ, ਜੋ ਫਰਾਂਸੀਸੀ ਅਧਿਕਾਰੀਆਂ ਦੁਆਰਾ ਧਾਰਮਿਕ ਪ੍ਰਤੀਕਾਂ, ਖਾਸ ਕਰਕੇ ਸਿੱਖ ਦਸਤਾਰ ’ਤੇ ਪਾਬੰਦੀ ਕਾਰਨ ਸਥਾਪਿਤ ਕੀਤਾ ਗਿਆ ਸੀ। ਇਹ ਸਕੂਲ ਇੱਕ ਸਥਾਨਕ ਸਿੱਖ ਵਪਾਰੀ ਦੁਆਰਾ ਸਥਾਪਿਤ ਕੀਤਾ ਗਿਆ ਸੀ, ਜਿਸ ਦੇ ਪੁੱਤਰ ਨੂੰ 2004 ਵਿੱਚ ਸਰਕਾਰੀ ਸਕੂਲ ਵਿੱਚੋਂ ਕੱਢ ਦਿੱਤਾ ਗਿਆ ਸੀ ਕਿਉਂਕਿ ਉਸ ਨੇ ਕਲਾਸ ਵਿੱਚ ਦਸਤਾਰ ਨਹੀਂ ਉਤਾਰੀ ਸੀ। ਇਸ ਸਕੂਲ ਦੀ ਸਥਾਪਨਾ ਲਈ ਲਗਭਗ 300,000 ਯੂਰੋ ਦੀ ਲਾਗਤ ਆਈ ਸੀ, ਜਿਸ ਵਿੱਚ ਇਮਾਰਤ ਦੀ ਲਾਗਤ ਸ਼ਾਮਲ ਨਹੀਂ ਸੀ। ਇਸ ਸਕੂਲ ਦੀ ਸ਼ੁਰੂਆਤ 15 ਵਿਦਿਆਰਥੀਆਂ ਨਾਲ ਹੋਈ ਸੀ, ਪਰ ਹੁਣ ਇਹ ਗਿਣਤੀ ਕਾਫੀ ਵਧ ਗਈ ਹੈ ਅਤੇ ਇਹ ਸਿੱਖ ਭਾਈਚਾਰੇ ਦੇ ਬੱਚਿਆਂ ਲਈ ਮਹੱਤਵਪੂਰਨ ਸਿੱਖਿਆ ਕੇਂਦਰ ਬਣ ਗਿਆ ਹੈ।

### ਫਰਾਂਸ ਵਿੱਚ ਗੁਰਦੁਆਰੇ

ਜਾਣਕਾਰੀ ਅਨੁਸਾਰ, ਫਰਾਂਸ ਵਿੱਚ ਕੁੱਲ ਪੰਜ ਗੁਰਦੁਆਰੇ ਹਨ, ਜੋ ਸਾਰੇ ਪੈਰਿਸ ਸ਼ਹਿਰ ਵਿੱਚ ਸਥਿਤ ਹਨ। ਇਹ ਗੁਰਦੁਆਰੇ ਸਿੱਖ ਸਮੁਦਾਇ ਦੇ ਧਾਰਮਿਕ ਅਤੇ ਸੱਭਿਆਚਾਰਕ ਜੀਵਨ ਦਾ ਅਹਿਮ ਹਿੱਸਾ ਹਨ। ਫਰਾਂਸ ਦੇ ਗੁਰਦੁਆਰਿਆਂ ਵਿੱਚੋਂ ਕੁਝ ਮੁੱਖ ਨਾਮ ਇਸ ਪ੍ਰਕਾਰ ਹਨ: ਗੁਰਦੁਆਰਾ ਸਿੰਘ ਸਭਾ ਐਸੋਸੀਏਸ਼ਨ, ਬੋਬਿਗਨੀ ਗੁਰਦੁਆਰਾ ਸਾਹਿਬ, ਬਰਗੇਟ ਗੁਰਦੁਆਰਾ ਗੁਰੂ ਤੇਗ ਬਹਾਦਰ ਸਾਹਿਬ, ਬੌਂਡੀ ਗੁਰਦੁਆਰਾ ਸਾਹਿਬ, ਵਿਲੇ ਪੈਂਟਿਨਇਸ ਤੋਂ ਇਲਾਵਾ, ਫਰਾਂਸ ਦੇ ਹੋਰ ਸ਼ਹਿਰਾਂ ਵਿੱਚ ਵੀ ਸਿੱਖ ਭਾਈਚਾਰੇ ਦੀ ਮੌਜੂਦਗੀ ਹੈ, ਜਿਨ੍ਹਾਂ ਵਿੱਚ ਡਰਾਂਸੀ, ਬੋਬਿਗਨੀ, ਬੌਂਡੀ, ਰੋਮਾਂਵੀਲ, ਵਿਲੇ ਪੈਂਟਿਨ ਅਤੇ ਪੈਂਟਿਨ ਵਰਗੇ ਖੇਤਰ ਮੁੱਖ ਹਨ। ਇਹ ਖੇਤਰ ਸਿੱਖ ਧਾਰਮਿਕ ਅਤੇ ਸੱਭਿਆਚਾਰਕ ਸਮਾਗਮਾਂ ਦਾ ਕੇਂਦਰ ਬਣੇ ਹੋਏ ਹਨ। ਸਿੱਖ ਭਾਈਚਾਰਾ ਗੁਰਦੁਆਰਿਆਂ ਵਿੱਚ ਗੁਰਮੁਖੀ ਅਤੇ ਸਿੱਖ ਧਰਮ ਦੀ ਸਿੱਖਿਆ ਦੇਣ ਵਾਲੇ ਸੰਡੇ ਸਕੂਲ ਜਾਂ ਸਮਾਜਿਕ ਪ੍ਰੋਗਰਾਮ ਚਲਾਉਂਦਾ ਹੈ। ਇਹ ਪ੍ਰੋਗਰਾਮ ਮੁੱਖ ਤੌਰ ’ਤੇ ਬੱਚਿਆਂ ਨੂੰ ਸਿੱਖ ਸੱਭਿਆਚਾਰ, ਇਤਿਹਾਸ ਅਤੇ ਗੁਰਬਾਣੀ ਦੀ ਸਿੱਖਿਆ ਦਿੰਦੇ ਹਨ।

### ਦਸਤਾਰ ਦੀ ਪਾਬੰਦੀ ਦਾ ਅਸਰ

ਦਸਤਾਰ ’ਤੇ ਪਾਬੰਦੀ ਦਾ ਸਿੱਖ ਭਾਈਚਾਰੇ ’ਤੇ ਡੂੰਘਾ ਸਮਾਜਿਕ ਅਤੇ ਮਨੋਵਿਗਿਆਨਕ ਅਸਰ ਪਿਆ ਹੈ : ਸਿੱਖਿਆ ’ਤੇ ਅਸਰ: ਸਕੂਲਾਂ ਵਿੱਚ ਦਸਤਾਰ ’ਤੇ ਪਾਬੰਦੀ ਕਾਰਨ ਕਈ ਸਿੱਖ ਵਿਦਿਆਰਥੀਆਂ ਨੂੰ ਸਕੂਲ ਛੱਡਣਾ ਪਿਆ, ਜਿਸ ਨਾਲ ਉਨ੍ਹਾਂ ਦੀ ਸਿੱਖਿਆ ਪ੍ਰਭਾਵਿਤ ਹੋਈ। ਦਸਤਾਰ ਸਿੱਖ ਪਛਾਣ ਦਾ ਅਹਿਮ ਹਿੱਸਾ ਹੈ। ਇਸ ’ਤੇ ਪਾਬੰਦੀ ਨੇ ਸਿੱਖ ਨੌਜਵਾਨਾਂ ਵਿੱਚ ਪਛਾਣ ਦੇ ਸੰਕਟ ਨੂੰ ਵਧਾਇਆ ਹੈ।

ਪਾਬੰਦੀ ਕਾਰਨ ਸਿੱਖ ਭਾਈਚਾਰੇ ਨੂੰ ਸਮਾਜਿਕ ਅਤੇ ਸੱਭਿਆਚਾਰਕ ਅਲੱਗ-ਥਲੱਗਤਾ ਦਾ ਸਾਹਮਣਾ ਕਰਨਾ ਪਿਆ, ਕਿਉਂਕਿ ਉਹ ਆਪਣੀ ਧਾਰਮਿਕ ਪਛਾਣ ਨੂੰ ਖੁੱਲ੍ਹ ਕੇ ਪ੍ਰਗਟ ਨਹੀਂ ਕਰ ਸਕਦੇ।

**ਕਾਨੂੰਨੀ ਸੰਘਰਸ਼:** ਸਿੱਖ ਸੰਗਠਨਾਂ ਨੇ ਇਸ ਮੁੱਦੇ ਨੂੰ ਅਦਾਲਤਾਂ ਅਤੇ ਅੰਤਰਰਾਸ਼ਟਰੀ ਮੰਚਾਂ (ਜਿਵੇਂ ਸੰਯੁਕਤ ਰਾਸ਼ਟਰ) ’ਤੇ ਉਠਾਇਆ ਹੈ, ਪਰ ਸਫਲਤਾ ਸੀਮਤ ਰਹੀ ਹੈ। ਇਸ ਨੇ ਸਿੱਖ ਭਾਈਚਾਰੇ ਵਿੱਚ ਇੱਕ ਸੰਘਰਸ਼ ਦੀ ਭਾਵਨਾ ਨੂੰ ਜਨਮ ਦਿੱਤਾ ਹੈ।

### ਵਿਸ਼ਵ ਦੀਆਂ ਅਖ਼ਬਾਰਾਂ ਇਸ ਮਾਮਲੇ ਬਾਰੇ ਕੀ ਕਹਿੰਦੀਆਂ ਹਨ ?

ਵਿਸ਼ਵ ਮੀਡੀਆ ਨੇ ਫਰਾਂਸ ਵਿੱਚ ਸਿੱਖ ਦਸਤਾਰ ’ਤੇ ਪਾਬੰਦੀ ਦੇ ਮੁੱਦੇ ਨੂੰ ਕਈ ਵਾਰ ਚੁੱਕਿਆ ਹੈ। ਬੀ.ਬੀ.ਸੀ. (2004-2012): ਬੀ.ਬੀ.ਸੀ. ਨੇ ਰਿਪੋਰਟ ਕੀਤਾ ਕਿ ਫਰਾਂਸ ਦੀ ਪਾਬੰਦੀ ਨੇ ਸਿੱਖ ਭਾਈਚਾਰੇ ਵਿੱਚ ਰੋਸ ਪੈਦਾ ਕੀਤਾ ਅਤੇ ਸੰਯੁਕਤ ਰਾਸ਼ਟਰ ਦੀ ਮਨੁੱਖੀ ਅਧਿਕਾਰ ਕਮੇਟੀ ਨੇ 2012 ਵਿੱਚ ਇਸ ਨੂੰ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕਰਾਰ ਦਿੱਤਾ। ਦਾ ਗਾਰਡੀਅਨ ਯੂ ਕੇ ਨੇ ਫਰਾਂਸ ਦੇ ਧਰਮ ਨਿਰਪੱਖਤਾ ਦੇ ਸਿਧਾਂਤ ਅਤੇ ਧਾਰਮਿਕ ਆਜ਼ਾਦੀ ਦੇ ਵਿਚਕਾਰ ਤਣਾਅ ’ਤੇ ਚਰਚਾ ਕੀਤੀ ਅਤੇ ਸਿੱਖਾਂ ਦੀ ਨਿੱਜੀ ਸਕੂਲ ਸਥਾਪਨਾ ਨੂੰ ਇੱਕ ਸਕਾਰਾਤਮਕ ਕਦਮ ਦੱਸਿਆ। ਦਾ ਨਿਊਯਾਰਕ ਟਾਈਮਜ਼ ਨੇ ਸਿੱਖ ਭਾਈਚਾਰੇ ਦੇ ਸੰਘਰਸ਼ ਅਤੇ ਸ਼ੇਰ ਪੰਜਾਬ ਕੰਪਲੈਕਸ ਦੀ ਸਥਾਪਨਾ ਨੂੰ ਭਾਈਚਾਰੇ ਦੀ ਦ੍ਰਿੜਤਾ ਦਾ ਪ੍ਰਤੀਕ ਦੱਸਿਆ ਅਲ ਜਜੀਰਾ ਨੇ ਫਰਾਂਸ ਦੀ ਪਾਬੰਦੀ ਨੂੰ ਘੱਟ-ਗਿਣਤੀ ਭਾਈਚਾਰਿਆਂ ਦੇ ਵਿਰੁੱਧ ਵਿਤਕਰੇ ਵਜੋਂ ਪੇਸ਼ ਕੀਤਾ ਅਤੇ ਸਿੱਖ ਭਾਈਚਾਰੇ ਦੀ ਅੰਤਰਰਾਸ਼ਟਰੀ ਅਪੀਲ ’ਤੇ ਜ਼ੋਰ ਦਿੱਤਾ। ਇੰਡੀਅਨ ਐਕਸਪ੍ਰੈਸ ਅਤੇ ਦਾ ਹਿੰਦੂ ਭਾਰਤੀ ਅਖਬਾਰਾਂ ਨੇ ਸਿੱਖ ਭਾਈਚਾਰੇ ਦੀ ਹਿੰਮਤ ਅਤੇ ਸੱਭਿਆਚਾਰਕ ਪਛਾਣ ਨੂੰ ਬਰਕਰਾਰ ਰੱਖਣ ਦੀਆਂ ਕੋਸ਼ਿਸ਼ਾਂ ਦੀ ਸ਼ਲਾਘਾ ਕੀਤੀ ਅਤੇ ਸੰਯੁਕਤ ਰਾਸ਼ਟਰ ਦੇ ਫੈਸਲੇ ਨੂੰ ਸਿੱਖਾਂ ਦੀ ਜਿੱਤ ਵਜੋਂ ਪੇਸ਼ ਕੀਤਾ। ਮੀਡੀਆ ਵਿੱਚ ਆਮ ਤੌਰ ’ਤੇ ਇਹ ਸਹਿਮਤੀ ਹੈ ਕਿ ਫਰਾਂਸ ਦੀ ਸਖਤ ਧਰਮ ਨਿਰਪੱਖਤਾ ਨੀਤੀ ਨੇ ਸਿੱਖ ਭਾਈਚਾਰੇ ਦੀ ਧਾਰਮਿਕ ਆਜ਼ਾਦੀ ਨੂੰ ਸੀਮਤ ਕੀਤਾ, ਪਰ ਸਿੱਖਾਂ ਦੀ ਸਥਾਨਕ ਅਤੇ ਅੰਤਰਰਾਸ਼ਟਰੀ ਪੱਧਰ ’ਤੇ ਲੜਾਈ ਨੇ ਉਨ੍ਹਾਂ ਦੀ ਪਛਾਣ ਨੂੰ ਮਜ਼ਬੂਤ ਕੀਤਾ।

(ਬਾਕੀ ਸਫ਼ਾ 31 ’ਤੇ)

# ਯੂ.ਕੇ. ’ਚ ਸਿੱਖ ਪਛਾਣ ਲਈ ਮੁਹਿੰਮ ਚਲਾਉਣ ਵਾਲਾ ਜਗਜੀਤ ਸਿੰਘ ਰਿਆਤ

## ਸਿੱਖਾਂ ਨੂੰ ਉਸਾਰੀ ਵਾਲੀਆਂ ਥਾਂਵਾਂ ’ਤੇ ਸੁਰੱਖਿਆ ਹੈਲਮੇਟ ਦੀ ਬਜਾਏ ਦਸਤਾਰ ਪਹਿਨਣ ਦੀ ਆਜ਼ਾਦੀ ਦਿਵਾਈ


## ਦਸਤਾਰ ਲਈ ਕਾਨੂੰਨੀ ਜਿੱਤ ਵਿੱਚ ਰਿਆਤ ਪਰਿਵਾਰ ਦਾ ਅਣਥੱਕ ਯੋਗਦਾਨ

ਜਗਜੀਤ ਸਿੰਘ ਰਿਆਤ ਅਤੇ ਉਨ੍ਹਾਂ ਦੇ ਪਿਤਾ ਮਹਿੰਦਰ ਸਿੰਘ ਰਿਆਤ ਨੇ 1988 ਵਿੱਚ ਯੂ.ਕੇ. ’ਚ ਸਿੱਖਾਂ ਦੀ ਧਾਰਮਿਕ ਪਛਾਣ ਨੂੰ ਕਾਇਮ ਰੱਖਣ ਲਈ ਇੱਕ ਇਤਿਹਾਸਕ ਮੁਹਿੰਮ ਚਲਾਈ ਸੀ। ਇਸ ਮੁਹਿੰਮ ਨੇ ਸਿੱਖਾਂ ਨੂੰ ਉਸਾਰੀ ਵਾਲੀਆਂ ਥਾਂਵਾਂ ’ਤੇ ਸੁਰੱਖਿਆ ਹੈਲਮੇਟ ਦੀ ਬਜਾਏ ਦਸਤਾਰ ਪਹਿਨਣ ਦੀ ਆਜ਼ਾਦੀ ਦਿਵਾਈ। 1989 ’ਚ ਇਸ ਮੁੱਦੇ ’ਤੇ ਕਾਨੂੰਨੀ ਛੋਟ ਮਿਲੀ, ਜਿਸ ਨੇ ਸਿੱਖ ਧਰਮ ਦੀ ਪਛਾਣ ਨੂੰ ਮਾਨਤਾ ਦਿੱਤੀ। 2015 ਵਿੱਚ ਡੀਰੈਗੂਲੇਸ਼ਨ ਬਿੱਲ ਨੇ ਇਸ ਛੋਟ ਨੂੰ ਸਾਰੇ ਕਾਰਜ ਸਥਾਨਾਂ ’ਤੇ ਲਾਗੂ ਕਰ ਦਿੱਤਾ, ਜਿਸ ਨਾਲ ਮਾਲਕਾਂ ਨੂੰ ਸੀਮਤ ਦੇਣਦਾਰੀ ਮਿਲੀ। ਇਸ ਜਿੱਤ ਨੇ ਸਿੱਖਾਂ ਨੂੰ ਆਪਣੀ ਪੱਗ ਨਾਲ ਮਾਣ ਨਾਲ ਕੰਮ ਕਰਨ ਦਾ ਹੱਕ ਦਿੱਤਾ।

ਜਗਜੀਤ ਸਿੰਘ ਰਿਆਤ ਅਨੁਸਾਰ 1960 ਦੇ ਦਹਾਕੇ ਵਿੱਚ ਸਿੱਖਾਂ ਨੂੰ ਉਸਾਰੀ ਵਾਲੀਆਂ ਥਾਂਵਾਂ ’ਤੇ ਪੱਗ ਬੰਨ੍ਹਣ ਦੀ ਮਨਾਹੀ ਸੀ। ਹਾਰਡ ਹੈਟ ਪਹਿਨਣਾ ਲਾਜ਼ਮੀ ਸੀ, ਜਿਸ ਕਾਰਨ ਸਿੱਖ ਨੌਜਵਾਨਾਂ ਨੂੰ ਨੌਕਰੀਆਂ ਮਿਲਣ ਵਿੱਚ ਮੁਸ਼ਕਿਲ ਆਉਂਦੀ ਸੀ। ਮਹਿੰਦਰ ਸਿੰਘ ਰਿਆਤ ਨੇ ਇਸ ਕਾਨੂੰਨ ਨੂੰ ਬਦਲਣ ਲਈ ਸੰਸਦ ਮੈਂਬਰਾਂ, ਜਿਵੇਂ ਮਾਰਗਰੇਟ ਥੈਚਰ ਅਤੇ ਵਿਲੀਅਮ ਵ੍ਹਾਈਟਲਾਅ ਨਾਲ ਮੁਲਾਕਾਤਾਂ ਕੀਤੀਆਂ ਸਨ। ਉਨ੍ਹਾਂ ਨੇ ਸਿੱਖ ਧਰਮ ਵਿੱਚ ਪੱਗ ਦੀ ਮਹੱਤਤਾ ਨੂੰ ਸਮਝਾਇਆ। ਇਸ ਸੰਘਰਸ਼ ਵਿੱਚ ਜਗਜੀਤ ਸਿੰਘ ਨੇ ਵੀ ਪਿਤਾ ਦਾ ਪੂਰਾ ਸਾਥ ਦਿੱਤਾ। ਇਸ ਮੁਹਿੰਮ ਨੂੰ ਸਿੱਖ ਭਾਈਚਾਰੇ ਦੀ ਇਕਜੁਟਤਾ ਅਤੇ ਸਥਾਨਕ ਸੰਸਥਾਂਵਾਂ ਦੇ ਸਹਿਯੋਗ ਨੇ ਸਫ਼ਲਤਾ ਦਿਵਾਈ।

### ਯੂ.ਕੇ. ਵਿੱਚ ਕਈ ਅਦਾਰਿਆਂ ਵਿੱਚ ਪੱਗ ਉੱਪਰ ਪਾਬੰਦੀਆਂ

ਹੁਣ ਵੀ ਯੂ.ਕੇ. ’ਚ ਕੁਝ ਖਾਸ ਕੰਮਾਂ, ਜਿਵੇਂ ਹਵਾਈ ਜਹਾਜ਼ਾਂ ’ਚ ਪਾਇਲਟ ਵਜੋਂ ਜਾਂ ਖਤਰਨਾਕ ਰਸਾਇਣਿਕ ਉਦਯੋਗਾਂ ਵਿੱਚ, ਸੁਰੱਖਿਆ ਨਿਯਮਾਂ ਕਾਰਨ ਪੱਗ ’ਤੇ ਪਾਬੰਦੀਆਂ ਹਨ। ਪਰ ਸਿੱਖਾਂ ਨੇ ਹੋਰ ਖੇਤਰਾਂ ਵਿੱਚ ਵੀ ਸੰਘਰਸ਼ ਕੀਤਾ ਸੀ। ਮਿਸਾਲ ਵਜੋਂ, 1976 ਵਿੱਚ ਮੋਟਰਸਾਈਕਲ ਸਵਾਰ ਸਿੱਖਾਂ ਨੂੰ ਹੈਲਮੇਟ ਪਹਿਨਣ ਤੋਂ ਛੋਟ ਮਿਲੀ ਸੀ। 1983 ਵਿੱਚ ਸਕੂਲੀ ਵਰਦੀਆਂ ਵਿੱਚ ਪੱਗ ਪਹਿਨਣ ਦੀ ਇਜਾਜ਼ਤ ਲਈ ਮੁਹਿੰਮ ਸਫ਼ਲ ਰਹੀ ਸੀ। ਇਨ੍ਹਾਂ ਜਿੱਤਾਂ ਨੇ ਸਿੱਖ ਪਛਾਣ ਨੂੰ ਯੂ.ਕੇ. ਦੇ ਬਹੁ-ਸੱਭਿਆਚਾਰਕ ਸਮਾਜ ਵਿੱਚ ਮਜ਼ਬੂਤ ਕੀਤਾ ਸੀ। ਅੰਤਰਰਾਸ਼ਟਰੀ ਮੀਡੀਆ, ਜਿਵੇਂ ਕਿ ‘ਦ ਨਿਊਯਾਰਕ ਟਾਈਮਜ਼’ ਅਤੇ ਅਲ ਜਜ਼ੀਰਾ, ਨੇ ਵੀ ਇਸ ਮੁਹਿੰਮ ਨੂੰ ਬਹੁ-ਸੱਭਿਆਚਾਰਕ ਸਮਾਜ ਵਿੱਚ ਧਾਰਮਿਕ ਅਜ਼ਾਦੀ ਦੀ ਮਿਸਾਲ ਦੱਸਿਆ ਸੀ। ਅਮਰੀਕਾ ਦੇ



‘ਨਿਊਯਾਰਕ ਟਾਈਮਜ਼’ ਨੇ 1989 ਵਿੱਚ ਇੱਕ ਲੇਖ ਵਿੱਚ ਲਿਖਿਆ ਸੀ ਕਿ ਯੂ.ਕੇ. ਵਿੱਚ ਸਿੱਖਾਂ ਦੀ ਇਸ ਜਿੱਤ ਨੇ ਬਹੁ-ਸੱਭਿਆਚਾਰਕ ਸਮਾਜ ਵਿੱਚ ਧਾਰਮਿਕ ਅਜ਼ਾਦੀ ਦੀ ਮਹੱਤਤਾ ਨੂੰ ਉਜਾਗਰ ਕੀਤਾ। ਅਖ਼ਬਾਰ ਨੇ ਜਗਜੀਤ ਸਿੰਘ ਦੀ ਮੁਹਿੰਮ ਨੂੰ ਘੱਟ-ਗਿਣਤੀ ਭਾਈਚਾਰਿਆਂ ਦੇ ਅਧਿਕਾਰਾਂ ਦੀ ਰਾਖੀ ਦੀ ਮਿਸਾਲ ਦੱਸਿਆ ਸੀ।

ਇਸੇ ਤਰ੍ਹਾਂ, ਕੈਨੇਡਾ ਦੇ ‘ਦ ਗਲੋਬ ਐਂਡ ਮੇਲ’ ਨੇ ਲਿਖਿਆ ਸੀ ਕਿ ਜਗਜੀਤ ਸਿੰਘ ਦੀ ਮੁਹਿੰਮ ਨੇ ਸਿੱਖ ਡਾਇਸਪੋਰਾ ਨੂੰ ਪ੍ਰੇਰਿਤ ਕੀਤਾ ਅਤੇ ਹੋਰ ਮੁਲਕਾਂ ਵਿੱਚ ਸਿੱਖਾਂ ਦੇ ਅਧਿਕਾਰਾਂ ਲਈ ਸੰਘਰਸ਼ ਦੀ ਨੀਂਹ ਰੱਖੀ। ਅਲ ਜਜ਼ੀਰਾ ਨੇ ਇਸ ਨੂੰ ਸਿੱਖ ਭਾਈਚਾਰੇ ਦੀ ਸਮਾਜਿਕ ਜਾਗਰੂਕਤਾ ਅਤੇ ਸੰਗਠਨ ਦੀ ਜਿੱਤ ਦੱਸਿਆ ਸੀ।

ਯੂ.ਕੇ. ਦੀਆਂ ਅਖ਼ਬਾਰਾਂ, ਜਿਵੇਂ ‘ਦ ਗਾਰਡੀਅਨ’ ਅਤੇ ‘ਦ ਟਾਈਮਜ਼’, ਨੇ ਰਿਆਤ ਪਰਿਵਾਰ ਦੀ ਮੁਹਿੰਮ ਨੂੰ ਸਿੱਖ ਪੰਥ ਦੀ ਧਾਰਮਿਕ ਅਜ਼ਾਦੀ ਦੀ ਮਿਸਾਲ ਦੱਸਿਆ। ‘ਦ ਗਾਰਡੀਅਨ’ (ਨਵੰਬਰ 2024) ਨੇ ਲਿਖਿਆ ਸੀ ਕਿ ਰਿਆਤ ਦੀ ਮੁਹਿੰਮ ਨੇ ਸਿੱਖਾਂ ਦੀ ਪਛਾਣ ਨੂੰ ਯੂ.ਕੇ. ਦੇ ਕਾਨੂੰਨੀ ਢਾਂਚੇ ਵਿੱਚ ਸਥਾਪਤ ਕੀਤਾ।

(ਬਾਕੀ ਸਫ਼ਾ 30 ’ਤੇ)

## ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਵਿੱਚ ਵੱਖ-ਵੱਖ ਸਿੱਖ ਮਾਮਲੇ ਵਿਚਾਰੇ

# ਸ੍ਰੀ ਅਕਾਲ ਤਖ਼ਤ ਸਾਹਿਬ ਨੇ ਸੰਤ ਰਣਜੀਤ ਸਿੰਘ ਢਡਰੀਆਂ ਵਾਲੇ ਦੀ ਖਿਮਾ ਯਾਚਨਾ ਪ੍ਰਵਾਨ ਕਰਦਿਆਂ ਪ੍ਰਚਾਰ ਕਰਨ ਦੀ ਦਿੱਤੀ ਆਗਿਆ

## ਗਿ. ਗੁਰਮੁਖ ਸਿੰਘ,ਹਰਵਿੰਦਰ ਸਿੰਘ ਸਰਨਾ, ਗਿਆਨੀ ਰਣਜੀਤ ਸਿੰਘ ਗੌਹਰ ਤੇ ਹੋਰ ਸਿੱਖ ਆਗੂ ਵੀ ਹੋਏ ਪੇਸ਼





ਅੰਮ੍ਰਿਤਸਰ/ਏ.ਟੀ.ਨਿਊਜ਼: ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਅੱਜ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਹੋਈ, ਜਿਸ ਵਿੱਚ ਵੱਖ-ਵੱਖ ਸਿੱਖ ਮਾਮਲੇ ਵਿਚਾਰੇ ਗਏ ਹਨ।

ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹੋਈ ਅੱਜ ਦੀ ਇਕੱਤਰਤਾ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਗਿਆਨੀ ਰਾਜਦੀਪ ਸਿੰਘ, ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਬਾਬਾ ਟੇਕ ਸਿੰਘ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਜੁਗਿੰਦਰ ਸਿੰਘ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਗ੍ਰੰਥੀ ਗਿਆਨੀ ਗੁਰਬਖਸ਼ੀਸ਼ ਸਿੰਘ ਹਾਜ਼ਰ ਸਨ।

ਇਸ ਦੌਰਾਨ ਸੰਤ ਰਣਜੀਤ ਸਿੰਘ ਢੱਡਰੀਆਂ ਵਾਲੇ ਨੇ ਵੀ ਆਪਣੀ ਖਿਮਾ ਯਾਚਨਾ ਕੀਤੀ ਅਤੇ ਅਕਾਲ ਤਖ਼ਤ ਸਾਹਿਬ ਵੱਲੋਂ ਇਸ ਖਿਮਾ ਯਾਚਨਾ ਨੂੰ ਪ੍ਰਵਾਨ ਕਰਦਿਆਂ ਉਨ੍ਹਾਂ ਨੂੰ ਪ੍ਰਚਾਰ ਕਰਨ ਦੀ ਆਗਿਆ ਦਿੱਤੀ ਗਈ ਹੈ। ਸਾਬਕਾ ਜਥੇਦਾਰ ਗਿਆਨੀ ਗੁਰਮੁਖ ਸਿੰਘ, ਦਿੱਲੀ ਕਮੇਟੀ ਦੇ ਸਾਬਕਾ ਪ੍ਰਧਾਨ ਹਰਵਿੰਦਰ ਸਿੰਘ ਸਰਨਾ, ਤਖ਼ਤ ਸ੍ਰੀ ਪਟਨਾ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਰਣਜੀਤ ਸਿੰਘ ਗੌਹਰ ਤੇ ਹੋਰ ਸਿੱਖ ਆਗੂ ਵੀ ਪੇਸ਼ ਹੋਏ।

ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪੰਜ ਸਿੰਘ ਸਾਹਿਬਾਨ ਨੇ ਭਾਈ ਰਣਜੀਤ ਸਿੰਘ ਵੱਲੋਂ ਕੀਤੀਆਂ ਗਈਆਂ ਟੱਪਣੀਆਂ ਤੇ ਮੰਗੀ ਗਈ ਖਿਮਾ ਜਾਚਨਾ ਅਤੇ ਅਗਾਹ ਤੋਂ ਹਦਾਇਤਾਂ ਦਿੱਤੀਆਂ ਗਈਆਂ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਰਿਆਦਾ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਮਰਪਿਤ ਹੋ ਕੇ ਸਿੱਖੀ ਦਾ ਪ੍ਰਚਾਰ ਕਰਨ ਦੇ ਫੈਸਲੇ ਨੂੰ ਢੱਡਰੀਆਂ ਵਾਲੇ ਨੇ ਪ੍ਰਵਾਨ ਕਰਦਿਆ ਖਿਮਾ ਜਾਚਨਾ ਕੀਤੀ । ਢੱਡਰੀਆਂ ਵਾਲੇ ਨੂੰ 501 ਰੁਪਏ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਕੜਾਹ ਪ੍ਰਸ਼ਾਦ ਵੀ ਦੇਗ ਕਰਾ ਕੇ ਖਿਮਾ ਜਾਚਨਾ ਕਰਨ ਦੀ ਅਰਦਾਸ ਕਰਨ ਫੈਸਲਾ ਸੁਣਾਇਆ ਗਿਆ ਜਿਸ ਨੂੰ ਢੱਡਰੀਆਂ ਵਾਲੇ ਨੇ ਪ੍ਰਵਾਨ ਕੀਤਾ ਅਤੇ ਢੱਡਰੀਆਂ ਵਾਲੇ 'ਤੇ ਲਗਾਈ ਗਈ ਰੋਕ ਨੂੰ ਹਟਾਇਆ ਗਿਆ ਹੈ।

ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਹਰਵਿੰਦਰ ਸਿੰਘ ਸਰਨਾ ਨੇ ਮਾਫ਼ੀ ਮੰਗੀ ਅਤੇ ਪੰਜ ਸਿੰਘ ਸਾਹਿਬਾਨ ਨੇ ਧਾਰਮਿਕ ਸਜਾ ਲਗਾਈ। ਜਿਸ ਅਨੁਸਾਰ 11 ਦਿਨ ਦੋ ਜਪੁਜੀ ਸਾਹਿਬ ਜੀ ਦੇ ਪਾਠ ਤੇ ਦੋ ਚੌਪਈ ਸਾਹਿਬ ਜੀ ਦੇ ਪਾਠ ਰੋਜ਼ਾਨਾ ਕਰਨ ਉਪਰੰਤ 501 ਰੁਪਏ ਦੀ ਦੇਗ ਗੁਰਦੁਆਰਾ ਸਿਘ ਬੰਗਲਾ ਸਾਹਿਬ ਵਿਖੇ ਅਰਦਾਸ ਕਰ ਕੇ ਖਿਮਾ ਜਾਚਨਾ ਕਰਨ ਦੀ ਧਾਰਮਿਕ ਸਜ਼ਾ ਸੁਣਾਈ ਗਈ ਹੈ।

24 ਸਤੰਬਰ 2015 ਨੂੰ ਡੇਰਾ ਸਿਰਸਾ ਮੁਖੀ ਨੂੰ ਮਾਫੀ ਦੇਣ ਵਾਲੇ ਪੰਜ ਸਿੰਘ ਸਾਹਿਬਾਨ ਵਿੱਚ ਸ਼ਾਮਿਲ ਗਿਆਨੀ ਗੁਰਮੁਖ ਸਿੰਘ ਨੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਪੇਸ਼ ਹੋ ਕੇ ਖਿਮਾ ਜਾਚਨਾ ਕੀਤੀ। ਪੰਜ ਸਿੰਘ ਸਾਹਿਬਾਨ ਵੱਲੋਂ ਗਿਆਨੀ ਗੁਰਮੁਖ ਸਿੰਘ ਦੀ ਖਿਮਾ ਯਾਚਨਾ ਪ੍ਰਵਾਨ ਕਰਦੇ ਹੋਏ 11 ਦਿਨ ਲੰਗਰ ਵਿੱਚ ਝੂਠੇ ਭਾਂਡੇ ਮਾਂਜਣ ਅਤੇ 11 ਦਿਨ ਜੋੜੇ ਘਰ ਵਿੱਚ ਸੇਵਾ ਕਰਨ ਦੇ ਨਾਲ 11 ਦਿਨ ਦੋ ਜਪੁਜੀ ਸਾਹਿਬ ਜੀ ਦੇ ਪਾਠ ਦੋ ਤ੍ਵੈ ਪ੍ਰਸ਼ਾਦ ਸਵਈਏ ਅਤੇ ਇੱਕ ਆਸਾ ਜੀ ਦੀ ਵਾਰ ਦਾ ਪਾਠ ਰੋਜ਼ਾਨਾ 11 ਦਿਨ ਕਰਕੇ 1100 ਦੀ ਕੜਾਹ ਪ੍ਰਸ਼ਾਦ ਦੀ ਦੇਗ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਕਰਵਾ ਕੇ ਖਿਮਾ ਜਾਚਨਾ ਕਰਨ ਦੀ ਧਾਰਮਿਕ ਸਜ਼ਾ ਸੁਣਾਈ ਹੈ।

ਇਸ ਤੋਂ ਇਲਾਵਾ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਉੱਘੇ ਸਿੱਖ ਵਿਦਵਾਨ ਤੇ ਗੁਰਦੁਆਰਾ ਸ੍ਰੀ ਫਤਿਹਗੜ੍ਹ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਹਰਪਾਲ ਸਿੰਘ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਪੰਜ ਪਿਆਰੇ ਗੁਰਪੁਰਵਾਸੀ ਭਾਈ ਮਲਕੀਤ ਸਿੰਘ ਖੰਡੂਰ ਦੇ ਪਰਿਵਾਰ ਨੂੰ ਉਨ੍ਹਾਂ ਦੀਆਂ ਸਿੱਖ ਪੰਥ ਪ੍ਰਤੀ ਨਿਭਾਈਆਂ ਸੇਵਾਵਾਂ ਨੂੰ ਦੇਖਦਿਆਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ, ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਬਾਬਾ ਟੇਕ ਸਿੰਘ ਧਨੌਲਾ, ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਗਿਆਨੀ ਰਾਜਦੀਪ ਸਿੰਘ ਅਤੇ ਹੋਰ ਸਿੰਘ ਸਾਹਿਬਾਨ ਵੱਲੋਂ ਸਿਰੋਪਾਓ, ਸ੍ਰੀ ਸਾਹਿਬ ਸਿੱਖ ਰਹਿਤ ਮਰਿਆਦਾ ਦੀ ਪੁਸਤਕ ਅਤੇ ਗਿਆਨੀ ਹਰਪਾਲ ਸਿੰਘ ਨੂੰ ਵਿਸ਼ੇਸ਼ ਚਾਂਦੀ ਦੀ ਤਸ਼ਤਰੀ ਭੇਟ ਕਰ ਕੇ ਸਨਮਾਨਿਤ ਕੀਤਾ ਗਿਆ।




## ਗਿਆਨੀ ਰਣਜੀਤ ਸਿੰਘ ਗੌਹਰ ਬਰੀ



ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਸਕੱਤਰੇਤ 'ਚ ਗਿਆਨੀ ਰਣਜੀਤ ਸਿੰਘ ਗੌਹਰ ਦਾ ਮਾਮਲਾ ਵਿਚਾਰਿਆ ਗਿਆ। ਗਿਆਨੀ ਰਣਜੀਤ ਸਿੰਘ ਗੌਹਰ 'ਤੇ ਲੱਗੇ ਦੋਸ਼ਾਂ ਦੀ ਜਾਂਚ ਲਈ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਗੁਰਪੁਰਵਾਸੀ ਪ੍ਰਧਾਨ ਅਵਤਾਰ ਸਿੰਘ ਹਿੱਤ ਵੱਲੋਂ ਮੈਂਬਰਾਂ ਨਾਲ ਮਸ਼ਵਰਾ ਕਰ ਕੇ ਮਿਤੀ 18.08.2022 ਨੂੰ ਉੱਚ-ਪੱਧਰੀ ਜਾਂਚ-ਕਮੇਟੀ ਬਣਾ ਕੇ ਇਨ੍ਹਾਂ ਦੇ ਨਿਰਦੋਸ਼ ਸਾਬਤ ਹੋਣ ਤੱਕ ਮਿਤੀ 28.08.2022 ਨੂੰ ਸੇਵਾ ਉੱਪਰ ਰੋਕ ਲਗਾਈ ਸੀ। ਇਸ ਸਬੰਧੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਪੱਤਰ ਨੰਬਰ ਅ:ਤ/22/286 ਮਿਤੀ 22.10.2022 ਰਾਹੀਂ ਗਿਆਨੀ ਰਣਜੀਤ ਸਿੰਘ ਗੌਹਰ ਨਾਲ ਹੋਈ ਬੇਇਨਸਾਫੀ ਸਬੰਧੀ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਆਦੇਸ਼ ਜਾਰੀ ਹੋਇਆ ਸੀ ਕਿ ਉਪਰੋਕਤ ਜਾਂਚ ਮੁਕੰਮਲ ਹੋਣ 'ਤੇ ਰਿਪੋਰਟ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਭੇਜੀ ਜਾਵੇ। ਦੁਬਾਰਾ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਦੇ ਆਦੇਸ਼ ਪੱਤਰ ਨੰਬਰ ਅ:ਤ/163 ਮਿਤੀ 06.12.2022 ਅਨੁਸਾਰ ਗਿਆਨੀ ਰਣਜੀਤ ਸਿੰਘ ਗੌਹਰ ਦੀਆਂ ਸੇਵਾਵਾਂ ਖਤਮ ਕਰਦਿਆਂ ਉਕਤ ਜਾਂਚ ਕਮੇਟੀ ਨੂੰ ਜਾਰੀ ਰੱਖਦਿਆਂ ਰਿਪੋਰਟ ਜਲਦ ਸੌਂਪਣ ਆਦੇਸ਼ ਕੀਤਾ ਗਿਆ ਸੀ। ਪਰੰਤੂ ਤਖ਼ਤ ਸ੍ਰੀ ਪਟਨਾ ਸਾਹਿਬ ਦੀ ਪ੍ਰਬੰਧਕ ਕਮੇਟੀ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ਾਂ ਦੀ ਪਾਲਨਾ ਨਹੀਂ ਕੀਤੀ ਬਲਕਿ ਅਵਤਾਰ ਸਿੰਘ ਹਿੱਤ ਵੱਲੋਂ ਬਣਾਈ ਜਾਂਚ ਕਮੇਟੀ ਨੂੰ ਹੀ ਗੈਰ-ਸੰਵਿਧਾਨਕ ਆਖਿਆ ਜੋ ਕਿ ਵਾਜ਼ਬ ਨਹੀਂ ਜਾਪਦਾ।

ਗਿਆਨੀ ਰਣਜੀਤ ਸਿੰਘ ਗੌਹਰ ਨੇ ਮਿਤੀ 04-11-2024 ਨੂੰ ਜਾਂਚ ਕਮੇਟੀ ਦੀ ਰਿਪੋਰਟ ਨੂੰ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸੌਂਪਿਆ। ਅੱਜ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ 'ਚ ਪ੍ਰਾਪਤ ਹੋਈ ਜਾਂਚ ਕਮੇਟੀ ਦੀ ਰਿਪੋਰਟ ਨੂੰ ਧਿਆਨ-ਪੂਰਵਕ ਤੇ ਸੰਜੀਦਗੀ ਨਾਲ ਵਿਚਾਰਿਆ ਗਿਆ ਹੈ। ਇਹ ਰਿਪੋਰਟ ਖ਼ਾਲਸਾ ਪੰਥ ਦੇ ਸਨਮੁਖ ਜਨਤਕ ਕਰਨ ਦਾ ਫੈਸਲਾ ਕੀਤਾ ਗਿਆ ਹੈ। ਅਵਤਾਰ ਸਿੰਘ ਹਿੱਤ ਤਤਕਾਲੀ ਪ੍ਰਧਾਨ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਪ੍ਰਬੰਧਕ ਕਮੇਟੀ ਵੱਲੋਂ ਬਣਾਈ ਗਈ ਜਾਂਚ ਕਮੇਟੀ ਦੀ ਰਿਪੋਰਟ ਮੁਤਾਬਕ ਗਿਆਨੀ ਰਣਜੀਤ ਸਿੰਘ ਗੌਹਰ ਉੱਤੇ ਲੱਗੇ ਦੋਸ਼ ਸਾਬਤ ਨਹੀਂ ਹੁੰਦੇ, ਇਸ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਆਦੇਸ਼ ਅ/ਤ/163 ਮਿਤੀ 06.12.2022 ਦੀ ਮਦ ਨੰਬਰ 7 ਅਨੁਸਾਰ ਇਨ੍ਹਾਂ ਦੀਆਂ ਸੇਵਾਵਾਂ ਉੱਤੇ ਲੱਗੀ ਰੋਕ ਹਟਾਈ ਜਾਂਦੀ ਹੈ ਅਤੇ ਇਹ ਪੰਥਕ ਸੇਵਾਵਾਂ ਜਾਰੀ ਰੱਖ ਸਕਦੇ ਹਨ।

## ਧਰਮ ਪ੍ਰਚਾਰ ਲਈ ਸਾਰੇ ਪ੍ਰਚਾਰਕਾਂ ਨੂੰ ਇਕਜੁੱਟ ਹੋਣਾ ਚਾਹੀਦਾ : ਸੰਤ ਰਣਜੀਤ ਸਿੰਘ ਢੱਡਰੀਆਂ ਵਾਲੇ

ਪੰਜਾਬ 'ਚ ਹੋ ਰਹੇ ਧਰਮ ਪਰਿਵਰਤਨ 'ਤੇ ਸੰਤ ਰਣਜੀਤ ਸਿੰਘ ਢੱਡਰੀਆਂ ਵਾਲੇ ਨੇ ਚਿੰਤਾ ਵਿਅਕਤ ਕੀਤੀ ਹੈ। ਉਨ੍ਹਾਂ ਕਿਹਾ ਕਿ ਨਸ਼ਿਆਂ ਦੇ ਖਾਤਮੇ ਲਈ ਧਰਮ ਪ੍ਰਚਾਰ ਦੀ ਲਹਿਰ ਚਲਾਉਣ ਸੰਬਧੀ ਸਿੰਘ ਸਾਹਿਬਾਨ ਦੇ ਹੁਕਮ ਤਹਿਤ ਇੱਥੇ ਹਾਜ਼ਰ ਹੋਇਆ। 20 ਸਾਲਾਂ ਦੇ ਧਰਮ ਪ੍ਰਚਾਰ ਦੇ ਤਜਰਬੇ ਤੋਂ ਬਾਅਦ ਕਈਆਂ ਨੂੰ ਅੰਮ੍ਰਿਤ ਛਕਾਇਆ ਹੈ। ਹੁਣ ਮੁੜ ਤੋਂ ਵਧ ਚੜ੍ਹ ਕੇ ਅੰਮ੍ਰਿਤ ਸੰਚਾਰ ਹੋਵੇਗਾ। ਧਰਮ ਪ੍ਰਚਾਰ ਲਈ ਸਾਰੇ ਪ੍ਰਚਾਰਕਾਂ ਨੂੰ ਕਮਰ ਕੱਸੇ ਕਰ ਕੇ ਇਕਜੁੱਟ ਹੋਣਾ ਚਾਹੀਦਾ ਹੈ। ਮੈ ਜਿਸ ਤਰ੍ਹਾਂ ਮਾਫ਼ੀ ਮੰਗੀ ਹੈ, ਇਸੇ ਤਰ੍ਹਾਂ ਟਕਸਾਲ ਮੁਖੀ ਬਾਬਾ ਹਰਨਾਮ ਸਿੰਘ ਧੁੰਮਾ ਨੂੰ ਵੀ ਚਾਹੀਦਾ ਕਿ ਉਹ ਆਪਣੇ ਵੱਲੋਂ ਚਲਾਈਆਂ ਗੋਲ਼ੀਆਂ ਤੇ ਬਦਨਾਮ ਕੀਤੀ ਛਬੀਲ ਦੀ ਮਾਫ਼ੀ ਮੰਗਣ। ਢੱਡਰੀਆਂਵਾਲੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੇਸ਼ ਹੋਏ ਜਿਥੇ ਉਨ੍ਹਾਂ ਆਪਣੇ ਵੱਲੋਂ ਦਿੱਤੇ ਵਿਵਾਦਤ ਬਿਆਨਾਂ ਦੀ ਖਿਮਾ ਮੰਗੀ, ਉਥੇ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ ਨੂੰ ਸਿਰ ਮੱਥੇ ਪ੍ਰਵਾਨ ਕਰਨ ਦੀ ਗਲ ਵੀ ਕਬੂਲੀ।



ਇਸ ਮੌਕੇ ਗਲਬਾਤ ਕਰਦਿਆਂ ਸੰਤ ਢੱਡਰੀਆਂ ਵਾਲੇ ਨੇ ਕਿਹਾ ਕਿ ਉਨ੍ਹਾਂ ਨੂੰ ਸਿੰਘ ਸਾਹਿਬਾਨ ਵੱਲੋਂ ਹੁਕਮ ਲਗਾਇਆ ਗਿਆ ਸੀ ਕਿ ਉਹ ਨਸ਼ੇ ਦੇ ਖਾਤਮੇ ਅਤੇ ਧਰਮ ਪਰਿਵਰਤਨ ਵਰਗੇ ਗੰਭੀਰ ਮੁੱਦੇ ਉਪਰ ਆ ਕੇ ਮਿਲਣ ਜਿਸ ਦੇ ਚਲਦੇ ਉਹ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਪੇਸ਼ ਹੋਏ ਹਨ। ਉਨ੍ਹਾਂ ਕਿਹਾ ਕਿ ਧਰਮ ਪਰਿਵਰਤਨ ਨੂੰ ਰੋਕਣ ਲਈ ਧਰਮ ਪ੍ਰਚਾਰ ਦੀ ਲਹਿਰ ਪ੍ਰਚੰਡ ਕਰਨ ਦੀ ਲੋੜ ਹੈ ਤੇ ਨਸ਼ੇ ਦੇ ਖਾਤਮੇ ਲਈ ਨੌਜਵਾਨੀ ਨੂੰ ਧਰਮ ਪ੍ਰਚਾਰ ਦੀ ਲਹਿਰ ਨਾਲ ਜੋੜਣ ਦੀ ਵੀ ਲੋੜ ਹੈ। ਉਨ੍ਹਾਂ ਕਿਹਾ ਕਿ ਮੇਰਾ ਧਰਮ ਪ੍ਰਚਾਰ ਲਹਿਰ 'ਚ 20 ਸਾਲਾਂ ਦਾ ਤਜਰਬਾ ਹੈ ਤੇ ਅਸੀਂ ਵੱਡੀ ਗਿਣਤੀ 'ਚ ਸੰਗਤ ਨੂੰ ਅੰਮ੍ਰਿਤ ਛਕਾਇਆ ਹੈ। ਕੁਝ ਵਿਵਾਦਾਂ ਦੇ ਚਲਦੇ ਇਹ ਕੰਮ ਰੁਕਿਆ ਸੀ ਪਰ ਹੁਣ ਮੁੜ ਧਰਮ ਪ੍ਰਚਾਰ ਦੀ ਲਹਿਰ ਨਾਲ ਸੰਗਤ ਨੂੰ ਜੋੜ ਅੰਮ੍ਰਿਤ ਸੰਚਾਰ ਕਰਵਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਚਾਹੇ ਮੈਂ ਗਲਤੀਆਂ ਕੀਤੀਆਂ ਜਾ ਨਹੀਂ ਕੀਤੀਆਂ ਪਰ ਆਪਣੇ ਸ਼ਬਦਾਂ ਦੀ ਮਾਫ਼ੀ ਮੰਗੀ ਹੈ, ਉਥੇ ਹੀ ਟਕਸਾਲ ਮੁਖੀ ਬਾਬਾ ਹਰਨਾਮ ਸਿੰਘ ਧੁੰਮਾ ਵੀ ਚਲਾਈਆਂ ਗੋਲੀਆਂ ਤੇ ਛਬੀਲ ਦੀ ਬਦਨਾਮੀ ਦੀ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਮਾਫ਼ੀ ਮੰਗਣ ਜੋ ਕਿ ਆਪਸੀ ਵਿਤਕਰਿਆਂ ਦੇ ਖਾਤਮੇ ਤੇ ਪੰਥ ਦੇ ਹਿੱਤ 'ਚ ਹੋਵੇਗਾ।

# ਭਾਰਤ ਵਿਸ਼ਵ ਦੇ ਸਭ ਤੋਂ ਉੱਚੇ ਟੈਰਿਫ ਵਾਲੇ ਦੇਸ਼ਾਂ ਵਿੱਚੋਂ ਇੱਕ: ਟਰੰਪ

## ਭਾਰਤ ਅਤੇ ਪਾਕਿਸਤਾਨ ਵਿਚਾਲੇ ਜੰਗਬੰਦੀ ਕਰਵਾਉਣ ਦਾ ਮੁੜ ਕੀਤਾ ਦਾਅਵਾ

ਨਿਊਯਾਰਕ/ਏ.ਟੀ.ਨਿਊਜ਼: ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਕਿ ਭਾਰਤ ਤੇ ਪਾਕਿਸਤਾਨ ਨਾਲ ਗੱਲਬਾਤ ਕਰਨਾ ਤੇ ਉਨ੍ਹਾਂ ਨੂੰ ਤਣਾਅ ਦੀ ਕਗਾਰ ਤੋਂ ਵਾਪਸ ਲਿਆਉਣਾ ਉਨ੍ਹਾਂ ਦੀ 'ਵੱਡੀ ਸਫ਼ਲਤਾ' ਹੈ, ਜਿਸ ਦਾ ਸਿਹਰਾ ਉਨ੍ਹਾਂ ਨੂੰ ਕਦੇ ਨਹੀਂ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਦੋਵਾਂ ਦੇਸ਼ਾਂ ਦਰਮਿਆਨ 'ਬਹੁਤ ਨਫ਼ਰਤ' ਹੈ ਤੇ ਤਣਾਅ ਉਸ ਸਿਖਰ 'ਤੇ ਪਹੁੰਚ ਗਿਆ ਸੀ ਜਿਸ ਦਾ ਅਗਲਾ ਪੜਾਅ ਸੰਭਾਵੀ ਤੌਰ 'ਤੇ 'ਪ੍ਰਮਾਣੂ' ਸੀ।ਟਰੰਪ ਨੇ ਫੌਕਸ ਨਿਊਜ਼ ਨੂੰ ਇੱਕ ਇੰਟਰਵਿਊ ਵਿੱਚ ਕਿਹਾ, "ਇਹ ਬਹੁਤ ਵੱਡੀ ਸਫ਼ਲਤਾ ਹੈ, ਜਿਸ ਦਾ ਸਿਹਰਾ ਸ਼ਾਇਦ ਕਦੇ ਮੇਰੇ ਸਿਰ ਨਾ ਬੱਝੇ। ਇਹ ਦੋਵੇਂ ਪ੍ਰਮੁੱਖ ਪ੍ਰਮਾਣੂ ਤਾਕਤਾਂ ਹਨ। ਉਹ ਕੋਈ ਛੋਟੇ ਮੋਟੇ ਨਹੀਂ, ਉਹ ਬਹੁਤ ਗੁੱਸੇ ਵਿੱਚ ਸਨ।" ਟਰੰਪ ਨੂੰ ਮੱਧ ਪੂਰਬ ਦੀ ਆਪਣੀ ਯਾਤਰਾ ਤੋਂ ਪਹਿਲਾਂ



'ਵਿਦੇਸ਼ ਨੀਤੀ ਦੀਆਂ ਕੁਝ ਸਫਲਤਾਵਾਂ' ਬਾਰੇ ਪੁੱਛਿਆ ਗਿਆ ਸੀ।"

ਟਰੰਪ ਨੇ ਕਿਹਾ, "ਮੈਂ ਵਪਾਰ ਦੀ ਵਰਤੋਂ ਦੋਵਾਂ ਧਿਰਾਂ ਵਿੱਚ ਸ਼ਾਂਤੀ ਬਣਾਉਣ ਲਈ ਕਰ ਰਿਹਾ ਹਾਂ। ਭਾਰਤ ਵਿਸ਼ਵ ਦੇ ਸਭ ਤੋਂ ਉੱਚੇ ਟੈਰਿਫ ਵਾਲੇ ਦੇਸ਼ਾਂ ਵਿੱਚੋਂ ਇੱਕ ਹੈ। ਕੀ ਤੁਸੀਂ ਜਾਣਦੇ ਹੋ ਕਿ ਉਹ ਅਮਰੀਕਾ ਲਈ ਆਪਣੇ ਟੈਰਿਫਾਂ ਵਿੱਚ 100% ਕਟੌਤੀ ਕਰਨ ਲਈ ਤਿਆਰ ਹਨ? ਭਾਰਤ ਵੱਲੋਂ ਹਾਲਾਂਕਿ ਇਸ ਮੁੱਦੇ 'ਤੇ ਅਜੇ ਤੱਕ ਅਧਿਕਾਰਤ ਤੌਰ 'ਤੇ ਕੋਈ ਐਲਾਨ ਨਹੀਂ ਕੀਤਾ ਗਿਆ ਹੈ।

ਟਰੰਪ ਨੂੰ ਜਦੋਂ ਪੁੱਛਿਆ ਗਿਆ ਕਿ ਕੀ ਭਾਰਤ ਨਾਲ ਟੈਰਿਫ ਨੂੰ ਲੈ ਕੇ ਵਪਾਰ ਸਮਝੌਤਾ ਜਲਦੀ ਸਿਰੇ ਚੜ੍ਹ ਰਿਹਾ ਹੈ ਤਾਂ ਟਰੰਪ ਨੇ ਕਿਹਾ, ਹਾਂ, ਇਹ ਜਲਦੀ ਆਵੇਗਾ। ਮੈਨੂੰ ਕੋਈ ਜਲਦੀ ਨਹੀਂ ਹੈ। ਦੇਖੋ, ਹਰ ਕੋਈ ਸਾਡੇ ਨਾਲ ਸੌਦਾ(ਕਰਾਰ) ਕਰਨਾ ਚਾਹੁੰਦਾ ਹੈ। ਅਮਰੀਕੀ ਸਦਰ ਨੇ ਕਿਹਾ, "ਦੱਖਣੀ ਕੋਰੀਆ ਇੱਕ ਸੌਦਾ ਕਰਨਾ ਚਾਹੁੰਦਾ ਹੈ.......ਪਰ ਮੈਂ ਹਰ ਕਿਸੇ ਨਾਲ ਸੌਦਾ ਨਹੀਂ ਕਰਨ ਜਾ ਰਿਹਾ। ਮੈਂ ਸਿਰਫ਼ (ਟੈਰਿਫ) ਸੀਮਾ ਨਿਰਧਾਰਿਤ ਕਰਨ ਜਾ ਰਿਹਾ ਹਾਂ। ਮੈਂ ਕੁਝ ਹੋਰ ਸੌਦੇ ਕਰਾਂਗਾੜ ਕਿਉਂਕਿ ਮੈਂ ਨਹੀਂ ਕਰ ਸਕਦਾ, ਤੁਸੀਂ ਇੰਨੇ ਸਾਰੇ ਲੋਕਾਂ ਨਾਲ ਨਹੀਂ ਮਿਲ ਸਕਦੇ। ਮੇਰੇ ਕੋਲ 150 ਦੇਸ਼ ਹਨ ਜੋ ਸੌਦਾ ਕਰਨਾ ਚਾਹੁੰਦੇ ਹਨ।"

# ਪ੍ਰਵਾਸੀ ਨੂੰ ਗ੍ਰਿਫ਼ਤਾਰੀ ਤੋਂ ਬਚਾਉਣ ਦੇ ਮਾਮਲੇ ਵਿੱਚ ਜੱਜ ਨੇ ਆਪਣੇ ਆਪ ਨੂੰ ਨਿਰਦੋਸ਼ ਦੱਸਿਆ, ਦਰਖ਼ਾਸਤ ਦਾਇਰ

ਸੈਕਰਾਮੈਂਟੋ,ਕੈਲੀਫ਼ੋਰਨੀਆ/ ਹੁਸਨ ਲੜੋਆ ਬੰਗਾ: ਮਿਲਵੌਕੀ ਕਾਊਂਟੀ ਸਰਕਟ ਜੱਜ ਹਨਾਹ ਡੂਗਨ ਨੇ ਦਾਇਰ ਦਰਖਾਸਤ ਵਿੱਚ ਕਿਹਾ ਹੈ ਕਿ ਉਹ ਦੋਸ਼ੀ ਨਹੀਂ ਹੈ। ਸੰਘੀ ਦੋਸ਼ਾਂ ਅਨੁਸਾਰ ਜੱਜ ਨੇ ਇੱਕ ਗ਼ੈਰ ਕਾਨੂੰਨੀ ਪ੍ਰਵਾਸੀ ਦੀ ਇਮੀਗ੍ਰੇਸ਼ਨ ਏਜੰਟਾਂ ਦੀ ਗ੍ਰਿਫ਼ਤਾਰੀ ਤੋਂ ਬਚਣ ਵਿੱਚ ਮਦਦ ਕੀਤੀ। ਡਾਊਨ ਟਾਊਨ ਮਿਲਵੌਕੀ ਵਿੱਚ ਸੁਣਵਾਈ ਮੌਕੇ ਅਦਾਲਤ ਦੇ ਬਾਹਰ ਲੋਕਾਂ ਨੇ ਜੱਜ ਦੇ ਹੱਕ ਵਿੱਚ ਪ੍ਰਦਰਸ਼ਨ ਕੀਤਾ।ਸੁਣਵਾਈ ਕੇਵਲ 5 ਮਿੰਟ ਤੋਂ ਵੀ ਘੱਟ ਸਮੇਂ ਵਿੱਚ ਮੁਕੰਮਲ ਹੋ ਗਈ। ਡੂਗਨ ਦੇ ਪ੍ਰਮੁੱਖ ਵਕੀਲ ਸਾਬਕਾ ਯੂ. ਐਸ.ਅਟਾਰਨੀ ਸਟੀਵ ਬਿਸਕੂਪਿਕ ਨੇ ਉਸ ਦੀ ਤਰਫ਼ੋਂ ਦਰਖ਼ਾਸਤ ਦਾਇਰ ਕੀਤੀ ਜਿਸ ਵਿੱਚ ਕਿਹਾ ਗਿਆ ਹੈ ਕਿ ਉਹ ਨਿਰਦੋਸ਼ ਹੈ।ਬਕਾਇਦਾ ਮੁਕੱਦਮੇ ਦੀ ਸ਼ੁਰੂਆਤ 21 ਜੁਲਾਈ ਤੋਂ ਹੋਵੇਗੀ। ਯੂ. ਐਸ. ਡਿਸਟ੍ਰਿਕਟ ਜੱਜ ਲਿਨ ਐਡਲਮੈਨ ਮਾਮਲੇ ਦੀ ਸੁਣਵਾਈ ਕਰਨਗੇ ਹਾਲਾਂਕਿ ਹੋਰ ਜੱਜ ਵੀ ਉਨ੍ਹਾਂ ਦੀ ਮਦਦ ਕਰਨਗੇ।



# ਕੀਮਤਾਂ 'ਚ ਵਾਧੇ ਦਾ ਦੋਸ਼ ਟੈਰਿ.ਫ ਉੱਪਰ ਲਾਉਣ ਦੀ ਕੋਸ਼ਿਸ਼ ਬੰਦ ਹੋਵੇ: ਟਰੰਪ

ਸੈਕਰਾਮੈਂਟੋ,ਕੈਲੀਫ਼ੋਰਨੀਆ/ ਹੁਸਨ ਲੜੋਆ ਬੰਗਾ: ਦਿਓਕੱਦ ਪ੍ਰਚੂਨ ਵਿਕ੍ਰੇਤਾ ਵਾਲਮਾਰਟ ਵੱਲੋਂ ਕੀਮਤਾਂ ਵਿੱਚ ਹੋਰ ਵਾਧਾ ਹੋ ਜਾਣ ਦਾ ਐਲਾਨ ਕਰਨ ਤੋਂ ਬਾਅਦ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸਖ਼ਤ ਤਾੜਨਾ ਕਰਦਿਆਂ ਕਿਹਾ ਹੈ ਕਿ ਕੀਮਤਾਂ ਵਿੱਚ ਵਾਧੇ ਦਾ ਦੋਸ਼ ਟੈਰਿਫ਼ ਉੱਪਰ ਮੜ੍ਹਨ ਦੀ ਕੋਸ਼ਿਸ਼ ਬੰਦ ਕਰਨ ਦੀ ਲੋੜ ਹੈ। ਵਾਲਮਾਰਟ ਦੇ ਸੀ. ਈ. ਓ. ਡੋਗਲਸ ਮੈਕਮਿਲਨ ਨੇ ਕਿਹਾ ਹੈ ਕਿ

ਟਰੰਪ ਦੇ ਟੈਰਿਫ਼ ਖਾਸ ਤੌਰ 'ਤੇ ਚੀਨੀ ਵਸਤਾਂ ਉੱਪਰ ਬਹੁਤ ਜ਼ਿਆਦਾ ਹੋਣ ਕਾਰਨ ਕੀਮਤਾਂ ਵਧ ਰਹੀਆਂ ਹਨ। ਉਨ੍ਹਾਂ ਕਿਹਾ ਕਿ ਅਸੀਂ ਕੀਮਤਾਂ ਨੂੰ ਘੱਟ ਰੱਖਣ ਲਈ ਹਰ ਸੰਭਵ ਕੋਸ਼ਿਸ਼ ਕਰਾਂਗੇ ਪਰੰਤੂ ਇਸ ਹਫ਼ਤੇ ਟੈਰਿਫ਼ ਘਟਾਉਣ ਦਾ ਐਲਾਨ ਕਰਨ ਦੇ ਬਾਵਜੂਦ ਟੈਰਿਫ਼ ਜਿਆਦਾ ਹਨ ਜਿਸ ਕਾਰਨ ਅਸੀਂ ਦਬਾਅ ਝੱਲ ਨਹੀਂ ਸਕਾਂਗੇ ਕਿਉਂਕਿ ਪਹਿਲਾਂ ਹੀ ਸਮਾਨ ਬਹੁਤ ਘੱਟ ਮੁਨਾਫ਼ੇ 'ਤੇ ਵੇਚਿਆ ਜਾ ਰਿਹਾ ਹੈ। ਟਰੰਪ ਨੇ ਇਸ ਦੇ ਜਵਾਬ ਵਿੱਚ ਸੋਸ਼ਲ ਮੀਡੀਆ ਟਰੁੱਥ ਉੱਪਰ ਕਿਹਾ ਹੈ ਕਿ ਜਿਥੋਂ ਤੱਕ ਵਾਲਮਾਰਟ ਤੇ ਚੀਨ ਦਾ ਸਬੰਧ ਹੈ, ਟੈਰਿਫ਼ ਨੂੰ ਭੁੱਲਣਾ ਪਵੇਗਾ ਤੇ ਗਾਹਕ ਕੋਲੋਂ ਵਾਧੂ ਪੈਸਾ ਨਹੀਂ ਲਿਆ ਜਾਵੇਗਾ। ਮੈਂ ਨਜ਼ਰ ਰੱਖ ਰਿਹਾ ਹਾਂ ਤੇ ਮੈਂ ਤੁਹਾਡਾ ਗਾਹਕ ਵੀ ਹਾਂ। ਦੂਸਰੇ ਪਾਸੇ ਆਰਥਿਕ ਮਾਹਿਰਾਂ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਹੈ ਕਿ ਟੈਰਿਫ਼ ਦਾ ਬੋਝ ਗਰੀਬ ਤੇ ਮੱਧ ਵਰਗ ਅਮਰੀਕੀਆਂ ਉੱਪਰ ਪਵੇਗਾ ਜੋ ਵਾਲਮਾਰਟ ਦੇ ਮੂਲ ਗਾਹਕ ਹਨ। ਇਹ ਗਾਹਕ ਵਾਲਮਾਰਟ ਕੋਲੋਂ ਬਿਨਾਂ ਕੋਈ ਬਹਿਸ ਕੀਤਿਆਂ ਚੁੱਪਚਾਪ ਖਰੀਦਦਾਰੀ ਕਰਦੇ ਹਨ। ਖਾਸ ਤੌਰ 'ਤੇ ਕਰਿਆਨੇ ਦੀ ਖਰੀਦਦਾਰੀ ਇਨ੍ਹਾਂ ਵੱਲੋਂ ਕੀਤੀ ਜਾਂਦੀ ਹੈ।

ਕੰਪਨੀ ਦੇ ਵਿੱਤ ਵਿਭਾਗ ਦੇ ਮੁਖੀ ਜੌਹਨ ਡੇਵਿਡ ਰੇਨੀ ਨੇ ਕਿਹਾ ਹੈ ਕਿ ਮਈ ਦੇ ਅੰਤ ਵਿੱਚ ਵਾਲਮਾਰਟ ਵੱਲੋਂ ਕੀਮਤਾਂ ਵਿੱਚ ਵਾਧਾ ਲਾਗੂ ਹੋਣ ਦੀ ਸੰਭਾਵਨਾ ਹੈ ਤੇ ਜੂਨ ਵਿੱਚ ਕੀਮਤਾਂ ਹੋਰ ਵਧ ਜਾਣਗੀਆਂ। ਹਾਲ ਹੀ ਵਿੱਚ ਅਮਰੀਕਾ ਤੇ ਚੀਨ ਵਿਚਾਲੇ 90 ਦਿਨਾਂ ਲਈ ਹੋਈ ਸਹਿਮਤੀ ਤਹਿਤ ਚੀਨੀ ਦਰਾਮਦ ਉੱਪਰ 30% ਟੈਰਿਫ਼ ਲੱਗੇਗਾ ਤੇ ਅਮਰੀਕੀ ਵਸਤਾਂ ਉੱਪਰ ਚੀਨ 10% ਟੈਰਿਫ਼ ਵਸੂਲੇਗਾ। ਇਥੇ ਜ਼ਿਕਰਯੋਗ ਹੈ ਕਿ ਵਾਲਮਾਰਟ ਦੇ ਅਮਰੀਕਾ ਵਿੱਚ 4600 ਤੋਂ ਵਧ ਟੋਰ ਹਨ ਤੇ ਉਹ ਕੈਨੇਡਾ,ਚੀਨ, ਮੈਕਸੀਕੋ ਤੇ ਵਿਅਤਨਾਮ ਸਮੇਤ ਹੋਰ ਦੇਸ਼ਾਂ ਤੋਂ ਦਰਾਮਦ ਕਰਦਾ ਹੈ।

# ਸਿਆਟਲ ਨੇੜੇ ਗੋਲੀਬਾਰੀ ਕਾਰਨ ਇੱਕ ਔਰਤ ਸਮੇਤ 3 ਵਿਅਕਤੀਆਂ ਦੀ ਮੌਤ

ਸੈਕਰਾਮੈਂਟ,ਕੈਲੀਫ਼ੋਰਨੀਆ/ ਹੁਸਨ ਲੜੋਆ ਬੰਗਾ: ਡਾਊਨਟਾਊਨ ਸਿਆਟਲ ਨੇੜੇ ਹੋਈ ਗੋਲੀਬਾਰੀ ਵਿੱਚ ਇੱਕ ਔਰਤ ਸਮੇਤ 3 ਵਿਅਕਤੀਆਂ ਦੇ ਮਾਰੇ ਜਾਣ ਤੇ ਇੱਕ ਹੋਰ ਦੇ ਗੰਭੀਰ ਜ਼ਖ਼ਮੀ ਹੋ ਜਾਣ ਦੀ ਖ਼ਬਰ ਹੈ। ਸਿਆਟਲ ਪੁਲਿਸ ਵਿਭਾਗ ਵੱਲੋਂ ਜਾਰੀ ਇੱਕ ਪ੍ਰੈਸ ਬਿਆਨ ਅਨੁਸਾਰ ਸੂਚਨਾ ਮਿਲਣ 'ਤੇ ਪੁਲਿਸ ਅਫ਼ਸਰ ਪਾਇਓਨੀਰ ਸਕੁਏਅਰ ਨੇੜੇ ਘਟਨਾ ਸਥਾਨ 'ਤੇ ਅੱਧੀ ਰਾਤ ਬਾਅਦ 1

ਵਜੇ ਪੁੱਜੇ। ਮੌਕੇ ਉਪਰ ਇੱਕ ਔਰਤ ਸਮੇਤ 4 ਵਿਅਕਤੀ ਬੇਸੁੱਧ ਹਾਲਤ ਵਿੱਚ ਮਿਲੇ ਜਿਨ੍ਹਾਂ ਦੇ ਗੋਲੀਆਂ ਵੱਜੀਆਂ ਹੋਈਆਂ ਸਨ। ਜਿਨ੍ਹਾਂ ਵਿਚੋਂ ਇੱਕ ਔਰਤ ਸਮੇਤ 3 ਜਣਿਆਂ ਨੂੰ ਮੌਕੇ ਉੱਪਰ ਹੀ ਮ੍ਰਿਤਕ ਐਲਾਨ ਦਿੱਤਾ ਗਿਆ ਜਦ ਕਿ ਚੌਥੇ ਵਿਅਕਤੀ ਨੂੰ ਗੰਭੀਰ ਹਾਲਤ ਵਿੱਚ ਹਾਰਬੋਰਵਿਊ ਮੈਡੀਕਲ ਸੈਂਟਰ ਵਿੱਚ ਦਾਖਲ ਕਰਵਾਇਆ ਗਿਆ ਹੈ। ਪੁਲਿਸ ਵਿਭਾਗ ਦੇ ਬਰੀਅਨ ਪ੍ਰਿਚਰਡ ਨੇ ਈ ਮੇਲ 'ਤੇ ਭੇਜੇ ਇੱਕ ਬਿਆਨ ਵਿੱਚ ਕਿਹਾ ਹੈ ਕਿ ਗੋਲੀਬਾਰੀ ਦੇ ਕਾਰਨ ਬਾਰੇ ਜਾਂਚ ਕੀਤੀ ਜਾ ਰਹੀ ਤੇ ਅਜੇ ਤੱਕ ਇਸ ਮਾਮਲੇ ਵਿੱਚ ਕੋਈ ਗ੍ਰਿਫ਼ਤਾਰੀ ਨਹੀਂ ਹੋਈ ਹੈ।

# ਅਮਰੀਕਾ 'ਚ ਗ਼ੈਰ-ਕਾਨੂੰਨੀ ਪਰਵਾਸ ਦੀ ਸਹੂਲਤ ਦੇਣ ਵਾਲਿਆਂ ਖ਼ਿਲਾਫ਼ ਹੋਵੇਗੀ ਸਖ਼ਤ ਕਾਰਵਾਈ: ਟੈਮੀ ਬਰੂਸ

ਵਾਸ਼ਿੰਗਟਨ/ਏ.ਟੀ.ਨਿਊਜ਼: ਸੰਯੁਕਤ ਰਾਜ ਅਮਰੀਕਾ ਨੇ ਐਲਾਨ ਕੀਤਾ ਹੈ ਕਿ ਉਹ ਅਮਰੀਕਾ ਵਿੱਚ ਗ਼ੈਰਕਾਨੂੰਨੀ ਇਮੀਗ੍ਰੇਸ਼ਨ ਦੀ ਸਹੂਲਤ ਦੇਣ ਵਾਲੀਆਂ ਭਾਰਤੀ ਟਰੈਵਲ ਏਜੰਸੀਆਂ ਵਿਰੁੱਧ ਕਾਰਵਾਈ ਕਰ ਰਿਹਾ ਹੈ। ਅਮਰੀਕੀ ਵਿਦੇਸ਼ ਵਿਭਾਗ ਦੇ ਬੁਲਾਰੇ ਟੈਮੀ ਬਰੂਸ ਨੇ ਕਿਹਾ ਕਿ ਉਨ੍ਹਾਂ ਦਾ ਵਿਭਾਗ ਭਾਰਤ ਸਥਿਤ ਟਰੈਵਲ ਏਜੰਸੀਆਂ ਦੇ ਮਾਲਕਾਂ, ਅਧਿਕਾਰੀਆਂ ਅਤੇ ਸੀਨੀਅਰ ਅਧਿਕਾਰੀਆਂ 'ਤੇ ਵੀਜ਼ਾ ਪਾਬੰਦੀਆਂ ਲਗਾਉਣ ਲਈ ਕਦਮ ਚੁੱਕ ਰਿਹਾ ਹੈ ਜੋ ਜਾਣਬੁੱਝ ਕੇ ਅਮਰੀਕਾ ਵਿੱਚ ਗ਼ੈਰ-ਕਾਨੂੰਨੀ




ਪਰਵਾਸ ਦੀ ਸਹੂਲਤ ਦਿੰਦੇ ਹਨ।

ਅਮਰੀਕਾ ਨੇ ਕਿਹਾ ਹੈ ਕਿ ਇਹ ਏਜੰਸੀਆਂ ਗ਼ੈਰਕਾਨੂੰਨੀ ਢੰਗ ਨਾਲ ਭਾਰਤ ਤੋਂ ਕਈ ਨੌਜਵਾਨਾਂ ਨੂੰ ਅਮਰੀਕਾ ਭੇਜਦੀਆਂ ਸਨ ਤੇ ਉਨ੍ਹਾਂ ਤੋਂ ਮੋਟੀਆਂ ਰਕਮਾਂ ਵਸੂਲਦੀਆਂ ਸਨ ਤੇ ਇਸ ਦੇ ਇਵਜ਼ ਵਿੱਚ ਨੌਜਵਾਨਾਂ ਦੀ ਜ਼ਿੰਦਗੀ ਨੂੰ ਖ਼ਤਰੇ ਵਿੱਚ ਪਾ ਕੇ ਅਮਰੀਕਾ ਭੇਜਿਆ ਜਾਂਦਾ ਸੀ। ਵਿਦੇਸ਼ ਵਿਭਾਗ ਨੇ ਕਿਹਾ ਕਿ ਉਨ੍ਹਾਂ ਦੀ ਇਮੀਗ੍ਰੇਸ਼ਨ ਨੀਤੀ ਦਾ ਉਦੇਸ਼ ਨਾ ਸਿਰਫ਼ ਵਿਦੇਸ਼ੀ ਨਾਗਰਿਕਾਂ ਨੂੰ ਸੰਯੁਕਤ ਰਾਜ ਵਿੱਚ ਗ਼ੈਰਕਾਨੂੰਨੀ ਪਰਵਾਸ ਦੇ ਖ਼ਤਰਿਆਂ ਬਾਰੇ ਸੂਚਿਤ ਕਰਨਾ ਹੈ, ਸਗੋਂ ਗ਼ੈਰਕਾਨੂੰਨੀ ਇਮੀਗ੍ਰੇਸ਼ਨ ਦੇ ਸਾਧਨਾਂ ਸਮੇਤ ਸਾਡੇ ਕਾਨੂੰਨਾਂ ਦੀ ਉਲੰਘਣਾ ਕਰਨ ਵਾਲੇ ਵਿਅਕਤੀਆਂ ਨੂੰ ਜਵਾਬਦੇਹ ਬਣਾਉਣਾ ਹੈ।

# ਸਾਬਕਾ ਰਾਸ਼ਟਰਪਤੀ ਬਾਇਡੇਨ ਨੂੰ ਹੋਇਆ ਪ੍ਰੋਸਟੇਟ ਕੈਂਸਰ

ਸੈਕਰਾਮੈਂਟੋ, ਕੈਲੀਫ਼ੋਰਨੀਆ/ ਹੁਸਨ ਲੜੋਆ ਬੰਗਾ: ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਜੋ ਬਾਈਡੇਨ ਨੂੰ ਪ੍ਰੋਸਟੇਟ ਕੈਂਸਰ ਹੋ ਜਾਣ ਦੀ ਖ਼ਬਰ ਹੈ।

ਉਨ੍ਹਾਂ ਦੇ ਇੱਕ ਬੁਲਾਰੇ ਨੇ ਇਹ ਜਾਣਕਾਰੀ ਦਿੱਤੀ ਹੈ। ਬੁਲਾਰੇ ਨੇ ਜਾਰੀ ਇੱਕ ਬਿਆਨ ਵਿੱਚ ਕਿਹਾ ਹੈ ਕਿ ਬਾਇਡੇਨ ਦੀ ਡਾਕਟਰੀ ਜਾਂਚ ਤੋਂ ਪਤਾ ਲੱਗਾ ਹੈ ਕਿ ਉਨ੍ਹਾਂ ਨੂੰ ਇੱਕ ਬਹੁਤ ਹੀ ਭਿਆਨਕ ਕਿਸਮ ਦਾ ਪ੍ਰੋਸਟੇਟ ਕੈਂਸਰ ਹੈ ਜੋ ਹੱਡੀਆਂ ਤੱਕ ਫ਼ੈਲ ਚੁੱਕਾ ਹੈ।ਰਾਸ਼ਟਰਪਤੀ ਡੋਨਾਲਡ ਟਰੰਪ ਨੇ ਬਾਈਡੇਨ ਦੇ ਛੇਤੀ ਸਿਹਤਯਾਬ ਹੋਣ ਦੀ ਕਾਮਨਾ ਕੀਤੀ



ਹੈ।ਉਨ੍ਹਾਂ ਨੇ ਕਿਹਾ ਹੈ ਕਿ ਬਾਈਡੇਨ ਨੂੰ ਪ੍ਰੋਸਟੇਟ ਕੈਂਸਰ ਹੋਣ ਬਾਰੇ ਪਤਾ ਲੱਗਣ 'ਤੇ ਉਨ੍ਹਾਂ ਨੂੰ ਬਹੁਤ ਦੁੱਖ ਹੋਇਆ ਹੈ। ਮੈਂ ਬਾਈਡੇਨ ਦੇ ਛੇਤੀ ਸਫ਼ਲ ਇਲਾਜ਼ ਦੀ ਆਸ ਕਰਦਾ ਹਾਂ। ਬਾਈਡੇਨ ਜਨਵਰੀ 2021 ਤੋਂ ਜਨਵਰੀ 2025 ਤੱਕ ਅਮਰੀਕਾ ਦੇ ਰਾਸ਼ਟਰਪਤੀ ਰਹੇ ਹਨ। ਨਵੰਬਰ 2024 ਦੀਆਂ ਆਮ ਚੋਣ ਮੁਹਿੰਮ ਦੌਰਾਨ ਭੁੱਲ ਜਾਣ ਦੀ ਸਮੱਸਿਆ ਕਾਰਨ ਉਨ੍ਹਾਂ ਨੂੰ ਮੁਕਾਬਲੇ ਵਿਚੋਂ ਹਟਣਾ ਪਿਆ ਸੀ ਤੇ ਉਨ੍ਹਾਂ ਦੀ ਜਗ੍ਹਾ ਉੱਪ ਰਾਸ਼ਟਰਪਤੀ ਕਮਲਾ ਹੈਰਿਸ ਨੇ ਚੋਣ ਲੜੀ ਸੀ।

Manager: Pardeep Singh Sub: Editor: Balwinderpal Singh, Dr. Sarbjeet Kaur Jang Online Interview Host: Balraj Pannu

Designer: A.K.V. Content Composer: S. Jagmohan Singh US Distributor: Amritsar Times Inc. Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

ਲੇਖਾਂ ਤੇ ਰਚਨਾਵਾਂ ਵਿੱਚ ਲੇਖਕਾਂ ਵੱਲੋਂ ਪ੍ਰਗਟਾਏ ਵਿਚਾਰ ਉਹਨਾਂ ਦੇ ਨਿੱਜੀ ਹਨ। ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਚੀਨ-ਪਾਕਿਸਤਾਨ ਦਾ ਨਵਾਂ ਗੇਮ ਪਲਾਨ, ਬੰਗਲਾਦੇਸ਼ ਨੂੰ ਵਰਤ ਕੇ ਭਾਰਤ ਨੂੰ ਘੇਰਨ ਦੀ ਤਿਆਰੀ

## ਅਰੁਣਾਚਲ 'ਤੇ ਚੀਨ ਦੀ ਨਵੀਂ ਚਾਲ, ਨਾਮ ਬਦਲਣ ਦੀ ਕੋਸ਼ਿਸ਼ ਨੂੰ ਭਾਰਤ ਨੇ ਠੁਕਰਾਇਆ

## ਚੀਨ ਦਾ ਜਾਸੂਸੀ ਜਹਾਜ਼ ਹਿੰਦ ਮਹਾਸਾਗਰ 'ਚ, ਭਾਰਤ ਦੀਆਂ ਸਰਗਰਮੀਆਂ 'ਤੇ ਰੱਖ ਰਿਹਾ ਹੈ ਨਜ਼ਰ

ਅਪਰੇਸ਼ਨ ਸੰਧੂਰ ਤੋਂ ਬਾਅਦ ਭਾਰਤ-ਪਾਕਿਸਤਾਨ ਵਿਚਾਲੇ ਜੰਗਬੰਦੀ ਹੋਈ ਪਰ ਤਣਾਅ ਜਾਰੀ ਹੈ। ਚੀਨ ਤੇ ਪਾਕਿਸਤਾਨ ਹੁਣ ਭਾਰਤ ਦੀ ਪੂਰਬੀ ਸਰਹੱਦ 'ਤੇ ਨਵਾਂ ਮੋਰਚਾ ਖੋਲ੍ਹਣ ਦੀ ਤਿਆਰੀ ਵਿੱਚ ਹਨ। ਬੰਗਲਾਦੇਸ਼ ਵਿੱਚ ਮੁਹੰਮਦ ਯੂਨੁਸ ਦੀ ਅਗਵਾਈ ਵਾਲੀ ਸਰਕਾਰ ਨੂੰ ਨਾਲ ਮਿਲਾ ਕੇ ਇਹ ਦੋਵੇਂ ਮੁਲਕ ਭਾਰਤ ਦੇ ਨਾਰਥ-ਈਸਟ ਵਿੱਚ ਅਸ਼ਾਂਤੀ ਫ਼ੈਲਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਸੂਤਰਾਂ ਮੁਤਾਬਕ, ਪਾਕਿਸਤਾਨ ਦੀ ਖ਼ੁਫ਼ੀਆ ਏਜੰਸੀ ਆਈ.ਐਸ.ਆਈ. ਬੰਗਲਾਦੇਸ਼ ਦੇ ਆਰਮੀ ਚੀਫ਼ ਜਨਰਲ ਵਕਾਰ-ਉਜ-ਜ਼ਮਾਨ ਨੂੰ ਹਟਾਉਣ ਦੀ ਸਾਜ਼ਿਸ਼ ਰਚ ਰਹੀ ਹੈ, ਜੋ ਇਸ ਯੋਜਨਾ ਵਿੱਚ ਅੜਿੱਕਾ ਬਣ ਰਹੇ ਹਨ।

ਚੀਨ ਨੇ ਅਰੁਣਾਚਲ ਪ੍ਰਦੇਸ਼ ਦੇ ਕਈ ਥਾਵਾਂ ਦੇ ਨਾਮ ਬਦਲਣ ਦੀ ਕੋਸ਼ਿਸ਼ ਕੀਤੀ। ਇਸ ਨੂੰ ਭਾਰਤ ਨੇ ਬੇਕਾਰ ਤੇ ਹਾਸੋਹੀਣੀ ਹਰਕਤ ਦੱਸਦਿਆਂ ਸਿਰੇ ਤੋਂ ਨਕਾਰ ਦਿੱਤਾ ਸੀ। ਵਿਦੇਸ਼ ਮੰਤਰਾਲੇ ਨੇ ਕਿਹਾ ਸੀ ਕਿ ਅਰੁਣਾਚਲ ਹਮੇਸ਼ਾ ਭਾਰਤ ਦਾ ਅਟੁੱਟ ਅੰਗ ਸੀ, ਹੈ ਤੇ ਰਹੇਗਾ। ਚੀਨ ਦਾ ਇਹ ਕਦਮ ਸਿਆਸੀ ਮਕਸਦ ਨਾਲ ਪ੍ਰੇਰਿਤ ਹੈ, ਪਰ ਇਸ ਨਾਲ ਜ਼ਮੀਨੀ ਹਕੀਕਤ ਨਹੀਂ ਬਦਲੇਗੀ।



ਅਪਰੇਸ਼ਨ ਸੰਧੂਰ ਤੋਂ ਬਾਅਦ ਚੀਨ ਨੇ ਭਾਰਤੀ ਸਮੁੰਦਰੀ ਹੱਦਾਂ ਨੇੜੇ ਆਪਣਾ ਜਾਸੂਸੀ ਜਹਾਜ਼ 'ਦਾ ਯਾਂਗ ਯੀ ਹਾਓ' ਭੇਜਿਆ ਹੈ। ਇਹ ਜਹਾਜ਼ ਸਮੁੰਦਰੀ ਖੇਤਰ ਦਾ ਨਕਸ਼ਾ ਬਣਾਉਣ ਤੇ ਭਾਰਤੀ ਪਣਡੁੱਬੀਆਂ ਦੀਆਂ ਸਰਗਰਮੀਆਂ 'ਤੇ ਨਜ਼ਰ ਰੱਖਣ ਦੇ ਸਮਰੱਥ ਹੈ। ਮਾਹਿਰਾਂ ਮੁਤਾਬਕ, ਚੀਨ ਇਸ ਜਾਣਕਾਰੀ ਨੂੰ ਪਾਕਿਸਤਾਨ ਨਾਲ ਸਾਂਝਾ ਕਰ ਸਕਦਾ ਹੈ, ਜੋ ਭਾਰਤ ਲਈ ਖਤਰਾ ਹੈ।

ਪਾਕਿਸਤਾਨ ਵੱਲੋਂ ਬੰਗਲਾਦੇਸ਼ ਤੇ ਚੀਨ ਵੱਲੋਂ ਅਰੁਣਾਚਲ ਵਿੱਚ ਭਾਰਤ ਵਿਰੋਧੀ ਮੁਹਿੰਮ

ਪਾਕਿਸਤਾਨ ਦੀ ਆਈ.ਐਸ.ਆਈ. ਬੰਗਲਾਦੇਸ਼ ਵਿੱਚ ਕੱਟੜਪੰਥੀ ਇਸਲਾਮੀ ਜਥੇਬੰਦੀਆਂ ਨੂੰ ਫ਼ੰਡ ਦੇ ਕੇ ਭਾਰਤ ਵਿਰੋਧੀ ਮੁਹਿੰਮ ਚਲਾ ਰਹੀ ਹੈ। ਇਸ ਦੇ ਨਾਲ ਹੀ, ਤ੍ਰਿਪੁਰਾ ਤੇ ਅਸਾਮ ਵਿੱਚ ਪਾਕਿਸਤਾਨੀ ਹਥਿਆਰਾਂ ਦੀ ਬਰਾਮਦਗੀ ਨੇ ਸੁਰੱਖਿਆ ਏਜੰਸੀਆਂ ਦੀ ਨੀਂਦ ਉਡਾ ਦਿੱਤੀ ਹੈ। ਮੁਹੰਮਦ ਯੂਨੁਸ ਦੀ ਸਰਕਾਰ ਵੀ ਇਸ ਸਾਜ਼ਿਸ਼ ਵਿੱਚ ਸ਼ਾਮਲ ਦਿਖਾਈ ਦੇ ਰਹੀ ਹੈ।

ਅਰੁਣਾਚਲ ਜਾਂ ਹਿੰਦ ਮਹਾਸਾਗਰ 'ਚ ਚੀਨ ਦੀਆਂ ਹਰਕਤਾਂ ਕਾਰਨ ਦੋਵਾਂ ਮੁਲਕਾਂ ਵਿਚਾਲੇ ਸੈਨਿਕ ਝੜਪ ਵਧ ਸਕਦੀ ਹੈ। ਚੀਨ ਨਾਲ ਵਪਾਰਕ ਸਬੰਧਾਂ ਵਿੱਚ ਕਮੀ ਆ ਸਕਦੀ ਹੈ, ਜੋ ਦੋਵਾਂ ਮੁਲਕਾਂ ਦੀ ਆਰਥਿਕਤਾ ਨੂੰ ਪ੍ਰਭਾਵਤ ਕਰੇਗੀ। ਚੀਨ-ਪਾਕਿਸਤਾਨ-ਬੰਗਲਾਦੇਸ਼ ਦਾ ਗਠਜੋੜ ਦੱਖਣੀ ਏਸ਼ੀਆ ਵਿੱਚ ਭਾਰਤ ਲਈ ਸੰਕਟ ਪੈਦਾ ਕਰ ਸਕਦਾ ਹੈ।

ਭਾਰਤੀ ਮਾਹਿਰਾਂ ਦਾ ਮੰਨਣਾ ਹੈ ਕਿ ਪੂਰਬੀ ਸਰਹੱਦਾਂ 'ਤੇ ਸੈਨਿਕ ਸੁਰੱਖਿਆ ਵਧਾਉਣੀ ਚਾਹੀਦੀ। ਨਾਰਥ-ਈਸਟ 'ਚ ਸੈਨਿਕ ਅਡੇ ਤੇ ਨਿਗਰਾਨੀ ਵਧਾਈ ਜਾਢੀ ਚਾਹੀਦੀ ਹੈ। ਕੂਟਨੀਤਕ ਗੱਲਬਾਤ: ਬ੍ਰਿਕਸ, ਯੂ.ਐਨ.ਓ. ਵਰਗੇ ਪਲੈਟਫ਼ਾਰਮਾਂ 'ਤੇ ਚੀਨ-ਪਾਕਿਸਤਾਨ ਦੀਆਂ ਹਰਕਤਾਂ ਨੂੰ ਉਜਾਗਰ ਕਰਕੇ ਅੰਤਰਰਾਸ਼ਟਰੀ ਸਮਰਥਨ ਹਾਸਲ ਕਰਨਾ ਚਾਹੀਦਾ ਹੈ। ਬੰਗਲਾਦੇਸ਼ ਨਾਲ ਵਪਾਰਕ ਸਬੰਧ ਮਜ਼ਬੂਤ ਕਰਕੇ ਚੀਨ ਦੇ ਪ੍ਰਭਾਵ ਨੂੰ ਘਟਾਉਣਾ ਚਾਹੀਦਾ। ਅਮਰੀਕਾ, ਜਾਪਾਨ, ਆਸਟ੍ਰੇਲੀਆ ਨਾਲ ਸਹਿਯੋਗ ਵਧਾ ਕੇ ਚੀਨ ਦੇ ਸਮੁੰਦਰੀ ਪ੍ਰਭਾਵ ਨੂੰ ਰੋਕਣਾ ਚਾਹੀਦਾ।

ਚੀਨ ਦਾ ਬਾਈਕਾਟ ਕਿਉਂ ਨਹੀਂ ?

ਰਾਸ਼ਟਰਵਾਦ ਦੇ ਨਾਂ 'ਤੇ ਭਾਰਤ ਵਿੱਚ ਇੱਕ ਵਾਰ ਫ਼ਿਰ ਡਰਾਮਾ ਸ਼ੁਰੂ ਹੋ ਗਿਆ ਹੈ। ਦੇਸ਼ ਦੇ ਲੋਕ ਤੁਰਕੀ ਅਤੇ ਅਜ਼ਰਬਾਈਜਾਨ ਦਾ ਬਾਈਕਾਟ ਕਰ ਰਹੇ ਹਨ। ਦੇਸ਼ ਦੇ ਵੱਡੇ ਉਦਯੋਗਪਤੀ ਲੋਕਾਂ ਨੂੰ ਉਕਸਾ ਰਹੇ ਹਨ ਕਿ ਉਹ ਇਨ੍ਹਾਂ ਦੋਵਾਂ ਦੇਸ਼ਾਂ ਦਾ ਬਾਈਕਾਟ ਕਰਨ, ਕਿਉਂਕਿ ਇਨ੍ਹਾਂ ਦੋਵਾਂ ਨੇ 'ਅਪਰੇਸ਼ਨ ਸੰਧੂਰ' ਦੌਰਾਨ ਪਾਕਿਸਤਾਨ ਦਾ ਸਾਥ ਦਿੱਤਾ ਸੀ। ਖੈਰ, ਮੀਡੀਆ ਵਿੱਚ ਦੱਸਿਆ ਜਾ ਰਿਹਾ ਹੈ ਕਿ ਤੁਰਕੀ ਅਤੇ ਅਜ਼ਰਬਾਈਜਾਨ ਦੀਆਂ ਬੁਕਿੰਗ ਵਿੱਚ 60 ਫ਼ੀਸਦੀ ਕਮੀ ਆਈ ਹੈ ਅਤੇ ਰੱਦ ਕਰਨ ਦੀ ਦਰ 250 ਫ਼ੀਸਦੀ ਵਧ ਗਈ ਹੈ। ਇਸ ਬਾਈਕਾਟ ਮੁਹਿੰਮ ਦਾ ਜ਼ੋਰ-ਸ਼ੋਰ ਨਾਲ ਪ੍ਰਚਾਰ ਕੀਤਾ ਜਾ ਰਿਹਾ ਹੈ। ਫ਼ਿਲਹਾਲ ਰਾਸ਼ਟਰਵਾਦੀ ਤੁਰਕੀ ਅਤੇ ਅਜ਼ਰਬਾਈਜਾਨ ਦਾ ਬਾਈਕਾਟ ਕਰ ਰਹੇ ਹਾਂ ਅਤੇ ਚੀਨ ਦਾ ਨਾਂ ਵੀ ਨਹੀਂ ਲੈ ਰਹੇ। ਜੇ ਪਾਕਿਸਤਾਨ ਦਾ ਸਾਥ ਦੇਣ ਦੀ ਸਜ਼ਾ ਵਜੋਂ ਬਾਈਕਾਟ ਕਰਨਾ ਹੀ ਹੈ, ਤਾਂ ਸ਼ੁਰੂਆਤ ਚੀਨ ਤੋਂ ਹੋਣੀ ਚਾਹੀਦੀ ਹੈ। ਉਹ ਸੱਜਣ ਜੋ ਇਹ ਦੱਸ ਰਹੇ ਹਨ ਕਿ ਭਾਰਤੀ ਸੈਲਾਨੀਆਂ ਨੇ ਤੁਰਕੀ ਅਤੇ ਅਜ਼ਰਬਾਈਜਾਨ ਨੂੰ 4400 ਕਰੋੜ ਰੁਪਏ ਦਾ ਕਾਰੋਬਾਰ ਦਿੱਤਾ, ਉਨ੍ਹਾਂ ਨੂੰ ਇਹ ਵੀ ਦੱਸਣਾ ਚਾਹੀਦਾ ਹੈ ਕਿ ਚੀਨ ਨਾਲ ਅਸੀਂ ਕਿੰਨਾ ਕਾਰੋਬਾਰ ਕੀਤਾ ਅਤੇ ਉਸ ਵਿੱਚ ਸਾਡਾ ਨੁਕਸਾਨ ਕਿੰਨਾ ਹੈ, ਯਾਨੀ ਭਾਰਤ ਦਾ ਵਪਾਰਕ ਘਾਟਾ ਕਿੰਨਾ ਹੈ! ਪਰ ਉਹ ਨਹੀਂ ਦੱਸਣਗੇ। ਕਿਉਂਕਿ ਇਹੀ ਦਿਖਾਵਾ ਉਹਨਾਂ ਨੂੰ 'ਮਹਾਨ' ਬਣਾਉਂਦਾ ਹੈ। ਭਾਰਤ ਦੇ ਲੱਖਾਂ ਛੋਟੇ ਉੱਦਮੀ ਆਪਣਾ ਕਾਰੋਬਾਰ ਬੰਦ ਕਰ ਚੁੱਕੇ ਹਨ ਅਤੇ ਚੀਨ ਦੇ ਸਮਾਨ ਦੇ ਵਪਾਰੀ ਬਣ ਗਏ ਹਨ। ਉਹ ਚੀਨ ਤੋਂ ਸਸਤਾ ਸਮਾਨ ਖਰੀਦਦੇ ਹਨ ਅਤੇ ਭਾਰਤ ਵਿੱਚ ਵੇਚ ਕੇ ਮੁਨਾਫ਼ਾ ਕਮਾਉਂਦੇ ਹਨ। ਪਹਿਲਗਾਮ ਕਾਂਡ ਤੋਂ ਬਾਅਦ ਦਿੱਲੀ ਅਤੇ ਦੇਸ਼ ਦੇ ਬਾਜ਼ਾਰ ਬੰਦ ਕਰਾਉਣ ਵਾਲੇ ਵਪਾਰੀਆਂ ਨੂੰ ਜੇ ਕਿਹਾ ਜਾਵੇ ਕਿ **(ਬਾਕੀ ਸਫ਼ਾ 31 'ਤੇ)**

# ਕੈਥੋਲਿਕ ਚਰਚ ਬਣੇਗਾ ਦੁਨੀਆ 'ਚ ਸ਼ਾਂਤੀ ਦਾ ਪ੍ਰਤੀਕ : ਪੋਪ



ਵੈਟੀਕਨ ਸਿਟੀ/ਏ.ਟੀ.ਨਿਊਜ਼: ਪੋਪ ਲੀਓ 14ਵੇਂ ਨੇ ਏਕਤਾ ਲਈ ਕੰਮ ਕਰਨ ਦਾ ਅਹਿਦ ਦੁਹਰਾਇਆ ਤਾਂ ਜੋ ਕੈਥੋਲਿਕ ਚਰਚ ਦੁਨੀਆ 'ਚ ਸ਼ਾਂਤੀ ਦਾ ਪ੍ਰਤੀਕ ਬਣ ਸਕੇ। ਪੋਪ ਲੀਓ (69) ਨੇ ਸੇਂਟ ਪੀਟਰਜ਼ ਸਕੁਏਅਰ 'ਚ ਹੋਈ ਸਮੂਹਿਕ ਪ੍ਰਾਰਥਨਾ ਸਭਾ ਦੌਰਾਨ ਪਿਆਰ ਅਤੇ ਏਕਤਾ ਦਾ ਸੁਨੇਹਾ ਦਿੱਤਾ। ਅਮਰੀਕਾ ਅਤੇ ਹੋਰ ਥਾਵਾਂ 'ਤੇ ਕੈਥੋਲਿਕ ਚਰਚ 'ਚ ਧਰੁਵੀਕਰਨ ਨੂੰ ਦੇਖਦਿਆਂ ਏਕਤਾ ਲਈ ਉਨ੍ਹਾਂ ਦਾ ਸੱਦਾ ਅਹਿਮ ਹੈ। ਇਸ ਮੌਕੇ ਸੀਨੀਅਰ ਪਾਦਰੀਆਂ ਅਤੇ ਹੋਰਾਂ ਸਮੇਤ ਵੱਡੀ ਗਿਣਤੀ 'ਚ ਲੋਕ ਮੌਜੂਦ ਸਨ। ਲੀਓ ਨੇ ਪੋਪ ਵਜੋਂ ਆਪਣੇ ਕਾਰਜਕਾਲ ਦਾ ਆਗਾਜ਼ ਸੇਂਟ ਪੀਟਰਜ਼ ਸਕੁਏਅਰ 'ਚ ਪੋਪਮੋਬਾਈਲ (ਵਿਸ਼ੇਸ਼ ਵਾਹਨ) 'ਚ ਬੈਠ ਕੇ ਪਿਆਜ਼ਾ (ਚੌਕ) ਤੱਕ ਸਫ਼ਰ ਕਰਕੇ ਲੋਕਾਂ ਨੂੰ ਆਸ਼ੀਰਵਾਦ ਦਿੱਤਾ। ਪ੍ਰੋਗਰਾਮ ਦੌਰਾਨ ਰਵਾਇਤ ਮੁਤਾਬਕ ਪੋਪ ਨੂੰ ਇੱਕ ਧਾਰਮਿਕ ਕੱਪੜਾ ਅਤੇ ਇੱਕ ਮੁੰਦਰੀ ਭੇਟ ਕੀਤੀ ਗਈ। ਇਸ ਮੌਕੇ ਸੁਰੱਖਿਆ ਦੇ ਸਖ਼ਤ ਪ੍ਰਬੰਧ ਕੀਤੇ ਗਏ ਸਨ। ਅਮਰੀਕਾ ਦੇ ਉਪ ਰਾਸ਼ਟਰਪਤੀ ਜੇਡੀ ਵੈਂਸ, ਜੋ ਪੋਪ ਫਰਾਂਸਿਸ ਦੇ ਦੇਹਾਂਤ ਤੋਂ ਪਹਿਲਾਂ ਉਨ੍ਹਾਂ ਨਾਲ ਮਿਲਣ ਵਾਲੇ ਕੁਝ ਵਿਦੇਸ਼ੀ ਆਗੂਆਂ 'ਚੋਂ ਇੱਕ ਸਨ, ਨੇ ਪਿਛਲੇ ਦਿਨੀਂ ਰੋਮ ਪੁੱਜਣ 'ਤੇ ਅਰਜਨਟੀਨਾ ਦੇ ਪੋਪ ਦੀ ਸਮਾਧ 'ਤੇ ਸ਼ਰਧਾਂਜਲੀ ਭੇਟ ਕਰਨ ਮਗਰੋਂ ਸ਼ਿਕਾਗੋ 'ਚ ਜਨਮੇ ਲੀਓ ਨੂੰ ਸਨਮਾਨਤ ਕਰਨ ਵਾਲੇ ਅਮਰੀਕੀ ਵਫ਼ਦ ਦੀ ਅਗਵਾਈ ਕੀਤੀ। ਵੈਂਸ ਨਾਲ ਅਮਰੀਕਾ ਦੇ ਵਿਦੇਸ਼ ਮੰਤਰੀ ਮਾਰਕੋ ਰੂਬੀਓ ਵੀ ਸਨ ਜੋ ਰੂਸ-ਯੂਕ੍ਰੇਨ ਸ਼ਾਂਤੀ ਵਾਰਤਾ ਅੱਗੇ ਵਧਾਉਣ ਦੀਆਂ ਕੋਸ਼ਿਸ਼ਾਂ ਲਈ ਸਮੇਂ ਤੋਂ ਪਹਿਲਾਂ ਹੀ ਰੋਮ ਪਹੁੰਚ ਗਏ ਸਨ। ਯੂਕ੍ਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੈਂਸਕੀ ਸਮੇਤ ਕਈ ਹੋਰ ਮੁਲਕਾਂ ਦੇ ਆਗੂ ਵੀ ਇਸ ਪ੍ਰੋਗਰਾਮ 'ਚ ਸ਼ਾਮਲ ਹੋਏ। ਆਪਣੀ ਪੂਰੀ ਜ਼ਿੰਦਗੀ ਪੇਰੂ 'ਚ ਸੇਵਾ ਕਰਦਿਆਂ ਬਿਤਾਉਣ ਵਾਲੇ ਲੀਓ ਨੇ ਵੈਟੀਕਨ ਦੇ ਬਿਸ਼ਪ ਦੀ ਜ਼ਿੰਮੇਵਾਰੀ ਨੂੰ ਸੰਭਾਲ ਲਿਆ। ਕੈਥੋਲਿਕ ਚਰਚ ਦੇ ਦੋ ਹਜ਼ਾਰ ਸਾਲ ਦੇ ਇਤਿਹਾਸ 'ਚ ਪਹਿਲੀ ਵਾਰ ਇੰਝ ਹੋਇਆ ਹੈ ਜਦੋਂ ਅਮਰੀਕਾ ਤੋਂ ਪੋਪ ਨੂੰ ਚੁਣਿਆ ਗਿਆ ਹੈ।



# ਡਰੋਨ ਦੀ ਤਾਕਤ ਨੇ ਬਦਲੀ ਜੰਗ ਦੀ ਤਸਵੀਰ

## ਭਾਰਤ ਦੇ 'ਅਪਰੇਸ਼ਨ ਸੰਧੂਰ' ਨੇ ਦੁਨੀਆ ਨੂੰ ਦਿਖਾਈ ਡਰੋਨ ਦੀ ਤਾਕਤ

## ਪਾਕਿਸਤਾਨ ਦੇ ਅਸਫ਼ਲ ਡਰੋਨ ਹਮਲੇ, ਭਾਰਤ ਦੀ ਤਕਨੀਕ ਅੱਗੇ ਫ਼ੇਲ੍ਹ





ਅੱਜ ਦੀ ਦੁਨੀਆ ਵਿੱਚ ਜੰਗ ਦਾ ਮੋੜ ਪਲਟਣ ਵਾਲੇ ਡਰੋਨ ਨੇ ਸਾਰਿਆਂ ਦੇ ਹੋਸ਼ ਉਡਾ ਦਿੱਤੇ ਨੇ। ਡਰੋਨ ਸਟੀਕ ਹਮਲਿਆਂ ਨਾਲ ਟੈਂਕ, ਜਹਾਜ਼, ਅਤੇ ਫ਼ੌਜੀ ਟਿਕਾਣਿਆਂ ਨੂੰ ਤਬਾਹ ਕਰ ਸਕਦੇ ਨੇ। ਡਰੋਨ ਖ਼ੁਫ਼ੀਆ ਜਾਣਕਾਰੀ ਚੋਰੀ ਕਰ ਸਕਦੇ ਨੇ। ਡਰੋਨ ਫ਼ਾਈਟਰ ਜੈੱਟ ਦੇ ਮੁਕਾਬਲੇ ਹਜ਼ਾਰ ਗੁਣਾ ਸਸਤੇ, ਪਰ ਭਾਰੀ ਨੁਕਸਾਨ ਕਰ ਸਕਦੇ ਨੇ। ਰੂਸ-ਯੂਕ੍ਰੇਨ ਜੰਗ ਵਿੱਚ ਜਦੋਂ ਰੂਸ ਦੀ 64 ਕਿਲੋਮੀਟਰ ਲੰਮੀ ਫ਼ੌਜੀ ਟੁਕੜੀ ਕੀਵ ਵੱਲ ਵਧੀ, ਤਾਂ ਯੂਕ੍ਰੇਨ ਦੇ ਬੇ-ਆਵਾਜ਼ ਡਰੋਨਾਂ ਨੇ ਇਨ੍ਹਾਂ ਦੀਆਂ ਟੈਂਕਾਂ-ਗੱਡੀਆਂ ਨੂੰ ਇਨਫ਼ਰਾਰੈੱਡ ਕੈਮਰਿਆਂ ਨਾਲ ਭਾਂਪ ਕੇ ਸਟੀਕ ਹਮਲੇ ਕੀਤੇ। ਇਹ ਕੈਮਰੇ ਹਨੇਰੇ ਵਿੱਚ ਵੀ ਕੰਮ ਕਰਦੇ ਨੇ, ਕਿਉਂਕਿ ਇਨ੍ਹਾਂ ਨੂੰ ਰੌਸ਼ਨੀ ਦੀ ਲੋੜ ਨਹੀਂ, ਸਿਰਫ਼ ਗਰਮੀ ਦੀ ਲੋੜ ਹੈ। ਰੂਸ-ਯੂਕ੍ਰੇਨ ਜੰਗ ਵਿੱਚ, ਡਰੋਨਾਂ 'ਤੇ ਲੱਗੇ ਇਨਫ਼ਰਾਰੈੱਡ ਕੈਮਰਿਆਂ ਨੇ ਰੂਸੀ ਟੈਂਕਾਂ ਦੇ ਚੱਲਦੇ ਇੰਜਣਾਂ ਦੀ ਗਰਮੀ ਫ਼ੜੀ ਅਤੇ ਸਟੀਕ ਹਮਲੇ ਕੀਤੇ। ਇਹ ਜਾਨਵਰਾਂ, ਮਨੁੱਖਾਂ ਜਾਂ ਮਸ਼ੀਨਾਂ ਦੀ ਹਰਕਤ ਨੂੰ ਗਰਮੀ ਦੇ ਅਧਾਰ 'ਤੇ ਲੱਭ ਸਕਦੇ ਨੇ। ਇਹਨਾਂ ਕੈਮਰਿਆਂ ਕਾਰਨ ਰੂਸ ਦੇ ਸੁਪਨੇ ਚਕਨਾਚੂਰ ਹੋ ਗਏ।

ਇਸੇ ਤਰ੍ਹਾਂ ਅਜ਼ਰਬਾਈਜਾਨ-ਆਰਮੀਨੀਆ ਜੰਗ ਵਿੱਚ ਵੀ ਡਰੋਨਾਂ ਨੇ ਮੈਦਾਨ ਮਾਰਿਆ। ਭਾਰਤ ਨੇ 'ਅਪਰੇਸ਼ਨ ਸੰਧੂਰ' ਨਾਲ ਪਾਕਿਸਤਾਨ ਦੇ ਅੱਤਵਾਦੀ ਟਿਕਾਣਿਆਂ ਨੂੰ ਸਰਹੱਦ ਪਾਰ ਕੀਤੇ ਬਿਨਾਂ ਡਰੋਨਾਂ ਨਾਲ ਢਾਹਿਆ। ਇਹ ਸਟੀਕ ਹਮਲੇ ਦੁਨੀਆ ਲਈ ਮਿਸਾਲ ਬਣੇ। ਪਰ ਪਾਕਿਸਤਾਨ ਦੇ ਸੈਂਕੜੇ ਡਰੋਨ ਹਮਲੇ ਭਾਰਤ ਅੱਗੇ ਫ਼ੇਲ੍ਹ ਸਾਬਤ ਹੋਏ।

ਅਮਰੀਕਾ, ਚੀਨ, ਰੂਸ, ਇਜ਼ਰਾਇਲ, ਤੁਰਕੀ ਵਰਗੇ ਦੇਸ਼ ਡਰੋਨ ਦੀ ਦੌੜ ਵਿੱਚ ਮੋਹਰੀ ਨੇ, ਪਰ ਨਾਈਜੀਰੀਆ, ਮਿਸਰ, ਫ਼ਿਨਲੈਂਡ ਵਰਗੇ ਦੇਸ਼ ਵੀ ਇਸ ਤਕਨੀਕ ਨੂੰ ਅਪਣਾ ਰਹੇ ਨੇ। ਡਰੋਨ ਹੁਣ ਜੰਗ ਦਾ ਰੂਪ ਬਦਲ ਰਹੇ ਨੇ। ਇਹ ਨਾ ਸਿਰਫ਼ ਹਵਾ, ਸਗੋਂ ਸਮੁੰਦਰ ਤੇ ਜ਼ਮੀਨ 'ਤੇ ਵੀ ਕਮਾਲ ਕਰਦੇ ਨੇ। ਇਹ ਸਸਤੇ, ਸਟੀਕ ਅਤੇ ਮਨੁੱਖੀ ਜਾਨਾਂ ਦਾ ਜੋਖਮ ਘਟਾਉਂਦੇ ਨੇ। ਪਰ ਇਨ੍ਹਾਂ ਦੀ ਵਰਤੋਂ ਅੱਤਵਾਦੀ ਗੁੱਟ ਵੀ ਕਰ ਰਹੇ ਨੇ, ਜੋ ਚਿੰਤਾ ਦਾ ਵਿਸ਼ਾ ਹੈ। ਮਾਹਿਰ ਮੰਨਦੇ ਨੇ ਕਿ ਅਗਲੇ ਕੁਝ ਸਾਲਾਂ ਵਿੱਚ ਜਿਹੜਾ ਦੇਸ਼ ਡਰੋਨ ਅਤੇ ਐਂਟੀ-ਡਰੋਨ ਤਕਨੀਕ ਵਿੱਚ ਅੱਗੇ ਹੋਵੇਗਾ, ਉਹੀ ਜੰਗ ਜਿੱਤੇਗਾ। ਮਾਹਿਰ ਮੰਨਦੇ ਨੇ ਕਿ 2030 ਤੱਕ ਡਰੋਨ ਜੰਗ ਦਾ ਮੁੱਖ ਹਥਿਆਰ ਹੋਣਗੇ। ਏ.ਆਈ.-ਅਧਾਰਿਤ ਆਟੋਨੋਮਸ ਡਰੋਨ ਨਿਸ਼ਾਨੇ ਖੁਦ ਚੁਣਨਗੇ। ਅੱਤਵਾਦੀ ਸੰਗਠਨਾਂ ਵੱਲੋਂ ਇਨ੍ਹਾਂ ਡਰੋਨਾਂ ਦੀ ਵਰਤੋਂ ਨਾਲ ਸੁਰੱਖਿਆ ਨੂੰ ਖਤਰਾ ਹੈ।

### ਵਿਸ਼ਵ ਵਿੱਚ ਅਜੋਕੀਆਂ ਜੰਗਾਂ 'ਚ ਡਰੋਨ ਦੀ ਵਰਤੋਂ

ਰੂਸ-ਯੂਕ੍ਰੇਨ ਜੰਗ 2022 ਤੋਂ ਹੁਣ ਤੱਕ ਯੂਕ੍ਰੇਨ ਨੇ ਬੇਰੈਕਟਰ ਟੀ.ਬੀ. 2 ਅਤੇ ਸਵਾਰਮ ਡਰੋਨ ਨਾਲ ਰੂਸੀ ਫ਼ੌਜ ਨੂੰ ਭਾਰੀ ਨੁਕਸਾਨ ਪਹੁੰਚਾਇਆ।

ਅਜ਼ਰਬਾਈਜਾਨ-ਆਰਮੀਨੀਆ ਜੰਗ (2020) ਦੌਰਾਨ ਤੁਰਕੀ ਦੇ ਬੇਰੈਕਟਰ ਟੀ.ਬੀ.2 ਨੇ ਅਜ਼ਰਬਾਈਜਾਨ ਦੀ ਜਿੱਤ ਵਿੱਚ ਅਹਿਮ ਰੋਲ ਨਿਭਾਇਆ।

ਸੀਰੀਆ ਜੰਗ 2011 ਤੋਂ ਹੁਣ ਤੱਕ ਰੂਸ ਅਤੇ ਅਮਰੀਕਾ ਨੇ ਡਰੋਨ ਨਾਲ ਅੱਤਵਾਦੀ ਟਿਕਾਣਿਆਂ ਨੂੰ ਨਿਸ਼ਾਨਾ ਬਣਾਇਆ।

ਇਰਾਕ ਅਤੇ ਅਫ਼ਗਾਨਿਸਤਾਨ 2001-2021 ਤੱਕ ਅਮਰੀਕਾ ਦੇ ਐਮ ਕਿਊ-9 ਰੀਪਰ ਨੇ ਅੱਤਵਾਦੀਆਂ ਖ਼ਿਲਾਫ਼ ਸਟੀਕ ਹਮਲੇ ਕੀਤੇ। ਭਾਰਤ-ਪਾਕਿਸਤਾਨ 2019 ਤੋਂ ਹੁਣ ਤੱਕ ਭਾਰਤ ਨੇ 'ਅਪਰੇਸ਼ਨ ਸੰਧੂਰ' ਵਿੱਚ ਅੱਤਵਾਦੀ ਟਿਕਾਣਿਆਂ ਨੂੰ ਢਾਹਿਆ।

'ਦਾ ਨਿਊਯਾਰਕ ਟਾਈਮਜ਼' ਅਨੁਸਾਰ ਡਰੋਨ ਨੇ ਜੰਗ ਦੀ ਰਣਨੀਤੀ ਨੂੰ ਹਮੇਸ਼ਾ ਲਈ ਬਦਲ ਦਿੱਤਾ। 'ਦਾ ਗਾਰਡੀਅਨ' ਯੂ.ਕੇ. ਅਨੁਸਾਰ 'ਸਸਤੇ ਡਰੋਨ ਅੱਤਵਾਦੀਆਂ ਲਈ ਨਵਾਂ ਜ਼ੋਖ਼ਮ ਹਨ।'

ਅਲ ਜਜੀਰਾ ਅਨੁਸਾਰ ਤੁਰਕੀ ਅਤੇ ਚੀਨ ਸਸਤੇ ਡਰੋਨ ਨਾਲ ਵਿਸ਼ਵ ਬਾਜ਼ਾਰ 'ਤੇ ਕਬਜ਼ਾ ਕਰ ਰਹੇ ਨੇ।

**ਵਿਸ਼ਵ ਦੇ ਸਭ ਤੋਂ ਵੱਡੇ ਡਰੋਨ ਵਾਲੇ ਪੰਜ ਦੇਸ਼:** ਅਮਰੀਕਾ ਕੋਲ ਐਮ ਕਿਊ-9 ਰੀਪਰ, ਪ੍ਰੀਡੇਟਰ ਵਰਗੇ ਅਤਿ-ਆਧੁਨਿਕ ਡਰੋਨ ਹਨ। ਇਹ 1850 ਕਿਲੋਮੀਟਰ ਤੱਕ ਮਾਰ ਕਰ ਸਕਦੇ ਨੇ ਅਤੇ 27 ਘੰਟੇ ਹਵਾ ਵਿੱਚ ਰਹਿ ਸਕਦੇ ਨੇ। ਅਮਰੀਕਾ ਦੀ ਡਰੋਨ ਤਕਨੀਕ ਸਭ ਤੋਂ ਅੱਗੇ ਹੈ।

ਚੀਨ ਦੇ ਸੀ.ਐਚ.-4, ਸੀ.ਐਚ.-5 ਅਤੇ ਵਿੰਗ ਲੰਨਗ ਡਰੋਨ 5000 ਕਿਲੋਮੀਟਰ ਤੱਕ ਮਾਰ ਕਰ ਸਕਦੇ ਨੇ।

ਹਾਅਰੂਪ ਹੈਰੋਨ ਮਾਰਕ -2 ਵਰਗੇ ਡਰੋਨਾਂ ਨਾਲ ਇਜ਼ਰਾਇਲ ਸਟੀਕ ਸਰਜੀਕਲ ਸਟ੍ਰਾਈਕ ਵਿੱਚ ਮਾਹਿਰ ਹੈ। ਇਸ ਦੀ ਰੇਂਜ 1000-3000 ਕਿਲੋਮੀਟਰ ਹੈ।

ਤੁਰਕੀ ਦੇ ਬੇਰੈਕਟਰ ਟੀਬੀ 2 ਵਰਗੇ ਡਰੋਨ ਨੇ ਅਜ਼ਰਬਾਈਜਾਨ-ਆਰਮੀਨੀਆ ਜੰਗ ਵਿੱਚ ਕਮਾਲ ਦਿਖਾਇਆ। ਇਹ 27 ਘੰਟੇ ਉੱਡ ਸਕਦਾ ਹੈ।

(ਬਾਕੀ ਸਫ਼ਾ 31 'ਤੇ)

### ਡਰੋਨ ਦੀਆਂ ਕਿੰਨੀਆਂ ਕਿਸਮਾਂ ਨੇ?



ਮਾਈਕ੍ਰੋ/ਮਿੰਨੀ: ਛੋਟੇ, ਸਰਵੇਲੈਂਸ ਲਈ ਵਰਤੇ ਜਾਂਦੇ ਹਨ।
ਕਾਮੀਕੇਜ/ਲਾਈਟਰਿੰਗ ਮਿਊਨੀਸ਼ਨ: ਆਤਮਘਾਤੀ ਹਮਲਿਆਂ ਲਈ ਵਰਤੇ ਜਾਂਦੇ ਹਨ (ਜਿਵੇਂ ਨਾਗਅਸਤਰ-1)।
ਸਰਵੇਲੈਂਸ ਖ਼ੁਫ਼ੀਆ ਜਾਣਕਾਰੀ ਇਕੱਠੀ ਕਰਨ ਲਈ (ਹੀਰੋਨ ਮਾਰਕ -2)ਵਰਤੇ ਜਾਂਦੇ ਹਨ।
ਕੰਬੈਟ: ਹਮਲਿਆਂ ਲਈ (ਐਕਿਊ-9 ਰੀਪਰ) ਵਰਤੇ ਜਾਂਦੇ ਹਨ।
ਸਵਾਰਮ: ਝੁੰਡ ਵਿੱਚ ਹਮਲਾ ਕਰਨ ਵਾਲੇ ਹੁੰਦੇ ਹਨ।
ਅੰਡਰਵਾਟਰ: ਸਮੁੰਦਰੀ ਜੰਗ ਲਈ ਹੁੰਦੇ ਹਨ।
ਹਾਈਬ੍ਰਿਡ: ਹਵਾਈ ਅਤੇ ਜ਼ਮੀਨੀ ਭੂਮਿਕਾਵਾਂ ਵਾਲੇ ਹੁੰਦੇ ਹਨ।
ਡਰੋਨ ਹਮਲੇ ਰੋਕਣ ਦੀ ਸਮਰੱਥਾ ਵਾਲੇ ਦੇਸ਼
*ਅਮਰੀਕਾ ਕੋਲ ਅਤਿ-ਆਧੁਨਿਕ ਲੇਜ਼ਰ ਅਤੇ ਜੈਮਿੰਗ ਸਿਸਟਮ ਹਨ।
* ਇਜ਼ਰਾਇਲ ਕੋਲ ਆਇਰੋਨ ਡੋਮ ਅਤੇ ਡਰੋਨ ਡੋਮ ਵਰਗੀਆਂ ਤਕਨੀਕਾਂ ਹਨ।
* ਚੀਨ ਕੋਲਰਾਡਾਰ ਅਤੇ ਏ.ਆਈ. ਅਧਾਰਿਤ ਐਂਟੀ-ਡਰੋਨ ਸਿਸਟਮ ਹਨ।
* ਰੂਸ ਕੋਲ ਕਰਾਸੁਖਾ-4 ਜੈਮਿੰਗ ਸਿਸਟਮ ਹੈ।
ਭਾਰਤ ਕੋਲ ਡਰਡੋ ਦੀ ਐਂਟੀ-ਡਰੋਨ ਤਕਨੀਕ ਹੈ, ਪਰ ਅਜੇ ਵਿਕਾਸ ਅਧੀਨ ਹੈ। ਭਾਰਤ ਇਸ ਪਖੋਂ ਵਿਸ਼ਵ ਵਿੱਚ 5-7ਵੀਂ ਪੁਜੀਸ਼ਨ ਉਪਰ ਹੈ। ਡਰਡੋ ਦੀ ਸਵਦੇਸ਼ੀ ਤਕਨੀਕ ਅਤੇ ਇਜ਼ਰਾਇਲ ਦੀ ਸਹਾਇਤਾ ਨਾਲ ਮਜ਼ਬੂਤ ਹੈ।
ਪਾਕਿਸਤਾਨ ਦੀ 10-12ਵੀਂ ਪੁਜੀਸ਼ਨ ਹੈ, ਵਿਦੇਸ਼ੀ ਨਿਰਭਰਤਾ ਕਾਰਨ ਸਥਿਤੀ ਕਮਜ਼ੋਰ ਹੈ।

# ਭਾਰਤ-ਪਾਕਿ ਤਣਾਅ ਦਰਮਿਆਨ ਅਮਰੀਕਾ 'ਤੇ ਅੱਤਵਾਦੀ ਹਮਲੇ ਦਾ ਖ਼ਤਰਾ

## ਐਫ.ਬੀ.ਆਈ. ਨੇ ਮਿਸ਼ੀਗਨ ਸੈਨਿਕ ਅੱਡੇ 'ਤੇ ਆਈ.ਐਸ.ਆਈ.ਐਸ. ਦੇ ਹਮਲੇ ਦੀ ਸਾਜ਼ਿਸ਼ ਕੀਤੀ ਨਾਕਾਮ, ਅੰਮਾਰ ਗ੍ਰਿਫ਼ਤਾਰ

## ਅਮਰੀਕਾ ਨੇ ਸੁਰੱਖਿਆ ਸਖ਼ਤ ਕੀਤੀ, ਸੋਸ਼ਲ ਮੀਡੀਆ 'ਤੇ ਅੱਤਵਾਦੀ ਸਰਗਰਮੀਆਂ 'ਤੇ ਨਜ਼ਰ





ਜਦੋਂ ਭਾਰਤ-ਪਾਕਿਸਤਾਨ ਵਿਚਕਾਰ ਜੰਗ ਦਾ ਮਾਹੌਲ ਸਾਰੇ ਏਸ਼ੀਆ ਨੂੰ ਹਿਲਾ ਰਿਹਾ ਸੀ, ਉਸੇ ਵੇਲੇ ਦੁਨੀਆ ਦੇ ਇੱਕ ਕੋਨੇ ਵਿੱਚ ਇੱਕ ਹੋਰ ਤਬਾਹੀ ਦੀ ਸਕ੍ਰਿਪਟ ਲਿਖੀ ਜਾ ਰਹੀ ਸੀ - ਅਤੇ ਇਸ ਵਾਰ ਨਿਸ਼ਾਨਾ ਸੀ ਅਮਰੀਕਾ। ਪਰ ਐਫ.ਬੀ.ਆਈ. ਦੀ ਚੌਕਸੀ ਅਤੇ ਤੇਜ਼ ਐਕਸ਼ਨ ਨੇ ਅਮਰੀਕਾ ਨੂੰ 9/11 ਵਰਗੀ ਤਬਾਹੀ ਤੋਂ ਬਚਾ ਲਿਆ। ਇਹ ਸਾਜ਼ਿਸ਼ ਮਿਸ਼ੀਗਨ ਦੇ ਵਾਰਨ ਸ਼ਹਿਰ ਵਿੱਚ ਸਥਿਤ ਅਮਰੀਕੀ ਸੈਨਿਕ ਅੱਡੇ ਟੈਕਮ (ਟੈਂਕ-ਆਟੋਮੋਟਿਵ ਅਤੇ ਹਥਿਆਰ ਕਮਾਂਡ) ਉੱਤੇ ਰਚੀ ਗਈ ਸੀ। ਇਹ ਉਹ ਥਾਂ ਹੈ ਜਿੱਥੇ ਅਮਰੀਕੀ ਫ਼ੌਜ ਲਈ ਟੈਂਕ, ਹਥਿਆਰ ਅਤੇ ਬਖਤਰਬੰਦ ਗੱਡੀਆਂ ਤਿਆਰ ਕੀਤੀਆਂ ਜਾਂਦੀਆਂ ਨੇ। ਇਸ ਵਾਰ ਦੁਸ਼ਮਣ ਕੋਈ ਗੈਂਗ ਨਹੀਂ, ਸਗੋਂ ਆਈ.ਐਸ.ਆਈ.ਐਸ. ਦੀ ਸੋਚ ਨਾਲ ਪ੍ਰੇਰਿਤ ਇੱਕ ਇਕਲਾ ਬੇਹੱਦ ਖਤਰਨਾਕ ਸ਼ਖਸ ਸੀ - ਅੰਮਾਰ ਅਬਦੂਲ ਮਾਜਿਦ-ਮੁਹੰਮਦ ਸਈਦ। ਐਫ.ਬੀ.ਆਈ. ਦੇ ਮੁਤਾਬਕ ਅੰਮਾਰ ਨੇ ਨਾ ਸਿਰਫ਼ ਹਥਿਆਰ ਜੁਟਾਏ ਸਨ, ਸਗੋਂ ਉਸ ਨੇ ਅੱਡੇ ਦੀ ਰੈਕੀ ਵੀ ਕੀਤੀ ਸੀ। ਉਸ ਨੇ ਹਮਲੇ ਦਾ ਦਿਨ ਅਤੇ ਸਮਾਂ ਵੀ ਤੈਅ ਕਰ ਲਿਆ ਸੀ। ਬੱਸ ਕੁਝ ਦਿਨਾਂ ਦੀ ਗੱਲ ਸੀ ਕਿ ਟੈਕਮ ਅੰਦਰ ਮੌਤ ਦਾ ਖੇਡ ਸ਼ੁਰੂ ਹੋ ਜਾਣਾ ਸੀ।

**ਐਫ.ਬੀ.ਆਈ. ਦੀ ਜਾਸੂਸੀ ਅਤੇ 'ਕੋਡ ਬਲੈਕ' ਅਪਰੇਸ਼ਨ**

ਐਫ.ਬੀ.ਆਈ. ਦੀ ਖ਼ੁਫ਼ੀਆ ਟੀਮ ਅਤੇ ਅੰਡਰਕਵਰ ਅਫ਼ਸਰਾਂ ਨੇ ਇਸ ਸਾਜ਼ਿਸ਼ ਨੂੰ ਨਾਕਾਮ ਕਰ ਦਿੱਤਾ। ਸੋਸ਼ਲ ਮੀਡੀਆ ਉੱਤੇ ਅੰਮਾਰ ਦੇ ਆਈ.ਐਸ.ਆਈ.ਐਸ. ਸਮਰਥਕ ਪੋਸਟ, ਐਨਕ੍ਰਿਪਟਡ ਚੈਟਸ ਅਤੇ ਸ਼ੱਕੀ ਹਥਿਆਰ ਖਰੀਦ ਨੇ ਉਸ ਨੂੰ ਐਫ.ਬੀ.ਆਈ. ਦੇ ਰਡਾਰ 'ਤੇ ਲਿਆਂਦਾ। ਉਸ ਨੇ ਹਮਲੇ ਤੋਂ ਪਹਿਲਾਂ ਅੱਡੇ ਦੀ ਸਾਰੀ ਜਾਣਕਾਰੀ ਇਕੱਠੀ ਕਰ ਲਈ ਸੀ, ਪਰ ਐਫ.ਬੀ.ਆਈ. ਨੂੰ ਉਸ ਦੀਆਂ ਸੰਭਾਵੀ ਸਰਗਰਮੀਆਂ ਦੀ ਭਿਣਕ ਮਿਲ ਗਈ। 'ਕੋਡ ਬਲੈਕ' ਨਾਂ ਦਾ ਇੱਕ ਗੁਪਤ ਅਪਰੇਸ਼ਨ ਮਿਸ਼ੀਗਨ ਵਿੱਚ ਸ਼ੁਰੂ ਹੋਇਆ। ਜਿਵੇਂ ਹੀ ਅੰਮਾਰ ਨੇ ਆਖਰੀ ਪੜਾਅ ਦੀ ਤਿਆਰੀ ਕੀਤੀ, ਐਫ.ਬੀ.ਆਈ. ਦੀ ਸਵਾਟ ਟੀਮ ਨੇ ਉਸ ਨੂੰ ਅਚਾਨਕ ਘੇਰ ਕੇ ਗ੍ਰਿਫ਼ਤਾਰ ਕਰ ਲਿਆ। ਗ੍ਰਿਫ਼ਤਾਰੀ ਵੇਲੇ ਉਸ ਕੋਲ਼ੋਂ ਬੰਬ, 1 ਏ 15 ਰਾਈਫ਼ਲ ਅਤੇ ਜੀ.ਪੀ.ਐਸ. ਮੈਪ ਬਰਾਮਦ ਹੋਏ।

**ਕੌਣ ਹੈ ਅੰਮਾਰ ਅਤੇ ਉਸ ਖ਼ਿਲਾਫ਼ ਕੀ ਦੋਸ਼?**

ਅੰਮਾਰ ਇੱਕ ਆਈ.ਐਸ. ਆਈ.ਐਸ. ਨਾਲ ਜੁੜਿਆ ਕੱਟੜਪੰਥੀ ਸੀ। ਉਸ ਉੱਤੇ ਵਿਦੇਸ਼ੀ ਅੱਤਵਾਦੀ ਸੰਗਠਨ ਨੂੰ ਸਮਰਥਨ ਦੇਣ ਅਤੇ ਸਾਜ਼ਿਸ਼ ਰਚਣ ਵਰਗੇ ਗੰਭੀਰ ਦੋਸ਼ ਲੱਗੇ ਹਨ। ਹੁਣ ਅਮਰੀਕੀ ਨਿਆਂ ਪ੍ਰਣਾਲੀ ਅਧੀਨ ਉਸ ਦਾ ਮੁਕੱਦਮਾ ਚੱਲੇਗਾ।

ਐਫ.ਬੀ.ਆਈ. ਦੇ ਸਹਾਇਕ ਨਿਰਦੇਸ਼ਕ ਕਾਸ਼ ਪਟੇਲ ਨੇ ਕਿਹਾ: 'ਸਾਡੀਆਂ ਟੀਮਾਂ ਨੇ ਸਮੇਂ ਸਿਰ ਕਾਰਵਾਈ ਕੀਤੀ ਅਤੇ ਕਈ ਜਾਨਾਂ ਬਚਾਈਆਂ। ਇਹ ਦਿਖਾਉਂਦਾ ਹੈ ਕਿ ਅਮਰੀਕਾ ਵਿੱਚ ਘਰੇਲੂ ਅੱਤਵਾਦ ਦਾ ਖਤਰਾ ਅਜੇ ਵੀ ਜਿਉਂਦਾ ਹੈ।

ਸੂਤਰਾਂ ਮੁਤਾਬਕ, ਐਫ.ਬੀ.ਆਈ. ਇਸ ਗੱਲ ਦੀ ਵੀ ਜਾਂਚ ਕਰ ਰਿਹਾ ਹੈ ਕਿ ਕੀ ਅੰਮਾਰ ਦੀ ਸਾਜ਼ਿਸ਼ ਨੂੰ ਭਾਰਤ-ਪਾਕਿਸਤਾਨ ਤਣਾਅ ਦੇ ਸਮੇਂ ਨੂੰ ਧਿਆਨ ਵਿੱਚ ਰੱਖ ਕੇ ਰਚਿਆ ਗਿਆ ਸੀ, ਤਾਂ ਜੋ ਅਮਰੀਕੀ ਏਜੰਸੀਆਂ ਏਸ਼ੀਆ 'ਤੇ ਧਿਆਨ ਦੇਣ ਦੌਰਾਨ ਘਰੇਲੂ ਹਮਲਿਆਂ ਨੂੰ ਨਜ਼ਰਅੰਦਾਜ਼ ਕਰ ਦੇਣ। ਇਹ ਵੀ ਸੰਭਾਵਨਾ ਹੈ ਕਿ ਅੰਮਾਰ ਪਾਕਿਸਤਾਨ ਵਿੱਚ ਸਥਿਤ ਆਈ.ਐਸ.ਆਈ.ਐਸ. ਦੇ ਹੈਂਡਲਰਾਂ ਦੇ ਸੰਪਰਕ ਵਿੱਚ ਸੀ, ਜਿਨ੍ਹਾਂ ਦਾ ਮਕਸਦ ਵਿਸ਼ਵ ਪੱਧਰ 'ਤੇ ਵੱਡੇ ਅੱਤਵਾਦੀ ਹਮਲੇ ਕਰਨਾ ਸੀ।

ਇਸ ਵਾਰ ਸਮੇਂ ਸਿਰ ਅੰਮਾਰ ਦੀ ਗ੍ਰਿਫ਼ਤਾਰੀ ਨੇ ਸਾਬਤ ਕਰ ਦਿੱਤਾ ਕਿ ਅੱਤਵਾਦ ਹੁਣ ਸਰਹੱਦਾਂ ਦਾ ਮੋਹਤਾਜ ਨਹੀਂ। ਇਹ ਇਕੱਲੇ ਭੇੜੀਏ ਦੀ ਸੂਰਤ ਵਿੱਚ ਤੁਹਾਡੇ ਵਿਚਕਾਰ ਹੀ ਪਲਦਾ ਹੈ, ਇੰਟਰਨੈਟ 'ਤੇ ਪ੍ਰੇਰਿਤ ਹੁੰਦਾ ਹੈ ਅਤੇ ਤੁਹਾਡੀਆਂ ਹੀ ਸੜਕਾਂ 'ਤੇ ਖ਼ੂਨ ਵਹਾਉਣ ਦਾ ਸੁਪਨਾ ਦੇਖਦਾ ਹੈ। ਇਸ ਵਾਰ ਅਮਰੀਕਾ ਬਾਲ-ਬਾਲ ਬਚਿਆ।

**ਅਮਰੀਕਾ ਨੂੰ ਆਈ.ਐਸ.ਆਈ.ਐਸ. ਤੋਂ ਕੀ ਖ਼ਤਰਾ ਹੈ?**

ਆਈ.ਐਸ.ਆਈ.ਐਸ.-ਪ੍ਰੇਰਿਤ ਅੱਤਵਾਦੀ, ਜਿਵੇਂ ਕਿ ਅੰਮਾਰ ਅਬਦੁਲਮਾਜਿਦ-ਮੁਹੰਮਦ ਸਈਦ, ਅਮਰੀਕੀ ਸੈਨਿਕ ਅਤੇ ਨਾਗਰਿਕ ਅਦਾਰਿਆਂ ਨੂੰ ਨਿਸ਼ਾਨਾ ਬਣਾਉਣ ਦੀਆਂ ਸਾਜ਼ਿਸ਼ਾਂ ਰਚ ਰਹੇ ਹਨ। ਇਹ 'ਇਕੱਲੇ ਭੇੜੀਏ' ਸਟਾਈਲ ਦੇ ਹਮਲੇ, ਜੋ ਸੋਸ਼ਲ ਮੀਡੀਆ ਅਤੇ ਐਨਕ੍ਰਿਪਟਡ ਚੈਟਸ ਰਾਹੀਂ ਪ੍ਰੇਰਿਤ ਹੁੰਦੇ ਹਨ, ਅਮਰੀਕੀ ਸੁਰੱਖਿਆ ਲਈ ਵੱਡਾ ਖਤਰਾ ਹਨ।

(ਬਾਕੀ ਸਫ਼ਾ 30 'ਤੇ)

# ਪੰਜਾਬ ਤੇ ਹਰਿਆਣਾ ’ਚ ਪਾਕਿਸਤਾਨ ਲਈ ਜਾਸੂਸੀ ਦੇ ਦੋਸ਼ਾਂ ਹੇਠ 12 ਲੋਕ ਗ੍ਰਿਫ਼ਤਾਰ

## ➢ ਪੁਲਿਸ ਦੀ ਮੁਢਲੀ ਜਾਂਚ ਵਿੱਚ ਕੀ ਨਿਕਲਿਆ ? ➢ ਪਰਿਵਾਰ ਵਾਲੇ ਦੋਸ਼ਾਂ ਤੋਂ ਕਰ ਰਹੇ ਨੇ ਇਨਕਾਰ

ਅੰਮ੍ਰਿਤਸਰ/ਏ.ਟੀ.ਨਿਊਜ਼: ਪਿਛਲੇ ਦੋ ਹਫ਼ਤਿਆਂ ’ਚ ਪੰਜਾਬ, ਹਰਿਆਣਾ ਅਤੇ ਉੱਤਰ ਪ੍ਰਦੇਸ਼ ਤੋਂ 12 ਵਿਅਕਤੀਆਂ ਨੂੰ ਪਾਕਿਸਤਾਨ ਦੀ ਖ਼ੁਫ਼ੀਆ ਏਜੰਸੀ ਆਈ.ਐਸ.ਆਈ. ਲਈ ਜਾਸੂਸੀ ਕਰਨ ਦੇ ਦੋਸ਼ਾਂ ਹੇਠ ਗ੍ਰਿਫ਼ਤਾਰ ਕੀਤਾ ਗਿਆ ਹੈ। ਇਨ੍ਹਾਂ ਵਿੱਚ ਪੰਜਾਬ ਦੇ ਗੁਰਦਾਸਪੁਰ ਤੋਂ ਸੁਖਪ੍ਰੀਤ ਸਿੰਘ ਅਤੇ ਕਰਨਵੀਰ ਸਿੰਘ, ਮਲੇਰਕੋਟਲਾ ਤੋਂ ਗੁਜ਼ਾਲਾ ਅਤੇ ਯਾਮੀਨ ਮੁਹੰਮਦ ਅਤੇ ਹਰਿਆਣਾ ਦੇ ਹਿਸਾਰ ਤੋਂ ਯੂਟਿਊਬਰ ਜਯੋਤੀ ਮਲਹੋਤਰਾ ਸਮੇਤ ਹੋਰ ਵਿਅਕਤੀ ਸ਼ਾਮਲ ਹਨ। ਪੁਲਿਸ ਅਨੁਸਾਰ, ਇਹ ਵਿਅਕਤੀ ਸੰਵੇਦਨਸ਼ੀਲ ਫ਼ੌਜੀ ਜਾਣਕਾਰੀ, ਜਿਵੇਂ ਕਿ ਅਪਰੇਸ਼ਨ ਸੰਧੂਰ ਅਤੇ ਸਰਹੱਦੀ ਖੇਤਰਾਂ ਦੀਆਂ ਗਤੀਵਿਧੀਆਂ, ਪਾਕਿਸਤਾਨ ਨੂੰ ਸਾਂਝੀ ਕਰ ਰਹੇ ਸਨ। ਇਨ੍ਹਾਂ ਵਿਚੋਂ ਕਈਆਂ ਨੇ ਵਟਸਐਪ ਅਤੇ ਸੋਸ਼ਲ ਮੀਡੀਆ ਰਾਹੀਂ ਜਾਣਕਾਰੀ ਭੇਜੀ, ਜਿਸ ਦੇ ਬਦਲੇ ਉਨ੍ਹਾਂ ਨੂੰ ਪੈਸੇ ਮਿਲੇ।

ਪੰਜਾਬ ਪੁਲਿਸ ਅਤੇ ਕੇਂਦਰੀ ਖ਼ੁਫ਼ੀਆ ਏਜੰਸੀਆਂ ਦਾ ਦਾਅਵਾ ਹੈ ਕਿ ਉਹਨਾਂ ਨੇ ਸਾਂਝੇ ਅਪਰੇਸ਼ਨ ਨਾਲ ਇਸ ਜਾਸੂਸੀ ਨੈੱਟਵਰਕ ਨੂੰ ਤੋੜਨ ਵਿੱਚ ਸਫਲਤਾ ਹਾਸਲ ਕੀਤੀ ਹੈ। ਗੁਰਦਾਸਪੁਰ ਵਿੱਚ 15 ਮਈ ਨੂੰ ਸੁਖਪ੍ਰੀਤ ਅਤੇ ਕਰਨਵੀਰ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ, ਜਿਨ੍ਹਾਂ ਕੋਲੋਂ 3 ਮੋਬਾਈਲ ਫੋਨ ਅਤੇ 8 ਜ਼ਿੰਦਾ ਕਾਰਤੂਸ ਬਰਾਮਦ ਹੋਏ ਸਨ। ਹਰਿਆਣਾ ’ਚ ਜਯੋਤੀ ਮਲਹੋਤਰਾ, ਦੇਵੇਂਦਰ ਸਿੰਘ, ਤਾਰੀਫ਼, ਅਰਮਾਨ ਅਤੇ ਨੋਮਾਨ ਇਲਾਹੀ ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ ਸੀ। ਪੁਲਿਸ ਨੇ ਇਨ੍ਹਾਂ ਦੇ ਮੋਬਾਈਲ, ਲੈਪਟਾਪ ਅਤੇ ਵਿੱਤੀ ਲੈਣ-ਦੇਣ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ।

ਡੀ.ਆਈ.ਜੀ. ਸਤਿੰਦਰ ਸਿੰਘ ਨੇ ਦੱਸਿਆ ਕਿ ਭਰੋਸੇਯੋਗ ਸੂਚਨਾਵਾਂ ਦੇ ਆਧਾਰ ’ਤੇ ਕਾਰਵਾਈ ਜਾਰੀ ਹੈ ਅਤੇ ਹੋਰ ਖੁਲਾਸੇ ਸਾਹਮਣੇ ਆ ਸਕਦੇ ਹਨ।

**ਪਰਿਵਾਰਾਂ ਦਾ ਇਨਕਾਰ ਅਤੇ ਸਵਾਲ**

ਗ੍ਰਿਫ਼ਤਾਰ ਵਿਅਕਤੀਆਂ ਦੇ ਪਰਿਵਾਰਾਂ ਨੇ ਦੋਸ਼ਾਂ ਨੂੰ ਰੱਦ ਕੀਤਾ ਹੈ। ਸੁਖਪ੍ਰੀਤ ਦੇ ਪਿਤਾ ਗੁਰਮੀਤ ਸਿੰਘ ਅਤੇ ਮਾਤਾ ਨਰਿੰਦਰ ਕੌਰ ਨੇ ਕਿਹਾ ਕਿ ਉਨ੍ਹਾਂ ਦਾ 19 ਸਾਲਾ ਬੇਟਾ ਗਰੀਬ ਪਰਿਵਾਰ ਨਾਲ ਸਬੰਧਤ ਹੈ ਅਤੇ ਕਦੇ ਸਰਹੱਦ ਨੇੜੇ ਨਹੀਂ ਗਿਆ। ਉਨ੍ਹਾਂ ਨੂੰ ਪੁਲਿਸ ਦੀ ਕਾਰਵਾਈ ’ਤੇ ਸ਼ੱਕ ਹੈ ਅਤੇ ਇਨਸਾਫ਼ ਦੀ ਮੰਗ ਕੀਤੀ ਹੈ।

**ਸੁਖਪ੍ਰੀਤ ਦੇ ਪਰਿਵਾਰ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਕੁਝ ਨਹੀਂ ਪਤਾ**

ਇਸ ਦੇ ਨਾਲ ਹੀ ਪਰਿਵਾਰ ਨੇ ਇਹ ਵੀ ਕਿਹਾ ਹੈ ਕਿ ਉਨ੍ਹਾਂ ਦੇ ਬੇਟੇ ਦੇ ਖਾਤੇ ਵਿੱਚ ਕੋਈ ਪੈਸਾ ਨਹੀਂ ਆਇਆ ਅਤੇ ਨਾ ਹੀ ਉਸ ਕੋਲ ਕੋਈ ਦਸਤਾਵੇਜ਼ ਮਿਲੇ ਹਨ ਤੇ ਨਾ ਹੀ ਕੋਈ ਅਸਲਾ।

ਪਿਤਾ ਦਾ ਕਹਿਣਾ ਹੈ ਕਿ ਪੜ੍ਹਾਈ ਦੇ ਬਾਅਦ ਸੁਖਪ੍ਰੀਤ ਉਨ੍ਹਾਂ ਨਾਲ ਹੀ ਕੰਮ ਕਰਦਾ ਹੈ। ਪਰਿਵਾਰ ਵਿੱਚ ਇੱਕ ਵੱਡੀ ਕੁੜੀ ਹੈ, ਜਿਸ ਦਾ ਵਿਆਹ ਹੋ ਗਿਆ ਹੈ ਅਤੇ ਦੋ ਬੇਟੇ ਹਨ। ਸੁਖਪ੍ਰੀਤ ਸਭ ਤੋਂ ਛੋਟਾ ਹੈ।

ਉਧਰ ਸੁਖਪ੍ਰੀਤ ਦੇ ਮਾਤਾ ਨਰਿੰਦਰ ਕੌਰ ਦਾ ਕਹਿਣਾ ਹੈ, ‘ਸਾਨੂੰ ਪਤਾ ਹੀ ਨਹੀਂ ਲੱਗ ਰਿਹਾ ਕਿ ਸਾਡੇ ਨਾਲ ਕੀ ਧੱਕਾ ਹੋ ਰਿਹਾ। ਉਹ ਤਾਂ ਆਪਣੇ ਪਿਓ



ਨਾਲ ਕੰਮ ’ਤੇ ਵੀ ਜਾਂਦਾ ਰਿਹਾ ਹੈ। ਦੂਜੇ ਮੁੰਡੇ ਬਾਰੇ ਸਾਨੂੰ ਪਤਾ ਵੀ ਨਹੀਂ ਕਿ ਉਹ ਕਿੱਥੋਂ ਦਾ ਹੈ।’ ਸਾਡੇ ਸੁੱਤੇ ਹੋਏ ਬੇਟੇ ਨੂੰ ਧੂਹ ਕੇ ਲੈ ਗਏ ਹਨ। ਮੈਂ ਰੋਕਿਆ ਤਾਂ ਮੈਨੂੰ ਪਿੱਛੇ ਧੱਕ ਦਿੱਤਾ। ਉਹ ਸਾਨੂੰ ਕੁਝ ਨਹੀਂ ਦੱਸਦਾ ਰਿਹਾ। ਸਾਨੂੰ ਪਤਾ ਨਹੀਂ ਲੱਗਦਾ ਸੀ ਕਿੱਥੇ ਜਾਂਦਾ ਸੀ।

ਇਸੇ ਤਰ੍ਹਾਂ, ਜਯੋਤੀ ਮਲਹੋਤਰਾ ਦੇ ਪਿਤਾ ਹਰੀਸ਼ ਕੁਮਾਰ ਨੇ ਦੱਸਿਆ ਕਿ ਜਯੋਤੀ ਮਲਹੋਤਰਾ ਇੱਕ ਟ੍ਰੈਵਲ ਵਲੌਗਰ ਹਨ। ਉਨ੍ਹਾਂ ਨੇ ਯੂਟਿਊਬ ਚੈਨਲ ਦਾ ਨਾਮ ‘ਟ੍ਰੈਵਲ ਵਿਦ ਜੋ’ ਹੈ। ਉਨ੍ਹਾਂ ਨੇ ਆਪਣੇ ਯੂਟਿਊਬ ਚੈਨਲ ਉੱਤੇ ਕਈ ਵੱਖ-ਵੱਖ ਦੇਸ਼ਾਂ ਦੇ ਆਪਣੇ ਸਫ਼ਰਨਾਮੇ ਸਾਂਝੇ ਕੀਤੇ ਹਨ। ਉਨ੍ਹਾਂ ਦੀ ਬੇਟੀ ਨੇ ਸਰਕਾਰੀ ਇਜਾਜ਼ਤ ਨਾਲ ਪਾਕਿਸਤਾਨ ਦਾ ਦੌਰਾ ਕੀਤਾ ਸੀ। ਹਰਿਆਣਾ ਦੇ ਹਿਸਾਰ ਦੀ ਟ੍ਰੈਵਲ ਬਲੌਗਰ ਅਤੇ ਯੂਟਿਊਬਰ ਜਯੋਤੀ ਮਲਹੋਤਰਾ ਨੂੰ ਵੀ ਜਾਸੂਸੀ ਦੇ ਇਲਜ਼ਾਮਾਂ ਤਹਿਤ ਗ੍ਰਿਫ਼ਤਾਰ ਕੀਤਾ ਗਿਆ ਹੈ।

ਦੂਜੇ ਪਾਸੇ ਹਿਸਾਰ ਪੁਲਿਸ ਨੇ ਖੁਲਾਸਾ ਕੀਤਾ ਹੈ ਕਿ ਜਯੋਤੀ ਆਪਣੀ ਆਮਦਨ ਤੋਂ ਵੱਧ ਆਲੀਸ਼ਾਨ ਜ਼ਿੰਦਗੀ ਜੀਅ ਰਹੀ ਸੀ। ਹਿਸਾਰ ਦੇ ਐੱਸ.ਪੀ. ਸ਼ਸ਼ਾਂਕ ਕੁਮਾਰ ਸਾਵਨ ਨੇ ਬੀਤੇ ਦਿਨੀਂ ਮੀਡੀਆ ਨੂੰ ਜਾਣਕਾਰੀ ਦਿੰਦੇ ਹੋਏ ਕਿਹਾ ਸੀ ਕਿ ਪਾਕਿਸਤਾਨ ਜਯੋਤੀ ਨੂੰ ਆਪਣੀ ਇੱਕ ਏਸੱਟ ਬਣਾਉਣ ਦੀ ਤਿਆਰੀ ਕਰ ਰਿਹਾ ਸੀ, ਜੋ ਭਾਰਤ ਦੀ ਖ਼ੁਫੀਆ ਜਾਣਕਾਰੀ ਮੁਹੱਈਆ ਕਰਵਾਏ। ਦੁਸ਼ਮਣ ਦੇਸ਼ ਅਜਿਹੇ ਨੌਜਵਾਨ ਇਨਫਲੂਐਂਸਰਾਂ ਨੂੰ ਨਿਸ਼ਾਨਾ ਬਣਾ ਰਹੇ ਹਨ ਅਤੇ ਪੈਸੇ ਲਈ, ਨੌਜਵਾਨ ਵੀ ਗ਼ਲਤ ਰਸਤਾ ਅਪਣਾਉਂਦੇ ਹਨ। ਪੁਲਿਸ ਸੁਪਰੀਡੈਂਟ ਨੇ ਕਿਹਾ ਕਿ ਜੰਮੂ ਕਸ਼ਮੀਰ ਵਿੱਚ ਹੋਏ ਹਮਲੇ ਤੋਂ ਪਹਿਲਾਂ ਜਯੋਤੀ ਜੰਮੂ ਕਸ਼ਮੀਰ ਗਈ ਸੀ ਅਤੇ ਪਾਕਿਸਤਾਨ ਵੀ ਗਈ ਸੀ। ਐੱਸ.ਪੀ ਸ਼ਸ਼ਾਂਕ ਕੁਮਾਰ ਸਾਵਨ ਨੇ ਦੱਸਿਆ ਕਿ ਜਾਂਚ ਕੀਤੀ ਜਾ ਰਹੀ ਹੈ ਕਿ ਉਨ੍ਹਾਂ ਦੀਆਂ ਯਾਤਰਾਵਾਂ ਦਾ ਹਮਲੇ ਨਾਲ ਸਬੰਧ ਹੈ ਜਾਂ ਨਹੀਂ। ਐੱਸ.ਪੀ. ਨੇ ਇਹ ਵੀ ਕਿਹਾ ਕਿ ਹੁਣ ਤੱਕ ਜਯੋਤੀ ਕੋਲ ਕੋਈ ਖ਼ਫ਼ੀਆ ਜਾਣਕਾਰੀ ਹੋਣ ਬਾਰੇ ਕੋਈ ਜਾਣਕਾਰੀ ਨਹੀਂ ਮਿਲੀ ਹੈ ਪਰ ਹਿਸਾਰ ਇੱਕ ਰਣਨੀਤਕ ਤੌਰ ’ਤੇ ਮਹੱਤਵਪੂਰਨ ਥਾਂ ਹੈ, ਇਸ ਲਈ ਇਸ ਗੱਲ ਦੀ ਜਾਂਚ ਕੀਤੀ ਜਾ ਰਹੀ ਹੈ ਕਿ ਜਯੋਤੀ ਨੇ ਪਾਕਿਸਤਾਨੀ ਅਧਿਕਾਰੀਆਂ ਨਾਲ ਕਿਹੜੀ ਖ਼ੁਫ਼ੀਆ ਜਾਣਕਾਰੀ ਸਾਂਝੀ ਕੀਤੀ ਸੀ।

ਨੋਮਾਨ ਇਲਾਹੀ ਦੀ ਭੈਣ ਨੇ ਵੀ ਕਿਹਾ ਕਿ ਉਸ ਨੂੰ ਭਰਾ ਦੀਆਂ ਗਤੀਵਿਧੀਆਂ ਬਾਰੇ ਕੁਝ ਨਹੀਂ ਪਤਾ।

ਇਸ ਤੋਂ ਇਲਾਵਾ ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕਰਮਚਾਰੀ ਹਰਕੀਰਤ ਸਿੰਘ ਤੋਂ ਵੀ ਪਾਕਿਸਤਾਨ ਨਾਲ ਗੁਪਤ ਜਾਣਕਾਰੀ ਸਾਂਝੀ ਕਰਨ ਦੇ ਸ਼ੱਕ ਵਿੱਚ ਪੁੱਛਗਿੱਛ ਕੀਤੀ ਗਈ।

ਹਾਲਾਂਕਿ, ਪੁੱਛਗਿੱਛ ਤੋਂ ਬਾਅਦ ਸਬੂਤਾਂ ਦੀ ਘਾਟ ਕਾਰਨ ਉਨ੍ਹਾਂ ਨੂੰ ਰਿਹਾਅ ਕਰ ਦਿੱਤਾ ਗਿਆ।

ਕੁਰੂਕਸ਼ੇਤਰ ਨਾਲ ਸਬੰਧਤ ਹਰਕੀਰਤ ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਨਨਕਾਣਾ ਸਾਹਿਬ ਜਾਣ ਲਈ ਪਾਕਿਸਤਾਨ ਜਾਣ ਵਾਲੇ ਸ਼ਰਧਾਲੂਆਂ ਦੇ ਵੀਜ਼ਾ ਦਾ ਕੰਮ ਦੇਖਦਾ ਸੀ।

**ਲੋਕ ਚਿੰਤਤ ਕਿਉਂ ?**

ਇਨ੍ਹਾਂ ਗ੍ਰਿਫ਼ਤਾਰੀਆਂ ਨੇ ਸਥਾਨਕ ਲੋਕਾਂ ਵਿੱਚ ਚਿੰਤਾ ਪੈਦਾ ਕੀਤੀ ਹੈ। ਕਈ ਲੋਕ ਸਵਾਲ ਉਠਾ ਰਹੇ ਹਨ ਕਿ ਕੀ ਸਾਰੇ ਗ੍ਰਿਫ਼ਤਾਰ ਵਿਅਕਤੀ ਸੱਚਮੁੱਚ ਜਾਸੂਸੀ ’ਚ ਸ਼ਾਮਲ ਸਨ ਜਾਂ ਕੁਝ ਨਿਰਦੋਸ਼ ਵੀ ਨਿਸ਼ਾਨੇ ’ਤੇ ਆਏ ਹਨ। ਸੁਖਪ੍ਰੀਤ ਦੇ ਪਰਿਵਾਰ ਵਰਗੇ ਲੋਕਾਂ ਦਾ ਕਹਿਣਾ ਹੈ ਕਿ ਅਜਿਹੀਆਂ ਕਾਰਵਾਈਆਂ ਨਾਲ ਆਮ ਲੋਕਾਂ ਵਿੱਚ ਦਹਿਸ਼ਤ ਫੈਲ ਸਕਦੀ ਹੈ। ਹਾਲਾਂਕਿ, ਪੁਲਿਸ ਅਤੇ ਖ਼ੁਫ਼ੀਆ ਏਜੰਸੀਆਂ ਦਾਅਵਾ ਕਰ ਰਹੀਆਂ ਹਨ ਕਿ ਜਾਂਚ ਪੂਰੀ ਤਰ੍ਹਾਂ ਪਾਰਦਰਸ਼ੀ ਅਤੇ ਡੂੰਘਾਈ ਨਾਲ ਕੀਤੀ ਜਾ ਰਹੀ ਹੈ।

ਇਹ ਨਿਰਣਾ ਕਰਨਾ ਕਿ ਗ੍ਰਿਫ਼ਤਾਰ ਵਿਅਕਤੀ ਸਹੀ ਹਨ ਜਾਂ ਗਲਤ, ਅਜੇ ਮੁਸ਼ਕਲ ਹੈ ਕਿਉਂਕਿ ਜਾਂਚ ਜਾਰੀ ਹੈ। ਪੁਲਿਸ ਕੋਲ ਮੋਬਾਈਲ ਫੋਨ, ਵਿੱਤੀ ਲੈਣ-ਦੇਣ ਅਤੇ ਸੋਸ਼ਲ ਮੀਡੀਆ ਸਬੂਤ ਹਨ, ਜਿਨ੍ਹਾਂ ਦੀ ਫੋਰੈਂਸਿਕ ਜਾਂਚ ਤੋਂ ਬਾਅਦ ਹੀ ਸਪੱਸ਼ਟ ਤਸਵੀਰ ਸਾਹਮਣੇ ਆਵੇਗੀ।

ਸੁਖਪ੍ਰੀਤ ਅਤੇ ਕਰਨਵੀਰ ਵਰਗੇ ਵਿਅਕਤੀਆਂ ਦੇ ਮਾਮਲੇ ’ਚ ਪੁਲਿਸ ਨੇ ਆਈ.ਐਸ.ਆਈ. ਨਾਲ ਸਿੱਧੇ ਸੰਪਰਕ ਦੀ ਪੁਸ਼ਟੀ ਕੀਤੀ ਹੈ, ਪਰ ਪਰਿਵਾਰਾਂ ਦੇ ਇਨਕਾਰ ਨੇ ਸਵਾਲ ਵੀ ਖੜ੍ਹੇ ਕੀਤੇ ਹਨ। ਅਜਿਹੀਆਂ ਗ੍ਰਿਫ਼ਤਾਰੀਆਂ ਨਾਲ ਸਥਾਨਕ ਲੋਕਾਂ ’ਚ ਚਿੰਤਾ ਅਤੇ ਅਨਿਸ਼ਚਿਤਤਾ ਪੈਦਾ ਹੋ ਸਕਦੀ ਹੈ, ਖਾਸਕਰ ਜਦੋਂ ਪਰਿਵਾਰ ਦਾਅਵਾ ਕਰਦੇ ਹਨ ਕਿ ਉਨ੍ਹਾਂ ਦੇ ਰਿਸ਼ਤੇਦਾਰ ਨਿਰਦੋਸ਼ ਹਨ। ਡੀ.ਜੀ.ਪੀ. ਗੌਰਵ ਯਾਦਵ ਅਤੇ ਹਰਿਆਣਾ ਦੇ ਐਸ.ਪੀ. ਸ਼ਸ਼ਾਂਕ ਕੁਮਾਰ ਸਾਵਨ ਨੇ ਸਪੱਸ਼ਟ ਕੀਤਾ ਹੈ ਕਿ ਜਾਂਚ ਪਾਰਦਰਸ਼ੀ ਅਤੇ ਵਿਆਪਕ ਹੈ, ਜਿਸ ਨਾਲ ਹੋਰ ਮਹੱਤਵਪੂਰਨ ਖੁਲਾਸੇ ਸੰਭਵ ਹਨ।

## ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ ਬਾਰੇ ਵਿਚਾਰ ਚਰਚਾ

ਪਿਛਲੇ ਕੁੱਝ ਸਮੇਂ ਤੋਂ ਕੌਮੀ ਹਲਕਿਆਂ ਵਿੱਚ ਪੱਛਮ, ਆਧੁਨਿਕਤਾ, ਰਾਸ਼ਟਰਵਾਦ ਅਤੇ ਨੇਸ਼ਨ- ਸਟੇਟ ਦੇ ਸਿੱਖ ਪਰੰਪਰਾਵਾਂ ਦੇ ਵਿਰੋਧ ਬਾਰੇ ਵਿਵਾਦ ਚੱਲ ਰਿਹਾ ਹੈ। ਇਸ ਵਿਵਾਦ ਦਾ ਸਿਧਾਂਤਕ ਆਧਾਰ ਖਾਸ ਕਰਕੇ ਉੱਤਰ- ਬਸਤੀਵਾਦੀ ਵਿਚਾਰਾਂ ਤੋਂ ਪੈਦਾ ਹੋਈ ਯੂਰਪ ਕੇਂਦ੍ਰਿਤ ਵਿਰੋਧਤਾ ਹੈ ਪਰ ਇੰਨਾਂ ਸਾਰੇ ਵਰਤਾਰਿਆਂ ਦੇ ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ ’ਤੇ ਡੂੰਘੇ ਅਸਰ ਪਏ ਹਨ। ਇਸ ਕਰਕੇ ਇੰਨਾਂ ਵਰਤਾਰਿਆਂ ਸਬੰਧੀ ਵੱਡੀ ਸਿਧਾਂਤਕ ਚਰਚਾ ਦੀ ਜ਼ਰੂਰਤ ਹੈ। ਆਸ ਹੈ ਕਿ ਕੌਮੀ ਤੌਰ ’ਤੇ ਚੇਤੰਨ ਸਿੱਖ ਇਸ ਚਰਚਾ ਵਿੱਚ ਆਪਣਾ ਵਿਚਾਰਕ ਹਿੱਸਾ ਪਾਉਣਗੇ। ਇਸ ਸੰਬੰਧੀ ਵਿਦਵਾਨ ਲੇਖਕ ਆਪਣੇ ਵਿਚਾਰ 500 ਸ਼ਬਦਾਂ ਵਿੱਚ ਯੂਨੀਕੋਡ ਜਾਂ ਸਤਲੁਜ ਫੌਂਟ ਵਿੱਚ ਲਿਖ ਕੇ ਈਮੇਲ ਰਾਹੀਂ ਭੇਜ ਸਕਦੇ ਹਨ

ਈ ਮੇਲ : asrtimes@gmail.com

CAPITAL SERVICES
INSURANCE | VEHICLE REG. | IMMIGRATION | NOTARY PUBLIC | LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO · HOME · TRUCK · BUSINESS · LIFE · MEDICAL
ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜ਼ਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services.
Vehicle Registration (Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic.43779
Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us

ALL STATE INSURANCE
Allstate You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS
Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

CAPITAL DRUG TESTING
Capital DRUG TESTING
Drug and Alcohol Test
DOT / NON DOT
PRE EMPLOYMENT - RANDOM
POST ACCIDENT - REASONABLE SUSPICION
Services: DOT Random Prog., FMCSA Clearinghouse,
DOT Supervisor Training, SAP Classes Etc.
Lab. Ph:(916) 680-9293
6624 Florin Road
Sacramento CA, 95828
Email: capitaldrugtest@gmail.com
Website: www.capitaldrugtest.com

# ਪੰਜਾਬ ’ਚ ਲੜਕੀਆਂ ਦੀ ਗੁੰਮਸ਼ੁਦਗੀ ਦਾ ਵਧ ਰਿਹੈ ਅੰਕੜਾ

## 2019-2021 ਦੇ ਵਿਚਕਾਰ, ਪੰਜਾਬ ਵਿੱਚ ਲਗਭਗ 15,000 ਔਰਤਾਂ ਅਤੇ ਲੜਕੀਆਂ ਗ਼ਾਇਬ ਹੋਈਆਂ

## 2023 ਅਤੇ 2024 ਦੇ ਅੰਕੜਿਆਂ ਬਾਰੇ ਐਨ.ਸੀ.ਆਰ.ਬੀ. ਦੀ ਰਿਪੋਰਟ ਅਜੇ ਪੂਰੀ ਤਰ੍ਹਾਂ ਜਨਤਕ ਨਹੀਂ ਹੋਈ

ਰਾਸ਼ਟਰੀ ਅਪਰਾਧ ਰਿਕਾਰਡ ਬਿਊਰੋ ਦੇ 2022 ਦੇ ਅੰਕੜਿਆਂ ਮੁਤਾਬਕ, ਪੰਜਾਬ ਵਿੱਚ ਸਾਲਾਨਾ ਹਜ਼ਾਰਾਂ ਔਰਤਾਂ ਅਤੇ ਨਾਬਾਲਗ ਲੜਕੀਆਂ ਲਾਪਤਾ ਹੋ ਰਹੀਆਂ ਹਨ।

2019-2021 ਦੇ ਵਿਚਕਾਰ, ਪੰਜਾਬ ਵਿੱਚ ਲਗਭਗ 15,000 ਔਰਤਾਂ ਅਤੇ ਲੜਕੀਆਂ ਦੇ ਗੁੰਮ ਹੋਣ ਦੀਆਂ ਰਿਪੋਰਟਾਂ ਸਾਹਮਣੇ ਆਈਆਂ, ਜਿਨ੍ਹਾਂ ਵਿੱਚੋਂ ਸਿਰਫ 30-35% ਮਾਮਲਿਆਂ ਵਿੱਚ ਹੀ ਲੜਕੀਆਂ ਨੂੰ ਬਰਾਮਦ ਕੀਤਾ ਜਾ ਸਕਿਆ। ਇਹ ਅੰਕੜੇ ਸਰਕਾਰੀ ਰਿਕਾਰਡਾਂ ’ਤੇ ਆਧਾਰਿਤ ਹਨ, ਪਰ ਅਸਲ ਗਿਣਤੀ ਇਸ ਤੋਂ ਕਿਤੇ ਵੱਧ ਹੋ ਸਕਦੀ ਹੈ, ਕਿਉਂਕਿ ਬਹੁਤ ਸਾਰੇ ਮਾਮਲੇ ਸਮਾਜਿਕ ਡਰ ਅਤੇ ਇੱਜ਼ਤ ਦੇ ਨਾਂ ’ਤੇ ਦਰਜ ਨਹੀਂ ਹੁੰਦੇ।



ਸਰਕਾਰੀ ਰਿਕਾਰਡ ਰਾਸ਼ਟਰੀ ਅਪਰਾਧ ਰਿਕਾਰਡ ਬਿਊਰੋ ਦੇ 2022 ਦੇ ਅੰਕੜਿਆਂ ਮੁਤਾਬਕ, ਪੰਜਾਬ ਵਿੱਚ 8,432 ਨਾਬਾਲਗ ਬੱਚੇ (2013-2022) ਦੇ ਵਿਚਕਾਰ ਗੁੰਮ ਹੋਏ, ਜਿਨ੍ਹਾਂ ਵਿੱਚੋਂ 75% ਲੜਕੀਆਂ ਸਨ। 2022 ਵਿੱਚ, ਪੰਜਾਬ ਵਿੱਚੋਂ ਲਗਭਗ 2,000 ਲੜਕੀਆਂ ਦੇ ਗੁੰਮ ਹੋਣ ਦੀਆਂ ਰਿਪੋਰਟਾਂ ਦਰਜ ਹੋਈਆਂ। 2023 ਅਤੇ 2024 ਦੇ ਅੰਕੜਿਆਂ ਬਾਰੇ ਐਨ.ਸੀ.ਆਰ.ਬੀ. ਦੀ ਵਿਸਥਾਰਤ ਰਿਪੋਰਟ ਅਜੇ ਪੂਰੀ ਤਰ੍ਹਾਂ ਜਨਤਕ ਨਹੀਂ ਹੋਈ, ਪਰ 2024 ਵਿੱਚ ਮੱਧ ਪ੍ਰਦੇਸ਼ ਵਰਗੇ ਸੂਬਿਆਂ ਦੇ ਅੰਕੜਿਆਂ ਦੇ ਅਧਾਰ ’ਤੇ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਪੰਜਾਬ ਵਿੱਚ ਸਾਲਾਨਾ 1,500-2,000 ਲੜਕੀਆਂ ਦੀ ਗੁੰਮਸ਼ੁਦਗੀ ਦਾ ਸਿਲਸਿਲਾ ਜਾਰੀ ਹੈ। 2025 ਦੇ ਅੰਕੜੇ ਅਜੇ ਅਧਿਕਾਰਤ ਤੌਰ ’ਤੇ ਜਾਰੀ ਨਹੀਂ ਹੋਏ, ਪਰ ਸਥਾਨਕ ਅਖਬਾਰਾਂ ਅਤੇ ਆਰ.ਟੀ.ਆਈ. ਰਿਪੋਰਟਾਂ ਮੁਤਾਬਕ, ਲੁਧਿਆਣਾ, ਪਟਿਆਲਾ ਅਤੇ ਅੰਮ੍ਰਿਤਸਰ ਵਰਗੇ ਸ਼ਹਿਰਾਂ ਵਿੱਚ ਗੁੰਮਸ਼ੁਦਗੀ ਦੇ ਮਾਮਲੇ ਵਧੇ ਹਨ। ਸਰਕਾਰੀ ਰਿਕਾਰਡਾਂ ਵਿੱਚ ਸਿਰਫ 40% ਮਾਮਲਿਆਂ ਦੀ ਬਰਾਮਦਗੀ ਦਰਜ ਹੈ, ਜੋ ਸਿਸਟਮ ਦੀ ਕਮਜ਼ੋਰੀ ਨੂੰ ਦਰਸਾਉਂਦੀ ਹੈ।

ਨੈਸ਼ਨਲ ਅਤੇ ਇੰਟਰਨੈਸ਼ਨਲ ਅਖਬਾਰਾਂ ਦੀਆਂ ਰਿਪੋਰਟਾਂ ਨੈਸ਼ਨਲ ਅਖਬਾਰਾਂ ਜਿਵੇਂ ਕਿ ਦਿ ਹਿੰਦੂ, ਇੰਡੀਅਨ ਐਕਸਪ੍ਰੈਸ ਅਤੇ ਟਾਈਮਜ਼ ਆਫ ਇੰਡੀਆ ਨੇ 2022-2024 ਦੌਰਾਨ ਭਾਰਤ ਵਿੱਚ ਔਰਤਾਂ ਅਤੇ ਲੜਕੀਆਂ ਦੀ ਗੁੰਮਸ਼ੁਦਗੀ ’ਤੇ ਡੂੰਘੀ ਚਿੰਤਾ ਜ਼ਾਹਰ ਕੀਤੀ ਹੈ।

ਦਿ ਹਿੰਦੂ (2023) ਮੁਤਾਬਕ, 2019-2021 ਦੇ ਵਿਚਕਾਰ ਪੰਜਾਬ ਸਮੇਤ ਭਾਰਤ ਵਿੱਚ 13.13 ਲੱਖ ਔਰਤਾਂ ਅਤੇ ਲੜਕੀਆਂ ਗੁੰਮ ਹੋਈਆਂ, ਜਿਨ੍ਹਾਂ ਵਿੱਚੋਂ 2.03 ਲੱਖ ਅਜੇ ਵੀ ਲਾਪਤਾ ਹਨ। ਟਾਈਮਜ਼ ਆਫ ਇੰਡੀਆ (2024) ਨੇ ਰਿਪੋਰਟ ਕੀਤਾ ਕਿ 2022 ਵਿੱਚ ਹਰ ਰੋਜ਼ 172 ਲੜਕੀਆਂ ਗੁੰਮ ਹੋਈਆਂ ਅਤੇ 170 ਲੜਕੀਆਂ ਦਾ ਅਗਵਾ ਹੋਇਆ।

ਇੰਟਰਨੈਸ਼ਨਲ ਮੀਡੀਆ, ਜਿਵੇਂ ਕਿ ਬੀ.ਬੀ.ਸੀ. ਅਤੇ ਗਾਰਡੀਅਨ (2024), ਨੇ ਭਾਰਤ ਵਿੱਚ ਮਨੁੱਖੀ ਤਸਕਰੀ ਅਤੇ ਔਰਤਾਂ ਦੀ ਸੁਰੱਖਿਆ ਨੂੰ ਲੈ ਕੇ ਸਰਕਾਰੀ ਨੀਤੀਆਂ ਦੀ ਅਲੋਚਨਾ ਕੀਤੀ, ਖਾਸਕਰ ਪੰਜਾਬ ਵਰਗੇ ਸੂਬਿਆਂ ਵਿੱਚ ਸਰਹੱਦੀ ਖੇਤਰਾਂ ਨੂੰ ਤਸਕਰੀ ਦਾ ਕੇਂਦਰ ਦੱਸਿਆ।

ਈ.ਟੀ.ਵੀ. ਭਾਰਤ (2024) ਨੇ ਪੰਜਾਬ ਵਿੱਚ 8,342 ਨਾਬਾਲਗ ਬੱਚਿਆਂ (ਜਿਨ੍ਹਾਂ ਵਿੱਚ ਜ਼ਿਆਦਾਤਰ ਲੜਕੀਆਂ) ਦੇ ਗੁੰਮ ਹੋਣ ਦੀ ਪੁਸ਼ਟੀ ਕੀਤੀ ਸੀ।

ਡੇਲੀ ਪਾਇਨੀਅਰ (15 ਮਈ 2025) ਦੀ ਰਿਪੋਰਟ ਮੁਤਾਬਕ, ਭਾਰਤ ਵਿੱਚ ਹਰ ਸਾਲ ਲੱਖਾਂ ਲੋਕ, ਖਾਸਕਰ ਲੜਕੀਆਂ ਅਤੇ ਬੱਚੇ, ਮਨੁੱਖੀ ਤਸਕਰੀ ਦਾ ਸ਼ਿਕਾਰ ਹੋ ਰਹੇ ਹਨ। ਰਾਸ਼ਟਰੀ ਅਪਰਾਧ ਰਿਕਾਰਡ ਬਿਊਰੋ 2022 ਦੀ ਰਿਪੋਰਟ ਅਨੁਸਾਰ, ਪੰਜਾਬ ਸਮੇਤ ਭਾਰਤ ਵਿੱਚ 2,250 ਮਨੁੱਖੀ ਤਸਕਰੀ ਦੇ ਮਾਮਲੇ ਦਰਜ ਹੋਏ, ਜਿਨ੍ਹਾਂ ਵਿੱਚ 6,036 ਪੀੜਤ ਸ਼ਾਮਲ ਸਨ, ਜਿਨ੍ਹਾਂ ਵਿੱਚੋਂ 2,878 ਬੱਚੇ ਅਤੇ 3,158 ਬਾਲਗ ਸਨ। ਪੰਜਾਬ ਵਿੱਚ 2022-2024 ਦੌਰਾਨ ਲਗਭਗ 5,500-6,000 ਲੜਕੀਆਂ ਦੇ ਗੁੰਮ ਹੋਣ ਦਾ ਅੰਦਾਜ਼ਾ ਹੈ, ਜਿਨ੍ਹਾਂ ਵਿੱਚੋਂ ਸਿਰਫ 35-40% (2,000-2,400) ਨੂੰ ਬਰਾਮਦ ਕੀਤਾ ਜਾ ਸਕਿਆ। 2025 ਦੇ ਅਧੂਰੇ ਅੰਕੜਿਆਂ ਮੁਤਾਬਕ, ਲੁਧਿਆਣਾ, ਅੰਮ੍ਰਿਤਸਰ ਅਤੇ ਪਟਿਆਲਾ ਵਿੱਚ ਗੁੰਮਸ਼ੁਦਗੀ ਦੇ ਮਾਮਲੇ ਵਧ ਰਹੇ ਹਨ। 2024 ਦੀ ਰਿਪੋਰਟ ਮੁਤਾਬਕ, 44% ਪੀੜਤ ਔਰਤਾਂ ਹਨ, ਜਿਨ੍ਹਾਂ ਨੂੰ ਜਿਨਸੀ ਸ਼ੋਸ਼ਣ, ਜਬਰੀ ਮਜ਼ਦੂਰੀ ਅਤੇ ਜਬਰੀ ਵਿਆਹ ਲਈ ਤਸਕਰੀ ਕੀਤਾ ਜਾਂਦਾ ਹੈ। ਪੰਜਾਬ ਦੇ ਸਰਹੱਦੀ ਖੇਤਰਾਂ ਵਿੱਚ ਤਸਕਰੀ ਦੇ ਜਾਲ ਸਰਗਰਮ ਹਨ, ਜਿੱਥੇ ਲੜਕੀਆਂ ਨੂੰ ਵੇਸਵਾਗਮਨੀ, ਜਬਰੀ ਵਿਆਹ, ਜਾਂ ਬੰਧੂਆ ਮਜ਼ਦੂਰੀ ਵਿੱਚ ਧੱਕਿਆ ਜਾਂਦਾ ਹੈ।

### ਲੜਕੀਆਂ ਦੇ ਗੁੰਮ ਹੋਣ ਦੇ ਪਿੱਛੇ ਕਈ ਗੰਭੀਰ ਕਾਰਨ

ਪੰਜਾਬ ਵਿੱਚ, ਖਾਸ ਤੌਰ ’ਤੇ ਸਰਹੱਦੀ ਖੇਤਰਾਂ ਅਤੇ ਸ਼ਹਿਰੀ ਸਲਮ ਖੇਤਰਾਂ ਵਿੱਚ, ਲੜਕੀਆਂ ਨੂੰ ਅਗਵਾ ਕਰਕੇ ਮਨੁੱਖੀ ਤਸਕਰੀ ਦੇ ਜਾਲ ਵਿੱਚ ਫਸਾਇਆ ਜਾਂਦਾ ਹੈ। ਕਈ ਮਾਮਲਿਆਂ ਵਿੱਚ, ਇਹ ਲੜਕੀਆਂ ਨੂੰ ਵੇਸਵਾਗਮਨੀ, ਜਬਰੀ ਵਿਆਹ, ਜਾਂ ਬੰਧੂਆ ਮਜ਼ਦੂਰੀ ਵਿੱਚ ਧੱਕਿਆ ਜਾਂਦਾ ਹੈ।

### ਪੁਲਿਸ ਅਤੇ ਅਦਾਲਤਾਂ ਦੀ ਲਾਪਰਵਾਹੀ

ਪੰਜਾਬ ਵਿੱਚ ਗੁੰਮਸ਼ੁਦਗੀ ਦੇ ਮਾਮਲਿਆਂ ਵਿੱਚ ਪੁਲਿਸ ਦੀ ਪਹੁੰਚ ਸਕਾਰਾਤਮਕ ਨਹੀਂ ਹੈ। ਸਮਾਜਿਕ ਦਬਾਅ ਅਤੇ ਇੱਜ਼ਤ ਦੇ ਨਾਂ ’ਤੇ ਮਾਪੇ ਸ਼ਿਕਾਇਤ ਕਰਨ ਤੋਂ ਕਤਰਾਉਂਦੇ ਹਨ, ਅਤੇ ਜੇਕਰ ਸ਼ਿਕਾਇਤ ਦਰਜ ਵੀ ਹੁੰਦੀ ਹੈ, ਤਾਂ ਪੁਲਿਸ ਅਕਸਰ ਇਸ ਨੂੰ ‘ਘਰੇਲੂ ਮਾਮਲਾ’ ਜਾਂ ‘ਭੱਜ ਜਾਣ’ ਦੀ ਘਟਨਾ ਕਹਿ ਕੇ ਰਫਾ-ਦਫਾ ਕਰ ਦਿੰਦੀ ਹੈ। ਸਾਲ 2022 ਵਿੱਚ, ਪੰਜਾਬ ਵਿੱਚ ਗੁੰਮਸ਼ੁਦਗੀ ਦੇ 5,000 ਤੋਂ ਵੱਧ ਮਾਮਲੇ ਦਰਜ ਹੋਏ, ਪਰ ਸਿਰਫ 1,800 ਦੇ ਕਰੀਬ ਮਾਮਲਿਆਂ ਵਿੱਚ ਬਰਾਮਦਗੀ ਹੋਈ। ਅਦਾਲਤਾਂ ਵੀ ਇਸ ਮੁੱਦੇ ਨੂੰ ਸੰਜੀਦਗੀ ਨਾਲ ਨਹੀਂ ਲੈਂਦੀਆਂ। ਹਾਈਕੋਰਟ ਵੱਲੋਂ ਕੁਝ ਮਾਮਲਿਆਂ ਵਿੱਚ ਸਵੈ-ਪ੍ਰੇਰਿਤ ਨੋਟਿਸ ਲਏ ਗਏ ਹਨ, ਪਰ ਜ਼ਮੀਨੀ ਪੱਧਰ ’ਤੇ ਕੋਈ ਠੋਸ ਨਤੀਜੇ ਨਹੀਂ ਨਿਕਲਦੇ। ਮਨੁੱਖੀ ਤਸਕਰੀ ਦੇ ਮਾਮਲਿਆਂ ਵਿੱਚ ਸਜ਼ਾਵਾਂ ਦੀ ਦਰ 20% ਤੋਂ ਵੀ ਘੱਟ ਹੈ, ਜੋ ਸਿਸਟਮ ਦੀ ਨਾਕਾਮੀ ਨੂੰ ਦਰਸਾਉਂਦੀ ਹੈ।

### ਪੰਜਾਬ ਸਰਕਾਰ ਦੇ ਯਤਨ

ਪੰਜਾਬ ਸਰਕਾਰ ਨੇ ਔਰਤਾਂ ਦੀ ਸੁਰੱਖਿਆ ਲਈ ਕੁਝ ਯੋਜਨਾਵਾਂ ਸ਼ੁਰੂ ਕੀਤੀਆਂ ਹਨ, ਜਿਵੇਂ ਕਿ ‘ਸ਼ਕਤੀ’ ਸਕੀਮ ਅਤੇ ਮਹਿਲਾ ਹੈਲਪਲਾਈਨ (181), ਪਰ ਇਹਨਾਂ ਦੀ ਪਹੁੰਚ ਅਤੇ ਪ੍ਰਭਾਵਸ਼ੀਲਤਾ ਸੀਮਤ ਹੈ। ਸਪੈਸ਼ਲ ਸਾਈਬਰ ਸੈੱਲ ਅਤੇ ਮਨੁੱਖੀ ਤਸਕਰੀ ਵਿਰੋਧੀ ਯੂਨਿਟ ਦੀ ਸਥਾਪਨਾ ਤਾਂ ਹੋਈ ਹੈ, ਪਰ ਸਰੋਤਾਂ ਦੀ ਘਾਟ ਅਤੇ ਸਿਖਲਾਈ ਦੀ ਕਮੀ ਕਾਰਨ ਇਹ ਅਸਰਦਾਰ ਨਹੀਂ। ਸਰਕਾਰ ਨੂੰ ਸਖ਼ਤ ਕਾਨੂੰਨੀ ਕਾਰਵਾਈ, ਤਸਕਰੀ ਦੇ ਜਾਲਾਂ ’ਤੇ ਨਕੇਲ ਅਤੇ ਸਮਾਜਿਕ ਜਾਗਰੂਕਤਾ ਮੁਹਿੰਮਾਂ ’ਤੇ ਜ਼ੋਰ ਦੇਣ ਦੀ ਲੋੜ ਹੈ। ਸਮਾਜ ਨੂੰ ਵੀ ਆਪਣੀ ਮਰਦ ਪ੍ਰਧਾਨ ਸਮਾਜ ਸੋਚ ਨੂੰ ਬਦਲਣਾ ਹੋਵੇਗਾ, ਜਿਸ ਵਿੱਚ ਔਰਤ ਨੂੰ ਇੱਕ ਸਮਾਨ ਸਥਾਨ ਦਿੱਤਾ ਜਾਵੇ। ਸਕੂਲਾਂ ਅਤੇ ਕਮਿਊਨਿਟੀ ਪੱਧਰ ’ਤੇ ਜਾਗਰੂਕਤਾ ਪ੍ਰੋਗਰਾਮ, ਮਹਿਲਾ ਸੁਰੱਖਿਆ ਸੈੱਲਾਂ ਦੀ ਮਜ਼ਬੂਤੀ ਅਤੇ ਤਸਕਰੀ ਨੂੰ ਰੋਕਣ ਲਈ ਸਰਹੱਦੀ ਖੇਤਰਾਂ ਵਿੱਚ ਸੁਰੱਖਿਆ ਵਧਾਉਣ ਦੀ ਲੋੜ ਹੈ।

ਅਦਾਲਤਾਂ ਨੇ ਕੁਝ ਮਾਮਲਿਆਂ ਵਿੱਚ ਸਵੈ-ਪ੍ਰੇਰਿਤ ਨੋਟਿਸ ਲਏ, ਪਰ ਮਨੁੱਖੀ ਤਸਕਰੀ ਦੀ ਸਜ਼ਾ ਦਰ 20% ਤੋਂ ਘੱਟ ਹੈ। ਸਰਕਾਰ ਨੇ ‘ਸ਼ਕਤੀ’ ਸਕੀਮ ਅਤੇ ਮਹਿਲਾ ਹੈਲਪਲਾਈਨ (181) ਸ਼ੁਰੂ ਕੀਤੀਆਂ, ਪਰ ਇਹਨਾਂ ਦੀ ਪਹੁੰਚ ਸੀਮਤ ਹੈ। ਸਰਕਾਰ ਨੂੰ ਸਖ਼ਤ ਕਾਨੂੰਨੀ ਕਾਰਵਾਈ, ਸਰਹੱਦੀ ਸੁਰੱਖਿਆ ਅਤੇ ਜਾਗਰੂਕਤਾ ਮੁਹਿੰਮਾਂ ’ਤੇ ਜ਼ੋਰ ਦੇਣ ਦੀ ਲੋੜ ਹੈ।

# ਜਗਤਾਰ ਸਿੰਘ ਹਵਾਰਾ ਇੱਕ ਹੋਰ ਮਾਮਲੇ ਵਿੱਚੋਂ ਬਰੀ



ਐੱਸ.ਏ.ਐੱਸ. ਨਗਰ (ਮੁਹਾਲੀ): ਮੁਹਾਲੀ ਦੀ ਵਿਸ਼ੇਸ਼ ਅਦਾਲਤ ਨੇ ਇੱਕ ਹੋਰ ਅਪਰਾਧਕ ਮਾਮਲੇ ਵਿੱਚ ਜਗਤਾਰ ਸਿੰਘ ਹਵਾਰਾ ਨੂੰ ਦੋਸ਼ ਮੁਕਤ ਕਰਾਰ ਦਿੰਦਿਆਂ ਸਾਰੇ ਦੋਸ਼ਾਂ ਤੋਂ ਬਰੀ ਕਰ ਦਿੱਤਾ ਹੈ। ਉਹ ਇਸ ਸਮੇਂ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੀ ਹੱਤਿਆ ਮਾਮਲੇ ਵਿੱਚ ਉਮਰ ਕੈਦ ਦੀ ਸਜ਼ਾ ਕੱਟ ਰਿਹਾ ਹੈ ਅਤੇ ਦਿੱਲੀ ਦੀ ਮੰਡੋਲੀ ਜੇਲ੍ਹ ਵਿੱਚ ਬੰਦ ਹੈ ਅਦਾਲਤੀ ਕਾਰਵਾਈ ਤੋਂ ਬਾਅਦ ਹਵਾਰਾ ਦੇ ਵਕੀਲ ਜਸਪਾਲ ਸਿੰਘ ਮੰਝਪੁਰ ਨੇ ਦੱਸਿਆ ਕਿ ਜਗਤਾਰ ਸਿੰਘ ਹਵਾਰਾ ਦੇ ਖ਼ਿਲਾਫ਼ ਸਾਲ 2005 ਵਿੱਚ ਖਰੜ ਥਾਣੇ ਵਿੱਚ ਅਸਲਾ ਐਕਟ ਤਹਿਤ ਕੇਸ ਦਰਜ ਕੀਤਾ ਗਿਆ ਸੀ। ਉਨ੍ਹਾਂ ਕਿਹਾ ਕਿ ਇਹ ਮਾਮਲਾ ਪੂਰੀ ਤਰ੍ਹਾਂ ਝੂਠਾ ਸੀ ਅਤੇ ਕੇਸ ਦੀ ਸੁਣਵਾਈ ਦੌਰਾਨ ਪੰਜਾਬ ਪੁਲਿਸ ਹਵਾਰਾ ਦੇ ਖ਼ਿਲਾਫ਼ ਕੋਈ ਠੋਸ ਸਬੂਤ ਪੇਸ਼ ਨਹੀਂ ਕਰ ਸਕੀ। ਹਵਾਰਾ ਖ਼ਿਲਾਫ਼ ਇਹ ਅੰਤਿਮ ਕੇਸ ਸੀ, ਜਿਸ ’ਚੋਂ ਵੀ ਉਹ ਬਰੀ ਹੋ ਗਏ ਹਨ। ਮੰਝਪੁਰ ਨੇ ਦੱਸਿਆ ਕਿ ਹੁਣ ਜਥੇਦਾਰ ਜਗਤਾਰ ਸਿੰਘ ਹਵਾਰਾ ਕਰੀਬ 36 ਕੇਸਾਂ ’ਚੋਂ ਬਰੀ ਹੋ ਚੁੱਕੇ ਹਨ। ਹੁਣ ਸਿਰਫ਼ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਕਤਲ ਮਾਮਲੇ ਵਿੱਚ ਉਮਰ ਕੈਦੀ ਹੈ। ਇਸ ਤਰ੍ਹਾਂ ਹੁਣ ਜਗਤਾਰ ਸਿੰਘ ਹਵਾਰਾ ਦੀ ਪੈਰੋਲ ਲਈ ਰਾਹ ਪੱਧਰਾ ਹੋ ਗਿਆ ਹੈ। ਵਕੀਲ ਨੇ ਕਿਹਾ ਕਿ ਅਦਾਲਤ ਦੇ ਤਾਜ਼ਾ ਹੁਕਮਾਂ ਦੀ ਕਾਪੀ ਮਿਲਣ ਤੋਂ ਬਾਅਦ ਸਾਰੇ ਕਾਨੂੰਨੀ ਪੱਖਾਂ ਨੂੰ ਵਿਚਾਰ ਕੇ ਹਵਾਰਾ ਨੂੰ ਪੈਰੋਲ ਦੇਣ ਲਈ ਉੱਚ ਅਦਾਲਤ ਵਿੱਚ ਅਰਜ਼ੀ ਦਾਇਰ ਕੀਤੀ ਜਾਵੇਗੀ। ਸੁਰੱਖਿਆ ਪ੍ਰਬੰਧਾਂ ਦੇ ਕਾਰਨ ਹਵਾਰਾ ਨੂੰ ਫਿਜ਼ੀਕਲ ਤੌਰ ’ਤੇ ਅਦਾਲਤ ਵਿੱਚ ਪੇਸ਼ ਨਹੀਂ ਕੀਤਾ ਜਾ ਸਕਿਆ। ਉਨ੍ਹਾਂ ਨੇ ਵੀਡੀਓ ਕਾਨਫਰੰਸਿੰਗ ਰਾਹੀਂ ਪੇਸ਼ੀ ਭੁਗਤੀ।

## ਕੇਂਦਰੀ ਭੂਜਲ ਬੋਰਡ ਦੀ ਰਿਪੋਰਟ ਵਿੱਚ ਕੀਤਾ ਗਿਆ ਦਾਅਵਾ

# ਪੰਜਾਬ ’ਚ ਜ਼ਮੀਨ ਹੇਠਲੇ ਪਾਣੀ ਦਾ ਲਗਾਤਾਰ ਡਿੱਗ ਰਿਹੈ ਪੱਧਰ

ਚੰਡੀਗੜ੍ਹ/ਏ.ਟੀ.ਨਿਊਜ਼ : ਪੰਜਾਬ ਦੇ ਲੋਕਾਂ ਲਈ ਵੱਡੀ ਚਿੰਤਾ ਭਰ ਖ਼ਬਰ ਸਾਹਮਣੇ ਆਈ ਹੈ। ਦਰਅਸਲ ਪੰਜਾਬ ’ਚ ਜ਼ਮੀਨ ਹੇਠਲੇ ਪਾਣੀ ਦਾ ਪੱਧਰ ਹਰ ਸਾਲ ਡਿੱਗਦਾ ਜਾ ਰਿਹਾ ਹੈ। ਜੇਕਰ ਇਸ ਨੂੰ ਕੰਟਰੋਲ ਨਾ ਕੀਤਾ ਗਿਆ ਤਾਂ ਆਉਣ ਵਾਲੀਆਂ ਪੀੜ੍ਹੀਆਂ ਲਈ ਪਾਣੀ ਨਹੀਂ ਬਚੇਗਾ। ਜਾਣਕਾਰੀ ਮੁਤਾਬਕ ਕੇਂਦਰ ਦੀ ਇੱਕ ਰਿਪੋਰਟ ’ਚ ਹੋਸ਼ ਉਡਾ ਦੇਣ ਵਾਲਾ ਖ਼ੁਲਾਸਾ ਹੋਇਆ ਹੈ। ਇਸ ਰਿਪੋਰਟ ਮੁਤਾਬਕ ਹਰ ਸਾਲ ਪੰਜਾਬ ਦੇ ਜ਼ਮੀਨ ਹੇਠਲੇ ਪਾਣੀ ਦਾ ਪੱਧਰ 0.49 ਮੀਟਰ ਦੀ ਦਰ ਨਾਲ ਡਿੱਗ ਰਿਹਾ ਹੈ।

ਕੇਂਦਰੀ ਭੂਜਲ ਬੋਰਡ ਦੀ ਰਿਪੋਰਟ ਮੁਤਾਬਕ ਸਾਲ 2023-24 ’ਚ ਸੂਬੇ ’ਚੋਂ 28.95 ਬਿਲੀਅਨ ਕਿਊਬਿਕ ਮੀਟਰ ਭੂਜਲ ਕੱਢਿਆ ਗਿਆ। ਅਜਿਹੇ ’ਚ ਇਹ ਗੱਲ ਸਾਹਮਣੇ ਆਈ ਹੈ ਕਿ ਪੰਜਾਬ ਦਾ ਭੂਜਲ ਬਚਾਉਣ ’ਤੇ ਧਿਆਨ ਨਾ ਦਿੱਤਾ ਗਿਆ ਤਾਂ ਪੰਜਾਬ ਨੂੰ ਰੇਗਿਸਤਾਨ ਬਣਨ ’ਚ ਢਾਈ ਦਹਾਕਿਆਂ ਤੋਂ ਜ਼ਿਆਦਾ ਸਮਾਂ ਨਹੀਂ ਲੱਗਣਾ। ਪੰਜਾਬ ਦੇ 153 ’ਚੋਂ 117 ਬਲਾਕ ਡਾਰਕ ਜ਼ੋਨ ’ਚ ਚਲੇ ਗਏ ਹਨ ਅਤੇ ਹੁਣ ਭੂਜਲ ਨੂੰ ਬਚਾਉਣ ਲਈ ਨਹਿਰੀ ਪਾਣੀ ਹੀ ਇੱਕੋ-ਇਕ ਸਹਾਰਾ ਹੈ। ਇਸ ਲਈ ਹੀ ਮੁੱਖ ਮੰਤਰੀ ਭਗਵੰਤ ਮਾਨ ਦਾ ਕਹਿਣਾ ਹੈ ਕਿ ਪੰਜਾਬ ਕੋਲ ਦੂਜੇ ਸੂਬਿਆਂ ਨੂੰ ਦੇਣ ਲਈ ਪਾਣੀ ਬਿਲਕੁਲ ਨਹੀਂ ਹੈ। ਕੈਬਨਿਟ ਮੰਤਰੀ ਤਰੁਣਪ੍ਰੀਤ ਸੌਂਦ ਦੇ ਇੱਕ ਬਿਆਨ ਮੁਤਾਬਕ ਪੰਜਾਬ ਨੂੰ ਨਹਿਰੀ ਪਾਣੀ ਦਾ ਵੀ 24.58 ਫ਼ੀਸਦੀ ਹੀ ਮਿਲਦਾ ਹੈ, ਜਦੋਂ ਕਿ ਰਾਜਸਥਾਨ ਨੂੰ 50.9 ਫ਼ੀਸਦੀ, ਹਰਿਆਣਾ ਨੂੰ 20.38 ਫ਼ੀਸਦੀ, ਜੰਮੂ-ਕਸ਼ਮੀਰ ਅਤੇ ਦਿੱਲੀ ਨੂੰ ਵੀ ਪੰਜਾਬ ਪਾਣੀ ਦਿੰਦਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਸਾਡੇ ਕੋਲ ਖ਼ਾਲੀ ਨਹਿਰਾਂ ਅਤੇ ਕਰਜ਼ਾ ਹੀ ਬਚਿਆ ਹੈ।



# ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਵਸ ਮੌਕੇ ਲੜੀਵਾਰ ਸਮਾਗਮ ਕਰਵਾਏਗੀ ਸੂਬਾ ਸਰਕਾਰ : ਮਾਨ

ਚੰਡੀਗੜ੍ਹ/ਏ.ਟੀ.ਨਿਊਜ਼: ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਗੁਰੂ ਤੇਗ ਬਹਾਦਰ ਦੇ 350ਵੇਂ ਸ਼ਹੀਦੀ ਦਿਵਸ ਨੂੰ ਵੱਡੇ ਪੱਧਰ ’ਤੇ ਮਨਾਉਣ ਲਈ ਸੂਬਾ ਸਰਕਾਰ ਵੱਲੋਂ ਕਰਵਾਏ ਜਾਣ ਵਾਲੇ ਲੜੀਵਾਰ ਸਮਾਗਮਾਂ ਨੂੰ ਪ੍ਰਵਾਨਗੀ ਦੇ ਦਿੱਤੀ ਗਈ ਹੈ। ਮੁੱਖ ਮੰਤਰੀ ਨੇ ਆਪਣੇ ਸਰਕਾਰੀ ਨਿਵਾਸ ’ਤੇ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਕਿਹਾ ਕਿ ਸੂਬਾ ਸਰਕਾਰ ਵੱਲੋਂ ਨੌਵੇਂ ਗੁਰੂ, ਸ੍ਰੀ ਗੁਰੂ ਤੇਗ ਬਹਾਦਰ ਦੇ 350ਵੇਂ ਸ਼ਹੀਦੀ ਦਿਵਸ ਮੌਕੇ ਲੜੀਵਾਰ ਸਮਾਗਮ ਕਰਵਾਏ ਜਾਣਗੇ।

ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਵੱਲੋਂ ਗੁਰੂ ਸਾਹਿਬ ਦੇ ਜੀਵਨ ਅਤੇ ਫ਼ਲਸਫ਼ੇ ’ਤੇ ਖੋਜ ਕਾਰਜਾਂ ਲਈ ਪੰਜਾਬੀ ਯੂਨੀਵਰਸਿਟੀ (ਪਟਿਆਲਾ) ਵਿੱਚ ਚੇਅਰ ਸਥਾਪਤ ਕੀਤੀ ਜਾਵੇਗੀ। ਗੁਰੂ ਸਾਹਿਬ ਦੇ ਇਤਿਹਾਸ ਨੂੰ ਬਿਆਨਦਾ (ਬਾਕੀ ਸਫ਼ਾ 31 ’ਤੇ)

ਦਰਪਣ ਝੂਠ ਨਹੀਂ ਬੋਲਦਾ

# ਕਾਰੋਬਾਰੀ ਹਰਜੀਤ ਸਿੰਘ ਢੱਡਾ ਦੀ ਹੱਤਿਆ ਕਿਉਂ ਹੋਈ ?

## ਸਿੱਖ ਸਖ਼ਸ਼ੀਅਤਾਂ ਵਿਰੁੱਧ ਬਿਸ਼ਨੋਈ ਗੈਂਗ ਸਰਗਰਮ ਕਿਉਂ ?

## ਢੱਡਾ ਪਰਿਵਾਰ ਕੈਨੇਡੀਅਨ ਪੁਲਿਸ ਦੀ ਜਾਂਚ ਤੋਂ ਅਸੰਤੁਸ਼ਟ

ਮਿਸੀਸਾਗਾ ਵਿੱਚ ਹਰਜੀਤ ਸਿੰਘ ਢੱਡਾ ਨੂੰ 14 ਮਈ 2025 ਨੂੰ ਟ੍ਰੇਨਮੇਰ ਡਰਾਈਵ ਨੇੜੇ ਗੋਲੀਆਂ ਨਾਲ ਭੁੰਨ ਦਿੱਤਾ ਗਿਆ। ਚਸ਼ਮਦੀਦਾਂ ਮੁਤਾਬਕ, ਇੱਕ ਕਾਰ ਵਿਚੋਂ 15-16 ਗੋਲੀਆਂ ਚੱਲੀਆਂ, ਜਿਸ ਨਾਲ ਹਰਜੀਤ ਸਿੰਘ ਦੀ ਮੌਕੇ ’ਤੇ ਹੀ ਮੌਤ ਹੋ ਗਈ। ਇਹ ਇਲਾਕਾ ਟੋਰਾਂਟੋ ਦੇ ਪੀਅਰਸਨ ਅੰਤਰਰਾਸ਼ਟਰੀ ਹਵਾਈ ਅੱਡੇ ਦੇ ਨੇੜੇ ਹੈ।

ਹਮਲਾ ਕਰਨ ਤੋਂ ਬਾਅਦ, ਹਮਲਾਵਰ ਇੱਕ ਚੋਰੀ ਦੀ ਗੱਡੀ 2018 ਬਲੈਕ ਡੌਜ ਚੈਲੇਂਜਰ ਵਿੱਚ ਮੌਕੇ ਤੋਂ ਫ਼ਰਾਰ ਹੋ ਗਿਆ, ਜਿਸ ਨੂੰ ਘਟਨਾ ਤੋਂ ਥੋੜ੍ਹੀ ਦੇਰ ਬਾਅਦ ਬਰਾਮਦ ਕਰ ਲਿਆ। ਇਸ ਹੱਤਿਆ ਨੇ ਸਿੱਖ ਭਾਈਚਾਰੇ ਨੂੰ ਹਿਲਾ ਕੇ ਰੱਖ ਦਿੱਤਾ। ਇਸ ਘਟਨਾ ਨੂੰ ਲੈ ਕੇ ਜਿੱਥੇ ਪੁਲਿਸ ਜਾਂਚ ਵਿੱਚ ਜੁਟੀ ਹੈ, ਉੱਥੇ ਹੀ ਲਾਰੈਂਸ ਬਿਸ਼ਨੋਈ ਗੈਂਗ ਵੱਲੋਂ ਸੋਸ਼ਲ ਮੀਡੀਆ ’ਤੇ ਹੱਤਿਆ ਦੀ ਜ਼ਿੰਮੇਵਾਰੀ ਲੈਣ ਨੇ ਮਾਮਲੇ ਨੂੰ ਹੋਰ ਗੰਭੀਰ ਕਰ ਦਿੱਤਾ। ਅਮਰੀਕਾ ਵਿੱਚ ਬੈਠੇ ਗੈਂਗਸਟਰ ਰੋਹਿਤ ਗੋਦਾਰਾ ਅਤੇ ਗੋਲਡੀ ਬਰਾੜ ਨੇ ਸੋਸ਼ਲ ਮੀਡੀਆ ’ਤੇ ਦਾਅਵਾ ਕੀਤਾ ਕਿ ਉਨ੍ਹਾਂ ਨੇ ਹਰਜੀਤ ਨੂੰ ਆਪਣੇ ਦੁਸ਼ਮਣਾਂ (ਅਰਸ਼ ਡੱਲਾ ਅਤੇ ਸੁਖਾ ਦੁੱਨੇ) ਦੀ ਮਦਦ ਕਰਨ ਦੀ ਸਜ਼ਾ ਵਜੋਂ ਮਾਰਿਆ। ਉਨ੍ਹਾਂ ਨੇ ਧਮਕੀ ਦਿੱਤੀ ਕਿ ਜੋ ਵੀ ਉਨ੍ਹਾਂ ਦੇ ਵਿਰੋਧੀਆਂ ਨਾਲ ਖੜ੍ਹੇਗਾ, ਉਸ ਦਾ ਅੰਜਾਮ ਵੀ ਇਹੋ ਹੋਵੇਗਾ। ਇਸ ਘਟਨਾ ਨੇ ਕੈਨੇਡਾ ਵਿੱਚ ਸਿੱਖ ਕਾਰੋਬਾਰੀਆਂ ਦੀ ਸੁਰੱਖਿਆ ’ਤੇ ਵੱਡੇ ਸਵਾਲ ਖੜ੍ਹੇ ਕੀਤੇ ਹਨ।

ਸਵਾਲ ਇਹ ਹੈ ਕਿ ਕੈਨੇਡਾ ਵਰਗੇ ਸੁਰੱਖਿਅਤ ਮੁਲਕ ਵਿੱਚ ਇਸ ਤਰ੍ਹਾਂ ਦੀਆਂ ਘਟਨਾਵਾਂ ਕਿਵੇਂ ਤੇ ਕਿਉਂ ਵਾਪਰ ਰਹੀਆਂ ਹਨ?

ਪੁਲਿਸ ਸੀ.ਸੀ.ਟੀ.ਵੀ. ਫ਼ੁਟੇਜ, ਚਸ਼ਮਦੀਦਾਂ ਦੇ ਬਿਆਨ ਅਤੇ ਹੋਰ ਸਬੂਤ ਇਕੱਠੇ ਕਰ ਰਹੀ ਹੈ, ਪਰ ਹੁਣ ਤੱਕ ਕੋਈ ਮੁਲਜ਼ਮ ਨਹੀਂ ਫ਼ੜਿਆ ਗਿਆ। ਪੁਲਿਸ ਨੇ ਲੋਕਾਂ ਨੂੰ ਜਾਣਕਾਰੀ ਸਾਂਝੀ ਕਰਨ ਦੀ ਅਪੀਲ ਕੀਤੀ ਹੈ। ਪੁਲਿਸ ਦੀ ਜਾਂਚ ਦੀ ਗਤੀ ’ਤੇ ਸਿੱਖ ਭਾਈਚਾਰੇ ਵਿੱਚ ਨਾਰਾਜ਼ਗੀ ਹੈ। ਜੇਕਰ ਪੁਲਿਸ ਨੂੰ ਧਮਕੀਆਂ ਦੀ ਪਹਿਲਾਂ ਸੂਚਨਾ ਸੀ, ਤਾਂ ਇਸ ਹਮਲੇ ਨੂੰ ਰੋਕਣ ਲਈ ਕਦਮ ਕਿਉਂ ਨਹੀਂ ਚੁੱਕੇ ਗਏ? ਪੁਲਿਸ ਦਾ ਕਹਿਣਾ ਹੈ ਕਿ ਸਾਰੇ ਸੰਭਾਵੀ ਸੁਰਾਗਾਂ ਦੀ ਚੰਗੀ ਤਰ੍ਹਾਂ ਜਾਂਚ ਕੀਤੀ ਜਾਵੇਗੀ।



ਕੈਨੇਡਾ ਵਿੱਚ ਭਾਰਤ ਦੇ ਰਹਿਣ ਦੇ ਰਹਿਣ ਵਾਲੇ ਹਰਜੀਤ ਸਿੰਘ ਢੱਡਾ ਦੀ ਧੀ ਗੁਰਲੀਨ ਢੱਡਾ ਨੇ ਕਿਹਾ ਸੀ ਕਿ ਮੈਨੂੰ ਆਪਣੇ ਪਿਤਾ ਲਈ ਇਨਸਾਫ਼ ਚਾਹੀਦਾ, ਮੈਨੂੰ ਹਰ ਉਸ ਪਰਿਵਾਰ ਦੇ ਨਿਆਂ ਚਾਹੀਦਾ ਹੈ, ਜਿਹੜਾ ਇਸ ਸਿਸਟਮ ਤੋਂ ਹਾਰਿਆ ਹੋਇਆ ਹੈ। ਉਨ੍ਹਾਂ ਕਿਹਾ ਕਿ ਇਸ ਘਟਨਾ ਨੇ ਮੈਨੂੰ ਅਤੇ ਮੇਰੇ ਪੂਰੇ ਪਰਿਵਾਰ ਨੂੰ ਹਿਲਾ ਕੇ ਰੱਖ ਦਿੱਤਾ ਹੈ। ਗੁਰਲੀਨ ਢੱਡਾ ਨੇ ਕਿਹਾ ਕਿ ਪਿਛਲੇ ਕੁਝ ਸਾਲਾਂ ਤੋਂ ਮੇਰੇ ਪਿਤਾ ਨੂੰ ਫ਼ਿਰੌਤੀ ਦੀਆਂ ਧਮਕੀਆਂ ਮਿਲ ਰਹੀਆਂ ਸਨ। ਅਪ੍ਰੈਲ 2023 ਵਿੱਚ ਵੀ ਸਾਨੂੰ ਇੱਕ ਸੰਭਾਵੀ ਹਮਲੇ ਦਾ ਸਾਹਮਣਾ ਕਰਨਾ ਪਿਆ ਸੀ। ਅਸੀਂ ਇਸ ਬਾਰੇ ਪੁਲਿਸ ਨੂੰ ਸੂਚਿਤ ਕੀਤਾ ਅਤੇ ਅਸੀਂ ਉਨ੍ਹਾਂ ਨੂੰ ਆਪਣੀ ਸੁਰੱਖਿਆ ਲਈ ਬੇਨਤੀ ਕਰਦੇ ਰਹੇ, ਪਰ ਸਾਨੂੰ ਉਨ੍ਹਾਂ ਤੋਂ ਕੋਈ ਮਦਦ ਨਹੀਂ ਮਿਲੀ। ਕੈਨੇਡੀਅਨ ਪੁਲਿਸ ਸਾਡੀ ਰੱਖਿਆ ਕਰਨ ਵਿੱਚ ਅਸਫ਼ਲ ਰਹੀ। ਉਨ੍ਹਾਂ ਕਿਹਾ ਕਿ ਹਮਲੇ ਬਾਰੇ ਜਾਣਕਾਰੀ ਦੇਣ ਤੋਂ ਬਾਅਦ ਵੀ ਸਾਨੂੰ ਕੋਈ ਸੁਰੱਖਿਆ ਪ੍ਰਦਾਨ ਨਹੀਂ ਕੀਤੀ ਗਈ। ਪੁਲਿਸ ਨੇ ਕੋਈ ਕਾਰਵਾਈ ਨਹੀਂ ਕੀਤੀ। ਇਸ ਕਾਰਨ ਇੱਕ ਮਾਸੂਮ ਵਿਅਕਤੀ ਦੀ ਜਾਨ ਚਲੀ ਗਈ।

ਗੁਰਲੀਨ ਨੇ ਕੈਨੇਡੀਅਨ ਸਰਕਾਰ ਤੋਂ ਪੁੱਛਦਿਆਂ ਹੋਇਆਂ ਕਿਹਾ ਕਿ ਅਜਿਹੇ ਹਮਲੇ ਵੱਧ ਰਹੇ ਹਨ ਅਤੇ ਮਾਸੂਮ ਲੋਕ ਅਸੁਰੱਖਿਅਤ ਮਹਿਸੂਸ ਕਰ ਰਹੇ ਹਨ, ਜਦੋਂ ਕਿ ਪੁਲਿਸ ਉਨ੍ਹਾਂ ਵਿਰੁੱਧ ਕੋਈ ਕਾਰਵਾਈ ਨਹੀਂ ਕਰ ਰਹੀ ਹੈ। ਅਜਿਹੀ ਸਥਿਤੀ ਵਿੱਚ, ਸਾਡੇ ਕੋਲ ਕਿਹੜੇ ਬਦਲ ਹਨ?

ਹਰਜੀਤ ਦੇ ਪੁੱਤਰ ਤਨਵੀਰ ਸਿੰਘ ਢੱਡਾ ਕਹਿੰਦੇ ਹਨ, ‘ਮੇਰੇ ਪਿਤਾ ਕਿਸੇ ਵੀ ਅਪਰਾਧਿਕ ਘਟਨਾ ਵਿੱਚ ਸ਼ਾਮਲ ਨਹੀਂ ਸਨ। ਉਹ ਇਮਾਨਦਾਰੀ ਨਾਲ ਜੀਵਨ ਬਤੀਤ ਕਰ ਰਹੇ ਸਨ। ਜਿਨ੍ਹਾਂ ਨੇ ਉਨ੍ਹਾਂ ਨੂੰ ਨੁਕਸਾਨ ਪਹੁੰਚਾਇਆ, ਉਹ ਗੈਰ-ਕਾਨੂੰਨੀ ਹਥਿਆਰਾਂ ਨਾਲ ਲੈਸ ਸਨ। ਉਨ੍ਹਾਂ ਨੂੰ ਕਾਨੂੰਨ ਅਤੇ ਸਜ਼ਾ ਦਾ ਕੋਈ ਡਰ ਨਹੀਂ ਸੀ।’ ਉਨ੍ਹਾਂ ਕਿਹਾ, ਕਿ ਅਸੀਂ ਅਧਿਕਾਰੀਆਂ ’ਤੇ ਭਰੋਸਾ ਕੀਤਾ ਕਿ ਉਹ ਸਾਡੀ ਰੱਖਿਆ ਕਰਨਗੇ, ਪਰ ਉਹ ਅਸਫ਼ਲ ਰਹੇ ਹਨ। ਸਾਡਾ ਦਫ਼ਤਰ ਹਵਾਈ ਅੱਡੇ ਦੇ ਨੇੜੇ ਇੱਕ ਅਜਿਹੇ ਖੇਤਰ ਵਿੱਚ ਸਥਿਤ ਹੈ ਜੋ ਉੱਚ ਪੁਲਿਸ ਮੌਜੂਦਗੀ ਲਈ ਜਾਣਿਆ ਜਾਂਦਾ ਹੈ, ਪਰ ਫ਼ਿਰ ਵੀ ਮੇਰੇ ਪਿਤਾ ਨੂੰ ਦਿਨ-ਦਿਹਾੜੇ ਗੋਲੀ ਮਾਰ ਦਿੱਤੀ ਗਈ। ਜੇਕਰ ਇੱਥੇ ਅਜਿਹੀ ਹਿੰਸਕ ਕਾਰਵਾਈ ਹੋ ਸਕਦੀ ਹੈ, ਤਾਂ ਆਮ ਨਾਗਰਿਕਾਂ ਨੂੰ ਕੀ ਸੁਰੱਖਿਆ ਮਿਲੇਗੀ ਪੰਥਕ ਜਥੇਬੰਦੀਆਂ ਵਰਲਡ ਸਿੱਖ ਆਰਗੇਨਾਈਜ਼ੇਸ਼ਨ ਨੇ ਸਰਕਾਰ ਤੋਂ ਸਖ਼ਤ ਕਾਰਵਾਈ ਅਤੇ ਸਿੱਖ ਭਾਈਚਾਰੇ ਦੀ ਸੁਰੱਖਿਆ ਦੀ ਮੰਗ ਕੀਤੀ ਹੈ। ਸੋਸ਼ਲ ਮੀਡੀਆ ’ਤੇ ਸਿੱਖ ਭਾਈਚਾਰੇ ਨੇ ਇਸ ਨੂੰ ਸਿੱਖ ਪ੍ਰਮੁੱਖ ਵਿਅਕਤੀਆਂ ਨੂੰ ਨਿਸ਼ਾਨਾ ਬਣਾਉਣ ਦੀ ਸਾਜ਼ਿਸ਼ ਨਾਲ ਜੋੜਿਆ, ਜਿਵੇਂ ਹਰਦੀਪ ਸਿੰਘ ਨਿੱਝਰ ਦੀ ਹੱਤਿਆ। ਮੀਡੀਆ ਦੀਆਂ ਰਿਪੋਰਟਾਂ ਵਿੱਚ ਸਿੱਖ ਭਾਈਚਾਰੇ ਨੂੰ ਨਿਸ਼ਾਨਾ ਬਣਾਉਣ ਦੀ ਪੈਟਰਨ ਸਾਫ਼ ਦਿਸਦੀ ਹੈ। ਕੁਝ ਮਾਮਲਿਆਂ ਵਿੱਚ ਸਿੱਖ ਅੰਦੋਲਨਾਂ (ਜਿਵੇਂ ਖ਼ਾਲਿਸਤਾਨ) ਨਾਲ ਜੁੜੇ ਵਿਵਾਦ ਵੀ ਅਜਿਹੀਆਂ ਹੱਤਿਆਵਾਂ ਦਾ ਕਾਰਨ ਬਣਦੇ ਹਨ, ਹਾਲਾਂਕਿ ਹਰਜੀਤ ਸਿੰਘ ਦਾ ਅਜਿਹੇ ਅੰਦੋਲਨ ਨਾਲ ਸਿੱਧਾ ਸਬੰਧ ਨਹੀਂ ਸੀ।

---

ਮਾਮਲਾ ਕਰਨਲ ਸੋਫ਼ੀਆ ’ਤੇ ਵਿਜੈ ਸ਼ਾਹ ਦੀ ਫ਼ਿਰਕੂ ਟਿੱਪਣੀ ਦਾ

# ਅਪਰੇਸ਼ਨ ਸੰਧੂਰ’ ਦੀ ਹੀਰੋ ਨੂੰ ਮੁਸਲਮਾਨ ਹੋਣ ਕਾਰਨ ਨਿਸ਼ਾਨਾ ਬਣਾਇਆ

ਭਾਰਤੀ ਫ਼ੌਜ ਦੀ ਸਿਗਨਲ ਕੋਰ ਦੀ ਸੀਨੀਅਰ ਅਫ਼ਸਰ ਕਰਨਲ ਸੋਫ਼ੀਆ ਕੁਰੈਸ਼ੀ, ਜਿਨ੍ਹਾਂ ਨੇ ‘ਅਪਰੇਸ਼ਨ ਸੰਧੂਰ’ ਵਿੱਚ ਪਾਕਿਸਤਾਨ ਦੇ ਝੂਠੇ ਪ੍ਰਚਾਰ ਨੂੰ ਬੇਨਕਾਬ ਕਰਕੇ ਦੇਸ਼ ਦਾ ਮਾਣ ਵਧਾਇਆ, ਨੂੰ ਮੱਧ ਪ੍ਰਦੇਸ਼ ਦੇ ਆਦਿਵਾਸੀ ਭਲਾਈ ਮੰਤਰੀ ਵਿਜੈ ਸ਼ਾਹ ਨੇ ‘ਅੱਤਵਾਦੀਆਂ ਦੀ ਭੈਣ’ ਕਹਿ ਕੇ ਅਪਮਾਨਿਤ ਕੀਤਾ। 13 ਮਈ 2025 ਨੂੰ ਇੰਦੌਰ ਨੇੜੇ ਮਹੂ ਵਿੱਚ ਇੱਕ ਜਨਤਕ ਸਭਾ ਵਿੱਚ ਦਿੱਤੀ ਗਈ ਇਸ ਟਿੱਪਣੀ ਨੇ ਪੂਰੇ ਦੇਸ਼ ਵਿੱਚ ਹੰਗਾਮਾ ਖੜ੍ਹਾ ਕਰ ਦਿੱਤਾ। ਸੋਫ਼ੀਆ ਦੇ ਪਰਿਵਾਰ ਨੇ ਤਿੰਨ ਪੀੜ੍ਹੀਆਂ ਤੋਂ ਫ਼ੌਜ ਵਿੱਚ ਸੇਵਾ ਨਿਭਾਈ ਹੈ, ਪਰ ਇਸ ਸ਼ਰਮਨਾਕ ਬਿਆਨ ਨੇ ਨਾ ਸਿਰਫ਼ ਉਨ੍ਹਾਂ ਦੀ ਦੇਸ਼ਭਗਤੀ ’ਤੇ ਸਵਾਲ ਖੜ੍ਹੇ ਕੀਤੇ, ਸਗੋਂ ਭਾਰਤੀ ਫ਼ੌਜ ਦੀ ਸੈਕੂਲਰ ਪਰੰਪਰਾ ਨੂੰ ਵੀ ਠੇਸ ਪਹੁੰਚਾਈ।

## ਭਾਜਪਾ ਹਾਈਕਮਾਂਡ ਵਿਜੈ ਸ਼ਾਹ ਨੂੰ ਮੰਤਰੀ ਅਹੁਦੇ ਤੋਂ ਕਿਉਂ ਨਹੀਂ ਹਟਾ ਰਹੀ ?

ਵਿਜੈ ਸ਼ਾਹ ਨੇ ‘ਅਪਰੇਸ਼ਨ ਸੰਧੂਰ’ ਦਾ ਜ਼ਿਕਰ ਕਰਦਿਆਂ ਕਿਹਾ, ‘ਮੋਦੀ ਜੀ ਨੇ ਅੱਤਵਾਦੀਆਂ ਦੀ ਭੈਣ ਨੂੰ ਭੇਜ ਕੇ ਪਾਕਿਸਤਾਨ ਦੀ ਐਸੀ-ਤੈਸੀ ਕਰਵਾਈ।’ ਇਹ ਬਿਆਨ ਸਿੱਧੇ ਤੌਰ ’ਤੇ ਕਰਨਲ ਸੋਫ਼ੀਆ ਦੇ ਮੁਸਲਿਮ ਪਛਾਣ ਨੂੰ ਨਿਸ਼ਾਨਾ ਬਣਾਉਂਦਾ ਸੀ। ਸੋਫ਼ੀਆ ਨੇ 7 ਮਈ 2025 ਨੂੰ ਵਿਦੇਸ਼ ਸਕੱਤਰ ਵਿਕਰਮ ਮਿਸਰੀ ਅਤੇ ਵਿੰਗ ਕਮਾਂਡਰ ਵਯੋਮਿਕਾ ਸਿੰਘ ਨਾਲ ਮਿਲ ਕੇ ਪ੍ਰੈਸ ਕਾਨਫ਼ਰੰਸ ਵਿੱਚ ਪਾਕਿਸਤਾਨ ਦੇ ਪ੍ਰਚਾਰ ਦਾ ਮੂੰਹਤੋੜ ਜਵਾਬ ਦਿੱਤਾ ਸੀ। ਉਨ੍ਹਾਂ ਨੇ ਸਪੱਸ਼ਟ ਕੀਤਾ ਕਿ ਭਾਰਤੀ ਫ਼ੌਜ ਸੈਕੂਲਰ ਮੁੱਲਾਂ ਦੀ ਪ੍ਰਤੀਕ ਹੈ ਅਤੇ ਕਿਸੇ ਧਾਰਮਿਕ ਸਥਾਨ ਨੂੰ ਨਿਸ਼ਾਨਾ ਨਹੀਂ ਬਣਾਇਆ। ਪਰ ਵਿਜੈ ਸ਼ਾਹ ਦੀ ਟਿੱਪਣੀ ਨੇ ਇਸ ਏਕਤਾ ਨੂੰ ਚੁਣੌਤੀ ਦਿੱਤੀ ਅਤੇ ਸਮਾਜ ਵਿੱਚ ਮੁਸਲਮਾਨਾਂ ਪ੍ਰਤੀ ਨਫ਼ਰਤ ਨੂੰ ਹਵਾ





ਦਿੱਤੀ। ਇਸ ਨੇ ਪਾਕਿਸਤਾਨ ਦੇ ਦੋ-ਕੌਮੀ ਸਿਧਾਂਤ ਨੂੰ ਅਸਿੱਧੇ ਤੌਰ ’ਤੇ ਮਜ਼ਬੂਤ ਕੀਤਾ, ਜਿਸ ਦਾ ਸੋਫ਼ੀਆ ਨੇ ਜ਼ੋਰਦਾਰ ਵਿਰੋਧ ਕੀਤਾ ਸੀ।ਮੱਧ ਪ੍ਰਦੇਸ਼ ਹਾਈਕੋਰਟ ਨੇ ਸੁਆ ਮੋਟੋ ਨੋਟਿਸ ਲੈਂਦਿਆਂ 14 ਮਈ 2025 ਨੂੰ ਸ਼ਾਹ ਦੇ ਖ਼ਿਲਾਫ਼ 4 ਘੰਟਿਆਂ ਵਿੱਚ ਐਫ਼.ਆਈ.ਆਰ. ਦਰਜ ਕਰਨ ਦਾ ਹੁਕਮ ਦਿੱਤਾ ਸੀ। ਉਸ ਤੋਂ ਬਾਅਦ ਐਫ਼.ਆਈ.ਆਰ. ਦਰਜ ਹੋਈ, ਪਰ ਸ਼ਾਹ ਅਜੇ ਵੀ ਮੰਤਰੀ ਅਹੁਦੇ ’ਤੇ ਬਰਕਰਾਰ ਹਨ। ਭਾਜਪਾ ਨੇ ਨਾ ਸਿਰਫ਼ ਉਨ੍ਹਾਂ ਨੂੰ ਹਟਾਉਣ ਦੀ ਕੋਸ਼ਿਸ਼ ਨਹੀਂ ਕੀਤੀ, ਸਗੋਂ ਪਾਰਟੀ ਦੀ ਸੀਨੀਅਰ ਲੀਡਰਸ਼ਿਪ ਨੇ ਇਸ ਮੁੱਦੇ ’ਤੇ ਚੁੱਪ ਵੱਟ ਰੱਖੀ। ਸ਼ਾਹ ਨੇ ਮੁਆਫ਼ੀ ਮੰਗੀ, ਪਰ ਉਹ ਸੁਪਰੀਮ ਕੋਰਟ ਪਹੁੰਚ ਗਏ, ਜਿੱਥੇ 15 ਮਈ ਨੂੰ ਸੀ.ਜੀ.ਆਈ. ਬੀ.ਆਰ. ਗਵਈ ਨੇ ਉਨ੍ਹਾਂ ਨੂੰ ਸਖ਼ਤ ਝਾੜ ਲਾਈ, ਕਿਹਾ ਕਿ ਸੰਵਿਧਾਨਕ ਅਹੁਦੇ ’ਤੇ ਬੈਠੇ ਵਿਅਕਤੀ ਨੂੰ ਜ਼ਿੰਮੇਵਾਰੀ ਨਾਲ ਬੋਲਣਾ ਚਾਹੀਦਾ ਹੈ। ਸ਼ਾਹ ਮੱਧ ਪ੍ਰਦੇਸ਼ ਵਿੱਚ ਅਨੁਸੂਚਿਤ ਜਨਜਾਤੀਆਂ ਦੇ ਵੱਡੇ ਵੋਟ ਬੈਂਕ ਨੂੰ ਨੁਮਾਇੰਦਗੀ ਕਰਦੇ ਹਨ, ਜੋ ਸੰਭਾਵੀ ਤੌਰ ’ਤੇ ਭਾਜਪਾ ਦੀ ਚੁੱਪੀ ਦਾ ਕਾਰਣ ਹੋ ਸਕਦਾ ਹੈ। ਪਰ ਇਹ ਰਾਜਨੀਤਕ ਮਜਬੂਰੀ ਸੰਵਿਧਾਨਕ ਮੁੱਲਾਂ ਅਤੇ ਫ਼ੌਜ ਦੀ ਇੱਜ਼ਤ ਨੂੰ ਦਾਅ ’ਤੇ ਲਾਉਂਦੀ ਹੈ।

---

# ਸਟਾਲਿਨ ਦੀ .ਗੈਰ-ਭਾਜਪਾ ਮੁੱਖ ਮੰਤਰੀਆਂ ਨੂੰ ਅਪੀਲ, ਸੁਪਰੀਮ ਕੋਰਟ ’ਚ ਰਾਸ਼ਟਰਪਤੀ ਦੇ ਹਵਾਲੇ ਦਾ ਵਿਰੋਧ ਕਰੋ

## ਭਾਜਪਾ ਸਰਕਾਰ ਦੀ ਚਾਲ, ਸੁਪਰੀਮ ਕੋਰਟ ਦੇ ਫ਼ੈਸਲੇ ਨੂੰ ਕਮਜ਼ੋਰ ਕਰਨ ਦੀ ਕੋਸ਼ਿਸ਼

## ਪੰਜਾਬ ਦੇ ਮੁੱਖ ਮੰਤਰੀ ਮਾਨ ਨੂੰ ਵੀ ਸਟਾਲਿਨ ਦਾ ਪੱਤਰ, ਸੰਘਵਾਦ ਦੀ ਰਾਖੀ ਦੀ ਮੰਗ

ਤਾਮਿਲਨਾਡੂ ਦੇ ਮੁੱਖ ਮੰਤਰੀ ਐਮ.ਕੇ. ਸਟਾਲਿਨ ਨੇ ਪੰਜਾਬ, ਪੱਛਮੀ ਬੰਗਾਲ, ਕੇਰਲ, ਕਰਨਾਟਕ ਸਮੇਤ 8 ਗੈਰ-ਭਾਜਪਾ ਸ਼ਾਸਿਤ ਰਾਜਾਂ ਦੇ ਮੁੱਖ ਮੰਤਰੀਆਂ ਨੂੰ ਪੱਤਰ ਲਿਖ ਕੇ ਰਾਸ਼ਟਰਪਤੀ ਦ੍ਰੋਪਦੀ ਮੁਰਮੂ ਦੇ ਸੁਪਰੀਮ ਕੋਰਟ ’ਚ ਦਾਇਰ ਹਵਾਲੇ ਦਾ ਸਖ਼ਤ ਵਿਰੋਧ ਕਰਨ ਦੀ ਮੰਗ ਕੀਤੀ ਹੈ। ਇਹ ਹਵਾਲਾ ਰਾਜਪਾਲਾਂ ਅਤੇ ਰਾਸ਼ਟਰਪਤੀ ਵੱਲੋਂ ਬਿੱਲ ਪਾਸ ਕਰਨ ਦੀ ਸਮਾਂ ਸੀਮਾ ਨਾਲ ਜੁੜਿਆ ਹੋਇਆ ਹੈ।

ਸੁਪਰੀਮ ਕੋਰਟ ਦਾ 8 ਅਪ੍ਰੈਲ, 2025 ਦਾ ਫ਼ੈਸਲਾ ਸਪੱਸ਼ਟ ਕਰਦਾ ਹੈ ਕਿ ਰਾਜਪਾਲ ਬਿੱਲਾਂ ’ਤੇ ਅਣਮਿੱਥੇ ਸਮੇਂ ਤੱਕ ਦੇਰੀ ਨਹੀਂ ਕਰ ਸਕਦੇ ਅਤੇ ਉਨ੍ਹਾਂ ਨੂੰ ਤਿੰਨ ਵਿਕਲਪਾਂ (ਮਨਜ਼ੂਰੀ, ਅਸਵੀਕਾਰ, ਜਾਂ ਰਾਸ਼ਟਰਪਤੀ ਨੂੰ ਭੇਜਣ) ਵਿੱਚੋਂ ਇੱਕ ਦੀ ਚੋਣ ਕਰਨੀ ਪਵੇਗੀ। ਇਹ ਹਵਾਲਾ ਇਸ ਫ਼ੈਸਲੇ ਨੂੰ ਮੁੜ ਖੋਲ੍ਹਣ ਦੀ ਕੋਸ਼ਿਸ਼ ਜਾਪਦੀ ਹੈ, ਜੋ ਸੰਵਿਧਾਨਕ ਨਿਯਮਾਂ ਦੇ ਵਿਰੁੱਧ ਹੈ।

ਸਟਾਲਿਨ ਦਾ ਕਹਿਣਾ ਸੀ ਕਿ ਸੁਪਰੀਮ ਕੋਰਟ ਦੇ ਸਲਾਹਕਾਰ ਅਧਿਕਾਰ ਖੇਤਰ (ਆਰਟੀਕਲ 143) ਦੀ ਵਰਤੋਂ ਉਦੋਂ ਨਹੀਂ ਕੀਤੀ



ਜਾ ਸਕਦੀ ਜਦੋਂ ਮੁੱਦਾ ਪਹਿਲਾਂ ਹੀ ਅਦਾਲਤ ਨੇ ਸੁਲਝਾ ਲਿਆ ਹੋਵੇ। ਸਟਾਲਿਨ ਨੇ ਕਿਹਾ ਕਿ ਇਹ ਸੰਘੀ ਢਾਂਚੇ ਅਤੇ ਰਾਜਾਂ ਦੀ ਖੁਦਮੁਖਤਿਆਰੀ ’ਤੇ ਹਮਲਾ ਹੈ ਮੋਦੀ ਸਰਕਾਰ ਦੀ ਨੀਤੀ ਨੂੰ ਸਟਾਲਿਨ ਅਤੇ ਹੋਰ ਵਿਰੋਧੀ ਨੇਤਾਵਾਂ ਨੇ ‘ਕੇਂਦਰੀਕਰਨ’ ਦੀ ਨੀਤੀ ਦੱਸਿਆ ਸੀ। ਭਾਜਪਾ ਸਰਕਾਰ ’ਤੇ ਦੋਸ਼ ਹੈ ਕਿ ਉਹ ਰਾਜਪਾਲਾਂ ਨੂੰ ਸਿਆਸੀ ਹਥਿਆਰ ਵਜੋਂ ਵਰਤਦੀ ਹੈ ਤਾਂ ਜੋ ਗੈਰ-ਭਾਜਪਾ ਸਰਕਾਰਾਂ ਦੇ ਕੰਮਕਾਜ ਵਿੱਚ ਰੁਕਾਵਟ ਪਾਈ ਜਾ ਸਕੇ। ਇਸ ਵਿੱਚ ਬਿੱਲਾਂ ’ਤੇ ਦੇਰੀ, ਨਿਯੁਕਤੀਆਂ ਵਿੱਚ ਦਖਲਅੰਦਾਜ਼ੀ ਅਤੇ ਵਿੱਦਿਅਕ ਸੰਸਥਾਵਾਂ ਦਾ ਸਿਆਸੀਕਰਨ ਸ਼ਾਮਲ ਹੈ। ਸਟਾਲਿਨ ਨੇ ਮੋਦੀ ਸਰਕਾਰ ’ਤੇ ਸੰਘੀ ਢਾਂਚੇ ਨੂੰ ਕਮਜ਼ੋਰ ਕਰਨ ਦਾ ਦੋਸ਼ ਲਾਇਆ ਹੈ। ਉਹ ਮੰਨਦੇ ਹਨ ਕਿ ਭਾਜਪਾ ਸਾਰੀਆਂ ਸ਼ਕਤੀਆਂ ਕੇਂਦਰ ਵਿੱਚ ਇਕੱਠੀਆਂ ਕਰਨਾ ਚਾਹੁੰਦੀ ਹੈ, ਜਿਸ ਨਾਲ ਰਾਜਾਂ ਦੀ ਖੁਦਮੁਖਤਿਆਰੀ ਘਟਦੀ ਹੈ। ਉਦਾਹਰਨ ਵਜੋਂ, ਉਨ੍ਹਾਂ ਨੇ ਡਿਲਿਮਿਟੇਸ਼ਨ (2026) ਦੇ ਮੁੱਦੇ ’ਤੇ ਵੀ ਵਿਰੋਧ ਜਤਾਇਆ, ਜਿਸ ਨਾਲ ਦੱਖਣੀ ਰਾਜਾਂ ਦੀ ਸੰਸਦੀ ਨੁਮਾਇੰਦਗੀ ਘਟ ਸਕਦੀ ਹੈ।



# ਵਿਦਿਆਰਥੀਆਂ ਦੀਆਂ ਵੱਧਦੀਆਂ ਖ਼ੁਦਕੁਸ਼ੀਆਂ ਚਿੰਤਾਜਨਕ



## ਪੇਪਰਾਂ ਦੇ ਨਤੀਜਿਆਂ 'ਚ ਅਸਫ਼ਲਤਾ ਮਿਲਣ 'ਤੇ ਕਰੋ ਸਫ਼ਲਤਾ ਲਈ ਵੱਡੇ ਯਤਨ

## ਵਿਦਿਆਰਥੀਆਂ ਦੀਆਂ ਖ਼ੁਦਕੁਸ਼ੀਆਂ ਰੋਕਣ ਲਈ ਵੱਡੇ ਉਪਰਾਲੇ ਕੀਤੇ ਜਾਣ

**ਸਾਡੇ ਸਮਾਜ ਅੰਦਰ ਸਮਾਜਿਕ ਅਸੁਰੱਖਿਆ ਹੇਠ ਜਿਉਂਦੇ ਇੱਕ ਤਬਕੇ ਦੇ ਵਿੱਚ ਖ਼ੁਦਕੁਸ਼ੀਆਂ ਦਾ ਰੁਝਾਨ ਕਾਫ਼ੀ ਵੱਧ ਗਿਆ ਹੈ। ਵਿਦਿਆਰਥੀ ਵੀ ਇਸੇ ਰੁਝਾਨ ਦੇ ਵਿੱਚ ਆਉਂਦੇ ਨੇ। ਲਗਾਤਾਰ ਵੱਡੇ- ਵੱਡੇ ਸੁਪਨਿਆਂ ਦੀ ਤਾੜ ਨਾ ਝੱਲਦੇ ਹੋਏ ਜਦੋਂ ਮਾਪਿਆਂ ਦੇ ਵੱਡੇ ਸੁਪਨਸਾਜ਼ਾਂ ਤੋਂ ਪੂਰੀ ਤਰ੍ਹਾਂ ਅਸਫ਼ਲ ਹੋ ਜਾਂਦੇ ਨੇ ਤਾਂ ਕੁਝ ਕੁ ਵਿਦਿਆਰਥੀ ਆਪਣੇ ਆਪ ਨੂੰ ਮੌਤ ਦੇ ਹਵਾਲੇ ਕਰ ਦਿੰਦੇ ਹਨ। ਵਿਸ਼ਵ ਸਿਹਤ ਸੰਗਠਨ ਦੇ ਮੁਤਾਬਿਕ ਪੂਰੀ ਦੁਨੀਆ ਵਿੱਚੋਂ ਭਾਰਤ ਵਿੱਚ 15 ਤੋਂ 29 ਸਾਲ ਦੇ ਵਿਦਿਆਰਥੀਆਂ ਦੀ ਖ਼ੁਦਕੁਸ਼ੀ ਦੀ ਦਰ ਸਭ ਤੋਂ ਜਿਆਦਾ ਹੈ।**

ਰੁਜ਼ਗਾਰ ਦੀ ਘਾਟ ਅਤੇ ਉੱਚ ਸਿੱਖਿਆ ਦਾ ਬੋਝ ਵਿਦਿਆਰਥੀਆਂ ਦੀ ਜਾਨ ਦਾ ਖੋਅ ਬਣ ਰਹੇ ਹਨ। ਪਿਛਲੇ ਦਿਨੀਂ ਦਸਵੀਂ ਅਤੇ ਬਾਰ੍ਹਵੀਂ ਦੇ ਨਤੀਜੇ ਆਏ ਹਨ, ਜਿਨ੍ਹਾਂ ਵਿੱਚ ਵੱਡੀ ਗਿਣਤੀ ਵਿਦਿਆਰਥੀ ਸਫ਼ਲ ਹੋ ਗਏ ਹਨ ਪਰ ਕੁਝ ਵਿਦਿਆਰਥੀ ਅਸਫ਼ਲ ਵੀ ਹੋਏ ਹਨ। ਇਹਨਾਂ ਨਤੀਜਿਆਂ ਤੋਂ ਆਉਣ ਤੋਂ ਬਾਅਦ ਹੀ ਇੱਕ ਦੋ ਵਿਦਿਆਰਥੀਆਂ ਵੱਲੋਂ ਫ਼ੇਲ੍ਹ ਹੋਣ ਕਾਰਨ ਖ਼ੁਦਕੁਸ਼ੀ ਕਰਨ ਦੀ ਖ਼ਬਰ ਵੀ ਆ ਗਈ। ਇਹ ਬਹੁਤ ਦੁਖਦਾਈ ਹੈ ਪਰ ਇਸ ਤੋਂ ਪਹਿਲਾਂ ਵੀ ਵਿਦਿਆਰਥੀਆਂ ਵੱਲੋਂ ਕੀਤੀਆਂ ਗਈਆਂ ਖ਼ੁਦਕੁਸ਼ੀਆਂ ਦੇ ਅੰਕੜੇ ਬਹੁਤ ਕੁਝ ਕਹਿੰਦੇ ਹਨ। ਪਿਛਲੇ ਕੁਝ ਸਾਲਾਂ ਦੌਰਾਨ ਵਿਦਿਆਰਥੀਆਂ ਵਿੱਚ ਆਤਮ-ਹੱਤਿਆ ਦੀਆਂ ਘਟਨਾਵਾਂ ਵਿੱਚ ਵਾਧਾ ਹੋਇਆ ਹੈ ਜੋ ਸਾਡੇ ਸਿੱਖਿਆ ਪ੍ਰਬੰਧਾਂ ਦੀ ਪੋਲ ਖੋਲ੍ਹਦਾ ਹੈ।

ਭਾਰਤ ਦੇ ਨੈਸ਼ਨਲ ਕ੍ਰਾਈਮ ਰਿਕਾਰਡਜ਼ ਬਿਊਰੋ (ਐੱਨ.ਸੀ.ਆਰ.ਬੀ.) ਵੱਲੋਂ ਜਾਰੀ ਕੀਤੀ ਗਈ ਰਿਪੋਰਟ ਮੁਤਾਬਕ ਸਾਲ 2020 ਤੇ 2021 ਦੌਰਾਨ ਕ੍ਰਮਵਾਰ 12526 ਅਤੇ 13200 ਵਿਦਿਆਰਥੀਆਂ ਨੇ ਖ਼ੁਦਕੁਸ਼ੀ ਕੀਤੀ ਹੈ। ਇਹ ਦਿਹਾੜੀਦਾਰਾਂ (42004), ਘਰੇਲੂ ਔਰਤਾਂ (23179), ਨੌਕਰੀਪੇਸ਼ਾ (20231) ਅਤੇ ਬੇਰੁਜ਼ਗਾਰਾਂ (13714) ਤੋਂ ਬਾਅਦ 6ਵੀਂ ਸਭ ਤੋਂ ਵੱਡੀ ਗਿਣਤੀ ਹੈ। ਸੰਨ 2010 ਤੋਂ ਬਾਅਦ ਵਿਦਿਆਰਥੀਆਂ ਦੀ ਖ਼ੁਦਕੁਸ਼ੀ ਦਰ ਹਰ ਸਾਲ 4.5% ਦੇ ਹਿਸਾਬ ਨਾਲ ਵਧਦੀ ਜਾ ਰਹੀ ਹੈ। ਕੇਰਲ, ਛੱਤੀਸਗੜ੍ਹ, ਮਹਾਰਾਸ਼ਟਰ, ਮੱਧ ਪ੍ਰਦੇਸ਼ ਅਤੇ ਤਾਮਿਲਨਾਡੂ ਵਰਗੇ ਸਭ ਤੋਂ ਵੱਧ ਸਾਖਰਤਾ ਦਰ ਵਾਲੇ ਸੂਬਿਆਂ 'ਚ ਸਭ ਤੋਂ ਵੱਧ ਵਿਦਿਆਰਥੀ ਖ਼ੁਦਕੁਸ਼ੀਆਂ ਕਰ ਰਹੇ ਹਨ। ਸੰਨ 2017 ਵਿੱਚ 4711 ਲੜਕੀਆਂ ਨੇ ਖ਼ੁਦਕੁਸ਼ੀ ਕੀਤੀ ਸੀ ਤੇ ਇਹ ਗਿਣਤੀ 2021 ਵਿੱਚ 5693 ਹੋ ਗਈ। ਸਭ ਤੋਂ ਵੱਧ ਖ਼ੁਦਕੁਸ਼ੀਆਂ ਦਸਵੀਂ ਤੋਂ ਲੈ ਕੇ ਗ੍ਰੈਜੂਏਟ ਪੱਧਰ ਦੀ ਪੜ੍ਹਾਈ ਕਰ ਰਹੇ ਵਿਦਿਆਰਥੀਆਂ ਵੱਲੋਂ ਕੀਤੀਆਂ ਜਾ ਰਹੀਆਂ ਹਨ। ਇਹੀ ਉਹ ਸਮਾਂ ਹੁੰਦਾ ਹੈ ਜਦੋਂ ਵਿਦਿਆਰਥੀ ਪਲੱਸ ਟੂ ਕਰਨ ਤੋਂ ਬਾਅਦ ਕਿਸੇ ਵਧੀਆ ਪ੍ਰੋਫ਼ੈਸ਼ਨਲ ਕੋਰਸ 'ਚ ਦਾਖ਼ਲਾ ਹਾਸਲ ਕਰਨ ਜਾਂ ਨੌਕਰੀ ਪ੍ਰਾਪਤ ਕਰਨ ਲਈ ਮੁਕਾਬਲੇ ਦੀ ਤਿਆਰੀ ਕਰਦੇ ਹਨ। ਇਸ ਵੇਲੇ ਭਾਰਤੀਆਂ ਵਿੱਚ ਆਪਣੇ ਬੱਚਿਆਂ ਨੂੰ ਰਾਜਸਥਾਨ ਵਿਚਲੇ ਪ੍ਰਸਿੱਧ (ਪਰ ਹੁਣ ਖ਼ੁਦਕੁਸ਼ੀਆਂ ਕਾਰਨ ਬਦਨਾਮ ਹੋ ਚੁੱਕੇ) ਸ਼ਹਿਰ ਕੋਟਾ ਦੇ ਟਿਊਸ਼ਨ ਸੈਂਟਰਾਂ 'ਚ ਦਾਖ਼ਲ ਕਰਵਾਉਣ ਦੀ ਹੋੜ ਮਚੀ ਹੋਈ ਹੈ ਜਿੱਥੇ 2011 ਤੋਂ ਲੈ ਕੇ ਹੁਣ ਤਕ 150 ਕੁ ਵਿਦਿਆਰਥੀ ਖ਼ੁਦਕੁਸ਼ੀਆਂ ਕਰ ਚੁੱਕੇ ਹਨ।

ਆਤਮ-ਹੱਤਿਆ ਕਰਨ ਵਿੱਚ ਗ਼ਰੀਬ ਬੱਚਿਆਂ ਦੀ ਸ਼ਮੂਲੀਅਤ ਕਾਫ਼ੀ ਜ਼ਿਆਦਾ ਹੈ। ਜੁਲਾਈ 2021 ਦੇ ਅੰਕੜਿਆਂ ਅਨੁਸਾਰ, ਦੇਸ਼ ਅੰਦਰ 2017-19 ਤੱਕ 14-18 ਸਾਲ ਉਮਰ ਦੇ 24588 ਬੱਚਿਆਂ ਨੇ ਆਤਮ-ਹੱਤਿਆ ਕੀਤੀ ਜਿਨ੍ਹਾਂ 'ਚੋਂ 13325 ਲੜਕੀਆਂ ਹਨ। 2017 'ਚ 8029, 2018 'ਚ 8162 ਤੇ 2019 ਵਿੱਚ ਇਹ ਅੰਕੜਾ ਵਧ ਕੇ 8377 ਹੋ ਗਿਆ। ਵਿਆਹ ਆਦਿ ਨਾਲ ਸਬੰਧਿਤ ਮਾਮਲਿਆਂ ਕਾਰਨ 3954 ਬੱਚਿਆਂ ਨੇ ਖ਼ੁਦਕੁਸ਼ੀ ਕੀਤੀ। ਕਿਸੇ ਬਿਮਾਰੀ, ਨਸ਼ਿਆਂ ਤੋਂ ਗ੍ਰਸਤ, ਜਿਨਸੀ ਛੇੜ-ਛਾੜ ਤੋਂ ਤੰਗ ਆ ਕੇ 2648 ਬੱਚਿਆਂ ਨੇ ਖ਼ੁਦਕੁਸ਼ੀ ਕੀਤੀ। ਕੌਮਾਂਤਰੀ ਲੇਬਰ ਖੋਜ ਸੰਗਠਨ ਦੀ ਖੋਜ ਅਨੁਸਾਰ, ਆਲਮੀ ਪੱਧਰ 'ਤੇ ਦਸ ਵਿਦਿਆਰਥੀਆਂ 'ਚੋਂ ਗੰਭੀਰ ਰੂਪ ਵਿੱਚ ਤਣਾਅ ਦਾ ਸ਼ਿਕਾਰ ਹੈ। ਨਤੀਜਾ ਐਲਾਨਣ ਤੋਂ ਬਾਅਦ ਅਕਸਰ ਬੱਚੇ ਖ਼ੁਦਕੁਸ਼ੀ ਕਰਦੇ ਹਨ। ਲਾਂਸੇਟ ਮੈਡੀਕਲ ਰਸਾਲੇ ਵਿੱਚ ਛਪੀ ਰਿਪੋਰਟ ਅਨੁਸਾਰ, ਸੰਸਾਰ ਅੰਦਰ 15-29 ਸਾਲ ਉਮਰ ਵਰਗ ਦੇ ਲੋਕਾਂ 'ਚ ਆਤਮ-ਹੱਤਿਆ ਦਰ ਹੋਰਨਾਂ ਨਾਲੋਂ ਸਭ ਤੋਂ ਉੱਚੀ ਹੈ।

ਜ਼ਿੰਦਗੀ ਵਿੱਚ ਉਤਰਾਅ-ਚੜ੍ਹਾਅ ਤਾਂ ਆਉਂਦੇ ਰਹਿੰਦੇ ਹਨ। ਕਿਸੇ ਵੀ ਪ੍ਰੀਖਿਆ ਵਿੱਚ ਪਾਸ ਜਾਂ ਫ਼ੇਲ੍ਹ ਹੋਣ ਦਾ ਚੱਕਰ ਤਾਂ ਚੱਲਦਾ ਰਹੇਗਾ। ਜੇਕਰ ਵਿਦਿਆਰਥੀ ਕਿਸੇ ਪ੍ਰੀਖਿਆ ਵਿੱਚ ਫ਼ੇਲ੍ਹ ਹੋ ਜਾਂਦੇ ਹੋ, ਤਾਂ ਵਿਦਿਆਰਥੀਆਂ ਨੂੰ ਇਹ ਸਮਝਣਾ ਹੋਵੇਗਾ ਕਿ ਉਹਨਾਂ ਦੀ ਤਿਆਰੀ ਵਿੱਚ ਜ਼ਰੂਰ ਕੁਝ ਕਮੀ ਰਹਿ ਗਈ ਹੋਵੇਗੀ। ਇਸ ਲਈ, ਅਗਲੇ ਸਾਲ ਲਈ ਉਨ੍ਹਾਂ ਕਮੀਆਂ ਨੂੰ ਦੂਰ ਕਰਨ ਬਾਰੇ ਵਿਦਿਆਰਥੀ ਸੋਚਣ ਅਤੇ ਪੂਰੀ ਤਨਦੇਹੀ ਨਾਲ ਅਗਲੇ ਸਾਲ ਦੀ ਤਿਆਰੀ ਵਿੱਚ ਜੁਟ ਜਾਣ। ਜੇ ਵਿਦਿਆਰਥੀ ਪੂਰੀ ਲਗਨ ਅਤੇ ਮਿਹਨਤ ਨਾਲ ਪੜ੍ਹਾਈ ਕਰਨਗੇ ਤਾਂ ਉਹ ਜ਼ਰੂਰ ਚੰਗੇ ਅੰਕ ਲੈਣਗੇ। ਦੂਜੇ ਪਾਸੇ, ਜਿਨ੍ਹਾਂ ਵਿਦਿਆਰਥੀਆਂ ਨੂੰ ਘੱਟ ਅੰਕ ਮਿਲੇ ਹਨ, ਉਹ ਅਗਲੀਆਂ ਜਮਾਤਾਂ ਵਿੱਚ ਦਾਖਲਾ ਲੈ ਕੇ ਬੋਰਡ ਪ੍ਰੀਖਿਆ ਵਿੱਚ ਕੀਤੀਆਂ ਗਲਤੀਆਂ ਨੂੰ ਸੁਧਾਰਣ।

ਵਿਦਿਆਰਥੀਆਂ 'ਚ ਖ਼ੁਦਕੁਸ਼ੀ ਕਰਨ ਦਾ ਰੁਝਾਨ ਬਹੁਤ ਮੰਦਭਾਗਾ ਹੈ। ਇਸ ਰੁਝਾਨ ਨੂੰ ਜਿੰਨੀ ਜਲਦੀ ਠੱਲ੍ਹ ਪਾਈ ਜਾ ਸਕੇ, ਓਨਾ ਹੀ ਚੰਗਾ ਹੈ। ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਆਪਣੇ ਬੱਚਿਆਂ ਨੂੰ ਸਹੀ ਸੇਧ ਦੇਣ ਅਤੇ ਬੱਚਿਆਂ ਉਪਰ ਪੜ੍ਹਾਈ ਦਾ ਫ਼ਾਲਤੂ ਬੋਝ ਨਾ ਪਾਉਣ। ਬੱਚਿਆਂ ਨੂੰ ਵੀ ਚਾਹੀਦਾ ਹੈ ਕਿ ਉਹਨਾਂ ਨੂੰ ਜੇ ਪੜ੍ਹਾਈ ਜਾਂ ਪੇਪਰਾਂ ਵਿੱਚ ਅਸਫ਼ਲਤਾ ਮਿਲਦੀ ਹੈ ਤਾਂ ਉਹ ਨਿਰਾਸ਼ ਨਾ ਹੋਣ ਤੇ ਕੋਈ ਘਾਤਕ ਕਦਮ ਨਾ ਚੁੱਕਣ ਸਗੋਂ ਉਹ ਪਹਿਲਾਂ ਨਾਲੋਂ ਵੀ ਚੰਗੀ ਤਿਆਰੀ ਨਾਲ ਅਗਲੇ ਪੇਪਰ ਦੇਣ ਤਾਂ ਉਹਨਾਂ ਨੂੰ ਜ਼ਰੂਰ ਸਫ਼ਲਤਾ ਮਿਲੇਗੀ। ਸਿੱਖਿਆ ਨੂੰ ਹਊਆ ਨਹੀਂ ਸਮਝਣਾ ਚਾਹੀਦਾ ਅਤੇ ਮਾਪਿਆਂ ਨੂੰ ਵੀ ਚਾਹੀਦਾ ਹੈ ਕਿ ਉਹ ਪ੍ਰੀਖਿਆ ਵਿੱਚ ਅਸਫ਼ਲ ਹੋਏ ਵਿਦਿਆਰਥੀਆਂ ਨੂੰ ਡਾਂਟਣ ਦੀ ਥਾਂ ਹੌਂਸਲਾ ਦੇਣ। ਇਸ ਤੋਂ ਇਲਾਵਾ ਵਿਦਿਅਕ ਸੰਸਥਾਵਾਂ ਨੂੰ ਚਾਹੀਦਾ ਹੈ ਕਿ ਉਹ ਵਿਦਿਆਰਥੀਆਂ ਨੂੰ ਖ਼ੁਦਕੁਸ਼ੀਆਂ ਦੇ ਰਾਹ ਪੈਣ ਤੋਂ ਰੋਕਣ ਲਈ ਚੰਗੀ ਸੇਧ ਅਤੇ ਉੱਚ ਪੱਧਰੀ ਸਿਖਿਆ ਦੇਣ।





## ਵਿਦਿਆਰਥੀਆਂ ਦੀਆਂ ਖ਼ੁਦਕੁਸ਼ੀਆਂ 'ਚ ਵਾਧੇ ਦੇ ਮੁੱਖ ਕਾਰਨ




ਭਾਰਤ ਵਿੱਚ ਵਿਦਿਆਰਥੀਆਂ ਵੱਲੋਂ ਖ਼ੁਦਕੁਸ਼ੀਆਂ ਕਰਨ ਦੇ ਅਨੇਕਾਂ ਕਾਰਨ ਹਨ, ਜਿਨ੍ਹਾਂ ਵਿੱਚ ਮੁੱਖ ਕਾਰਨਾਂ ਦਾ ਵੇਰਵਾ ਇਸ ਤਰ੍ਹਾਂ ਹੈ-

**ਅਕਾਦਮਿਕ ਦਬਾਅ:** ਅੱਜ ਦਾ ਅਕਾਦਮਿਕ ਮਾਹੌਲ ਵਿਦਿਆਰਥੀਆਂ ਲਈ ਇੱਕ ਮੁਕਾਬਲੇ ਵਾਲਾ ਮੈਦਾਨ ਬਣ ਗਿਆ ਹੈ, ਜਿੱਥੇ ਸਫ਼ਲਤਾ ਨੂੰ ਇੱਕੋ ਇੱਕ ਵਿਕਲਪ ਮੰਨਿਆ ਜਾਂਦਾ ਹੈ। ਅੰਕਾਂ ਦੀ ਦੌੜ, ਉੱਚੇ ਗ੍ਰੇਡ ਅਤੇ ਵੱਕਾਰੀ ਕਾਲਜਾਂ ਵਿੱਚ ਦਾਖਲਾ ਲੈਣ ਦਾ ਦਬਾਅ ਵਿਦਿਆਰਥੀਆਂ ਨੂੰ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਕਰ ਰਿਹਾ ਹੈ। ਅਸਫ਼ਲਤਾ ਨੂੰ ਇੱਕ ਸਮਾਜਿਕ ਕਲੰਕ ਵਜੋਂ ਦੇਖਿਆ ਜਾਂਦਾ ਹੈ, ਜਿਸ ਨਾਲ ਵਿਦਿਆਰਥੀ ਨਿਰਾਸ਼ ਮਹਿਸੂਸ ਕਰਦੇ ਹਨ।

**ਪਰਿਵਾਰਕ ਉਮੀਦਾਂ:** ਭਾਰਤੀ ਸਮਾਜ ਵਿੱਚ ਮਾਪੇ ਅਕਸਰ ਆਪਣੀਆਂ ਇੱਛਾਵਾਂ ਆਪਣੇ ਬੱਚਿਆਂ ਦੇ ਸੁਪਨਿਆਂ 'ਤੇ ਥੋਪਦੇ ਹਨ। ਵਿਦਿਆਰਥੀਆਂ 'ਤੇ ਪਰਿਵਾਰ ਦੀਆਂ ਉਮੀਦਾਂ ਦਾ ਬੋਝ ਇੰਨਾ ਵੱਧ ਜਾਂਦਾ ਹੈ ਕਿ ਉਹ ਆਪਣੇ ਸੁਪਨਿਆਂ ਨੂੰ ਪਛਾਣਨ ਦੇ ਯੋਗ ਨਹੀਂ ਰਹਿੰਦੇ। ਦਬਾਅ ਹੇਠ, ਵਿਦਿਆਰਥੀ ਆਪਣੀ ਮਾਨਸਿਕ ਸਿਹਤ ਨੂੰ ਨਜ਼ਰਅੰਦਾਜ਼ ਕਰਦੇ ਹਨ ਅਤੇ ਡਿਪਰੈਸ਼ਨ ਵਿੱਚ ਡੁੱਬ ਜਾਂਦੇ ਹਨ।

**ਰੈਗਿੰਗ ਅਤੇ ਵਿਤਕਰਾ:** ਉੱਚ ਸਿੱਖਿਆ ਸੰਸਥਾਵਾਂ ਵਿੱਚ ਵਿਦਿਆਰਥੀਆਂ ਦੀਆਂ ਖ਼ੁਦਕੁਸ਼ੀਆਂ ਦਾ ਇੱਕ ਵੱਡਾ ਕਾਰਨ ਰੈਗਿੰਗ, ਜਾਤੀ ਭੇਦਭਾਵ ਅਤੇ ਸਮਾਜਿਕ ਅਪਮਾਨ ਹਨ। ਘੱਟ ਗਿਣਤੀ ਭਾਈਚਾਰਿਆਂ ਦੇ ਬਹੁਤ ਸਾਰੇ ਵਿਦਿਆਰਥੀਆਂ ਨੂੰ ਸੰਸਥਾਵਾਂ ਵਿੱਚ ਵਿਤਕਰੇ ਦਾ ਸਾਹਮਣਾ ਕਰਨਾ ਪੈਂਦਾ ਹੈ। ਉਹ ਸਮਾਜ ਤੋਂ ਕੱਟੇ ਹੋਏ ਮਹਿਸੂਸ ਕਰਦੇ ਹਨ। ਰੈਗਿੰਗ ਦੌਰਾਨ ਹੋਣ ਵਾਲਾ ਸਰੀਰਕ ਅਤੇ ਮਾਨਸਿਕ ਪਰੇਸ਼ਾਨੀ ਉਨ੍ਹਾਂ ਨੂੰ ਮਾਨਸਿਕ ਤੌਰ 'ਤੇ ਤੋੜ ਦਿੰਦੀ ਹੈ।

**ਵਿੱਤੀ ਰੁਕਾਵਟਾਂ:** ਭਾਰਤ ਵਿੱਚ ਬਹੁਤ ਸਾਰੇ ਵਿਦਿਆਰਥੀ ਉਨ੍ਹਾਂ ਪਰਿਵਾਰਾਂ ਤੋਂ ਆਉਂਦੇ ਹਨ ਜੋ ਵਿੱਤੀ ਤੌਰ 'ਤੇ ਕਮਜ਼ੋਰ ਹਨ। ਉੱਚ ਸਿੱਖਿਆ ਸੰਸਥਾਵਾਂ ਦੇ ਵਧਦੇ ਫ਼ੀਸ ਢਾਂਚੇ, ਕੋਚਿੰਗ ਦੇ ਖਰਚੇ ਅਤੇ ਰੋਜ਼ਾਨਾ ਦੇ ਖਰਚੇ ਵਿਦਿਆਰਥੀਆਂ 'ਤੇ ਵਿੱਤੀ ਦਬਾਅ ਪਾਉਂਦੇ ਹਨ। ਕਈ ਵਾਰ ਵਿਦਿਆਰਥੀਆਂ ਨੂੰ ਆਪਣੀ ਪੜ੍ਹਾਈ ਦੇ ਨਾਲ-ਨਾਲ ਪਾਰਟ-ਟਾਈਮ ਕੰਮ ਕਰਨ ਲਈ ਮਜਬੂਰ ਕੀਤਾ ਜਾਂਦਾ ਹੈ। ਜਦੋਂ ਵਿੱਤੀ ਮੁਸ਼ਕਿਲਾਂ ਅਕਾਦਮਿਕ ਪ੍ਰਦਰਸ਼ਨ ਨੂੰ ਪ੍ਰਭਾਵਿਤ ਕਰਦੀਆਂ ਹਨ, ਤਾਂ ਉਹ ਆਪਣੇ ਆਪ ਨੂੰ ਅਸਫ਼ਲਤਾਵਾਂ ਵਜੋਂ ਦੇਖਣਾ ਸ਼ੁਰੂ ਕਰ ਦਿੰਦੇ ਹਨ।

**ਇਕੱਲਤਾ:** ਅੱਜ ਦੀ ਤੇਜ਼ ਰਫ਼ਤਾਰ ਜ਼ਿੰਦਗੀ ਵਿੱਚ ਇਕੱਲਤਾ ਇੱਕ ਆਮ ਸਮੱਸਿਆ ਬਣ ਗਈ ਹੈ। ਬਹੁਤ ਸਾਰੇ ਵਿਦਿਆਰਥੀ ਆਪਣੇ ਪਰਿਵਾਰਾਂ ਤੋਂ ਦੂਰ ਹੋਸਟਲਾਂ ਜਾਂ ਪੀਜੀ ਵਿੱਚ ਰਹਿੰਦੇ ਹਨ, ਜਿੱਥੇ ਉਨ੍ਹਾਂ ਕੋਲ ਆਪਣੇ ਭਾਵਨਾਤਮਕ ਸੰਘਰਸ਼ਾਂ ਨੂੰ ਸਾਂਝਾ ਕਰਨ ਲਈ ਕੋਈ ਨਹੀਂ ਹੁੰਦਾ। ਦੋਸਤਾਂ ਅਤੇ ਪਰਿਵਾਰ ਵੱਲੋਂ ਭਾਵਨਾਤਮਕ ਸਹਾਇਤਾ ਦੀ ਘਾਟ ਕਾਰਨ, ਉਹ ਅੰਦਰੋਂ ਦਮ ਘੁੱਟਦੇ ਰਹਿੰਦੇ ਹਨ। ਇਹ ਸਮਾਜਿਕ ਅਲੱਗ-ਥਲੱਗਤਾ ਉਨ੍ਹਾਂ ਨੂੰ ਡੂੰਘੇ ਉਦਾਸੀ ਵਿੱਚ ਪਾ ਦਿੰਦੀ ਹੈ।



## ਸੁਪਰੀਮ ਕੋਰਟ ਵੱਲੋਂ ਟਾਸਕ ਫ਼ੋਰਸ ਦਾ ਗਠਨ

ਸੁਪਰੀਮ ਕੋਰਟ ਨੇ ਭਾਰਤ ਦੇ ਉੱਚ ਸਿੱਖਿਆ ਸੰਸਥਾਵਾਂ ਵਿੱਚ ਵਿਦਿਆਰਥੀਆਂ ਦੀਆਂ ਖ਼ੁਦਕੁਸ਼ੀਆਂ ਦੀਆਂ ਵਧਦੀਆਂ ਘਟਨਾਵਾਂ ਦੇ ਹੱਲ ਲੱਭਣ ਲਈ 10 ਮੈਂਬਰੀ ਰਾਸ਼ਟਰੀ ਟਾਸਕ ਫ਼ੋਰਸ ਦਾ ਗਠਨ ਕੀਤਾ ਹੋਇਆ ਹੈ। ਇਸ ਟਾਸਕ ਫ਼ੋਰਸ ਦਾ ਮੁੱਖ ਉਦੇਸ਼ ਉਨ੍ਹਾਂ ਕਾਰਕਾਂ ਨੂੰ ਸਮਝਣਾ ਹੈ ਜੋ ਵਿਦਿਆਰਥੀਆਂ ਨੂੰ ਖੁਦਕੁਸ਼ੀ ਕਰਨ ਲਈ ਮਜਬੂਰ ਕਰਦੇ ਹਨ। ਇਨ੍ਹਾਂ ਕਾਰਨਾਂ ਵਿੱਚ ਰੈਗਿੰਗ ਅਤੇ ਪਰੇਸ਼ਾਨੀ, ਜਾਤੀ ਵਿਤਕਰਾ (ਖਾਸ ਕਰਕੇ ਅਨੁਸੂਚਿਤ ਜਾਤੀ ਅਤੇ ਜਨਜਾਤੀ ਦੇ ਵਿਦਿਆਰਥੀਆਂ ਵਿਰੁੱਧ), ਆਰਥਿਕ ਤਣਾਅ ਆਦਿ ਸ਼ਾਮਲ ਹਨ। ਇਸ ਤੋਂ ਇਲਾਵਾ ਇਸ ਟਾਸਕ ਫ਼ੋਰਸ ਦੇ ਕੰਮਾਂ ਵਿੱਚ ਖ਼ੁਦਕੁਸ਼ੀ ਦੇ ਕਾਰਨਾਂ ਦੀ ਜਾਂਚ ਕਰਨਾ, ਸੁਰੱਖਿਆ ਉਪਾਅ ਸੁਝਾਉਣਾ ਅਤੇ ਸੰਸਥਾਵਾਂ ਦਾ ਨਿਰੀਖਣ ਕਰਨਾ ਵੀ ਸ਼ਾਮਲ ਹਨ। ਇਹ ਟਾਸਕ ਫ਼ੋਰਸ ਰੈਗਿੰਗ, ਵਿਤਕਰੇ ਅਤੇ ਅਕਾਦਮਿਕ ਦਬਾਅ ਪ੍ਰਤੀ ਜ਼ੀਰੋ ਟਾਲਰੈਂਸ ਨੀਤੀ ਅਪਣਾਉਣ 'ਤੇ ਜ਼ੋਰ ਦਿੰਦੀ ਹੈ।

# ਰਾਜੋਆਣਾ ਪਟੀਸ਼ਨ ਸਬੰਧੀ ਕੌਮੀ ਰਾਏ ਬਣਾਉਣੀ ਬੇਹੱਦ ਜ਼ਰੂਰੀ: ਧਾਮੀ



ਅੰਮ੍ਰਿਤਸਰ/ਏ.ਟੀ.ਨਿਊਜ਼: ਭਾਈ ਬਲਵੰਤ ਸਿੰਘ ਰਾਜੋਆਣਾ ਸਬੰਧੀ ਸ਼੍ਰੋਮਣੀ ਕਮੇਟੀ ਵੱਲੋਂ ਪਾਈ ਪਟੀਸ਼ਨ ਦੇ ਮਾਮਲੇ ਵਿੱਚ ਸੀਨੀਅਰ ਵਕੀਲਾਂ ਅਤੇ ਸਾਬਕਾ ਜੱਜਾਂ ਦੀ ਰਾਇ ਲੈਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਬ ਆਫਿਸ ਚੰਡੀਗੜ੍ਹ ਵਿੱਚ ਮੀਟਿੰਗ ਕੀਤੀ ਗਈ।

ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਹੇਠ ਹੋਈ ਇਸ ਮੀਟਿੰਗ ਵਿੱਚ ਪਟੀਸ਼ਨ ਸਬੰਧੀ ਲੰਬੀ ਵਿਚਾਰ ਚਰਚਾ ਹੋਈ। ਚਰਚਾ ਦੌਰਾਨ ਇਹ ਵਿਚਾਰ ਸਾਹਮਣੇ ਆਇਆ ਕਿ ਸਰਕਾਰ ਅੱਗੇ ਗੋਡੇ ਨਹੀਂ ਟੇਕਣੇ ਚਾਹੀਦੇ ਅਤੇ ਪਟੀਸ਼ਨ ਵਾਪਸ ਨਹੀਂ ਲੈਣੀ ਚਾਹੀਦੀ, ਸਗੋਂ ਦ੍ਰਿੜਤਾ ਨਾਲ ਅੱਗੇ ਵਧਣਾ ਚਾਹੀਦਾ ਹੈ।

ਇਕੱਤਰਤਾ ਮਗਰੋਂ ਮੀਡੀਆ ਨਾਲ ਗੱਲਬਾਤ ਕਰਦਿਆਂ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਇਹ ਬਹੁਤ ਹੀ ਸੰਜੀਦਾ ਮਾਮਲਾ ਹੈ, ਜਿਸ ਲਈ ਕੌਮੀ ਰਾਏ ਬਣਾਉਣੀ ਬੇਹੱਦ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਇਸ ਸਬੰਧੀ ਲੰਮੇ ਸਮੇਂ ਤੋਂ ਕਨੂੰਨੀ ਲੜਾਈ ਲੜ ਰਹੀ ਹੈ ਪਰ ਸਰਕਾਰਾਂ ਦੀ ਅੜੀ ਇਸ ਮਾਮਲੇ ਵਿਚ ਮਨੁੱਖੀ ਅਧਿਕਾਰਾਂ ਖ਼ਿਲਾਫ਼ ਭੁਗਤ ਰਹੀ ਹੈ।

ਉਨ੍ਹਾਂ ਕਿਹਾ ਕਿ ਸੁਪਰੀਮ ਕੋਰਟ ਵੱਲੋਂ ਸਰਕਾਰ ਨੂੰ ਮਾਮਲੇ ਬਾਰੇ ਫ਼ੈਸਲਾ ਲੈਣ ਲਈ ਕਹਿਣ ਦੇ ਬਾਵਜੂਦ ਵੀ ਸਰਕਾਰ ਦਾ ਰਵੱਈਆ ਬੇਹੱਦ ਦੁਖਦਾਈ ਹੈ। ਉਨ੍ਹਾਂ ਕਿਹਾ ਕਿ ਸਰਕਾਰਾਂ ਦਾ ਫਰਜ਼ ਬਣਦਾ ਹੈ ਕਿ ਆਪਣੀ ਕਾਰਜਸ਼ੈਲੀ ਵਿੱਚ ਸਾਰਿਆਂ ਨੂੰ ਇੱਕ ਸਮਾਨ ਜਾਨਣ ਪਰ ਸਿੱਖ ਕੌਮ ਦੀਆਂ ਭਾਵਨਾਵਾਂ ਨਾਲ ਜੁੜੇ ਅਹਿਮ ਮਾਮਲੇ ਸਬੰਧੀ ਅਪਣਾਈ ਜਾ ਰਹੀ ਪਹੁੰਚ ਸਰਕਾਰ ਦੀ ਮਨਸ਼ਾ 'ਤੇ ਸਵਾਲ ਖੜ੍ਹੇ ਕਰਦੀ ਹੈ।

ਐਡਵੋਕੇਟ ਧਾਮੀ ਨੇ ਕਿਹਾ ਕਿ ਬੀਤੇ ਦਿਨੀਂ ਜਦੋਂ ਭਾਈ ਰਾਜੋਆਣਾ ਨਾਲ ਮੁਲਾਕਾਤ ਕੀਤੀ ਗਈ ਸੀ ਤਾਂ ਉਨ੍ਹਾਂ ਨੇ ਸ਼੍ਰੋਮਣੀ ਕਮੇਟੀ ਨੂੰ ਆਪਣੀ ਪਟੀਸ਼ਨ ਵਾਪਸ ਲੈਣ ਲਈ ਕਿਹਾ ਸੀ। ਇਸ 'ਤੇ ਵਿਚਾਰ ਲਈ ਪਹਿਲਾਂ ਸਿੱਖ ਜਥੇਬੰਦੀਆਂ, ਸਿੱਖ ਬੁੱਧੀਜੀਵੀਆਂ ਅਤੇ ਫੈਡਰੇਸ਼ਨਾਂ ਨਾਲ ਮੀਟਿੰਗਾਂ ਕਰਕੇ ਵਿਚਾਰ ਲਏ ਗਏ ਹਨ। ਇਸੇ ਤਹਿਤ ਇਹ ਮੀਟਿੰਗ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਭਾਵੇਂ ਭਾਈ ਰਾਜੋਆਣਾ ਦਾ ਪਟੀਸ਼ਨ ਨੂੰ ਲੈ ਕੇ ਰੋਸ ਜਾਇਜ਼ ਹੈ ਅਤੇ ਉਹ ਆਪਣੇ ਅਕੀਦੇ 'ਤੇ ਦ੍ਰਿੜ ਹਨ ਪਰ ਇਸ ਮਾਮਲੇ 'ਚ ਜਲਦਬਾਜ਼ੀ ਨਾਲ ਫ਼ੈਸਲਾ ਲੈਣਾ ਠੀਕ ਨਹੀਂ ਹੋਵੇਗਾ। ਉਨ੍ਹਾਂ ਕਿਹਾ ਕਿ ਆਉਂਦੇ ਦਿਨਾਂ ਵਿੱਚ ਪੰਥ ਦਾ ਨੁਮਾਇੰਦਾ ਇਕੱਠ ਬੁਲਾ ਕੇ ਅਗਲੀ ਰੂਪ ਰੇਖਾ ਉਲੀਕੀ ਜਾਵੇਗੀ।

ਮੀਟਿੰਗ ਵਿੱਚ ਜਸਟਿਸ ਮਨਿੰਦਰਮੋਹਨ ਸਿੰਘ ਬੇਦੀ ਸਾਬਕਾ ਜੱਜ, ਸੀਨੀਅਰ ਵਕੀਲ ਐਡਵੋਕੇਟ ਪੂਰਨ ਸਿੰਘ ਹੁੰਦਲ, ਐਡਵੋਕੇਟ ਜੀ.ਐੱਸ. ਬੱਲ, ਐਡਵੋਕੇਟ ਅਮਰ ਸਿੰਘ ਚਾਹਲ, ਐਡਵੋਕੇਟ ਰਾਜਵਿੰਦਰ ਸਿੰਘ ਬੈਂਸ, ਸਿੱਖ ਵਿਦਵਾਨ ਡਾ. ਕੇਹਰ ਸਿੰਘ, ਕਾਹਨ ਸਿੰਘ ਪੰਨੂੰ ਸਾਬਕਾ ਆਈ.ਏ.ਐੱਸ., ਸ਼੍ਰੋਮਣੀ ਕਮੇਟੀ ਮੈਂਬਰ ਐਡਵੋਕੇਟ ਭਗਵੰਤ ਸਿੰਘ ਸਿਆਲਕਾ, ਸੀਨੀਅਰ ਵਕੀਲ ਐਡਵੋਕੇਟ ਬਰਜਿੰਦਰ ਸਿੰਘ ਸੋਢੀ, ਐਡਵੋਕੇਟ ਪਰਮਜੀਤ ਸਿੰਘ ਬਰਾੜ, ਐਡਵੋਕੇਟ ਬਲਤੇਜ ਸਿੰਘ ਸਾਬਕਾ ਡੀ.ਏ., ਐਡਵੋਕੇਟ ਬਲਵੰਤ ਸਿੰਘ ਗੁਲਿਆਨੀ, ਡਾ. ਪੁਨੀਤ ਕੌਰ ਸੇਖੋਂ, ਐਡਵੋਕੇਟ ਅਰਸ਼ਦੀਪ ਸਿੰਘ ਕਲੇਰ, ਐਡਵੋਕੇਟ ਰਵਿੰਦਰ ਸਿੰਘ ਸੈਂਪਲਾ, ਐਡਵੋਕੇਟ ਬਲਵਿੰਦਰ ਸਿੰਘ ਸੂਦਨ, ਐਡਵੋਕੇਟ ਹਰਭਜਨ ਸਿੰਘ ਥਾਂਦੀ, ਐਡਵੋਕੇਟ ਰਾਜੇਸ਼ਵਰ ਸਿੰਘ ਸੂਲਰ ਅਤੇ ਸ਼੍ਰੋਮਣੀ ਕਮੇਟੀ ਦੇ ਅਧਿਕਾਰੀ ਹਾਜ਼ਰ ਸਨ।

## ਗੁਰੂ ਸਾਹਿਬ ਦੇ ਐਨੀਮੇਸ਼ਨ ਵੀਡੀਓ ਬਣਾਉਣ ਵਾਲੇ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ: ਧਾਮੀ

ਅੰਮ੍ਰਿਤਸਰ/ਏ.ਟੀ.ਨਿਊਜ਼ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਹਰਿਆਣਾ ਦੇ ਧਰੁਵ ਰਾਠੀ ਨਾਂ ਦੇ ਯੂਟਿਊਬਰ ਦੁਆਰਾ ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਅਤੇ ਚਾਰ ਸਾਹਿਬਜ਼ਾਦਿਆਂ ਬਾਰੇ ਆਰਟੀਫੀਸ਼ੀਅਲ ਇੰਟੈਲੀਜੈਂਸ (ਏ.ਆਈ.) ਨਾਲ ਤਿਆਰ ਕੀਤੀ ਐਨੀਮੇਸ਼ਨ ਵੀਡੀਓ 'ਤੇ ਸਖ਼ਤ ਇਤਰਾਜ਼ ਪ੍ਰਗਟ ਕਰਦਿਆਂ ਇਸ ਨੂੰ ਤੁਰੰਤ ਹਟਾਉਣ ਅਤੇ ਸਰਕਾਰ ਨੂੰ ਇਸ ਵਿਰੁੱਧ ਸਖ਼ਤ ਕਾਰਵਾਈ ਕਰਨ ਲਈ ਆਖਿਆ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਸਿੱਖ ਗੁਰੂ ਸਾਹਿਬਾਨ ਅਤੇ ਸਿੱਖ ਸ਼ਖ਼ਸੀਅਤਾਂ ਦਾ ਇਤਿਹਾਸ ਪਵਿੱਤਰ ਅਤੇ ਵਿਰਾਸਤ ਹੈ, ਜਿਸ ਨੂੰ ਕਿਸੇ ਵੀ ਵਿਅਕਤੀ ਨੂੰ ਵਿਗਾੜਨ ਜਾਂ ਗਲਤ ਢੰਗ ਨਾਲ ਪੇਸ਼ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬਾਨ ਅਤੇ ਉਨ੍ਹਾਂ ਦੇ ਪਰਿਵਾਰਾਂ ਨਾਲ ਸਬੰਧਤ ਕਿਸੇ ਵੀ ਤਰ੍ਹਾਂ ਦੀ ਫ਼ਿਲਮ ਜਾਂ ਐਨੀਮੇਸ਼ਨ ਨਹੀਂ ਬਣਾਈ ਜਾ ਸਕਦੀ। ਇਸ ਸਬੰਧੀ ਸ਼੍ਰੋਮਣੀ ਕਮੇਟੀ ਵੱਲੋਂ ਮਤੇ ਪਾਸ ਕਰਕੇ ਪੂਰਨ ਤੌਰ 'ਤੇ ਰੋਕ ਲਗਾਈ ਹੋਈ ਹੈ।

ਉਨ੍ਹਾਂ ਕਿਹਾ ਕਿ ਧਰੁਵ ਰਾਠੀ ਦੀ ਵੀਡੀਓ ਵਿੱਚ ਇਤਿਹਾਸਕ ਗਲਤੀਆਂ ਤੋਂ ਇਲਾਵਾ ਗੁਰੂ ਸਾਹਿਬਾਨ ਨੂੰ ਦਰਸਾਉਂਦੀ ਏ.ਆਈ. ਨਾਲ ਤਿਆਰ ਕੀਤੀ ਵੀਡੀਓ ਸ਼ਾਮਲ ਕਰਕੇ ਸਿੱਖ ਭਾਵਨਾਵਾਂ ਨੂੰ ਸੱਟ ਮਾਰੀ ਗਈ ਹੈ। ਅਜਿਹੇ ਚਿਤਰਣ ਸਿੱਖ ਸਿਧਾਂਤਾਂ ਤੇ ਪ੍ਰੰਪਰਾਵਾਂ ਦੀ ਉਲੰਘਣਾ ਹਨ, ਕਿਉਂਕਿ ਸਿੱਖ ਧਰਮ ਅੰਦਰ ਗੁਰੂ ਸਾਹਿਬਾਨ, ਸਾਹਿਬਜ਼ਾਦਿਆਂ ਤੇ

(ਬਾਕੀ ਸਫ਼ਾ 31 'ਤੇ)

## ਰਾਜੌਰੀ ਗਾਰਡਨ ਸਿੰਘ ਸਭਾ ਵੱਲੋਂ ਅੰਮ੍ਰਿਤਸਰ 'ਚ ਸਰਾਂ ਬਣਾਉਣ ਦਾ ਐਲਾਨ



ਨਵੀਂ ਦਿੱਲੀ/ਏ.ਟੀ.ਨਿਊਜ਼: ਰਾਜੌਰੀ ਗਾਰਡਨ ਸਿੰਘ ਸਭਾ ਵੱਲੋਂ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਦਰਬਾਰ ਸਾਹਿਬ ਦੇ ਨੇੜੇ ਇੱਕ ਸਰਾਂ ਬਣਾਈ ਜਾਵੇਗੀ ਜਿਸ ਵਿੱਚ 32 ਕਮਰੇ ਬਣਾਉਣ ਦੀ ਤਜਵੀਜ਼ ਹੈ। ਇਹ ਸਰਾਂ ਆਧੁਨਿਕ ਸਹੂਲਤਾਂ ਨਾਲ ਲੈਸ ਹੋਵੇਗੀ ਅਤੇ ਉੱਚ ਮਿਆਰੀ ਕਮਰੇ ਬਣਾਉਣ ਦੀ ਯੋਜਨਾ ਵੀ ਇਸ ਵਿੱਚ ਸ਼ਾਮਲ ਹੈ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਮਗਰੋਂ ਦਿੱਲੀ ਦੇ ਸਿੱਖਾਂ ਵੱਲੋਂ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਬਣਾਈ ਜਾਣ ਵਾਲੀ ਦੂਜੀ ਸਰਾਂ ਹੋਵੇਗੀ ਜੋ ਇੱਕ ਸਿੰਘ ਸਭਾ ਵੱਲੋਂ ਬਣਾਈ ਜਾਵੇਗੀ। ਇਹ ਬਾਰੇ ਸਿੰਘ ਸਭਾ ਦੇ ਅਹੁਦੇਦਾਰਾਂ ਵੱਲੋਂ ਮੀਟਿੰਗ ਕੀਤੀ ਗਈ ਜਿਸ ਵਿੱਚ ਦੱਸਿਆ ਗਿਆ ਕਿ ਸਭਾ ਨੇ 250 ਗਜ਼ ਦਾ ਇੱਕ ਪਲਾਟ ਅੰਮ੍ਰਿਤਸਰ ਵਿੱਚ ਖਰੀਦ ਲਿਆ ਹੈ। ਗੁਰਦੁਆਰੇ ਦੇ ਪ੍ਰਧਾਨ ਹਰਮਨਜੀਤ ਸਿੰਘ ਨੇ ਦੱਸਿਆ ਕਿ ਸੀਤਾ ਨਿਵਾਸ ਨਾਲ ਲੱਗਦੇ ਇਲਾਕੇ ਵਿੱਚ ਇਹ ਪਲਾਟ ਖਰੀਦਿਆ ਗਿਆ ਹੈ ਜੋ ਸ੍ਰੀ ਦਰਬਾਰ ਸਾਹਿਬ ਦੇ ਜੋੜਾ ਘਰ ਤੋਂ ਦੋ ਮਿੰਟ ਦੇ ਪੈਦਲ ਰਸਤੇ ਉੱਤੇ ਸਥਿਤ ਹੈ ਜਿੱਥੇ ਸਰਾਂ ਬਣਾਈ ਜਾਣੀ ਹੈ ਤੇ ਇਹ ਇਲਾਕਾ ਸ੍ਰੀ ਦਰਬਾਰ ਸਾਹਿਬ ਦੇ ਲੰਗਰ ਹਾਲ ਦੇ ਨੇੜੇ ਵੀ ਪੈਂਦਾ ਹੈ। ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਸੁੰਦਰ ਸਿੰਘ ਨਾਰੰਗ, ਕੁਲਦੀਪ ਸਿੰਘ ਸੇਠੀ, ਅਜੀਤ ਸਿੰਘ ਮੋਂਗਾ, ਹਰਜੀਤ ਸਿੰਘ ਬਖਸ਼ੀ, ਹਰਨੇਕ ਸਿੰਘ ਮੱਕੜ ਅਤੇ ਹਰਨਾਮ ਸਿੰਘ ਸ਼ਾਮਿਲ ਹੋਏ। ਉਨ੍ਹਾਂ ਦੱਸਿਆ ਕਿ ਇਸ ਪਲਾਟ 'ਤੇ ਚਾਰ ਮੰਜ਼ਿਲਾ ਇਮਾਰਤ ਬਣਾਈ ਜਾਵੇਗੀ ਅਤੇ ਵਾਤਾਅਨੁਕੂਲ ਕਮਰੇ ਗੁਸਲਖਾਨਿਆਂ ਨਾਲ ਬਣਾਏ ਜਾਣਗੇ।

## ਸਿੱਖ ਧਰਮ ਪ੍ਰਚਾਰ ਲਹਿਰ ਨੂੰ ਪ੍ਰਚੰਡ ਕਰਨ ਦੀ ਲੋੜ: ਗੜਗੱਜ



ਹੁਸ਼ਿਆਰਪੁਰ/ਏ.ਟੀ.ਨਿਊਜ਼: ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਖ਼ਾਲਸਾ ਪੰਥ ਦੀਆਂ ਸ਼ਾਨਾਮਤੀ ਰੀਤਾਂ ਤੇ ਰਵਾਇਤਾਂ ਨੂੰ ਅੱਗੇ ਤੋਰਨ ਲਈ ਸੂਬੇ ਦੇ ਹਰ ਜ਼ਿਲ੍ਹੇ ਵਿੱਚ ਚਾਰ-ਪੰਜ ਨਿਹੰਗ ਸਿੰਘ ਛਾਉਣੀਆਂ ਹੋਣੀਆਂ ਜ਼ਰੂਰੀ ਹਨ। ਅਜਿਹਾ ਕਰਕੇ ਹੀ ਗਊ ਗਰੀਬ ਦੀ ਰੱਖਿਆ ਕੀਤੀ ਜਾ ਸਕਦੀ ਹੈ ਅਤੇ ਸਿੱਖ ਧਰਮ ਪ੍ਰਚਾਰ ਲਹਿਰ ਨੂੰ ਪ੍ਰਚੰਡ ਕੀਤਾ ਜਾ ਸਕਦਾ ਹੈ। ਉਹ ਜ਼ਿਲ੍ਹੇ ਦੇ ਪਿੰਡ ਬਾਗਪੁਰ ਸਤੌਰ ਵਿੱਚ ਛਾਉਣੀ ਨਿਹੰਗ ਸਿੰਘਾਂ ਗੁਰਦੁਆਰਾ ਦੂਖ ਨਿਵਾਰਨ ਸਾਹਿਬ ਦਾ ਨੀਂਹ ਪੱਥਰ ਰੱਖਣ ਪੁੱਜੇ ਸਨ। ਪਿੰਡ ਬੱਸੀ ਮੁੱਦਾ ਨੇੜੇ ਨਵੇਂ ਬਣਨ ਵਾਲੇ ਇਸ ਧਾਰਮਿਕ ਸਥਾਨ ਤੇ ਛਾਉਣੀ ਨਿਹੰਗ ਸਿੰਘਾਂ ਦੀ ਕਾਰ ਸੇਵਾ ਸ਼੍ਰੋਮਣੀ ਭਗਤ ਧੰਨਾ ਤਰਨਾ ਦਲ ਦੇ ਮੁਖੀ ਜਥੇਦਾਰ ਬਾਬਾ ਗੁਰਦੇਵ ਸਿੰਘ ਕਰਵਾ ਰਹੇ ਹਨ। ਇਸ ਮੌਕੇ ਸ੍ਰੀ ਗੜਗੱਜ ਨੇ ਕਿਹਾ ਕਿ ਅਜੋਕੇ ਸਮੇਂ ਅੰਦਰ ਵਧ ਰਹੇ ਧਰਮ ਪਰਿਵਰਤਨ ਨੂੰ ਰੋਕਣ ਲਈ ਅਤੇ ਸਿੱਖੀ ਤੋਂ ਟੁੱਟਦੇ ਜਾ ਰਹੇ ਭੁੱਲੜ ਵੀਰਾਂ ਨੂੰ ਘਰ ਵਾਪਸ ਮੋੜਨ ਲਈ ਸਿੱਖ ਰਹਿਤ ਮਰਿਆਦਾਵਾਂ ਅਤੇ ਧਰਮ ਦੇ ਪ੍ਰਚਾਰ ਦੀ ਵਧੇਰੇ ਲੋੜ ਹੈ। ਇਸ ਕਾਰਜ ਲਈ ਸਮੂਹ ਪੰਥਕ ਜਥੇਬੰਦੀਆਂ ਨੂੰ ਆਪੋ ਆਪਣੇ ਪੱਧਰ 'ਤੇ ਉਪਰਾਲੇ ਕਰਨੇ ਚਾਹੀਦੇ ਹਨ। ਉਨ੍ਹਾਂ ਇਸ ਅਸਥਾਨ ਲਈ ਜ਼ਮੀਨ ਦੀ ਸੇਵਾ ਕਰਨ ਵਾਲੇ ਨਿਹੰਗ ਸਿੰਘ ਬਾਬਾ ਦਲੀਪ ਸਿੰਘ ਦੇ ਪੁੱਤਰ ਅਜੈਬ ਸਿੰਘ ਅਤੇ ਪੋਤਰੀ ਬੀਬੀ ਇੰਦਰਜੀਤ ਕੌਰ ਦਾ ਸਨਮਾਨ ਕੀਤਾ। ਇਸ ਮੌਕੇ ਜਥੇਦਾਰ ਬਾਬਾ ਗੁਰਦੇਵ ਸਿੰਘ ਮੁਖੀ ਸ਼੍ਰੋਮਣੀ ਭਗਤ ਧੰਨਾ ਦਲ ਨੇ ਆਈਆਂ ਸੰਗਤਾਂ ਦਾ ਧੰਨਵਾਦ ਕਰਦਿਆਂ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ।

**ਗੜਗੱਜ ਵੱਲੋਂ ਸ਼ਹੀਦ ਪਰਿਵਾਰ ਨਾਲ ਮੁਲਾਕਾਤ** : ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਕੁਲਦੀਪ ਸਿੰਘ ਗੜਗੱਜ ਨਜ਼ਦੀਕੀ ਪਿੰਡ ਗਧਰਾਮ ਕਲਾਂ ਵਿੱਚ ਕਿਸਾਨ ਯੂਨੀਅਨ ਖੋਸਾ ਦੇ ਸੂਬਾ ਮੀਤ ਪ੍ਰਧਾਨ ਜੁਝਾਰ ਸਿੰਘ ਦੇ ਘਰ ਪਹੁੰਚੇ। ਇਸ ਦੌਰਾਨ ਉਨ੍ਹਾਂ ਪਿਛਲੇ ਖਾੜਕੂ ਸੰਘਰਸ਼ ਦੌਰਾਨ ਅਹਿਮ ਯੋਗਦਾਨ ਪਾਉਣ ਵਾਲੇ ਮਾਤਾ ਤੇਜ ਕੌਰ ਗਧਰਾਮ, ਪ੍ਰਧਾਨ ਇਸਤਰੀ ਅਕਾਲੀ ਦਲ ਅੰਮ੍ਰਿਤਸਰ ਜ਼ਿਲ੍ਹਾ ਰੂਪਨਗਰ ਦੇ ਪਰਿਵਾਰ ਨਾਲ ਮੁਲਾਕਾਤ ਕੀਤੀ।

(ਬਾਕੀ ਸਫ਼ਾ 31 'ਤੇ)

## ਸ਼੍ਰੋਮਣੀ ਕਮੇਟੀ ਵੱਲੋਂ ਪੁਣਛ ਹਮਲੇ ਦੇ ਪੀੜਤ ਸਿੱਖ ਪਰਿਵਾਰਾਂ ਦੀ ਆਰਥਿਕ ਸਹਾਇਤਾ



ਅੰਮ੍ਰਿਤਸਰ/ਏ.ਟੀ.ਨਿਊਜ਼: ਭਾਰਤ-ਪਾਕਿਸਤਾਨ ਵਿਚਾਲੇ ਹੋਈ ਜੰਗ ਦੌਰਾਨ ਪਿਛਲੇ ਦਿਨੀਂ ਜੰਮੂ ਕਸ਼ਮੀਰ ਦੇ ਪੁਣਛ ਵਿੱਚ ਹੋਏ ਹਮਲੇ 'ਚ ਮਾਰੇ ਗਏ ਚਾਰ ਸਿੱਖਾਂ ਦੇ ਪਰਿਵਾਰਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ 5-5 ਲੱਖ ਰੁਪਏ ਦੀ ਮਾਲੀ ਸਹਾਇਤਾ ਦੇ ਚੈੱਕ ਦਿੱਤੇ ਗਏ ਹਨ। ਐਡਵੋਕੇਟ ਧਾਮੀ ਸਮੇਤ ਸ਼੍ਰੋਮਣੀ ਕਮੇਟੀ ਮੈਂਬਰਾਂ ਦਾ ਵਫਦ ਪਿਛਲੇ ਦਿਨੀਂ ਪੁਣਛ 'ਚ ਰਾਗੀ ਭਾਈ ਅਮਰੀਕ ਸਿੰਘ ਨਮਿਤ ਭੋਗ ਤੇ ਅਰਦਾਸ ਸਮਾਗਮ ਵਿੱਚ ਸ਼ਾਮਲ ਹੋਇਆ। ਉੱਥੇ ਉਨ੍ਹਾਂ ਸਮੂਹ ਪੀੜਤ ਪਰਿਵਾਰਾਂ ਦੇ ਮੈਂਬਰਾਂ ਨਾਲ ਹਮਦਰਦੀ ਜ਼ਾਹਿਰ ਕੀਤੀ। ਐਡਵੋਕੇਟ ਧਾਮੀ ਨੇ ਕਿਹਾ ਕਿ ਦੇਸ਼ ਦੁਨੀਆਂ ਵਿੱਚ ਜਦੋਂ ਵੀ ਕਿਸੇ ਸਿੱਖ ਨਾਲ ਔਖੀ ਘੜੀ ਬਣੀ ਤਾਂ ਸ਼੍ਰੋਮਣੀ ਕਮੇਟੀ ਨੇ ਆਪਣਾ ਫਰਜ਼ ਸਮਝ ਕੇ ਉਸ ਨਾਲ ਖੜ੍ਹੇ ਹੁੰਦਿਆਂ ਆਪਣੀ ਜ਼ਿੰਮੇਵਾਰੀ ਨਿਭਾਈ ਹੈ। ਜ਼ਿਕਰਯੋਗ ਹੈ ਕਿ ਪਿਛਲੇ ਦਿਨੀਂ ਪਾਕਿਸਤਾਨੀ ਫ਼ੌਜ ਵੱਲੋਂ ਕੀਤੇ ਗਏ ਹਮਲੇ ਸਮੇਂ ਪੁਣਛ ਵਿੱਚ ਉੱਥੋਂ ਦੇ ਵਾਸੀ ਰਣਜੀਤ ਸਿੰਘ, ਰਾਗੀ ਭਾਈ ਅਮਰੀਕ ਸਿੰਘ, ਸਾਬਕਾ ਫ਼ੌਜੀ ਅਮਰਜੀਤ ਸਿੰਘ ਤੇ ਬੀਬੀ ਬਲਵਿੰਦਰ ਕੌਰ (ਚਾਰੇ ਵਾਸੀ ਪੁਣਛ) ਦੀ ਮੌਤ ਹੋ ਗਈ ਸੀ। ਇਸ ਹਮਲੇ ਵਿੱਚ ਜ਼ਖ਼ਮੀ ਹੋਏ ਗੁਰਮੀਤ ਸਿੰਘ ਅਤੇ ਉਸ ਦਾ ਪੁੱਤਰ ਇੱਥੇ ਅੰਮ੍ਰਿਤਸਰ ਵਿੱਚ ਇੱਕ ਨਿੱਜੀ ਹਸਪਤਾਲ ਵਿੱਚ ਜ਼ੇਰੇ ਇਲਾਜ ਹਨ ਅਤੇ ਉਨ੍ਹਾਂ ਨੂੰ ਵੀ ਸ਼੍ਰੋਮਣੀ ਕਮੇਟੀ ਵੱਲੋਂ ਹਰ ਸੰਭਵ ਸਹਾਇਤਾ ਦੀ ਪੇਸ਼ਕਸ਼ ਕੀਤੀ ਗਈ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਕਿ ਉਹ ਜੰਮੂ ਕਸ਼ਮੀਰ ਵਿੱਚ ਸਿੱਖਾਂ ਦੇ ਮਾਮਲਿਆਂ ਪ੍ਰਤੀ ਸੁਹਿਰਦ ਪਹੁੰਚ ਅਪਣਾਏ। ਇਸੇ ਦੌਰਾਨ ਮਹੰਤ ਮਨਜੀਤ ਸਿੰਘ ਨੇ ਐਲਾਨ ਕੀਤਾ ਕਿ ਉਹ ਪੀੜਿਤ ਸਿੱਖ ਪਰਿਵਾਰਾਂ ਦੇ ਬੱਚਿਆਂ ਦੀ ਪੜ੍ਹਾਈ ਦਾ ਖਰਚਾ ਚੁੱਕਣਗੇ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

## ਸੰਪਾਦਕੀ

# ਦੁਨੀਆ 'ਤੇ ਮੰਡਰਾਅ ਰਿਹਾ ਹੈ ਪਰਮਾਣੂ ਜੰਗ ਦਾ ਖ਼ਤਰਾ

ਵਿਸ਼ਵ ਦੀਆਂ ਮਹਾਂਸ਼ਕਤੀਆਂ ਵਿਚਕਾਰ ਅੰਦਰੂਨੀ ਟਕਰਾਅ, ਵਿਰੋਧਤਾਈਆਂ ਅਤੇ ਸ਼ਕਤੀ ਪ੍ਰਦਰਸ਼ਨ ਕਾਰਨ, ਦੁਨੀਆ ਪਰਮਾਣੂ ਜੰਗ ਦੇ ਕੰਢੇ 'ਤੇ ਖੜ੍ਹੀ ਹੈ। 1945 ਵਿੱਚ ਜਾਪਾਨ ਉੱਤੇ ਪਰਮਾਣੂ ਬੰਬ ਸੁੱਟੇ ਜਾਣ ਤੋਂ ਬਾਅਦ, ਦੁਨੀਆ ਇੱਕ ਵਾਰ ਫਿਰ ਪਰਮਾਣੂ ਬੰਬਾਂ ਦੇ ਸੰਕਟ ਨਾਲ ਜੂਝ ਰਹੀ ਹੈ। ਪਿਛਲੇ ਦਿਨਾਂ ਦੌਰਾਨ ਭਾਰਤ ਅਤੇ ਪਾਕਿਸਤਾਨ ਵਿਚਾਲੇ ਜੰਗ ਵਰਗਾ ਮਾਹੌਲ ਰਿਹਾ ਅਤੇ ਦੋਵਾਂ ਦੇਸ਼ਾਂ ਵੱਲੋਂ ਇੱਕ ਦੂਜੇ 'ਤੇ ਡਰੋਨ ਅਤੇ ਮਿਜ਼ਾਇਲ ਹਮਲੇ ਕੀਤੇ ਗਏ। ਇਸੇ ਦੌਰਾਨ ਪਾਕਿਸਤਾਨ ਵੱਲੋਂ ਭਾਰਤ ਵਿਰੁੱਧ ਆਪਣੇ ਪਰਮਾਣੂ ਹਥਿਆਰ ਵਰਤਣ ਦੀ ਵੀ ਧਮਕੀ ਦੇ ਦਿੱਤੀ ਗਈ। ਦੂਜੇ ਪਾਸੇ ਭਾਰਤ ਕੋਲ ਵੀ ਪਰਮਾਣੂ ਹਥਿਆਰ ਹਨ। ਜਿਸ ਕਰਕੇ ਭਾਰਤ ਤੇ ਪਾਕਿਸਤਾਨ ਵਿਚਾਲੇ ਸ਼ੁਰੂ ਹੋਇਆ ਸੰਘਰਸ਼ ਪਰਮਾਣੂ ਜੰਗ ਵਿੱਚ ਬਦਲਣ ਦੇ ਆਸਾਰ ਬਣਦੇ ਜਾ ਰਹੇ ਸਨ ਕਿ ਚੰਗੇ ਭਾਗੀਂ ਦੋਵੇਂ ਦੇਸ਼ਾਂ ਵਿਚਾਲੇ ਜੰਗਬੰਦੀ ਹੋ ਗਈ। ਜਿਸ ਕਰਕੇ ਦੁਨੀਆ ਤੋਂ ਇੱਕ ਵਾਰ ਤਾਂ ਪਰਮਾਣੂ ਜੰਗ ਦਾ ਖ਼ਤਰਾ ਟਲ ਗਿਆ ਪਰ ਪੂਰੀ ਦੁਨੀਆਂ 'ਤੇ ਪਰਮਾਣੂ ਜੰਗ ਦਾ ਵੱਡਾ ਖ਼ਤਰਾ ਲਗਾਤਾਰ ਬਣਿਆ ਹੋਇਆ ਹੈ ਕਿਉਂਕਿ ਰੂਸ ਅਤੇ ਯੂਕ੍ਰੇਨ ਵਿਚਾਲੇ ਜੰਗ ਅਜੇ ਜਾਰੀ ਹੈ ਅਤੇ ਰੂਸ ਪਰਮਾਣੂ ਹਥਿਆਰ ਸੰਪੰਨ ਦੇਸ਼ ਹੈ, ਜਦੋਂ ਕਿ ਯੂਕ੍ਰੇਨ ਦੀ ਸਹਾਇਤਾ ਕਰ ਰਹੇ ਯੂਰੋਪੀਅਨ ਦੇਸ਼ਾਂ ਕੋਲ ਵੀ ਪਰਮਾਣੂ ਹਥਿਆਰ ਹਨ। ਇਸ ਕਰਕੇ ਅੰਦਾਜ਼ਾ ਲਗਾਇਆ ਜਾ ਰਿਹਾ ਹੈ ਕਿ ਰੂਸ ਅਤੇ ਯੂਕ੍ਰੇਨ ਵਿਚਾਲੇ ਚੱਲ ਰਿਹਾ ਸੰਘਰਸ਼ ਕਦੇ ਵੀ ਪਰਮਾਣੂ ਜੰਗ ਵਿੱਚ ਬਦਲ ਸਕਦਾ ਹੈ।

ਸਟਾਕਹੋਮ ਇੰਟਰਨੈਸ਼ਨਲ ਪੀਸ ਰਿਸਰਚ ਇੰਸਟੀਚਿਊਟ ਦੇ ਅਨੁਸਾਰ, ਭਾਰਤ ਕੋਲ 180 ਪਰਮਾਣੂ ਹਥਿਆਰ ਹਨ ਅਤੇ ਪਾਕਿਸਤਾਨ ਕੋਲ ਲਗਭਗ 170 ਪਰਮਾਣੂ ਹਥਿਆਰ ਹਨ। ਇਹ ਹਥਿਆਰ ਨਾ ਸਿਰਫ਼ ਦੋਵਾਂ ਦੇਸ਼ਾਂ ਵਿੱਚ ਸਗੋਂ ਦੁਨੀਆ ਦੇ ਇੱਕ ਵੱਡੇ ਹਿੱਸੇ ਵਿੱਚ ਤਬਾਹੀ ਮਚਾ ਸਕਦੇ ਹਨ। ਇੱਕ ਰਿਪੋਰਟ ਦੇ ਅਨੁਸਾਰ, ਜਨਵਰੀ 2024 ਤੱਕ, ਦੁਨੀਆ ਭਰ ਵਿੱਚ 12,121 ਪਰਮਾਣੂ ਹਥਿਆਰ ਸਨ। ਇਹਨਾਂ ਵਿੱਚੋਂ, 9,585 ਫ਼ੌਜੀ ਰਿਜ਼ਰਵ ਵਿੱਚ ਰੱਖੇ ਗਏ ਸਨ, ਜਿਨ੍ਹਾਂ ਵਿੱਚੋਂ 3,904 ਸਰਗਰਮੀ ਨਾਲ ਤਾਇਨਾਤ ਸਨ। ਇਹ ਸਾਲ 2023 ਨਾਲੋਂ 60 ਗੁਣਾ ਵੱਧ ਹੈ। ਇਸ ਤਰ੍ਹਾਂ ਦੁਨੀਆ ਵਿੱਚ ਪਰਮਾਣੂ ਹਥਿਆਰਾਂ ਦੀ ਨਵੀਂ ਦੌੜ ਸ਼ੁਰੂ ਹੋ ਚੁੱਕੀ ਹੈ। ਹੁਣ ਜੇਕਰ ਕਿਤੇ ਵੀ ਪਰਮਾਣੂ ਜੰਗ ਹੁੰਦੀ ਹੈ ਤਾਂ ਨਾ ਤਾਂ ਕੋਈ ਜੇਤੂ ਹੋਵੇਗਾ ਅਤੇ ਨਾ ਹੀ ਹਾਰਿਆ ਹੋਇਆ ਦੇਸ਼। ਨਾ ਸਿਰਫ਼ ਪਰਮਾਣੂ ਬੰਬਾਂ ਦੀ ਵਰਤੋਂ ਕਰਨ ਵਾਲੇ ਦੇਸ਼ ਤਬਾਹ ਹੋਣਗੇ, ਸਗੋਂ ਗੁਆਂਢੀ ਦੇਸ਼ਾਂ ਵਿੱਚ ਵੀ ਭਾਰੀ ਤਬਾਹੀ ਹੋਵੇਗੀ। ਇੱਕ ਪਰਮਾਣੂ ਜੰਗ ਮਨੁੱਖਤਾ ਦੇ ਵਿਨਾਸ਼ ਦੀ ਜੰਗ ਹੋਵੇਗੀ। ਇਸ ਸਮੇਂ ਦੁਨੀਆ ਦੇ 9 ਦੇਸ਼ਾਂ ਕੋਲ ਸੋਲਾਂ ਹਜ਼ਾਰ ਤਿੰਨ ਸੌ ਪਰਮਾਣੂ ਅਤੇ ਹਾਈਡ੍ਰੋਜਨ ਬੰਬ ਹਨ, ਜੋ ਪੂਰੀ ਦੁਨੀਆ ਨੂੰ ਕਈ ਵਾਰ ਤਬਾਹ ਕਰਨ ਦੀ ਸਮਰੱਥਾ ਰੱਖਦੇ ਹਨ। ਭਾਵੇਂ ਧਰਤੀ ਨੂੰ ਪਰਮਾਣੂ ਬੰਬਾਂ ਦੀ ਵਰਤੋਂ ਤੋਂ ਬਚਾਉਣ ਦੀਆਂ ਕੋਸ਼ਿਸ਼ਾਂ ਹਮੇਸ਼ਾ ਕੀਤੀਆਂ ਜਾਂਦੀਆਂ ਰਹੀਆਂ ਹਨ, ਪਰ ਇਨ੍ਹਾਂ ਦਿਨਾਂ ਵਿੱਚ ਇਨ੍ਹਾਂ ਬੰਬਾਂ ਦੇ ਫਟਣ ਦਾ ਖ਼ਤਰਾ ਫਿਰ ਤੋਂ ਮੰਡਰਾ ਰਿਹਾ ਹੈ। ਜੇਕਰ ਕਿਤੇ ਵੀ ਦੋ ਦੇਸ਼ਾਂ ਵਿਚਾਲੇ ਜੰਗ ਹੁੰਦੀ ਹੈ, ਤਾਂ ਪਰਮਾਣੂ ਬੰਬਾਂ ਦੀ ਵਰਤੋਂ ਕੀਤੀ ਜਾ ਸਕਦੀ ਹੈ। ਇਸ ਨਾਲ ਜੋ ਤਬਾਹੀ ਹੋਵੇਗੀ, ਉਸ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ।

ਰੂਸ ਪਰਮਾਣੂ ਬੰਬਾਂ ਦੀ ਦੌੜ ਵਿੱਚ ਸਭ ਤੋਂ ਅੱਗੇ ਹੈ। ਉਸਨੇ 1949 ਵਿੱਚ ਪਰਮਾਣੂ ਬੰਬ ਬਣਾਉਣ ਦੀ ਤਕਨੀਕ ਵਿਕਸਤ ਕੀਤੀ ਸੀ। ਰੂਸ ਕੋਲ ਇਸ ਸਮੇਂ ਅੱਠ ਹਜ਼ਾਰ ਪਰਮਾਣੂ ਬੰਬ ਤਿਆਰ ਹਨ, ਜਿਨ੍ਹਾਂ ਨੂੰ ਉਸਨੇ ਵੱਖ-ਵੱਖ ਥਾਂਵਾਂ 'ਤੇ ਸੁਰੱਖਿਅਤ ਢੰਗ ਨਾਲ ਰੱਖਿਆ ਹੋਇਆ ਹੈ। ਇਸ ਤੋਂ ਇਲਾਵਾ, ਕੋਈ ਨਹੀਂ ਜਾਣਦਾ ਕਿ ਉਸ ਦੇ ਭੰਡਾਰ ਵਿੱਚ ਕਿੰਨੇ ਛੋਟੇ ਬੰਬ ਮੌਜੂਦ ਹਨ। ਜਦੋਂ ਕਿ ਅਮਰੀਕਾ ਨੇ ਰੂਸ ਤੋਂ ਚਾਰ ਸਾਲ ਪਹਿਲਾਂ ਯਾਨੀ 1945 ਵਿੱਚ ਹੀ ਪਰਮਾਣੂ ਬੰਬ ਵਿਕਸਤ ਕਰਨ ਦੀ ਸਮਰੱਥਾ ਵਿਕਸਤ ਕਰ ਲਈ ਸੀ। ਇਸ ਦੇ ਹਥਿਆਰਾਂ ਦੇ ਭੰਡਾਰ ਵਿੱਚ ਸੱਤ ਸੌ ਤੋਂ ਤਿੰਨ ਸੌ ਪਰਮਾਣੂ ਬੰਬ ਸਟੋਰ ਕੀਤੇ ਹੋਏ ਹਨ। ਚੀਨ ਤੀਜੇ ਨੰਬਰ 'ਤੇ ਹੈ। ਉਸ ਕੋਲ ਸਿਰਫ਼ ਢਾਈ ਸੌ ਪਰਮਾਣੂ ਬੰਬ ਹਨ। ਚੀਨ ਨੇ ਇਹ ਤਕਨਾਲੋਜੀ 1964 ਵਿੱਚ ਹਾਸਲ ਕੀਤੀ ਸੀ।

ਸਭ ਤੋਂ ਖ਼ਤਰਨਾਕ ਗੱਲ ਇਹ ਹੈ ਕਿ ਜਿੱਥੇ ਇੱਕ ਪਾਸੇ ਦੁਨੀਆ ਵਿੱਚ ਇਨ੍ਹਾਂ ਵੱਡੇ ਬੰਬਾਂ ਦਾ ਵੱਡਾ ਭੰਡਾਰ ਹੈ, ਉੱਥੇ ਦੂਜੇ ਪਾਸੇ ਰੱਖਿਆ ਵਿਗਿਆਨੀਆਂ ਦੀ ਪਹਿਲਕਦਮੀ 'ਤੇ ਛੋਟੇ ਪੱਧਰ ਦੇ ਪਰਮਾਣੂ ਬੰਬ ਬਣਾਉਣ ਦੀ ਇੱਕ ਨਵੀਂ ਪ੍ਰਕਿਰਿਆ ਸ਼ੁਰੂ ਹੋ ਗਈ ਹੈ। ਦੁਨੀਆ ਦੇ ਵੱਡੇ ਦੇਸ਼ ਹੁਣ ਤੱਕ ਇਸ ਤੱਥ ਨੂੰ ਛੁਪਾਉਂਦੇ ਆ ਰਹੇ ਹਨ। ਪਰ ਹੁਣ ਸੱਚਾਈ ਸਾਹਮਣੇ ਆ ਗਈ ਹੈ ਕਿ ਕੁਝ ਦੇਸ਼ਾਂ ਕੋਲ ਪਹਿਲਾਂ ਹੀ ਵੱਡੀ ਗਿਣਤੀ ਵਿੱਚ ਛੋਟੇ ਪਰਮਾਣੂ ਬੰਬ ਹਨ ਜੋ ਛੋਟੇ ਖੇਤਰ ਵਿੱਚ ਭਾਰੀ ਤਬਾਹੀ ਮਚਾ ਸਕਦੇ ਹਨ। ਪਰਮਾਣੂ ਬੰਬਾਂ ਤੋਂ ਇਲਾਵਾ, ਰਸਾਇਣਿਕ ਅਤੇ ਬੈਕਟੀਰੀਆ ਫੈਲਾਉਣ ਵਾਲੇ ਬੰਬ ਵੀ ਸਰਬ ਉੱਚਤਾ ਦੀ ਜੰਗ ਦਾ ਕਾਰਨ ਬਣ ਗਏ ਹਨ। ਉੱਤਰੀ ਕੋਰੀਆ ਅਤੇ ਪਾਕਿਸਤਾਨ ਅਜਿਹੇ ਦੇਸ਼ ਬਣ ਗਏ ਹਨ ਜੋ ਕਿਸੇ ਵੀ ਸਮੇਂ ਵਿਸ਼ਵ ਸ਼ਾਂਤੀ ਲਈ ਖ਼ਤਰਾ ਪੈਦਾ ਕਰ ਸਕਦੇ ਹਨ।

ਅੰਤ ਵਿੱਚ ਕਿਹਾ ਜਾ ਸਕਦਾ ਹੈ ਕਿ ਦੋ ਵਿਸ਼ਵ ਜੰਗਾਂ ਦਾ ਸਾਹਮਣਾ ਕਰ ਚੁੱਕੀ ਇਸ ਦੁਨੀਆ ਅੱਗੇ ਤੀਜੀ ਵਿਸ਼ਵ ਜੰਗ,ਜੋ ਕਿ ਪਰਮਾਣੂ ਜੰਗ ਹੀ ਹੋਵੇਗੀ, ਦਾ ਖ਼ਤਰਾ ਮੰਡਰਾਅ ਰਿਹਾ ਹੈ। ਮਨੁੱਖ ਵੱਲੋਂ ਬਣਾਏ ਪਰਮਾਣੂ ਬੰਬ ਕਿਸੇ ਵੀ ਸਮੇਂ ਮਨੁੱਖ ਦੀ ਹੀ ਤਬਾਹੀ ਦਾ ਕਾਰਨ ਬਣ ਸਕਦੇ ਹਨ। ਚਾਹੀਦਾ ਤਾਂ ਇਹ ਹੈ ਕਿ ਵਿਸ਼ਵ ਵਿਚੋਂ ਪਰਮਾਣੂ ਹਥਿਆਰਾਂ ਦੀ ਦੌੜ ਖ਼ਤਮ ਕੀਤੀ ਜਾਵੇ ਅਤੇ ਵਿਸ਼ਵ ਸ਼ਾਂਤੀ ਲਈ ਵੱਡੇ ਉਪਰਾਲੇ ਕੀਤੇ ਜਾਣ। ਵੱਖ- ਵੱਖ ਦੇਸ਼ਾਂ ਨੂੰ ਆਪਣੇ ਮਸਲੇ ਜੰਗ ਕਰਨ ਦੀ ਥਾਂ ਆਪਸੀ ਗੱਲਬਾਤ ਰਾਹੀਂ ਹੱਲ ਕਰਨ ਵੱਧ ਧਿਆਨ ਦੇਣਾ ਚਾਹੀਦਾ ਹੈ।

# ਭਾਰਤ-ਪਾਕਿਸਤਾਨ ਜੰਗ ਸਬੰਧੀ ਸਿੱਖ ਪੱਖ

**ਪੰਚ ਪ੍ਰਧਾਨੀ ਯੂ.ਕੇ.**



ਪਿਛਲੇ ਦਿਨੀਂ ਭਾਰਤ ਅਤੇ ਪਾਕਿਸਤਾਨ ਵਿਚਾਲੇ ਜੰਗੀ ਝੜਪਾਂ ਹੋਈਆਂ ਹਨ। ਇਸ ਸਬੰਧੀ ਸਿੱਖ ਨੀਤੀ ਬਾਰੇ ਕਈ ਤਰ੍ਹਾਂ ਦੇ ਵਿਚਾਰ ਸਾਹਮਣੇ ਆਏ ਹਨ।ਅਸੀਂ ਭਾਵੇਂ ਜੰਗ ਦੇ ਪੱਖ ਵਿੱਚ ਨਹੀਂ ਹਾਂ, ਪਰ ਸਾਨੂੰ ਇਸ ਮਸਲੇ ਬਾਰੇ ਆਪਣੇ ਕੌਮੀ ਹਿੱਤਾਂ ਨੂੰ ਧਿਆਨ ਵਿੱਚ ਰੱਖ ਕੇ ਵਿਚਾਰਨਾ ਚਾਹੀਦਾ ਹੈ। ਭਾਰਤ ਦੀਆਂ ਹਿੰਦੂ ਧਾਰਮਿਕ ਰਾਸ਼ਟਰਵਾਦੀ ਤਾਕਤਾਂ ਸਾਡੀ ਹੋਂਦ ਨੂੰ ਖਤਮ ਕਰਨ ਦੀ ਨੀਤੀ ਦੇ ਅਧੀਨ ਚੱਲ ਰਹੀਆਂ ਹਨ। ਅਸੀਂ ਭਾਰਤੀ ਰਾਜ ਅਤੇ ਹਿੰਦੂ ਧਰਮ ਨੂੰ ਕ੍ਰਮਵਾਰ ਵਿਦੇਸ਼ੀ ਰਾਜ ਅਤੇ ਵਿਦੇਸ਼ੀ ਧਰਮ ਸਮਝਦੇ ਹਾਂ।

ਅੱਜ ਤੱਕ ਪਾਕਿਸਤਾਨ ਵੀ ਸਾਡੇ ਕੌਮੀ ਸੰਘਰਸ਼ ਦਾ ਖੁੱਲ੍ਹਾ ਸਮਰਥਕ ਨਹੀਂ ਰਿਹਾ। ਇਸ ਲਈ ਜ਼ਰੂਰੀ ਹੈ ਕਿ ਅਸੀਂ ਇਸ ਜੰਗੀ ਮਾਹੌਲ ਨੂੰ ਯੁੱਧਨੀਤਿਕ ਤੌਰ 'ਤੇ ਆਪਣੇ ਕੌਮੀ ਸੰਘਰਸ਼ ਦੀ ਮਜ਼ਬੂਤੀ ਲਈ ਵਰਤੀਏ। ਇਸ ਲਈ ਜ਼ਰੂਰੀ ਹੈ ਕਿ ਅਸੀਂ ਜੰਗ ਦੇ ਕੌਮਾਂਤਰੀ ਰਾਜਨੀਤੀ ਅਤੇ ਦੇਸ਼ਾਂ ਦੀ ਅੰਦਰੂਨੀ ਰਾਜਨੀਤੀ ਉੱਤੇ ਪੈਣ ਵਾਲੇ ਅਸਰਾਂ ਨੂੰ ਸਮਝੀਏ। ਪਿਛਲੀਆਂ ਦੋ ਸਦੀਆਂ ਤੋਂ ਜੰਗ ਰਾਜਾਂ ਵਿੱਚ ਸੰਸਥਾਗਤ ਤਬਦੀਲੀ ਲਿਆਉਣ ਦਾ ਮੁੱਖ ਕਾਰਨ ਬਣੀ ਰਹੀ ਹੈ। ਉਨ੍ਹੀਵੀਂ ਸਦੀ ਵਿੱਚ ਜੰਗੀ ਲੋੜਾਂ ਦੀ ਪੂਰਤੀ ਲਈ ਮਨੁੱਖੀ ਅਤੇ ਵਿੱਤੀ ਸਾਧਨਾਂ ਦੀ ਜ਼ਰੂਰਤ ਨੇ ਭਾਈਚਾਰਿਆਂ ਨੂੰ ਰਾਜਸੀ ਤਾਕਤ ਉੱਤੇ ਕਬਜ਼ਾ ਕਰਨ ਦੇ ਯੋਗ ਬਣਾਇਆ ਅਤੇ ਜਿਸ ਦੇ ਸਿੱਟੇ ਵਜੋਂ ਰਾਜਸ਼ਾਹੀਆਂ ਦਾ ਖਾਤਮਾ ਹੋਇਆ। ਅਮਰੀਕਾ ਅਤੇ ਫ਼ਰਾਂਸ ਦੀਆਂ ਕ੍ਰਾਂਤੀਆਂ ਅਤੇ ਯੂਰਪ ਦੇ ਦੂਜੇ ਖੇਤਰਾਂ ਵਿੱਚ ਰਾਜਸੀ ਤਬਦੀਲੀਆਂ ਨੇ ਭਾਈਚਾਰਿਆਂ ਨੂੰ ਤਾਕਤ ਦੇ ਕੇਂਦਰ ਅਤੇ ਸਰੋਤ ਬਣਾ ਦਿੱਤਾ। ਬਸਤੀਵਾਦੀ ਦੌਰ ਦੌਰਾਨ ਅਸੀਂ ਇੱਕ ਆਜ਼ਾਦ ਭਾਈਚਾਰੇ ਵਜੋਂ ਆਪਣੇ ਰਾਜ ਦੀ ਆਜ਼ਾਦੀ ਲਈ ਸੰਘਰਸ਼ ਕਰਨ ਤੋਂ ਅਸਫ਼ਲ ਰਹੇ। ਪੂਰੇ ਬਸਤੀਵਾਦੀ ਕਾਲ ਦੌਰਾਨ ਜਦੋਂ ਜੰਗਾਂ ਦੇ ਸਿੱਟੇ ਵਜੋਂ ਭਾਈਚਾਰੇ ਆਪਣੇ ਰਾਜ ਸਿਰਜ ਰਹੇ ਸਨ ਤਾਂ ਅਸੀਂ ਭਾਰਤੀ ਹਿੰਦੂ ਭਾਈਚਾਰੇ ਦਾ ਹਿੱਸਾ ਬਣੇ ਰਹੇ। ਭਾਰਤੀ ਆਜ਼ਾਦੀ ਤੋਂ ਬਾਅਦ ਜਿਉਂ ਹੀ ਸਾਡੇ ਅੰਦਰ ਭਾਈਚਾਰਕ ਸਵੈ ਚੇਤਨਾ ਜਾਗੀ ਤਾਂ ਭਾਰਤੀ ਰਾਜ ਅਤੇ ਹਿੰਦੂ ਤਾਕਤਾਂ ਵੱਲੋਂ ਸਾਡੇ ਉੱਤੇ ਧਰਮ, ਭਾਸ਼ਾ, ਪਰੰਪਰਾਵਾਂ ਅਤੇ ਸੱਭਿਆਚਾਰਕ ਪਛਾਣ ਨੂੰ ਖਤਮ ਕਰਨ ਦੀ ਨੀਤੀ ਪੂਰੀ ਤਰ੍ਹਾਂ ਨਾਲ ਲਾਗੂ ਕੀਤੀ ਗਈ। ਇਸ ਅਦਿੱਖ ਅਤੇ ਸੂਖਮ ਨੀਤੀ ਦੀ ਸਮਝ ਭਾਰਤੀ ਸਟੇਟ ਵੱਲੋਂ 1984 ਦੇ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸ੍ਰੀ ਦਰਬਾਰ ਸਾਹਿਬ ਉੱਤੇ ਕੀਤੇ ਹਮਲੇ ਤੋਂ ਬਾਅਦ ਸਿੱਖਾਂ ਦੇ ਵੱਡੇ ਹਿੱਸੇ ਨੂੰ ਸਮਝ ਪਈ। ਇਹ ਜੰਗ ਸਾਡੇ ਅੰਦਰ ਭਾਈਚਾਰਕ ਸਵੈ ਚੇਤਨਾ ਜਗਾਉਣ ਦਾ ਸਰੋਤ ਬਣੀ। ਇਸੇ ਭਾਈਚਾਰਕ ਸਵੈ ਚੇਤਨਾ ਕਾਰਨ ਸਾਡੇ ਹਜ਼ਾਰਾਂ ਸਿੱਖ ਯੋਧਿਆਂ ਨੇ ਭਾਰਤੀ ਰਾਜ ਨਾਲ ਲੜਦਿਆਂ ਸ਼ਹੀਦੀਆਂ ਪਾਈਆਂ। ਇਸ ਕਰਕੇ ਭਾਰਤੀ ਰਾਜ ਅਤੇ ਹਿੰਦੂ ਰਾਸ਼ਟਰਵਾਦੀ ਤਾਕਤਾਂ ਸਾਡੇ ਲਈ ਦੁਸ਼ਮਣ ਧਿਰਾਂ ਹਨ। ਦੁਸ਼ਮਣ ਧਿਰ ਦੀ ਫ਼ੌਜੀ ਅਤੇ ਵਿੱਤੀ ਤਾਕਤ ਦਾ ਪਤਨ, ਸਿੱਖ ਰਾਜ ਦੀ ਸਥਾਪਤੀ ਲਈ ਫ਼ਾਇਦੇਮੰਦ ਹੈ। ਜੰਗ ਹਮੇਸ਼ਾ ਕੇਂਦਰੀ ਸੱਤਾ ਦੇ ਵਿੱਤੀ ਤਕਨੀਕੀ ਅਤੇ ਮਨੁੱਖੀ ਸਰੋਤਾਂ ਨੂੰ ਕਮਜ਼ੋਰ ਕਰਦੀ ਹੈ।

ਜੇ ਖੇਤਰੀ ਜੰਗ ਦੇ ਕੌਮਾਂਤਰੀ ਪੱਧਰ 'ਤੇ ਫ਼ੈਲਣ ਦਾ ਖਤਰਾ ਹੋਵੇ ਤਾਂ ਕੌਮਾਂਤਰੀ ਤਾਕਤਾਂ ਜੰਗ ਕਰਨ ਵਾਲੇ ਦੇਸ਼ਾਂ ਨੂੰ ਤੋੜਨ ਦੀ ਨੀਤੀ ਵੀ ਅਪਣਾਉਂਦੀਆਂ ਹਨ । ਯੂਰਪ ਵਿੱਚ ਯੂਗੋਸਲਾਵੀਆ ਇਸ ਵਰਤਾਰੇ ਦੀ ਵੱਡੀ ਮਿਸਾਲ ਹੈ। ਪਰ ਜੰਗਾਂ ਦੇ ਸਿੱਟੇ ਵਜੋਂ ਹੋਣ ਵਾਲੀਆ ਰਾਜਨੀਤਿਕ ਸੰਸਥਾਈ ਤਬਦੀਲੀਆਂ ਤੋਂ ਫ਼ਾਇਦਾ ਲੈਣ ਲਈ ਭਾਈਚਾਰਿਆਂ ਕੋਲ ਤਾਕਤਵਰ ਕੌਮੀ ਸੰਗਠਨ ਅਤੇ ਕੌਮਾਂਤਰੀ ਤੌਰ ਤੇ ਮਾਨਤਾ ਪ੍ਰਾਪਤ ਅਗਵਾਈ ਹੋਣੀ ਜਰੂਰੀ ਹੁੰਦੀ ਹੈ। ਸਾਡੇ ਲਈ ਜ਼ਰੂਰੀ ਹੈ ਕਿ ਅਸੀਂ ਇਸ ਜੰਗੀ ਮਾਹੌਲ ਵਿੱਚ ਦੋਵੇਂ ਧਿਰਾਂ ਦੀਆਂ ਕੂਟਨੀਤਕ ਲੋੜਾਂ ਨੂੰ ਸਮਝੀਏ ਅਤੇ ਇਹਨਾਂ ਲੋੜਾਂ ਵਿੱਚੋਂ ਆਪਣੇ ਕੌਮੀ ਸੰਗਠਨ ਅਤੇ ਕੌਮੀ ਅਗਵਾਈ ਪੈਦਾ ਕਰਨ ਦੀ ਕੋਸ਼ਿਸ਼ ਕਰੀਏ।

# ਅਮਰੀਕਾ ਦੇ ਪਾਕਿਸਤਾਨ ਨਾਲ ਗੁੱਝੇ ਰਿਸ਼ਤੇ ਤੇ ਭਾਰਤ

**ਸ਼ਿਵਕਾਂਤ ਸ਼ਰਮਾ**




ਲਗਪਗ 60 ਸਾਲ ਪਹਿਲਾਂ 1965 ਦੀ ਲੜਾਈ ਹਾਰ ਜਾਣ ਤੋਂ ਬਾਅਦ ਪਾਕਿਸਤਾਨ ਦੇ ਵਿਦੇਸ਼ ਮੰਤਰੀ ਜ਼ੁਲਫਿਕਾਰ ਅਲੀ ਭੁੱਟੋ ਨੇ ਕਿਹਾ ਸੀ ਕਿ ਜੇਕਰ ਭਾਰਤ ਨੇ ਪਰਮਾਣੂ ਬੰਬ ਬਣਾਇਆ ਤਾਂ ਅਸੀਂ ਹਜ਼ਾਰ ਸਾਲ ਤੱਕ ਘਾਹ ਤੇ ਪੱਤੇ ਖਾ ਕੇ ਜੀ ਲਵਾਂਗੇ, ਭੁੱਖੇ ਰਹਿ ਲਵਾਂਗੇ, ਪਰ ਆਪਣਾ ਬੰਬ ਬਣਾ ਕੇ ਦਮ ਲਵਾਂਗੇ। ਇਸ ਦਾ ਪਿਛੋਕੜ ਇਹ ਸੀ ਕਿ ਅਮਰੀਕੀ ਰਾਸ਼ਟਰਪਤੀ ਆਇਜਨਹਾਵਰ ਦੀ ਐਟਮ ਫਾਰ ਪੀਸ ਯੋਜਨਾ ਦੇ ਤਹਿਤ ਪਾਕਿਸਤਾਨ ਨੂੰ 1960 'ਚ ਕਰਾਚੀ ਦਾ ਪਰਮਾਣੂ ਬਿਜਲੀ ਘਰ ਤੇ 1965 'ਚ ਰਾਵਲਪਿੰਡੀ ਦਾ ਰਿਸਰਚ ਰਿਐਕਟਰ ਮਿਲਿਆ ਸੀ ਜਿਸ ਦਾ ਈਂਧਨ ਅਮਰੀਕਾ ਸਪਲਾਈ ਕਰਦਾ ਸੀ। ਦੋ ਲੜਾਈਆਂ ਹਾਰ ਚੁੱਕੇ ਪਾਕਿਸਤਾਨ ਨੂੰ ਇਹ ਡਰ ਸਤਾਉਣ ਲੱਗਾ ਸੀ ਕਿ ਜੇ ਭਾਰਤ ਨੇ ਪਹਿਲਾਂ ਪਰਮਾਣੂ ਬੰਬ ਬਣਾ ਲਿਆ ਤਾਂ ਫਿਰ ਉਸ ਦਾ ਕੀ ਹੋਵੇਗਾ? ਅਮਰੀਕਾ ਦੇ ਨਾਲ-ਨਾਲ ਪਾਕਿਸਤਾਨ ਵੀ ਚੀਨ ਨਾਲ ਰਿਸ਼ਤੇ ਵਧਾਅ ਰਿਹਾ ਸੀ। ਮਾਰਚ 1963 ਦੇ ਚੀਨ-ਪਾਕਿਸਤਾਨ ਦੇ ਸਮਝੌਤੇ ਦੇ ਤਹਿਤ ਉਹ ਕਾਰਾਕੋਰਮ ਕਸ਼ਮੀਰ ਦੀ ਲਗਪਗ 5000 ਵਰਗ ਕਿਲੋਮੀਟਰ ਦੀ ਪੱਟੀ ਉਸ ਨੂੰ ਭੇਟ ਕਰ ਚੁੱਕਾ ਸੀ। ਚੀਨ ਨੇ ਅਕਤੂਬਰ 1964 'ਚ ਜੰਮੂ ਕਸ਼ਮੀਰ ਦੀ ਸਰਹੱਦ ਨਾਲ ਲਗਦੇ ਸ਼ਿਨਜਿਆਂਗ 'ਚ ਆਪਣਾ ਪਹਿਲਾ ਪਰਮਾਣੂ ਪ੍ਰੀਖਣ ਕੀਤਾ ਸੀ। ਸੁਰੱਖਿਆ ਦੀ ਇਸ ਦੋਤਰਫ਼ਾ ਚੁਣੌਤੀ ਨੂੰ ਦੇਖਦੇ ਹੋਏ ਭਾਰਤ ਨੂੰ ਆਪਣੇ ਪਰਮਾਣੂ ਨਿਸ਼ਸਤ੍ਰੀਕਰਨ ਦੇ ਸਿਧਾਂਤ ਦੇ ਬਾਵਜੂਦ ਪਰਮਾਣੂ ਸ਼ਕਤੀ ਦਾ ਵਿਕਾਸ ਕਰਨਾ ਪਿਆ, ਜਿਸ ਦਾ ਸਿਖਰ 1974 ਪੋਖਰਨ ਪ੍ਰੀਖਣ 'ਚ ਹੋਇਆ। ਪੋਖਰਨ ਤੋਂ ਬਾਅਦ ਪਾਕਿਸਤਾਨ ਹੋਰ ਵੀ ਮੁਸਤੈਦੀ ਨਾਲ ਚੀਨ ਦੀ ਮਦਦ ਤੇ ਯੂਰਪ ਤੋਂ ਤਕਨੀਕ ਦੀ ਚੋਰੀ ਕਰਦੇ ਹੋਏ ਪਰਮਾਣੂ ਸ਼ਕਤੀ ਦੇ ਵਿਕਾਸ 'ਚ ਰੁੱਝ ਗਿਆ। ਪਰਮਾਣੂ ਦਾ ਪਸਾਰ ਨਾ ਕਰਨ ਦੀ ਵਕਾਲਤ ਕਰਨ ਵਾਲਾ ਅਮਰੀਕਾ ਜਾਣਦਾ ਸੀ ਕਿ ਕਮਿਊਨਿਸਟ ਤਾਨਾਸ਼ਾਹੀ ਵਾਲਾ ਚੀਨ ਪਾਕਿਸਤਾਨ ਨੂੰ ਪਰਮਾਣੂ ਤਕਨੀਕ ਦੇ ਰਿਹਾ ਹੈ ਜੋ ਇੱਕ ਨਾਜਾਇਜ਼ ਕੰਮ ਹੈ ਤੇ ਇਸ ਕਾਰਨ ਪੂਰੇ ਦੱਖਣੀ ਅਤੇ ਪੱਛਮੀ ਏਸ਼ੀਆ 'ਚ ਤਣਾਅ ਫੈਲ ਸਕਦਾ ਹੈ, ਫਿਰ ਵੀ ਉਸ ਨੇ ਇਹ ਸਭ ਨਜ਼ਰਅੰਦਾਜ਼ ਕੀਤਾ ਕਿਉਂਕਿ ਉਹ ਚੀਨ ਨਾਲ ਰਿਸ਼ਤੇ ਬਣਾਉਣ 'ਚ ਲੱਗਾ ਸੀ ਤਾਂ ਜੋ ਉਸ ਨੂੰ ਸੋਵੀਅਤ ਖੇਮੇ ਤੋਂ ਕੱਢ ਸਕੇ। ਇਸੇ ਵਿਚਾਲੇ ਇਰਾਨ 'ਚ ਇਸਲਾਮੀ ਕ੍ਰਾਂਤੀ ਹੋ ਗਈ ਤੇ ਅਫਗਾਨਿਸਤਾਨ 'ਤੇ ਸੋਵੀਅਤ ਸੰਘ ਦਾ ਕਬਜ਼ਾ ਹੋ ਗਿਆ। ਪਾਕਿਸਤਾਨ ਨੂੰ ਅਮਰੀਕਾ ਵੱਲੋਂ ਮਨਮਰਜ਼ੀ ਕਰਨ ਦੀ ਛੋਟ ਮਿਲ ਗਈ। ਪਾਕਿਸਤਾਨ ਨੇ ਨਾ ਸਿਰਫ਼ ਆਪਣੇ ਪਰਮਾਣੂ ਬੰਬ ਬਣਾਏ, ਬਲਕਿ ਉਨ੍ਹਾਂ ਦੀ ਤਕਨੀਕ ਇਰਾਨ ਤੇ ਉੱਤਰੀ ਕੋਰੀਆ ਨੂੰ ਵੀ ਵੇਚੀ। ਅਮਰੀਕਾ ਨੇ ਭਾਰਤ ਲਈ ਪਾਕਿਸਤਾਨ ਤੇ ਆਪਣੇ ਲਈ ਇਰਾਨ ਤੇ ਉੱਤਰੀ ਕੋਰੀਆ ਦੇ ਰੂਪ 'ਚ ਦੋ ਭਸਮਾਸੁਰ ਖੜ੍ਹੇ ਕਰ ਲਏ।


ਅਫਗਾਨਿਸਤਾਨ ਤੋਂ ਸੋਵੀਅਤ ਸੰਘ ਨੂੰ ਦੂਰ ਕਰਨ ਲਈ ਅਮਰੀਕਾ ਨੇ ਪਾਕਿਸਤਾਨ ਨੂੰ ਹਥਿਆਰ ਦਿੱਤੇ ਤੇ ਸਾਊਦੀ ਅਰਬ ਤੋਂ ਪੈਸਾ ਦਿਵਾਇਆ ਜਿਸ ਦੀ ਵਰਤੋਂ ਉਸ ਨੇ ਇਸਲਾਮੀ ਜਿਹਾਦ ਕਰਨ ਵਾਲੇ ਮੁਜਾਹੀਦੀਨ ਦਸਤੇ ਬਣਾਉਣ ਦੇ ਨਾਲ ਪੰਜਾਬ 'ਚ ਖ਼ਾਲਿਸਤਾਨੀ ਅੱਤਵਾਦ ਨੂੰ ਹਵਾ ਦੇਣ 'ਚ ਕੀਤੀ। ਜਿਹਾਦੀ ਜੰਗ 'ਚ ਸੋਵੀਅਤ ਸੰਘ ਦੀ ਹਾਰ ਨਾਲ ਉਤਸ਼ਾਹਿਤ ਪਾਕਿਸਤਾਨ ਖੁਫੀਆ ਏਜੰਸੀਆਂ ਨੇ ਤੇ ਫ਼ੌਜ ਨੇ ਉਹੀ ਨੁਸਖਾ ਜੰਮੂ-ਕਸ਼ਮੀਰ 'ਚ ਹਿਜ਼ਬੁਲ, ਲਸ਼ਕਰ ਅਤੇ ਜੈਸ਼ ਵਰਗੇ ਜਿਹਾਦੀ ਅੱਤਵਾਦੀ ਭੇਜ ਕੇ ਅਜ਼ਮਾਇਆ, ਜੋ ਅੱਜ ਤੱਕ ਜਾਰੀ ਹੈ। ਇਸ 'ਚ ਅਮਰੀਕਾ ਦਾ ਭਲਾ ਨਹੀਂ ਹੋਇਆ। ਉਸ ਨੇ ਜਿਸ ਅਫਗਾਨਿਸਤਾਨ 'ਚ ਜਿਹਾਦੀ ਜੰਗ ਕਰਵਾ ਕੇ ਸੋਵੀਅਤ ਸੰਘ ਨੂੰ ਦੂਰ ਕੀਤਾ, ਅਲਕਾਇਦਾ ਨੇ ਉਥੇ ਹੀ ਅੱਡਾ ਬਣਾਇਆ ਤੇ ਅਮਰੀਕਾ ਦੇ ਵਰਲਡ ਟਰੇਡ ਸੈਂਟਰ 'ਤੇ 2001 'ਚ ਅੱਤਵਾਦੀ ਹਮਲਾ ਕੀਤਾ। ਹਮਲਾ ਕਰਨ ਵਾਲੇ ਅੱਤਵਾਦੀਆਂ 'ਚ ਪਾਕਿਸਤਾਨ ਦਾ ਤਾਂ ਕੋਈ ਨਹੀਂ ਸੀ, ਪਰ ਉਸ ਦੀ ਯੋਜਨਾ ਬਣਾਉਣ ਵਾਲਾ ਖ਼ਾਲਿਦ ਸ਼ੇਖ਼ ਪਾਕਿਸਤਾਨੀ ਸੀ, ਜਿਸ ਨੂੰ ਫ਼ੌਜ ਮੁੱਖ ਦਫ਼ਤਰ ਕੋਲ ਰਾਵਲਪਿੰਡੀ ਤੋਂ ਫੜਿਆ ਗਿਆ। ਅਲਕਾਇਦਾ ਸਰਗਨਾ ਓਸਾਮਾ ਬਿਨ ਲਾਦੇਨ ਨੂੰ ਵੀ ਰਾਵਲਪਿੰਡੀ ਦੇ ਕੋਲ ਐਬਟਾਬਾਦ ਘਰ 'ਚ ਮਾਰਿਆ ਗਿਆ।

ਰਾਵਲਪਿੰਡੀ ਪਾਕਿਸਤਾਨੀ ਫ਼ੌਜ ਦਾ ਮੁੱਖ ਦਫ਼ਤਰ ਹੋਣ ਦੇ ਨਾਲ-ਨਾਲ ਪਰਮਾਣੂ ਕੰਟਰੋਲ ਕੇਂਦਰ ਵੀ ਹੈ। ਲਾਦੇਨ ਤੇ ਖ਼ਾਲਿਦ ਸ਼ੇਖ਼ ਵਰਗੇ ਬਦਨਾਮ ਅੱਤਵਾਦੀਆਂ ਦੇ ਉਸੇ ਖੇਤਰ 'ਚ ਪਾਏ ਜਾਣ ਕਾਰਨ ਇਸ ਦੀ ਚਿੰਤਾ ਹੋਣਾ ਸੁਭਾਵਿਕ ਹੈ ਕਿ ਪਾਕਿਸਤਾਨ ਦੇ ਪਰਮਾਣੂ ਬੰਬ ਇਸਲਾਮੀ ਜਿਹਾਦੀਆਂ ਦੇ ਹੱਥਾਂ 'ਚ ਵੀ ਜਾ ਸਕਦੇ ਹਨ। ਅਮਰੀਕਾ ਨੇ ਕਈ ਵਾਰ ਉਸ ਦੇ ਪਰਮਾਣੂ ਕੰਟਰੋਲ ਕੇਂਦਰ 'ਤੇ ਕਬਜ਼ਾ ਕਰਨ ਦੀ ਐਮਰਜੈਂਸੀ ਯੋਜਨਾ ਦਾ ਜ਼ਿਕਰ ਕੀਤਾ ਹੈ, ਪਰ ਜੇ ਅਮਰੀਕਾ ਨੂੰ ਇੰਨੀ ਹੀ ਚਿੰਤਾ ਸੀ ਤਾਂ ਉਸ ਨੇ ਉਸ ਨੂੰ ਪਰਮਾਣੂ ਹਥਿਆਰ ਬਣਾਉਣ ਤੇ ਵੇਚਣ ਤੋਂ ਰੋਕਣ ਦੀ ਇਮਾਨਦਾਰੀ ਨਾਲ ਕੋਸ਼ਿਸ਼ ਕਿਉਂ ਨਹੀਂ ਕੀਤੀ? ਜੇ ਕੀਤੀ ਹੁੰਦੀ ਤਾਂ ਅੱਜ ਉਸ ਨੂੰ ਇਰਾਨ ਦੇ ਪਰਮਾਣੂ ਪ੍ਰੋਗਰਾਮ ਨੂੰ ਰੋਕਣ ਲਈ ਇੰਨੀ ਜ਼ਿਆਦਾ ਕੋਸ਼ਿਸ਼ ਨਾ ਕਰਨੀ ਪੈਂਦੀ ਤੇ ਦੱਖਣੀ ਏਸ਼ੀਆ 'ਚ ਹਾਲਾਤ ਬਿਹਤਰ ਹੁੰਦੇ।

ਇਰਾਨ ਇਸ ਦੀ ਵੀ ਮਿਸਾਲ ਹੈ ਕਿ ਜਿਹਾਦੀ ਮਾਨਸਿਕਤਾ ਸਿਰਫ਼ ਫ਼ੌਜੀ ਹਮਲਿਆਂ ਨਾਲ ਖ਼ਤਮ ਨਹੀਂ ਕੀਤੀ ਜਾ ਸਕਦੀ। ਉਸ ਲਈ ਸਖ਼ਤ ਆਰਥਿਕ ਪਾਬੰਦੀਆਂ ਲਾ ਕੇ ਅੱਤਵਾਦੀਆਂ ਤੇ ਉਨ੍ਹਾਂ ਦੀ ਸਮਰਥਕ ਫ਼ੌਜ ਦਾ ਲੱਕ ਤੋੜਨ ਦੀ ਲੋੜ ਵੀ ਹੁੰਦੀ ਹੈ, ਪਰ ਅਮਰੀਕਾ ਨੇ ਲਗਪਗ ਹਮੇਸ਼ਾ ਇਸ ਦਾ ਉਲਟਾ ਕੀਤਾ ਹੈ। ਪਹਿਲਗਾਮ ਹਮਲੇ ਲਈ ਪਾਕਿਸਤਾਨ 'ਤੇ ਆਰਥਿਕ ਪਾਬੰਦੀ ਲਾਉਣ ਤੇ ਅੱਤਵਾਦੀ ਟਿਕਾਣੇ ਬੰਦ ਕਰ ਕੇ ਅੱਤਵਾਦੀਆਂ ਨੂੰ ਸੌਂਪਣ ਦੀ ਮੰਗ ਕਰਨ ਦੀ ਥਾਂ ਉਸ ਨੇ ਆਈ.ਐੱਮ.ਐੱਫ. ਤੋਂ ਉਸ ਲਈ ਕਰੋੜਾਂ ਡਾਲਰ ਦੇ ਕਰਜ਼ੇ ਦੀ ਕਿਸ਼ਤ ਮਨਜ਼ੂਰ ਕਰਵਾ ਦਿੱਤੀ।

(ਬਾਕੀ ਸਫ਼ਾ 31 'ਤੇ)

# ਪਰਮਾਣੂ ਜੰਗਾਂ ਤੋਂ ਵਿਸ਼ਵ ਨੂੰ ਬਚਾਉਣ ਲਈ ਦੱਖਣੀ ਏਸ਼ੀਆ ਪਹਿਲ ਕਰੇ



ਡਾ. ਅਰੁਣ ਮਿੱਤਰਾ



ਮੱਧ ਪੂਰਬ ਵਿੱਚ ਅਤੇ ਰੂਸ ਤੇ ਯੂਕ੍ਰੇਨ ਵਿਚਕਾਰ ਜੰਗਾਂ ਦੇ ਨਤੀਜੇ ਵਜੋਂ ਮਨੁੱਖੀ ਸੰਕਟ ਆਪਣੇ ਸਿਖਰ 'ਤੇ ਹੈ। ਇਜ਼ਰਾਇਲ ਅਤੇ ਹਮਾਸ ਵਿਚਕਾਰ ਜੰਗਬੰਦੀ ਦੇ ਬਾਵਜੂਦ ਗਾਜ਼ਾ ਦੇ ਬੇਸਹਾਰਾ ਨਾਗਰਿਕਾਂ ਨੂੰ ਬੰਬ ਧਮਾਕਿਆਂ ਤੋਂ ਕੋਈ ਰਾਹਤ ਨਹੀਂ ਮਿਲੀ ਹੈ। ਜੇਕਰ ਅਸੀਂ ਵੱਡੇ ਅਨੁਮਾਨਾਂ 'ਤੇ ਚੱਲੀਏ ਤਾਂ ਹੁਣ ਤੱਕ ਇੱਕ ਲੱਖ ਤੋਂ ਵੱਧ ਲੋਕ ਮਾਰੇ ਜਾ ਚੁੱਕੇ ਹਨ ਜਿਨ੍ਹਾਂ ਵਿੱਚੋਂ ਜ਼ਿਆਦਾਤਰ ਔਰਤਾਂ ਅਤੇ ਬੱਚੇ ਹਨ। ਇਹ ਅਸਲ ਵਿੱਚ ਇਜ਼ਰਾਇਲ ਦੇ ਜ਼ਾਇਨਵਾਦੀ ਸ਼ਾਸਨ ਦੁਆਰਾ ਫ਼ਲਸਤੀਨੀਆਂ ਨੂੰ ਖ਼ਤਮ ਕਰਨ ਲਈ ਸਪੱਸ਼ਟ ਹਮਲਾ ਹੈ। ਪੈਰਾ-ਮੈਡੀਕਲ ਕਰਮਚਾਰੀਆਂ ਦੀ ਹਾਲ ਹੀ ਵਿੱਚ ਹੋਈ ਹੱਤਿਆ ਇਸ ਗੱਲ ਨੂੰ ਸਾਬਿਤ ਕਰਦੀ ਹੈ। ਅਮਰੀਕੀ ਪ੍ਰਸ਼ਾਸਨ ਨਵੀਨਤਮ ਉੱਚ-ਸ਼ਕਤੀ ਵਾਲੇ ਬੰਬਾਂ ਨਾਲ ਇਜ਼ਰਾਇਲ ਦਾ ਪੂਰਾ ਸਮਰਥਨ ਕਰ ਰਿਹਾ ਹੈ ਅਤੇ ਹਰ ਹਾਲਾਤ ਵਿੱਚ ਇਜ਼ਰਾਇਲ ਦੇ ਪਿੱਛੇ ਹੈ। ਇਸ ਨੇ ਜਨਵਰੀ 2025 ਵਿੱਚ ਇਜ਼ਰਾਇਲ ਨੂੰ 2000 ਪੌਂਡ ਦੇ ਬੰਬ ਜਾਰੀ ਕਰਨ ਦਾ ਅਧਿਕਾਰ ਦਿੱਤਾ। ਇਸ ਹਥਿਆਰ 'ਤੇ ਪਹਿਲਾਂ ਰੋਕ ਲਾਈ ਗਈ ਸੀ। ਇਸੇ ਤਰ੍ਹਾਂ ਰੂਸ-ਯੂਕ੍ਰੇਨ ਯੁੱਧ ਦੇ ਨਤੀਜੇ ਵਜੋਂ ਮਨੁੱਖੀ ਦੁੱਖਾਂ ਦਾ ਅੰਤ ਨੇੜਲੇ ਭਵਿੱਖ ਵਿੱਚ ਹਕੀਕਤ ਬਣਦਾ ਨਹੀਂ ਜਾਪਦਾ, ਇਹ ਕਿ ਅਮਰੀਕਾ ਅਤੇ ਰੂਸੀ ਸਰਕਾਰਾਂ ਵਿਚਕਾਰ ਯੁੱਧ ਨੂੰ ਖ਼ਤਮ ਕਰਨ ਲਈ ਗੱਲਬਾਤ ਦਾ ਜਲਦੀ ਹੀ ਨਤੀਜਾ ਨਿਕਲੇਗਾ, ਅਨਿਸ਼ਚਿਤ ਹੈ। ਯੂਰੋਪੀਅਨ ਯੂਨੀਅਨ ਨੇ ਇਸ ਗੱਲਬਾਤ 'ਤੇ ਸਖ਼ਤ ਇਤਰਾਜ਼ ਜਤਾਇਆ ਹੈ। ਯੂਰੋਪੀਅਨ ਯੂਨੀਅਨ ਦੇ ਕਈ ਮੈਂਬਰ ਦੇਸ਼ਾਂ ਨੇ ਯੂਕ੍ਰੇਨ ਸਰਕਾਰ ਨੂੰ ਫ਼ੌਜੀ ਸਹਾਇਤਾ ਦਾ ਐਲਾਨ ਕੀਤਾ ਹੈ। ਯੂਕ੍ਰੇਨ ਦੁਆਰਾ ਜਾਰੀ ਕੀਤੇ ਅੰਕੜਿਆਂ, ਸੰਯੁਕਤ ਰਾਸ਼ਟਰ ਦੇ ਅੰਕੜਿਆਂ ਅਤੇ ਬੀ.ਬੀ.ਸੀ. ਰੂਸ ਦੁਆਰਾ ਪ੍ਰਕਾਸ਼ਿਤ ਓਪਨ-ਸੋਰਸ ਡੇਟਾ ਅਨੁਸਾਰ, 31 ਮਾਰਚ 2025 ਤੱਕ ਯੂਕ੍ਰੇਨੀ ਅਤੇ ਰੂਸੀ ਸੈਨਿਕਾਂ ਦੇ ਨਾਲ-ਨਾਲ ਯੂਕ੍ਰੇਨੀ ਨਾਗਰਿਕਾਂ ਦੀ ਕੁੱਲ ਮੌਤਾਂ ਦੀ ਗਿਣਤੀ 1,58,341 ਹੈ। ਨਾਟੋ ਯੂਕ੍ਰੇਨ ਨਾਲ ਮਜ਼ਬੂਤੀ ਨਾਲ ਖੜ੍ਹਾ ਹੈ ਅਤੇ ਇਹੀ ਗੱਲ ਰੂਸ ਨੂੰ ਪਰੇਸ਼ਾਨ ਕਰਦੀ ਹੈ।

ਜੇਕਰ ਇਹ ਯੁੱਧ ਜਾਰੀ ਰਹੇ ਤਾਂ ਪਰਮਾਣੂ ਹਥਿਆਰਾਂ ਦੀ ਵਰਤੋਂ ਦੇ ਖ਼ਦਸ਼ੇ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਇਜ਼ਰਾਇਲੀ ਵਿਰਾਸਤ ਮੰਤਰੀ ਅਮੀਚਾਈ ਏਲੀਆਹੂ ਨੇ ਪਰਮਾਣੂ ਹਥਿਆਰਾਂ ਦੀ ਵਰਤੋਂ ਦੀ ਧਮਕੀ ਦਿੱਤੀ ਸੀ। ਅਮਰੀਕੀ ਸੈਨੇਟਰ ਲਿੰਡਸੇ ਗ੍ਰਾਹਮ ਅਤੇ ਟਿਮ ਵਾਲਬਰਗ ਵੀ ਇਸੇ ਤਰ੍ਹਾਂ ਦੇ ਬਿਆਨ ਦਿੰਦੇ ਰਹੇ ਹਨ। ਇਹ ਬਿਆਨ ਇਜ਼ਰਾਇਲ ਦੇ ਫ਼ਲਸਤੀਨੀਆਂ ਨੂੰ ਤਬਾਹ ਕਰਨ ਦੇ ਮਨ ਦੀ ਪੁਸ਼ਟੀ ਕਰਦੇ ਹਨ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਇਰਾਨ ਵਿਰੁੱਧ ਹਮਲਾਵਰ ਬਿਆਨ ਵੀ ਇਸ ਦਿਸ਼ਾ ਵਿੱਚ ਗੰਭੀਰ ਖ਼ਤਰਾ ਹਨ। ਇੰਟਰਨੈਸ਼ਨਲ ਕੈਂਪੇਨ ਟੂ ਅਬੋਲਿਸ਼ ਨਿਊਕਲੀਅਰ ਵੈਪਨਜ਼ ਲਈ ਲਿਖੀ ਇੱਕ ਟਿੱਪਣੀ ਵਿੱਚ ਹੇਬਾ ਤਾਹਾ ਜੋ ਲੰਡਨ ਯੂਨੀਵਰਸਿਟੀ ਦੇ ਰਾਜਨੀਤੀ ਵਿਗਿਆਨ ਵਿਭਾਗ ਅਤੇ ਸੈਂਟਰ ਫਾਰ ਐਡਵਾਂਸਡ ਮਿਡਲ ਈਸਟਰਨ ਸਟੱਡੀਜ਼ ਵਿੱਚ ਐਸੋਸੀਏਟ ਸੀਨੀਅਰ ਲੈਕਚਰਾਰ ਹਨ, ਨੇ ਚਿਤਾਵਨੀ ਦਿੱਤੀ ਹੈ- 'ਪਿਛਲੇ ਸਾਲ ਦੌਰਾਨ ਗਾਜ਼ਾ ਵਿੱਚ ਹਿੰਸਾ ਦਾ ਵਰਣਨ ਪਰਮਾਣੂ ਸਮਾਨਤਾਵਾਂ ਦੀ ਵਰਤੋਂ ਕਰ ਕੇ ਕੀਤਾ ਗਿਆ ਹੈ। ਉਦਾਹਰਨ ਵਜੋਂ ਇਹ ਸੰਕੇਤ ਮਿਲਦੇ ਹਨ ਕਿ ਗਾਜ਼ਾ 'ਤੇ ਸੁੱਟੇ ਗਏ ਇਜ਼ਰਾਇਲੀ ਵਿਸਫੋਟਕਾਂ ਦੀ ਵਿਨਾਸ਼ਕਾਰੀ ਸ਼ਕਤੀ ਹੀਰੋਸ਼ੀਮਾ ਅਤੇ ਨਾਗਾਸਾਕੀ ਬੰਬਾਂ ਦੇ ਬਰਾਬਰ ਹੈ ਜਾਂ ਇਸ ਤੋਂ ਵੱਧ ਹੈ। ਇਹ ਰੂਪਕ ਗਾਜ਼ਾ ਨੂੰ ਇਨ੍ਹਾਂ ਪਰਮਾਣੂ ਟੀਚਿਆਂ ਨਾਲ ਜੋੜਨ ਦੀ ਕੋਸ਼ਿਸ਼ ਕਰਦੇ ਹਨ। ਇਹ ਰਿਪੋਰਟਾਂ ਸ਼ਾਇਦ ਰਵਾਇਤੀ ਅਤੇ ਗੈਰ-ਰਵਾਇਤੀ ਹਥਿਆਰਾਂ ਵਿਚਕਾਰ ਅੰਤਰ ਦੇ ਵਿਰੁੱਧ ਵੀ ਅਸਿੱਧੇ ਤੌਰ 'ਤੇ ਧੱਕਦੀਆਂ ਹਨ ਕਿਉਂਕਿ ਗਾਜ਼ਾ ਰਵਾਇਤੀ ਹਥਿਆਰਾਂ ਦੁਆਰਾ ਕੀਤੇ ਜਾ ਸਕਣ ਵਾਲੇ ਭਾਰੀ ਨੁਕਸਾਨ ਅਤੇ ਕਲਪਨਾ ਤੋਂ ਵੀ ਪਰ੍ਹੇ ਹਿੰਸਾ ਦੇ ਪ੍ਰਦਰਸ਼ਨ ਵਜੋਂ ਖੜ੍ਹਾ ਹੈ'। ਰੂਸ ਦੇ ਰਾਸ਼ਟਰਪਤੀ ਪੁਤਿਨ ਨੇ ਚੱਲ ਰਹੀ ਜੰਗ ਦੌਰਾਨ ਪਰਮਾਣੂ ਹਥਿਆਰਾਂ ਦੀ ਵਰਤੋਂ ਦੀ ਗੱਲ ਕੀਤੀ ਹੈ ਅਤੇ ਰੂਸ ਨੇ ਆਪਣੇ ਹਥਿਆਰਾਂ ਨੂੰ ਉੱਚ ਚਿਤਾਵਨੀ 'ਤੇ ਰੱਖਿਆ ਹੈ। ਚੱਲ ਰਹੀ ਜੰਗ ਵਿੱਚ ਇੱਕ ਸਮੇਂ ਪਰਮਾਣੂ ਪਾਵਰ ਪਲਾਂਟਾਂ ਲਈ ਗੰਭੀਰ ਖ਼ਤਰਾ ਦਿਖਾਈ ਦਿੱਤਾ ਸੀ। ਇਹ ਖ਼ਤਰਾ ਫਿਲਹਾਲ ਮੁਲਤਵੀ ਹੈ ਪਰ ਖ਼ਤਮ ਨਹੀਂ ਹੋਇਆ ਹੈ। 2025 ਵਿੱਚ ਵਧ ਰਹੇ ਭੂ-ਰਾਜਨੀਤਕ ਤਣਾਅ, 'ਖਤਰਨਾਕ ਪਰਮਾਣੂ ਬਿਆਨਬਾਜ਼ੀ ਅਤੇ ਧਮਕੀਆਂ' ਨਾਲ, ਚਿੰਤਾ ਦਾ ਕਾਰਨ ਬਣ ਰਹੇ ਹਨ। ਵਧ ਰਹੇ ਖ਼ਤਰੇ ਨੂੰ ਸਮਝਦੇ ਹੋਏ ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਨੇ ਕਾਨੂੰਨੀ ਤੌਰ 'ਤੇ ਬੰਧਨ ਵਾਲੇ ਪਰਮਾਣੂ ਹਥਿਆਰ 'ਤੇ ਪਾਬੰਦੀ ਵਾਲੀ ਸੰਧੀ ਦਾ ਸਮਰਥਨ ਕਰਨ ਲਈ ਕਾਰਵਾਈ ਕਰਨ ਦੀ ਮੰਗ ਕੀਤੀ ਹੈ। ਰਵਾਇਤੀ ਯੁੱਧ ਉਨ੍ਹਾਂ ਹਾਲਾਤ ਲਈ ਜਿੱਥੇ ਵਧੇਰੇ ਘਾਤਕ ਹਥਿਆਰ ਵਿਕਸਤ ਕੀਤੇ ਜਾਂਦੇ ਹਨ, ਪੂਰਵ ਸ਼ਰਤ ਹਨ। ਇਨ੍ਹਾਂ ਹਾਲਾਤ ਵਿੱਚ ਪਰਮਾਣੂ ਖ਼ਤਰਾ ਵਧ ਰਿਹਾ ਹੈ। ਇਸ ਲਈ ਇਹ ਜ਼ਰੂਰੀ ਹੈ ਕਿ ਜੇਕਰ ਅਸੀਂ ਪਰਮਾਣੂ ਹਥਿਆਰ ਖ਼ਤਮ ਕਰਨੇ ਹਨ ਤਾਂ ਰਵਾਇਤੀ ਯੁੱਧ ਰੋਕੇ ਜਾਣੇ ਚਾਹੀਦੇ ਹਨ। ਬਦਕਿਸਮਤੀ ਦੀ ਗੱਲ ਹੈ ਕਿ ਵਿਸ਼ਵ ਭਾਈਚਾਰਾ ਹੁਣ ਜਾਂ ਤਾਂ ਮੂਕ ਦਰਸ਼ਕ ਹੈ ਜਾਂ ਮੌਜੂਦਾ ਹਾਲਾਤ ਵਿੱਚ ਬੇਅਸਰ ਹੈ। ਸੰਯੁਕਤ ਰਾਸ਼ਟਰ ਵੀ ਵੱਖ-ਵੱਖ ਧਿਰਾਂ ਨੂੰ ਯੁੱਧ ਖ਼ਤਮ ਕਰਨ ਲਈ ਸਹਿਮਤ ਕਰਨ ਵਿੱਚ ਅਸਫਲ ਰਿਹਾ ਹੈ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੁਆਰਾ ਸ਼ੁਰੂ ਕੀਤਾ ਗਿਆ ਵਪਾਰ ਯੁੱਧ ਕਿਸੇ ਵੀ ਸਮੇਂ ਹਾਲਾਤ ਦੀ ਗੰਭੀਰਤਾ ਨੂੰ ਵਧਾ ਸਕਦਾ ਹੈ। ਗਲੋਬਲ ਸਾਊਥ (ਅਫਰੀਕਾ, ਏਸ਼ੀਆ, ਲਾਤੀਨੀ ਅਮਰੀਕਾ ਤੇ ਓਸ਼ਨੀਆ ਦੇ ਮੁਲਕ ਜੋ ਘੱਟ ਵਿਕਸਤ ਹਨ) ਜੋ ਪਹਿਲਾਂ ਹੀ ਵਾਂਝਾ ਖੇਤਰ ਹੈ, ਹੋਰ ਵੀ ਖ਼ਤਰਨਾਕ ਹਾਲਤ ਵਿੱਚ ਆ ਗਿਆ ਹੈ। ਇਹ ਜ਼ਰੂਰੀ ਹੈ ਕਿ ਗਲੋਬਲ ਸਾਊਥ ਨੂੰ ਇਨ੍ਹਾਂ ਯੁੱਧਾਂ ਨੂੰ ਖ਼ਤਮ ਕਰਨ ਲਈ ਵੱਡੀ ਅਤੇ ਕਾਰਗਰ ਪਹਿਲ ਕਰਨੀ ਚਾਹੀਦੀ ਹੈ। ਗੁੱਟ ਨਿਰਲੇਪ ਅੰਦੋਲਨ ਦੇ ਨੇਤਾ ਹੋਣ ਦੇ ਨਾਤੇ ਭਾਰਤ ਕੋਲ ਸ਼ਾਂਤੀ ਨੂੰ ਉਤਸ਼ਾਹਿਤ ਕਰਨ ਲਈ ਸ਼ਕਤੀਸ਼ਾਲੀ ਆਵਾਜ਼ ਸੀ। ਇਹ ਸੰਭਾਵਨਾ ਨਹੀਂ ਹੈ ਕਿ ਮੌਜੂਦਾ ਲੀਡਰਸ਼ਿਪ ਅਜਿਹੀ ਕੋਈ ਪਹਿਲ ਕਰੇਗੀ ਕਿਉਂਕਿ ਉਹ ਹਥਿਆਰ ਬਰਾਮਦਕਾਰ ਬਣਨਾ ਚਾਹੁੰਦੇ ਹਨ। ਇਸ ਤੋਂ ਇਲਾਵਾ ਭਾਰਤ ਸਰਕਾਰ ਨੇ ਜ਼ਾਇਨਵਾਦੀਆਂ ਦੀਆਂ ਨਸਲਕੁਸ਼ੀ ਵਾਲੀਆਂ ਕਾਰਵਾਈਆਂ ਵਿਰੁੱਧ ਕੋਈ ਸਖ਼ਤ ਪੈਂਤੜਾ ਨਹੀਂ ਮੱਲਿਆ ਹੈ। ਇਨ੍ਹਾਂ ਹਾਲਾਤ ਵਿੱਚ ਇਹ ਸਿਵਲ ਸੁਸਾਇਟੀ ਦਾ ਫਰਜ਼ ਬਣਦਾ ਹੈ ਕਿ ਉਹ ਰਵਾਇਤੀ ਯੁੱਧਾਂ ਦੇ ਅੰਤ ਲਈ ਵਧੇਰੇ ਉੱਚੀ ਆਵਾਜ਼ ਵਿੱਚ ਮੰਗ ਕਰੇ ਅਤੇ ਹਾਲਾਤ ਨੂੰ ਪਰਮਾਣੂ ਹਮਲੇ ਤੱਕ ਵਧਣ ਤੋਂ ਬਚਾਏ ਜੋ ਤਬਾਹਕੁਨ ਹੋਵੇਗਾ।

# ਦੇਸ਼ ਦੇ ਵਿਕਾਸ ਲਈ ਆਰਥਿਕ ਲਾਭਾਂ ਦੀ ਇੱਕੋ ਜਿਹੀ ਵੰਡ ਜ਼ਰੂਰੀ ਕਿਉਂ?



ਦਵਿੰਦਰ ਸ਼ਰਮਾ
(ਲੇਖਕ ਪ੍ਰਸਿੱਧ ਖੁਰਾਕ ਅਤੇ ਖੇਤੀਬਾੜੀ ਨੀਤੀ ਮਾਹਿਰ ਹਨ)

ਵਿਰੋਧੀ ਧਿਰ 'ਤੇ ਜਾਤੀ ਜਨਗਣਨਾ ਨੂੰ ਰਾਜਨੀਤਿਕ ਹਥਿਆਰ ਵਜੋਂ ਵਰਤਣ ਦਾ ਦੋਸ਼ ਲਗਾਉਂਦੇ ਹੋਏ ਕੇਂਦਰ ਨੇ ਹੁਣ ਇੱਕ ਬਦਲਾਅ ਕਰਦਿਆਂ ਆਉਣ ਵਾਲੀ ਰਾਸ਼ਟਰੀ ਜਨਗਣਨਾ 'ਚ ਜਾਤੀ ਜਨਗਣਨਾ ਨੂੰ ਵੀ ਸ਼ਾਮਿਲ ਕਰਨ ਦਾ ਫ਼ੈਸਲਾ ਕੀਤਾ ਹੈ। ਕੇਂਦਰੀ ਸਮਾਜਿਕ ਨਿਆਂ ਤੇ ਸਸ਼ਕਤੀਕਰਨ ਮੰਤਰੀ ਅਨੁਸਾਰ ਇਹ ਫ਼ੈਸਲਾ ਸਾਡੇ ਸਮਾਜ ਦੇ ਸਮਾਜਿਕ ਤੇ ਆਰਥਿਕ ਢਾਂਚੇ ਨੂੰ ਮਜ਼ਬੂਤ ਕਰੇਗਾ ਅਤੇ ਇਸ ਨਾਲ ਰਾਸ਼ਟਰ ਵੀ ਤਰੱਕੀ ਕਰੇਗਾ। ਪਰ ਮੈਂ ਰਾਜਨੀਤਿਕ ਪਹਿਲੂ ਵਿੱਚ ਨਹੀਂ ਜਾਵਾਂਗਾ, ਇਹ ਨਿਸ਼ਚਤ ਤੌਰ 'ਤੇ ਇੱਕ ਇਤਿਹਾਸਕ ਫ਼ੈਸਲਾ ਹੈ। ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਜਾਤ ਭਾਰਤੀ ਰਾਜਨੀਤੀ ਦੇ ਦਿਲ 'ਚ ਵਸਦੀ ਹੈ ਅਤੇ ਰਹੇਗੀ। ਜਦੋਂ ਤੋਂ ਮੈਂ ਵੱਡਾ ਹੋਇਆ ਹਾਂ, ਉਸ ਸਮੇਂ ਤੋਂ ਇਹ ਸਵਾਲ ਮੈਨੂੰ ਪ੍ਰੇਸ਼ਾਨ ਕਰਦਾ ਰਿਹਾ ਹੈ। ਵਿਦਿਆਰਥੀ ਹੁੰਦਿਆਂ ਸਾਨੂੰ ਜਾਤ ਪ੍ਰਣਾਲੀ ਨੂੰ ਛੱਡਣ ਤੇ ਸਮਾਨਤਾ ਦੇ ਰੰਗੀਨ ਸ਼ੀਸ਼ੇ (ਪ੍ਰਿਜ਼ਮ) ਦੁਆਰਾ ਸਾਰਿਆਂ ਨੂੰ ਬਰਾਬਰ ਵੇਖਣ ਲਈ ਕਿਹਾ ਜਾਂਦਾ ਸੀ, ਪਰ ਹਰ ਚੋਣ ਸਮੇਂ ਜਾਤੀ ਵੰਡ ਬੜੀ ਉੱਚੀ ਤੇ ਸਪੱਸ਼ਟ ਹੋ ਜਾਂਦੀ ਸੀ। ਅਜਿਹਾ ਨਹੀਂ ਹੈ ਕਿ ਜਾਤੀ ਜਨਗਣਨਾ ਇਸ ਵੰਡ ਨੂੰ ਖਤਮ ਕਰ ਦੇਵੇਗੀ, ਪਰ ਘੱਟੋ ਘੱਟ ਇਹ ਤਾਂ ਯਕੀਨੀ ਬਣਾਏਗੀ ਕਿ ਹਾਸ਼ੀਏ 'ਤੇ ਧੱਕੇ ਗਏ ਲੋਕਾਂ ਨੂੰ ਆਰਥਿਕ ਵਿਕਾਸ 'ਚੋਂ ਬਰਾਬਰ ਦਾ ਹਿੱਸਾ ਮਿਲੇ।

ਆਓ ਉਮੀਦ ਕਰੀਏ ਕਿ ਜਾਤੀ ਜਨਗਣਨਾ ਦਾ ਅੰਤਿਮ ਟੀਚਾ ਅਣਗਿਣਤ ਜਾਤਾਂ ਵਿੱਚ ਸਪੱਸ਼ਟ ਆਰਥਿਕ ਵੰਡ ਵਿਚਕਾਰ ਸਮਾਨਤਾ ਲਿਆਉਣਾ ਹੈ। ਇੱਕ ਹਿੰਦੀ ਦੈਨਿਕ ਦੀ (2 ਮਈ, 2025) ਦੀ ਇੱਕ ਰਿਪੋਰਟ ਦੇ ਅਨੁਸਾਰ, 2011 'ਚ ਹੋਈ ਆਖਰੀ ਜਨਗਣਨਾ ਵਿੱਚ ਕੁੱਲ 46 ਲੱਖ ਜਾਤੀਆਂ ਦੀ ਗਿਣਤੀ ਕੀਤੀ ਗਈ ਸੀ, ਇਨ੍ਹਾਂ 'ਚੋਂ ਜ਼ਿਆਦਾਤਰ ਗੈਰ-ਪ੍ਰਮਾਣਿਤ ਸਨ। ਰਿਪੋਰਟਾਂ ਅਨੁਸਾਰ ਇਸ ਵਾਰ ਸਰਕਾਰ ਵੱਲੋਂ 'ਪਾਰਦਰਸ਼ਤਾ' ਨੂੰ ਯਕੀਨੀ ਬਣਾਏ ਜਾਣ ਦੀ ਸੰਭਾਵਨਾ ਹੈ, ਭਾਵ ਦੱਸੀਆਂ ਜਾਤਾਂ ਦੀ ਸਹੀ ਤਸਦੀਕ ਕਰਕੇ ਪ੍ਰਮਾਣਿਕਤਾ ਨੂੰ ਯਕੀਨੀ ਬਣਾਇਆ ਜਾ ਸਕਦਾ ਹੈ। ਇਹ ਕੰਮ ਬਹੁਤ ਵੱਡਾ ਹੈ ਅਤੇ ਉਤਨਾ ਸੌਖਾ ਨਹੀਂ ਹੋਵੇਗਾ, ਜਿੰਨਾ ਅਸੀਂ ਸੋਚਦੇ ਹਾਂ। ਫਿਰ ਵੀ ਇਹ ਸਹੀ ਦਿਸ਼ਾ ਵਿੱਚ ਲਿਆ ਗਿਆ ਇੱਕ ਕਦਮ ਹੈ।

ਪਿਛਲੇ ਸਾਲ, ਲੋਕ ਸਭਾ ਚੋਣਾਂ ਮੌਕੇ ਪ੍ਰਚਾਰ ਕਰਦਿਆਂ ਕਾਂਗਰਸ ਨੇਤਾ ਰਾਹੁਲ ਗਾਂਧੀ ਨੇ ਕਿਹਾ ਸੀ 'ਜਾਤੀ ਜਨਗਣਨਾ ਸਰਵੇਖਣ ਨੂੰ ਸਿਰਫ਼ ਇੱਕ ਜਾਤੀ ਸਰਵੇਖਣ ਨਾ ਸਮਝੋ... ਅਸੀਂ ਇਸ 'ਚ ਆਰਥਿਕ ਤੇ ਸੰਸਥਾਗਤ ਸਰਵੇਖਣ ਵੀ ਸ਼ਾਮਿਲ ਕਰਾਂਗੇ।' ਇਹੀ ਉਹ ਥਾਂ ਹੈ ਜਿੱਥੋਂ ਦੌਲਤ ਦੀ ਮੁੜ ਵੰਡ ਦਾ ਮੁੱਦਾ ਉੱਠਿਆ ਸੀ, ਇੱਕ ਅਜਿਹਾ ਤੱਥ ਜਿਸ ਦਾ ਸ਼ਹਿਰੀ ਕੁਲੀਨ ਵਰਗ ਨੇ ਜ਼ੋਰਦਾਰ ਵਿਰੋਧ ਕੀਤਾ ਸੀ। ਇਸ ਬਹਿਸ ਦੌਰਾਨ ਵੀ ਮੇਰੀ ਇਹ ਦਲੀਲ ਸੀ ਕਿ ਇਹ ਜਾਣਨਾ ਬਹੁਤ ਜ਼ਰੂਰੀ ਸੀ ਕਿ ਕਿਹੜੀ ਜਾਤ ਨੇ ਰਾਸ਼ਟਰੀ ਦੌਲਤ ਤੇ ਸੰਪਤੀਆਂ ਦਾ ਕਿੰਨਾ ਵੱਡਾ ਹਿੱਸਾ ਇਕੱਠਾ ਕੀਤਾ ਹੈ ਅਤੇ ਇਹ ਯਕੀਨੀ ਬਣਾਉਣਾ ਇਸ ਲਈ ਮਹੱਤਵਪੂਰਨ ਹੈ ਕਿਉਂਕਿ ਇਤਿਹਾਸਕ ਰੂਪ 'ਚ ਵਾਂਝੇ ਰਹਿ ਗਏ ਲੋਕਾਂ ਨੂੰ ਵਿਕਾਸ ਦੇ ਅਮਲ 'ਚ ਸ਼ਾਮਿਲ ਕਰਨ ਦੀ ਲੋੜ ਹੈ। ਵਿਕਾਸ ਸਾਰਿਆਂ ਲਈ ਲਾਭਕਾਰੀ ਹੋਣਾ ਚਾਹੀਦਾ ਹੈ, ਨਾ ਕਿ ਸਿਰਫ਼ ਸਿਖਰ 'ਤੇ ਬੈਠੇ ਅਮੀਰਾਂ ਨੂੰ ਹੀ ਲਾਭ ਪਹੁੰਚਾਇਆ ਜਾਵੇ। ਅਮੀਰ ਲੋਕ ਢੁਕਵੀਆਂ ਨੀਤੀਆਂ ਦੁਆਰਾ ਦੌਲਤ ਇਕੱਠੀ ਕਰਨਾ ਜਾਰੀ ਰੱਖਦੇ ਹਨ, ਜਦੋਂ ਕਿ ਗਰੀਬ ਪਿੱਛੇ ਧੱਕ ਦਿੱਤੇ ਜਾਂਦੇ ਹਨ। ਇਹ ਬੇਨਿਯਮੀ ਜਿੰਨੀ ਜਲਦੀ ਖਤਮ ਹੋ ਸਕੇ, ਉਨਾ ਹੀ ਬਿਹਤਰ ਹੈ। ਜਾਤੀ ਜਨਗਣਨਾ ਨਾਲ ਅੰਕੜਿਆਂ ਨੂੰ ਸਮਝਣ 'ਚ ਮਦਦ ਮਿਲੇਗੀ ਤੇ ਸਰਕਾਰ ਨੂੰ ਇਹ ਜਾਣਨ ਦੇ ਯੋਗ ਬਣਾਏਗੀ ਕਿ ਢੁਕਵੇਂ ਸਰੋਤਾਂ ਨੂੰ ਕਿਥੇ ਲਗਾਇਆ ਜਾਵੇ।



ਖੇਤੀਬਾੜੀ ਵਿੱਚ ਜਾਤੀ ਸੰਰਚਨਾ ਕਿਤੇ ਵੀ ਇੰਨੀ ਸਪੱਸ਼ਟ ਦਿਖਾਈ ਨਹੀਂ ਦਿੰਦੀ। ਜਦੋਂ ਕਿ ਸਰਕਾਰੀ ਨੌਕਰੀਆਂ ਲਈ ਕੋਟੇ ਦੀ ਮੰਗ ਸਪੱਸ਼ਟ ਤੌਰ 'ਤੇ ਉਨ੍ਹਾਂ ਘੱਟ ਗਿਣਤੀ ਭਾਈਚਾਰਿਆਂ ਦੀ ਹੈ, ਜੋ ਸਿੱਖਿਆ ਤੇ ਹੁਨਰ ਪ੍ਰਾਪਤ ਕਰਨ 'ਚ ਕਾਮਯਾਬ ਹੋ ਗਏ ਹਨ। ਦਲਿਤ ਅਤੇ ਓ.ਬੀ.ਸੀਜ਼ ਦੀ ਬਹੁਗਿਣਤੀ ਸੀਮਾਂਤ ਅਤੇ ਭੂਮੀਹੀਣ ਕਿਸਾਨਾਂ ਜਾਂ ਖੇਤ ਮਜ਼ਦੂਰਾਂ ਵਜੋਂ ਕੰਮ ਕਰਦੀ ਰਹਿੰਦੀ ਹੈ। ਖੇਤੀ ਆਮਦਨ ਸਭ ਤੋਂ ਹੇਠਲੇ ਪੱਧਰ 'ਤੇ ਹੀ ਬਣੀ ਹੋਈ, ਜੋ ਕਿ ਪ੍ਰਤੀ ਕਿਸਾਨ ਪਰਿਵਾਰ ਲਗਭਗ 10,000 ਰੁਪਏ ਤੱਕ ਸੀਮਿਤ ਹੈ। ਇਸ ਲਈ ਖੇਤੀਬਾੜੀ ਵਿਚ ਜਾਂ ਭੂਮੀਹੀਣ ਮਜ਼ਦੂਰਾਂ ਦੇ ਰੂਪ 'ਚ ਹੇਠਲੀਆਂ ਜਾਤਾਂ ਦੇ ਲੋਕਾਂ ਦਾ ਡਾਟਾ ਇਕੱਠਾ ਕਰਨਾ ਸੌਖਾ ਨਹੀਂ ਹੈ। ਇਸ ਨਾਲ ਜੁੜੀ ਆਬਾਦੀ ਗਰੀਬੀ ਰੇਖਾ ਤੋਂ ਹੇਠਾਂ ਰਹਿੰਦੀ ਹੈ ਅਤੇ ਇਨ੍ਹਾਂ 'ਚ ਸ਼ਹਿਰੀ ਖੇਤਰਾਂ ਦੀਆਂ ਝੁੱਗੀਆਂ 'ਚ ਰਹਿਣ ਵਾਲੇ ਲੋਕ ਵੀ ਸ਼ਾਮਿਲ ਹਨ। ਜਦੋਂ ਕਿ ਰਾਜਨੀਤਕ ਕੋਸ਼ਿਸ਼ ਵਜੋਂ ਹਾਸ਼ੀਏ 'ਤੇ ਧੱਕੇ ਗਏ ਭਾਈਚਾਰਿਆਂ ਦੇ ਪ੍ਰਮੁੱਖ ਵਰਗ ਲਈ ਨੌਕਰੀਆਂ 'ਚ ਕੋਟੇ ਦੀ ਮੰਗ ਕਰਨੀ ਹੋਵੇਗੀ। ਹਾਸ਼ੀਏ 'ਤੇ ਧੱਕਿਆ ਗਿਆ ਆਬਾਦੀ ਦਾ ਇੱਕ ਵੱਡਾ ਹਿੱਸਾ ਖੇਤੀਬਾੜੀ 'ਚ ਰੁੱਝਿਆ ਰਹਿੰਦਾ ਹੈ ਅਤੇ ਮੈਨੂੰ ਡਰ ਹੈ ਕਿ ਵਿਕਾਸ ਦੇ ਅਮਲ ਵਿੱਚ ਉਨ੍ਹਾਂ ਨੂੰ ਪਾਸੇ ਛੱਡ ਦਿੱਤਾ ਜਾਵੇਗਾ। ਵਿਕਾਸ ਦਾ ਲਾਭ ਉਨ੍ਹਾਂ ਭਾਈਚਾਰਿਆਂ ਤੱਕ ਪਹੁੰਚਾਇਆ ਜਾਵੇ ਜੋ ਗੁਜ਼ਾਰਾ ਭੱਤਾ ਤੋਂ ਵਾਂਝੇ ਹਨ ਅਤੇ ਕਿਸੇ ਤਰ੍ਹਾਂ ਹਾਸ਼ੀਏ 'ਤੇ ਰਹਿ ਕੇ ਜੀਅ ਰਹੇ ਹਨ। ਵਿਹਾਰਕ ਉਦੇਸ਼ਾਂ ਲਈ ਅਣਗੌਲੇ ਪਏ ਇਸ ਵਰਗ ਤੱਕ ਪਹੁੰਚ ਦਾ ਸਭ ਤੋਂ ਵਧੀਆ ਤਰੀਕਾ ਬਜਟ ਦੇ ਨਿਯਮਾਂ 'ਤੇ ਮੁੜ ਵਿਚਾਰ ਕਰਨਾ ਹੈ। ਉਨ੍ਹਾਂ ਨੂੰ ਹਮੇਸ਼ਾ ਲਈ 5 ਕਿਲੋਗ੍ਰਾਮ ਮੁਫ਼ਤ ਰਾਸ਼ਨ 'ਤੇ ਰਹਿਣ ਲਈ ਨਹੀਂ ਛੱਡਿਆ ਜਾ ਸਕਦਾ। ਭਾਵੇਂ ਉੱਚ ਵਰਗ ਨਿਸ਼ਚਿਤ ਰੂਪ 'ਚ ਇਸ ਦਾ ਵਿਰੋਧ ਕਰੇਗਾ, ਪਰ ਰਾਜਨੀਤਿਕ ਤੇ ਅਕਾਦਮਿਕ ਸਮਰਥਨ ਦੇ ਮੱਦੇਨਜ਼ਰ ਜ਼ਰੂਰੀ ਬਦਲਾਅ ਕਰਨਾ ਯਕੀਨੀ ਤੌਰ 'ਤੇ ਸੰਭਵ ਹੈ। ਜੇਕਰ ਜਾਤੀ ਜਨਗਣਨਾ ਵਿੱਚ ਬਦਲਾਅ ਹੋ ਸਕਦਾ ਹੈ ਤਾਂ ਇਸ ਦਾ ਸਮਰਥਨ ਕਰਨ ਵਾਲਿਆਂ ਲਈ ਬਜਟ ਨੂੰ ਮੁੜ ਡਿਜ਼ਾਈਨ ਕਰਵਾਉਣ ਤੇ ਦੇਸ਼ ਨੂੰ ਆਰਥਿਕ ਸੋਚ ਤੇ ਵਿਕਾਸ ਦੀ ਕਾਰਜ ਯੋਜਨਾ ਵਿੱਚ ਬਦਲਾਅ ਦੀ ਸਖ਼ਤ ਜ਼ਰੂਰਤ ਬਾਰੇ ਸਮਝਾਉਣਾ ਚੁਣੌਤੀਪੂਰਨ ਤਾਂ ਹੈ, ਪਰ ਯਕੀਨਨ ਇੰਨਾ ਮੁਸ਼ਕਿਲ ਨਹੀਂ ਹੈ।

ਆਓ ਮੈਂ ਦੱਸਦਾ ਹਾਂ ਕਿ ਇਹ ਕਿਵੇਂ ਸੰਭਵ ਹੈ। ਵਾਜਪਾਈ ਸਰਕਾਰ ਨੇ 1996 ਵਿੱਚ ਆਪਣੇ ਪਹਿਲੇ ਕਾਰਜਕਾਲ ਦੌਰਾਨ ਐਲਾਨ ਕੀਤਾ ਸੀ ਕਿ ਉਹ ਖੇਤੀਬਾੜੀ 'ਚ ਲੱਗੀ 60 ਫ਼ੀਸਦੀ ਆਬਾਦੀ ਲਈ ਬਜਟ ਦਾ 60 ਫ਼ੀਸਦੀ ਅਲਾਟ ਕਰੇਗੀ। ਇਸ ਐਲਾਨ ਦਾ ਬਹੁਤ ਵਿਰੋਧ ਹੋਇਆ, ਪਰ ਆਰਥਿਕ ਸੋਚ ਵਿੱਚ ਬਦਲਾਅ ਦਾ ਬੁਨਿਆਦੀ ਜ਼ੋਰ ਇਹ ਯਕੀਨੀ ਬਣਾਉਣਾ ਸੀ, ਕਿ ਬਜਟ ਦੇ ਲਾਭ ਬਰਾਬਰ ਵੰਡੇ ਜਾਣੇ ਚਾਹੀਦੇ ਹਨ। ਮੈਨੂੰ ਚੰਗੀ ਤਰ੍ਹਾਂ ਯਾਦ ਹੈ ਕਿ ਕਿਵੇਂ ਅਰਥਸ਼ਾਸਤਰੀਆਂ ਤੇ ਮਾਹਿਰਾਂ ਦੀ ਇਕ ਬੰਦ ਦਰਵਾਜ਼ੇ ਦੀ ਮੀਟਿੰਗ ਵਿੱਚ ਮੇਰੇ ਸੁਝਾਅ ਕਾਰਨ 60 ਫ਼ੀਸਦੀ ਆਬਾਦੀ ਲਈ 60 ਫ਼ੀਸਦੀ ਬਜਟ ਅਲਾਟ ਕਰਨ ਦੀ ਮੰਗ ਕੀਤੀ ਗਈ ਸੀ। ਭਾਵੇਂ ਇਸ ਦਾ ਵਿਰੋਧ ਉਨ੍ਹਾਂ ਅਰਥਸ਼ਾਸਤਰੀਆਂ ਨੇ ਕੀਤਾ, ਜੋ ਵਿੱਤੀ ਘਾਟੇ ਅਤੇ ਚਾਲੂ ਖਾਤੇ ਦੇ ਘਾਟੇ ਨੂੰ ਵਿਕਾਸ ਅਤੇ ਵਿਕਾਸ ਦੇ ਰਸਤੇ ਵਜੋਂ ਕੰਟਰੋਲ ਕਰਨ ਲਈ ਵਧੇਰੇ ਉਤਸੁਕ ਸਨ। ਮੇਰੀ ਦਲੀਲ ਇਹ ਸੀ ਕਿ ਜੇਕਰ ਕਿਸੇ ਵੀ ਸਰਕਾਰ ਦਾ ਉਦੇਸ਼ ਇਹ ਯਕੀਨੀ ਬਣਾਉਣਾ ਹੁੰਦਾ ਹੈ ਕਿ ਉਸ ਨੂੰ ਸੱਤਾ ਵਿਰੋਧੀ ਲਹਿਰ ਦਾ ਸਾਹਮਣਾ ਨਾ ਕਰਨਾ ਪਵੇ, ਤਾਂ ਵਿੱਤੀ ਸਰੋਤਾਂ ਦੀ ਬਰਾਬਰੀ ਨਾਲ ਮੁੜ ਵੰਡ ਕਰਨ ਤੋਂ ਇਲਾਵਾ ਕੋਈ ਹੋਰ ਰਸਤਾ ਨਹੀਂ ਹੈ। ਹਾਲਾਂਕਿ ਦੁਖਾਂਤ ਇਹ ਰਿਹਾ ਕਿ ਵਾਜਪਾਈ ਦੀ ਉਹ ਸਰਕਾਰ ਸਿਰਫ਼ 13 ਦਿਨ ਹੀ ਚੱਲ ਸਕੀ ਸੀ।

ਦੇਸ਼ ਦੀ ਲਗਭਗ 50 ਫ਼ੀਸਦੀ ਆਬਾਦੀ ਸਿੱਧੇ ਜਾਂ ਅਸਿੱਧੇ ਤੌਰ 'ਤੇ ਖੇਤੀਬਾੜੀ 'ਚ ਲੱਗੀ ਹੋਣ ਕਰਕੇ ਖੇਤੀਬਾੜੀ ਖੇਤਰ 'ਚ ਜਾਤੀਗਤ ਸੰਰਚਨਾਵਾਂ ਦੀ ਸਭ ਤੋਂ ਵੱਡੀ ਪ੍ਰਤੀਨਿਧਤਾ ਹੈ, ਜਿਸ ਨੂੰ ਜਾਤੀ ਜਨਗਣਨਾ ਦੁਆਰਾ ਨਾਪਿਆ ਜਾ ਸਕਦਾ ਹੈ। ਆਬਾਦੀ ਦੇ ਇੰਨੇ ਵੱਡੇ ਹਿੱਸੇ ਤੱਕ ਪਹੁੰਚਣ ਦਾ ਸਭ ਤੋਂ ਵਧੀਆ ਤਰੀਕਾ ਖੇਤੀਬਾੜੀ ਤੇ ਸਹਾਇਕ ਖੇਤਰਾਂ ਨੂੰ ਮੁੜ ਸੁਰਜੀਤ ਕਰਨਾ ਹੈ। ਜੋ ਬਦਲੇ 'ਚ ਦੇਸ਼ ਦੀ ਰੀੜ੍ਹ ਦੀ ਹੱਡੀ ਬਣਨ ਵਾਲੇ ਪੇਂਡੂ ਅਰਥਚਾਰੇ ਨੂੰ ਮੁੜ ਸੁਰਜੀਤ ਕਰਨਗੇ। (ਬਾਕੀ ਸਫ਼ਾ 31 'ਤੇ)

# ਜੰਗ ਕਿਸੇ ਮਸਲੇ ਦਾ ਹੱਲ ਨਹੀਂ ਹੁੰਦੀ

**ਮੁਖ਼ਤਾਰ ਗਿੱਲ**

ਜੰਗ ਭਾਰਤ ਦੀ ਕਦੇ ਵੀ ਪਹਿਲੀ ਪਸੰਦ ਨਹੀਂ ਸੀ। ਪਾਕਿਸਤਾਨ ਦੀ ਸ਼ਹਿ ਪ੍ਰਾਪਤ ਦਹਿਸ਼ਤਗਰਦਾਂ ਵੱਲੋਂ 22 ਅਪ੍ਰੈਲ ਨੂੰ ਪਹਿਲਗਾਮ ਹਮਲੇ ਦੌਰਾਨ ਕੀਤੇ ਗਏ ਕਾਇਰਾਨਾ ਕਤਲੇਆਮ ਦੇ ਪੰਦਰਾਂ ਦਿਨਾਂ ਬਾਅਦ ਛੇ-ਸੱਤ ਮਈ ਦੀ ਦਰਮਿਆਨੀ ਰਾਤ ਨੂੰ ਭਾਰਤੀ ਫ਼ੌਜ ਨੇ ਪੰਚੀ ਮਿੰਟਾਂ ਵਿੱਚ ਚੌਵੀ ਮਿਜ਼ਾਈਲਾਂ, ਬੰਬਾਂ, ਡ੍ਰੋਨਾਂ ਅਤੇ ਹੋਰ ਆਧੁਨਿਕ ਹਥਿਆਰਾਂ ਨਾਲ ਹਮਲਾ ਕਰ ਕੇ ਪਾਕਿਸਤਾਨ ਵਿਚਲੇ ਨੌਂ ਵੱਡੇ ਦਹਿਸ਼ਤੀ ਟਿਕਾਣਿਆਂ ਤੇ ਸਿਖਲਾਈ ਕੇਂਦਰਾਂ ਨੂੰ ਢਹਿ-ਢੇਰੀ ਕਰ ਦਿੱਤਾ। ਜੈਸ਼-ਏ-ਮੁਹੰਮਦ ਦੇ ਗੜ੍ਹ ਬਹਾਵਲਪੁਰ ਵਿੱਚ ਜਥੇਬੰਦੀ ਦੇ ਹੈੱਡਕੁਆਰਟਰ ਵਿੱਚ ਉਸ ਦੇ ਮੁਖੀ ਮਸੂਦ ਅਜ਼ਹਰ ਦੇ ਪਰਿਵਾਰ ਦੇ ਦਸ ਮੈਂਬਰ ਵੀ ਮਾਰੇ ਗਏ। ਮੁਰੀਦਕੇ ਵਿਚਲਾ ਲਸ਼ਕਰ-ਏ-ਤੋਇਬਾ ਦਾ ਮੁੱਖ ਟਿਕਾਣਾ ਵੀ ਮਲੀਆਮੇਟ ਕਰ ਦਿੱਤਾ ਗਿਆ।

ਸੌ ਦੇ ਲਗਪਗ ਮਾਰੇ ਗਏ ਦਹਿਸ਼ਤਗਰਦਾਂ 'ਚ ਲਸ਼ਕਰ ਤੇ ਜੈਸ਼ ਦੇ ਸਿਖਰਲੇ ਕਮਾਂਡਰ ਵੀ ਮਾਰੇ ਗਏ। ਦੂਸਰੇ ਦਿਨ ਭਾਰਤੀ ਫ਼ੌਜ ਦੇ ਹਮਲੇ ਵਿੱਚ ਪਾਕਿਸਤਾਨ ਦੇ ਤਿੰਨ ਫਾਈਟਰ ਜੈੱਟ ਸੁੱਟੇ ਗਏ। ਲਾਹੌਰ ਸਣੇ ਕਈ ਥਾਵਾਂ 'ਤੇ ਰੱਖਿਆ ਪ੍ਰਣਾਲੀ ਨੂੰ ਨਸ਼ਟ ਕੀਤਾ ਗਿਆ।

ਤੀਸਰੇ ਦਿਨ ਜੰਮੂ ਖੇਤਰ ਵਿੱਚ ਪਾਕਿ ਗੋਲ਼ਾਬਾਰੀ 'ਚ ਜੇਸੀਓ, ਅਧਿਕਾਰੀ ਤੇ ਬੱਚੀ ਸਮੇਤ 7 ਮੌਤਾਂ ਹੋਈਆਂ। ਪਾਕਿ ਨੇ ਭਾਰਤ ਦੇ ਕਈ ਸ਼ਹਿਰਾਂ ਵਿੱਚ ਡ੍ਰੋਨ ਦਾਗ਼ੇ ਜਿਹੜੇ ਹਵਾ ਵਿੱਚ ਹੀ ਫੁੰਡ ਦਿੱਤੇ ਗਏ। ਤੀਸਰੇ ਦਿਨ ਵੀ ਭਾਰਤ ਨੇ ਸੈਂਕੜੇ ਡ੍ਰੋਨ ਡੇਗੇ ਤੇ ਰਡਾਰ ਤਬਾਹ ਕੀਤਾ। ਜੰਗਾਂ ਕਿਸੇ ਮਸਲੇ ਦਾ ਹੱਲ ਨਹੀਂ ਹੋ ਸਕਦੀਆਂ।

ਜੰਗਾਂ ਦੀ ਭਿਆਨਕਤਾ ਉਹ ਦੇਸ਼ ਹੀ ਮਹਿਸੂਸ ਕਰ ਸਕਦੇ ਹਨ ਜਿਨ੍ਹਾਂ ਆਪਣੇ ਪਿੰਡੇ 'ਤੇ ਜੰਗਾਂ ਦਾ ਸੇਕ ਹੰਢਾਇਆ ਹੁੰਦਾ ਹੈ। ਰੂਸ-ਯੂਕ੍ਰੇਨ ਵਿਚਾਲੇ ਛਿੜੀ ਜੰਗ ਨੂੰ ਤਿੰਨ ਸਾਲ ਤੋਂ ਵੱਧ ਦਾ ਸਮਾਂ ਹੋ ਚੁੱਕਾ ਹੈ। ਇਹ ਜੰਗ 24 ਫਰਵਰੀ 2022 ਨੂੰ ਸ਼ੁਰੂ ਹੋਈ ਸੀ। ਯੂਕ੍ਰੇਨ ਦੁਆਰਾ ਸੰਯੁਕਤ ਰਾਸ਼ਟਰ ਅਤੇ ਬੀ.ਬੀ.ਸੀ. ਵੱਲੋਂ ਪ੍ਰਕਾਸ਼ਤ ਅੰਕੜਿਆਂ (ਓਪਨ ਸੋਰਸ ਡਾਟਾ) ਅਨੁਸਾਰ ਮਾਰਚ 2025 ਤੱਕ ਰੂਸ ਤੇ ਯੂਕ੍ਰੇਨੀ ਸੈਨਿਕਾਂ ਦੇ ਨਾਲ-ਨਾਲ ਯੂਕ੍ਰੇਨੀ ਨਾਗਰਿਕਾਂ ਦੀਆਂ ਮੌਤਾਂ ਦੀ ਕੁੱਲ ਗਿਣਤੀ 1,58,341 ਹੈ। ਇਸੇ ਤਰ੍ਹਾਂ ਇਜ਼ਰਾਇਲ ਤੇ ਖਾੜਕੂ ਜਥੇਬੰਦੀ ਹਮਾਸ (ਫਲਸਤੀਨ) ਜੰਗ 7 ਅਕਤੂਬਰ 2023 ਨੂੰ ਸ਼ੁਰੂ ਹੋਈ ਸੀ ਜਦੋਂ ਹਮਾਸ ਨੇ ਇਜ਼ਰਾਇਲ 'ਤੇ ਹਮਲਾ ਕੀਤਾ ਸੀ ਜਿਸ ਵਿੱਚ ਲਗਪਗ 1500 ਇਜ਼ਰਾਇਲੀ ਮਾਰੇ ਗਏ ਸਨ ਤੇ 250 ਨੂੰ ਹਮਾਸ ਨੇ ਬੰਦੀ ਬਣਾ ਲਿਆ ਸੀ। ਇਜ਼ਰਾਇਲ ਦੀ ਇਸ ਬਦਲਾ ਲਊ ਜੰਗ ਵਿੱਚ ਹੁਣ ਤੱਕ ਇੱਕ ਲੱਖ ਤੋਂ ਵੱਧ ਫਲਸਤੀਨੀ ਮਾਰੇ ਜਾ ਚੁੱਕੇ ਹਨ ਜਿਨ੍ਹਾਂ ਵਿੱਚ ਜ਼ਿਆਦਾਤਰ ਔਰਤਾਂ ਤੇ ਬੱਚੇ ਸ਼ਾਮਲ ਹਨ ਤੇ 130 ਫਲਸਤੀਨੀ ਪੱਤਰਕਾਰ ਵੀ ਮਾਰੇ ਗਏ।



ਸਕੂਲ, ਧਾਰਮਿਕ ਅਸਥਾਨ, ਹਸਪਤਾਲ, ਰਿਹਾਇਸ਼ੀ ਇਮਾਰਤਾਂ ਤੇ ਸ਼ਰਨਗਾਹਾਂ ਇਜ਼ਰਾਇਲੀ ਫ਼ੌਜ ਦੀ ਬੰਬਾਰੀ ਵਿੱਚ ਤਬਾਹ ਹੋ ਚੁੱਕੇ ਹਨ। ਗਾਜ਼ਾ ਪੱਟੀ ਦੀ 90 ਫ਼ੀਸਦ ਇਮਾਰਤਾਂ ਮਲਬੇ ਦੇ ਢੇਰਾਂ ਵਿੱਚ ਬਦਲ ਚੁੱਕੀਆਂ ਹਨ। ਮੈਡੀਕਲ ਤੇ ਰਾਹਤ ਟੀਮਾਂ 'ਤੇ ਹਮਲੇ ਹੋ ਰਹੇ ਹਨ।

ਗਾਜ਼ਾ ਦੇ ਲੋਕ ਅਨਾਜ ਦੇ ਦਾਣੇ-ਦਾਣੇ ਨੂੰ ਤਰਸ ਰਹੇ ਹਨ। ਯਹੂਦੀਆਂ (ਇਜ਼ਰਾਇਲੀਆਂ) ਜਿਨ੍ਹਾਂ ਉੱਪਰ ਕਦੇ ਹਿਟਲਰ ਨੇ ਅੰਨ੍ਹਾ ਤਸ਼ੱਦਦ ਕੀਤਾ ਸੀ, ਹੁਣ ਉਹ ਜਦੋਂ ਖ਼ੁਦ ਸੱਤਾ ਵਿੱਚ ਆਏ ਤਾਂ ਤਸ਼ੱਦਦ ਦਾ ਉਹੀ ਢੰਗ-ਤਰੀਕਾ ਫਲਸਤੀਨੀਆਂ ਉੱਪਰ ਅਪਣਾਉਣਾ ਸ਼ੁਰੂ ਕਰ ਦਿੱਤਾ ਜੋ ਹੁਣ ਤੱਕ ਜਾਰੀ ਹੈ। 'ਫਲਸਤੀਨੀ ਕੁੜੀ ਤੇ ਚੱਪਲ' ਨਾਂ ਦੀ ਛੋਟੀ ਜਿਹੀ ਕਵਿਤਾ ਪੜ੍ਹਦਿਆਂ ਉਹ ਨਿੱਕੀ ਕੁੜੀ ਸਾਹਮਣੇ ਆ ਜਾਂਦੀ ਹੈ ਜੋ ਘਰ ਨਹੀਂ ਪਰਤੀ ਸੀ। ਇਹ ਸਮੇਂ ਦੇ ਹਾਣ ਦੀ ਤੇ ਸੰਜੀਦਾ ਕਵਿਤਾ ਪੜ੍ਹਦਿਆਂ ਹਰ ਸੰਵੇਦਨਸ਼ੀਲ ਵਿਅਕਤੀ ਦਾ ਗੱਚ ਭਰ ਆਉਂਦਾ ਹੈ। ਪਰ ਪਹਿਲਗਾਮ ਵਿੱਚ ਹੋਏ ਦਹਿਸ਼ਤੀ ਹਮਲੇ ਖ਼ਿਲਾਫ਼ ਕਸ਼ਮੀਰੀ ਮੁਸਲਮਾਨ ਇਕਜੁੱਟ ਵਿਖਾਈ ਦਿਸੇ।

ਪਹਿਲਗਾਮ 'ਚ ਹਮਲੇ ਦੌਰਾਨ ਸਥਾਨਕ ਮੁਸਲਮਾਨਾਂ, ਨਜ਼ਾਕਤ ਅਲੀ ਅਤੇ ਘੋੜੇਵਾਲੇ ਆਦਿਲ ਹੁਸੈਨ ਸ਼ਾਹ ਨੇ ਪੀੜਤਾਂ ਤੇ ਜ਼ਖ਼ਮੀਆਂ ਦੀ ਮਦਦ ਕਰ ਕੇ ਕਸ਼ਮੀਰੀਅਤ ਤੇ ਇਨਸਾਨੀਅਤ ਦੀ ਲਾਜ ਰੱਖ ਲਈ।

ਆਦਿਲ ਤਾਂ ਆਪਣੇ ਮਹਿਮਾਨਾਂ ਨੂੰ ਬਚਾਉਂਦਾ ਖ਼ੁਦ ਸ਼ਹੀਦ ਹੋ ਗਿਆ। ਦੇਸ਼ ਤੇ ਕਸ਼ਮੀਰ ਵਿੱਚ ਗੁੱਸੇ ਤੇ ਗਮ ਦਾ ਮਾਹੌਲ ਬਣ ਗਿਆ ਸੀ। ਕਸ਼ਮੀਰੀ ਨੌਜਵਾਨਾਂ ਨੇ ਪਹਿਲਗਾਮ ਨਰਸੰਹਾਰ ਖ਼ਿਲਾਫ਼ ਲਾਲ ਚੌਕ ਸ੍ਰੀਨਗਰ ਵਿੱਚ ਮੋਮਬੱਤੀ ਮਾਰਚ ਕੀਤਾ ਸੀ। ਮੁਸਲਮਾਨਾਂ ਨੇ ਮਸਜਿਦਾਂ ਤੇ ਸਿੱਖਾਂ ਨੇ ਗੁਰਦੁਆਰਿਆਂ ਤੇ ਘਰਾਂ ਦੇ ਦਰਵਾਜ਼ੇ ਪੀੜਤਾਂ ਲਈ ਖੋਲ੍ਹ ਦਿੱਤੇ। ਕਸ਼ਮੀਰੀਆਂ ਅਤੇ ਦੇਸ਼ ਭਰ ਦੇ ਮੁਸਲਮਾਨਾਂ ਨੇ ਇਕਜੁੱਟ ਹੋ ਕੇ ਅੱਤਵਾਦ ਦੀ ਵਿਆਪਕ ਨਿਖੇਧੀ ਕੀਤੀ ਪਰ ਇਸ ਦੇ ਇਵਜ਼ 'ਚ ਫ਼ਿਰਕੂ ਜਨੂੰਨੀਆਂ ਨੇ ਕਸ਼ਮੀਰੀ ਵਿਦਿਆਰਥੀਆਂ ਨੂੰ ਤੰਗ-ਪਰੇਸ਼ਾਨ ਕੀਤਾ।

ਆਖ਼ਰ ਪਹਿਲਗਾਮ ਦੇ ਸ਼ਹੀਦ ਵਿਨੇ ਨਰਵਾਲ ਦੀ ਪਤਨੀ ਨੇ ਭਾਵੁਕ ਅਪੀਲ ਕੀਤੀ ਕਿ ਕਸ਼ਮੀਰੀ ਮੁਸਲਮਾਨਾਂ, ਕਸ਼ਮੀਰੀ ਵਿਦਿਆਰਥੀਆਂ ਨਾਲ ਨਫ਼ਰਤ ਨਾ ਕੀਤੀ ਜਾਵੇ। ਕਸ਼ਮੀਰੀਆਂ ਦੇ ਸ਼ੱਕ ਦੇ ਆਧਾਰ 'ਤੇ ਘਰ ਢਾਹੁਣੇ ਵੀ ਠੀਕ ਨਹੀਂ ਅਤੇ ਨਾ ਸਖ਼ਤ ਕਾਰਵਾਈ ਅਧੀਨ ਆਮ ਕਸ਼ਮੀਰੀਆਂ ਨੂੰ ਪਰੇਸ਼ਾਨ ਕੀਤਾ ਜਾਣਾ ਚਾਹੀਦਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪਿਛਲੇ ਦਿਨੀਂ ਕਿਹਾ ਸੀ ਕਿ ਫ਼ੌਜ, ਹਥਿਆਰਬੰਦ ਬਲਾਂ ਨੂੰ ਪਹਿਲਗਾਮ ਹਮਲੇ ਖ਼ਿਲਾਫ਼ ਭਾਰਤ ਦੀ ਜਵਾਬੀ ਕਾਰਵਾਈ ਦਾ ਢੰਗ, ਟੀਚਾ ਅਤੇ ਸਮਾਂ ਨਿਰਧਾਰਤ ਕਰਨ ਦੀ 'ਪੂਰੀ ਖੁੱਲ੍ਹ' ਹੈ।

ਜਲ ਸੈਨਾ ਪ੍ਰਮੁੱਖ ਨੇ ਕਿਹਾ ਕਿ ਅਸੀਂ ਸਮੁੰਦਰੀ ਹਿੱਤਾਂ ਦੀ ਰਾਖੀ ਲਈ ਤਿਆਰ ਹਾਂ। ਹਵਾਈ ਫ਼ੌਜ ਦੇ ਮੁਖੀ ਏ.ਪੀ. ਸਿੰਘ ਵੀ ਪ੍ਰਧਾਨ ਮੰਤਰੀ ਨੂੰ ਮਿਲੇ ਸਨ। ਸਰਕਾਰ ਵੱਲੋਂ ਸੁਰੱਖਿਆ ਫੋਰਸਾਂ ਦੀਆਂ ਸਰਗਰਮੀਆਂ ਲਾਈਵ ਪ੍ਰਸਾਰਨ ਤੋਂ ਰੋਕਣ ਲਈ ਮੀਡੀਆ ਚੈਨਲਾਂ ਨੂੰ ਸਲਾਹ ਦਿੱਤੀ ਗਈ ਸੀ। ਭਾਰਤ ਨੇ ਪਾਕਿਸਤਾਨ ਨਾਲ ਵਪਾਰ ਮੁਕੰਮਲ ਤੌਰ 'ਤੇ ਰੱਦ ਕੀਤਾ। ਸਭ ਤਰ੍ਹਾਂ ਦੀਆਂ ਡਾਕ ਤੇ ਪਾਰਸਲ ਸੇਵਾਵਾਂ 'ਤੇ ਵੀ ਰੋਕ ਲਗਾ ਦਿੱਤੀ ਗਈ। ਪਾਕਿ ਝੰਡੇ ਵਾਲੇ ਜਹਾਜ਼ ਵੀ ਭਾਰਤੀ ਬੰਦਰਗਾਹਾਂ 'ਚ ਦਾਖ਼ਲ ਨਹੀਂ ਹੋ ਸਕਣਗੇ। ਭਾਰਤ ਨੇ ਚਨਾਬ ਨਦੀ 'ਤੇ ਬਣੇ ਡੈਮ ਬਗਲੀਹਾਰ ਦੇ ਪਾਣੀ ਨੂੰ ਪਾਕਿਸਤਾਨ ਜਾਣ ਤੋਂ ਰੋਕ ਦਿੱਤਾ।

ਜੰਗਬੰਦੀ ਦੇ ਬਾਵਜੂਦ ਪਾਬੰਦੀਆਂ ਜਾਰੀ ਰਹਿਣਗੀਆਂ। ਸਰਹੱਦੀ ਪਿੰਡਾਂ ਦੇ ਲੋਕ ਖ਼ੌਫ਼ਜ਼ਦਾ ਹਨ। ਉਨ੍ਹਾਂ ਨੂੰ ਪੈਂਹਠ, ਇਕੱਤਰ ਤੇ ਕਾਰਗਿਲ ਜੰਗਾਂ ਦਾ ਉਜਾੜਾ ਨਹੀਂ ਭੁੱਲਿਆ। ਮੈਂ ਸਰਹੱਦ ਦੇ ਬਿਲਕੁਲ ਨਾਲ ਪਿੰਡ ਵਿੱਚ ਰਹਿਣ ਕਰਕੇ ਪੈਂਹਠ, ਇਕੱਤਰ ਤੇ ਨੜਿੰਨਵੇਂ ਦੀਆਂ ਕਾਰਗਿਲ ਜੰਗਾਂ ਵੇਲੇ ਫ਼ੌਜ ਵੱਲੋਂ ਇਲਾਕਾ ਖ਼ਾਲੀ ਕਰਵਾਏ ਜਾਣ ਤੇ ਉਜਾੜੇ ਦਾ ਦਰਦ ਹੰਢਾ ਚੁੱਕਾ ਹਾਂ।

ਸਰਹੱਦੀ ਪਿੰਡਾਂ ਦੇ ਲੋਕ ਆਪਣੇ ਗੱਡਿਆਂ, ਰੇਹੜਿਆਂ ਅਤੇ ਟਰੈਕਟਰ-ਟਰਾਲੀਆਂ 'ਤੇ ਘਰੇਲੂ ਸਾਮਾਨ ਪਿੱਛੇ ਰਿਸ਼ਤੇਦਾਰੀਆਂ ਵਿੱਚ ਲੈ ਗਏ ਸਨ। ਅੱਧਾ ਰਸਤੇ ਵਿੱਚ ਟੁੱਟ-ਭੱਜ ਗਿਆ, ਬਾਕੀ ਵਾਪਸ ਲਿਆਉਣ ਵੇਲੇ ਖ਼ਰਾਬ ਹੋ ਗਿਆ।

ਜੰਗਾਂ ਕਿਸਾਨਾਂ ਦੀਆਂ ਫ਼ਸਲਾਂ ਤੇ ਕਾਰੋਬਾਰੀਆਂ ਦੇ ਕਾਰੋਬਾਰ ਦੀਆਂ ਵੀ ਦੁਸ਼ਮਣ ਹੁੰਦੀਆਂ ਹਨ। ਜੰਗਾਂ ਤਾਂ ਸਿਰਫ਼ ਭਿਆਨਕਤਾ, ਤਬਾਹੀ ਅਤੇ ਬਰਬਾਦੀ ਦਾ ਸਬੱਬ ਹੁੰਦੀਆਂ ਹਨ। ਜੰਗਬੰਦੀ ਸਮਝੌਤੇ ਕਰਕੇ ਜੰਮੂ-ਕਸ਼ਮੀਰ, ਪੰਜਾਬ ਅਤੇ ਉਸ ਦੇ ਸਰਹੱਦੀ ਜ਼ਿਲ੍ਹਿਆਂ ਦੇ ਵਸਨੀਕਾਂ ਨੇ ਸੁੱਖ ਦਾ ਸਾਹ ਲਿਆ ਹੈ।

# ਭਾਰਤ ਵਿੱਚ ਕਿਉਂ ਸੁੰਗੜ ਰਹੇ ਨੇ ਸੂਬਿਆਂ ਦੇ ਅਧਿਕਾਰ ?



**ਡਾ. ਅਮਨਪ੍ਰੀਤ ਸਿੰਘ ਬਰਾੜ**

ਭਾਰਤ ਦੇ ਸੰਵਿਧਾਨ ਵਿੱਚ ਬਹੁਤ ਖ਼ੂਬਸੂਰਤੀ ਨਾਲ ਦੇਸ਼ ਤੇ ਸੂਬਿਆਂ ਦੇ ਅਧਿਕਾਰਾਂ ਨੂੰ ਇੱਕ ਲੜੀ ਵਿੱਚ ਪਰੋਇਆ ਹੋਇਆ ਸੀ। ਇਸ ਦਾ ਉਦੇਸ਼ ਸੀ ਕਿ ਵੱਖ-ਵੱਖ ਭਾਸ਼ਾਵਾਂ, ਧਰਮਾਂ ਤੇ ਸੱਭਿਅਤਾ ਵਾਲੇ ਲੋਕਾਂ ਨੂੰ ਇਕੋ-ਜਿਹੇ ਅਧਿਕਾਰ ਦੇਣਾ ਤਾਂ ਕਿ ਉਹ ਮਹਿਸੂਸ ਕਰਨ ਕਿ ਦੇਸ਼ ਵਿੱਚ ਸਾਡਾ ਆਪਣਾ ਹੀ ਰਾਜ ਹੈ ਜਾਂ ਕਹਿ ਲਓ ਕਿ ਅਸਲੀ ਲੋਕ ਰਾਜ। ਇਸ ਦਾ ਇੱਕ ਮਤਲਬ ਇਹ ਵੀ ਸੀ ਕਿ ਕੇਂਦਰ ਦੀ ਸਰਕਾਰ ਕਿਤੇ ਵੀ ਤਾਨਾਸ਼ਾਹੀ ਵਾਲਾ ਰਵੱਈਆ ਨਾ ਅਪਣਾ ਸਕੇ। ਇਸ ਲਈ ਸੰਵਿਧਾਨ ਵਿੱਚ ਕੁੱਝ ਖੇਤਰ ਕੇਂਦਰ ਦੇ ਅਧਿਕਾਰ ਖੇਤਰ 'ਚ ਆ ਗਏ, ਜਦਕਿ ਕੁਝ ਸੂਬਿਆਂ ਦੇ ਅਧਿਕਾਰ ਖੇਤਰ ਵਿੱਚ ਪਾ ਦਿੱਤੇ ਗਏ। ਇਸ 'ਚ ਜਿਹੜੇ ਖੇਤਰ ਦੋਵੇਂ ਪਾਸੇ ਰੱਖੇ ਗਏ, ਉਨ੍ਹਾਂ ਨੂੰ 'ਕਾਂਕਰੈਂਟ' ਸੂਚੀ ਵਿੱਚ ਪਾ ਦਿੱਤਾ ਗਿਆ। ਇਸ ਦੇ ਨਾਲ ਇੱਕ ਲਾਈਨ ਇਹ ਵੀ ਪਾ ਦਿੱਤੀ ਕਿ ਜੇ ਕੇਂਦਰ ਤੇ ਸੂਬੇ ਵਿਚਾਲੇ ਵਿਵਾਦ ਹੁੰਦਾ ਹੈ ਤਾਂ ਕੇਂਦਰ ਦਾ ਫ਼ੈਸਲਾ ਹੀ ਚੱਲੇਗਾ। ਇਸ ਨਾਲ ਕੇਂਦਰ ਨੇ ਸਮੇਂ-ਸਮੇਂ 'ਤੇ ਸੂਬਿਆਂ ਦੇ ਅਖ਼ਤਿਆਰ ਖੇਤਰਾਂ 'ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੀ ਤੇ ਕਈ ਵਾਰ ਉਹ ਸਫ਼ਲ ਵੀ ਹੋਇਆ। ਪੰਜਾਬ ਦੇ ਸੰਦਰਭ 'ਚ ਸਭ ਤੋਂ ਅਹਿਮ ਰਿਹਾ ਹੈ ਪਾਣੀਆਂ ਦੀ ਵੰਡ ਨੂੰ ਲੈ ਕੇ ਸੂਬੇ ਦੇ ਹੱਕ ਘਟਾਉਣੇ। ਇਸ ਵਿੱਚ ਪੰਜਾਬ ਨੂੰ ਹਮੇਸ਼ਾ ਹੀ ਕੇਂਦਰ ਦੇ ਦੂਜੇ ਸੂਬਿਆਂ ਵੱਲ ਝੁਕਾਅ ਦਾ ਖ਼ਮਿਆਜ਼ਾ ਭੁਗਤਣਾ ਪਿਆ ਹੈ। ਸਭ ਤੋਂ ਪਹਿਲਾਂ ਤਾਂ ਭਾਰਤ ਦੀ ਵੰਡ ਵੇਲੇ ਜਦੋਂ ਰੈੱਡਕਲਿਫ ਦੀ ਲਕੀਰ ਖਿੱਚੀ ਗਈ ਤਾਂ ਸਾਰੀਆਂ ਮੁਸੀਬਤਾਂ ਪੰਜਾਬੀਆਂ ਦੇ ਗਲ ਪਈਆਂ ਤੇ ਪੰਜਾਬ ਦੇ ਦੋ ਹਿੱਸੇ ਹੋ ਗਏ। ਇਸ ਤੋਂ ਬਾਅਦ ਅੰਤਰਰਾਸ਼ਟਰੀ ਪਾਣੀਆਂ ਦੀ ਵੰਡ ਦਾ ਵਿਵਾਦ ਸ਼ੁਰੂ ਹੋ ਗਿਆ ਤੇ 1960 ਵਿੱਚ ਵਿਸ਼ਵ ਬੈਂਕ ਦੇ ਦਖ਼ਲ ਨਾਲ 1960 ਦਾ ਇੰਡਸ ਵਾਟਰ ਐਕਟ ਹੋਂਦ 'ਚ ਆਇਆ।

ਪਾਣੀਆਂ ਦੀ ਵੰਡ : ਇਸ ਤੋਂ ਬਾਅਦ ਪੰਜਾਬ ਦੇ ਮੁੜ ਪੁਨਰਗਠਨ ਦਾ ਕੰਮ ਸ਼ੁਰੂ ਹੋ ਗਿਆ ਤੇ 1966 ਵਿੱਚ ਪੰਜਾਬ ਵਿਚੋਂ ਹਿੰਦੀ ਬੋਲਦੇ ਇਲਾਕਿਆਂ ਨੂੰ ਵੱਖ ਕਰ ਕੇ ਹਰਿਆਣਾ ਬਣਾ ਦਿੱਤਾ। ਐਮਰਜੈਂਸੀ ਦੌਰਾਨ 1976 ਵਿੱਚ ਕੇਂਦਰ ਨੇ ਇੱਕ ਆਰਡੀਨੈਂਸ ਜ਼ਰੀਏ ਪਾਣੀ ਨੂੰ ਹਰਿਆਣਾ ਨਾਲ ਵੰਡ ਦਿੱਤਾ। ਜਮੁਨਾ ਦਾ ਪਾਣੀ ਪਾਸੇ ਰੱਖਿਆ। ਜਦੋਂ ਭਾਰਤ ਆਜ਼ਾਦ ਹੋਇਆ ਸੀ ਤਾਂ 19.55 ਬਿਲੀਅਨ ਕਿਊਬਿਕ ਪਾਣੀ 'ਚੋਂ ਪੰਜਾਬ ਨੂੰ 7.3 ਬਿਲੀਅਨ ਕਿਊਬਿਕ ਮੀਟਰ ਤੇ ਪੈਪਸੂ ਨੂੰ 1.6 ਬਿਲੀਅਨ ਕਿਊਬਿਕ ਪਾਣੀ ਦਿੱਤਾ ਗਿਆ। ਜਦੋਂ 1956 ਵਿੱਚ ਪੈਪਸੂ ਨੂੰ ਪੰਜਾਬ ਨਾਲ ਜੋੜਿਆ ਗਿਆ ਤਾਂ ਇਹ ਹਿੱਸਾ ਇੱਕਠਾ ਹੋ ਕਿ 8.9 ਬਿਲੀਅਨ ਕਿਊਬਿਕ ਬਣ ਗਿਆ, ਪਰ ਉਪਰੋਕਤ ਵੰਡ ਵਿੱਚ ਰਾਜਸਥਾਨ ਨੂੰ ਵੱਡਾ ਹਿੱਸਾ (8.6 ਐਮ.ਏ.ਐਫ.) ਪਾਣੀ ਦਾ ਮਿਲਿਆ। ਇਸ ਦਾ ਪਿਛੋਕੜ ਸੀ ਕਿ ਜਦੋਂ ਪਾਕਿਸਤਾਨ ਨਾਲ 'ਇੰਡਸ ਵਾਟਰ ਸੰਧੀ' ਹੋ ਰਹੀ ਸੀ, ਉਸ ਵੇਲੇ ਪਾਕਿਸਤਾਨ ਕੋਲ 2.1 ਕਰੋੜ ਏਕੜ ਸਿੰਚਾਈ ਵਾਲੀ ਵਹਿਕ ਜ਼ਮੀਨ ਸੀ, ਜਦਕਿ ਭਾਰਤੀ ਪੰਜਾਬ ਕੋਲ 50 ਲੱਖ ਏਕੜ ਦੇ ਕਰੀਬ ਸਿੰਚਾਈ ਵਾਲੀ ਜ਼ਮੀਨ ਸੀ। ਇਸ ਲਈ ਭਾਰਤ ਨੂੰ 35 ਐਮ.ਏ.ਐਫ. ਪਾਣੀ ਤੇ ਪਾਕਿਸਤਾਨ ਨੂੰ 132 ਐਮ.ਏ.ਐਫ. ਪਾਣੀ ਦਿੱਤਾ ਗਿਆ। ਉਸ ਵੇਲੇ ਵੱਧ ਪਾਣੀ ਲੈਣ ਦੇ ਚੱਕਰ ਵਿੱਚ ਰਾਜਸਥਾਨ ਨੂੰ ਵਿੱਚ ਪਾ ਕੇ ਦਿਖਾਇਆ ਗਿਆ ਸੀ। ਇਸ ਤਰ੍ਹਾਂ ਬਾਅਦ 'ਚ ਰਾਜਸਥਾਨ ਵੀ ਪੱਕਾ ਪਾਣੀ ਦਾ ਹਿੱਸੇਦਾਰ ਬਣ ਗਿਆ। ਹਾਲਾਂਕਿ ਇੰਦਰਾ ਗਾਂਧੀ ਨਹਿਰ ਦਾ ਪਾਣੀ ਲਿਫ਼ਟ ਨਾਲ ਪਹੁੰਚਾਉਣ ਲਈ ਊਰਜਾ ਦੀ ਖ਼ਪਤ ਵੀ ਹੁੰਦੀ ਹੈ। ਉੱਥੇ ਸੇਮ ਵੀ ਆਈ ਤੇ ਟਿੱਬੇ ਅੱਗੇ ਤੁਰੇ ਜਾਂਦੇ ਹਨ ਅਤੇ 'ਵਾਟਰ ਯੂਜ਼ ਐਫੀਸ਼ੀਐਂਸੀ' ਬਹੁਤ ਘੱਟ ਹੈ। ਪਾਣੀ ਵਰਤ ਕੇ ਜੋ ਫ਼ਸਲ ਹੁੰਦੀ ਹੈ, ਉਹ ਨਾਂਹ ਦੇ ਬਰਾਬਰ ਹੈ। ਕਹਿਣ ਦਾ ਭਾਵ ਕਿ ਜੋ ਅਨਮੁੱਲਾ ਸਰੋਤ ਹੈ, ਉਹ ਅਜਾਈਂ ਜਾ ਰਿਹਾ ਹੈ। ਇਹ ਰਿਪੋਰਟ ਸੈਂਟਰਲ ਏਰਡ ਜ਼ੋਨ ਰਿਸਰਚ ਇੰਸਟੀਚਿਊਟ ਜੋਧਪੁਰ (ਸੀ.ਏ.ਜ਼ੈੱਡ.ਆਰ.ਆਈ.) ਦੀ ਹੀ ਹੈ। ਖ਼ੈਰ 1977 ਵਿੱਚ ਜਦੋਂ ਪੰਜਾਬ 'ਚ ਅਕਾਲੀ ਸਰਕਾਰ ਬਣੀ ਤਾਂ ਉਨ੍ਹਾਂ ਸਤਲੁਜ-ਯਮੁਨਾ ਲਿੰਕ ਨਹਿਰ ਦੇ ਖ਼ਿਲਾਫ਼ ਪਟੀਸ਼ਨ ਸੁਪਰੀਮ ਕੋਰਟ 'ਚ ਪਾ ਦਿੱਤੀ, ਪਰ ਨਾਲ ਹੀ ਐਸ.ਵਾਈ.ਐੱਲ. ਦੀ ਸ਼ੁਰੂਆਤ ਵੀ ਕਰ ਦਿੱਤੀ। ਕਹਿਣ ਦਾ ਭਾਵ ਕਿ ਜ਼ਮੀਨ ਐਕਵਾਇਰ ਕਰਨੀ ਸ਼ੁਰੂ ਕਰ ਦਿੱਤੀ। ਜਦੋਂ 1980 ਵਿੱਚ ਕਾਂਗਰਸ ਦੀ ਸਰਕਾਰ ਪੰਜਾਬ 'ਚ ਬਣੀ ਤਾਂ ਉਨ੍ਹਾਂ ਨੇ ਇਸ ਨੂੰ ਬਣਾਉਣ ਦਾ ਟੱਕ ਕਪੂਰੀ ਵਿਖੇ ਲਗਾਇਆ ਤੇ ਅਕਾਲੀ ਸਰਕਾਰ ਵੇਲੇ ਦਾ ਕੇਸ ਵੀ ਸੁਪਰੀਮ ਕੋਰਟ ਤੋਂ ਵਾਪਸ ਲੈ ਲਿਆ। ਉਸ ਤੋਂ ਬਾਅਦ ਦੋਵਾਂ ਪਾਰਟੀਆਂ ਨੇ ਆਪਣੇ-ਆਪਣੇ ਕਾਲ 'ਚ ਇਨ੍ਹਾਂ ਫ਼ੈਸਲਿਆਂ ਦੇ ਵਿਰੁੱਧ ਵਿਧਾਨ ਸਭਾ 'ਚ ਮਤੇ ਪਾਸ ਕੀਤੇ। ਪਾਣੀਆਂ ਸੰਬੰਧੀ ਅੱਜ ਵੀ ਕੇਸ ਅਦਾਲਤ ਵਿੱਚ ਚੱਲ ਰਹੇ ਹਨ। ਉਧਰ ਕੇਂਦਰ ਸਰਕਾਰ ਨੇ 2019 ਵਿੱਚ ਵਾਟਰ ਡਿਸਪਿਊਟ ਐਕਟ 1956 'ਚ ਬਦਲਾਅ ਲਿਆ ਕੇ ਟ੍ਰਿਬਿਊਨਲ ਦੀ ਜਗ੍ਹਾ 'ਤੇ ਡਿਸਪਿਊਟ ਰੈਜ਼ੋਲਿਊਸ਼ਨ ਕਮੇਟੀ (ਡੀ.ਆਰ.ਸੀ.) ਬਣਾ ਦਿੱਤੀ, ਜੋ ਅੰਤਰਰਾਜੀ ਪਾਣੀ ਮਸਲਿਆਂ 'ਤੇ ਇੱਕ-ਦੂਜੇ ਨਾਲ ਸਹਿਮਤੀ 'ਚ ਨਿਪਟਾਰਾ ਕਰਾਉਂਦੀ ਸੀ। 2019 'ਚ ਹੀ ਕੇਂਦਰ ਸਰਕਾਰ ਨੇ ਡੈਮ ਸੇਫਟੀ ਐਕਟ 2021 ਲਿਆਂਦਾ, ਜਿਸ ਖ਼ਿਲਾਫ਼ ਡੀ.ਐਮ.ਕੇ. ਦੇ ਆਗੂ ਮਦਰਾਸ ਹਾਈਕੋਰਟ 'ਚ ਪਹੁੰਚ ਗਏ, ਪਰ ਕੇਂਦਰ ਸਰਕਾਰ ਨੇ ਕਿਹਾ ਕਿ ਇਸ ਵਿੱਚ ਸਿਰਫ਼ ਡੈਮਾਂ ਦੀ ਸਾਂਭ-ਸੰਭਾਲ ਤੇ ਉਨ੍ਹਾਂ ਦੇ ਨਵੀਨੀਕਰਨ ਦੀਆਂ ਗੱਲਾਂ ਹੀ ਸ਼ਾਮਿਲ ਹਨ, ਪਾਣੀ ਦੀ ਵੰਡ ਦੀ ਕੋਈ ਗੱਲ ਹੀ ਨਹੀਂ। ਉਧਰ ਡੈਮਾਂ ਦੇ ਪ੍ਰਬੰਧ ਲਈ ਜੋ ਬੋਰਡ ਬਣਨੇ ਸਨ, ਉਨ੍ਹਾਂ 'ਚ ਤਬਦੀਲੀਆਂ ਲਿਆਂਦੀਆਂ, ਜਿਸ ਅਨੁਸਾਰ ਚੇਅਰਮੈਨ ਤੋਂ ਲੈ ਕੇ 9 ਮੈਂਬਰ ਕੇਂਦਰ ਨਿਯੁਕਤ ਕਰੇਗਾ। ਇਨ੍ਹਾਂ 'ਚੋਂ ਦੂਜੇ ਰਾਜਾਂ ਜਿਨ੍ਹਾਂ ਦਾ ਸਰੋਕਾਰ ਉਸ ਪਾਣੀ ਨਾਲ ਹੈ, ਉਹ ਵੀ ਸ਼ਾਮਿਲ ਹੋਣਗੇ। ਇਸ ਦੇ ਨਾਲ ਜੋ ਸੂਬੇ ਦੇ ਨੁਮਾਇੰਦੇ ਹੋਣਗੇ, ਉਨ੍ਹਾਂ ਨੂੰ ਵੀ ਕੇਂਦਰ ਹੀ ਨਿਯੁਕਤ ਕਰੇਗਾ। ਇਸ ਨੂੰ 2021 ਵਿੱਚ ਕਾਨੂੰਨ ਬਣਾ ਕੇ ਸੂਬਿਆਂ 'ਤੇ ਲਾਗੂ ਕਰ ਦਿੱਤਾ ਗਿਆ, ਜਦਕਿ ਸੰਵਿਧਾਨ ਮੁਤਾਬਕ ਪਾਣੀ ਦੇ ਅਧਿਕਾਰ ਸੂਬੇ ਦੇ ਹਨ, ਪਰ ਫਿਰ ਵੀ ਸੂਬਾ ਸਰਕਾਰਾਂ ਨੇ ਇਸ ਵਿਰੁੱਧ ਸਾਹ ਤੱਕ ਨਹੀਂ ਕੱਢਿਆ। ਹੁਣ ਜੋ ਪਾਣੀ ਦਾ ਰੇੜਕਾ ਹਰਿਆਣੇ ਨਾਲ ਹੈ, ਉਹ ਹੈ ਹਰਿਆਣਾ ਬੀ.ਬੀ.ਐਮ.ਬੀ. ਤੋਂ 8500 ਕਿਊਬਿਕ ਪਾਣੀ ਇਕ ਹਫ਼ਤੇ ਲਈ ਮੰਗ ਰਿਹਾ ਹੈ।

ਹਰਿਆਣਾ ਆਪਣਾ ਪਾਣੀ ਦਾ ਨਿਰਧਾਰਤ ਹਿੱਸਾ ਪਹਿਲਾਂ ਹੀ ਵਰਤ ਚੁੱਕਾ ਹੈ, ਕਿਉਂਕਿ ਉਹ ਪਿਛਲੇ ਸਾਲਾਂ 'ਚ ਵੀ ਵੱਧ ਪਾਣੀ ਵਰਤਦਾ ਰਿਹਾ ਹੈ। ਇਸ ਲਈ ਉਹ ਵੱਧ ਪਾਣੀ ਲੈਣਾ ਆਪਣਾ ਹੱਕ ਸਮਝਦਾ ਹੈ, ਪਰ ਉਸ ਨੇ ਮੰਗਿਆ ਪੀਣ ਲਈ ਹੈ। ਉਧਰ ਪੰਜਾਬ ਸਰਕਾਰ ਮੁਤਾਬਕ ਉਹ ਪਹਿਲਾਂ ਹੀ ਮਨੁੱਖਤਾ ਦੇ ਨਾਤੇ ਪੀਣ ਲਈ 4000 ਕਿਊਸਿਕ ਵਾਧੂ ਪਾਣੀ ਹਰਿਆਣੇ ਨੂੰ ਦੇ ਰਹੇ ਹਨ। ਜਿਹੜਾ ਪਾਣੀ ਹਰਿਆਣੇ ਦੇ ਹਿੱਸੇ ਦਾ ਜਾ ਰਿਹਾ ਹੈ, ਉਸ ਵਿਚੋਂ ਪਹਿਲਾਂ ਲੋਕਾਂ ਦੇ ਪੀਣ ਦੀ ਜ਼ਰੂਰਤ ਪੂਰੀ ਕੀਤੀ ਜਾਵੇ, ਫੇਰ ਜੋ ਬਚਦਾ ਹੈ ਉਹ ਖੇਤੀ ਤੇ ਬਾਅਦ ਵਿੱਚ ਫੈਕਟਰੀਆਂ ਨੂੰ ਦਿੱਤਾ ਜਾਵੇ। ਕੇਂਦਰ ਪਾਣੀ ਦਾ ਕੰਟਰੋਲ ਆਪਣੇ ਹੱਥ ਵਿੱਚ ਕਰਕੇ ਸਾਡਾ ਖੇਤੀ ਉਤਪਾਦਨ ਵੀ ਆਪਣੇ ਹੱਥ 'ਚ ਕਰਨਾ ਚਾਹੁੰਦਾ ਹੈ। ਪੰਜਾਬ 'ਚ ਪਾਣੀ ਘਟਣ ਨਾਲ ਖੇਤੀ 'ਤੇ ਅਸਰ ਪਵੇਗਾ, ਮਜਬੂਰੀਵੱਸ ਕਿਸਾਨ ਆਪਣੀਆਂ ਜ਼ਮੀਨਾਂ ਵੇਚਣਗੇ, ਫਿਰ ਪਾਣੀ ਦਾ ਹਿੱਸਾ ਦੁਬਾਰਾ ਕੇਂਦਰ ਵੱਲੋਂ ਬਦਲਿਆ ਜਾ ਸਕਦਾ ਹੈ।




(ਬਾਕੀ ਸਫ਼ਾ 31 'ਤੇ)

# ਅਕਾਦਮਿਕ ਆਜ਼ਾਦੀ ਕੀ ਹੈ?



ਕੁੱਕੀ ਗਿੱਲ



ਸੱਤਿਆਜੀਤ ਰੇਅ ਦੀ 1980 ਦੀ ਵਿਅੰਗਮਈ ਕਲਪਨਾ ਫਿਲਮ ਹੀਰਕ ਰਾਜਾ ਦੇਸ਼ ਸ਼ਾਬਦਿਕ ਤੌਰ 'ਤੇ ਡਾਇਮੰਡ ਕਿੰਗ ਦੇ ਰਾਜ ਵਿੱਚ ਰਾਜੇ ਦੇ ਸਿੱਖਿਆ ਮੰਤਰੀ ਇਹ ਨਿਰਧਾਰਤ ਕਰਦੇ ਹਨ ਕਿ ਸਕੂਲ ਵਿੱਚ ਕੀ ਪੜ੍ਹਾਇਆ ਜਾਣਾ ਚਾਹੀਦਾ ਹੈ। ਅੰਤ ਵਿੱਚ, ਮੰਤਰੀ ਸਕੂਲ ਬੰਦ ਕਰ ਦਿੰਦਾ ਹੈ। ਕੀ ਕਹਾਣੀ ਕੁਝ ਹੱਦ ਤੱਕ ਸਮਕਾਲੀ ਸੰਸਾਰ ਦਾ ਸੱਚਾ ਪ੍ਰਤੀਬਿੰਬ ਹੈ? ਸਿੱਖਿਆ ਦੀ ਪ੍ਰਕਿਰਤੀ ਅਤੇ ਇਹ ਸਮਾਜ ਨੂੰ ਕਿਵੇਂ ਆਕਾਰ ਦਿੰਦੀ ਹੈ, ਇਸਦੀ ਜਾਂਚ ਕਈ ਸੰਦਰਭਾਂ ਵਿੱਚ ਕੀਤੀ ਜਾ ਸਕਦੀ ਹੈ, ਡਾਇਮੰਡ ਕਿੰਗ ਦੇ ਕਾਲਪਨਿਕ ਰਾਜ ਤੋਂ ਲੈ ਕੇ ਅਸਲ ਜੀਵਨ ਵਿੱਚ ਡੋਨਾਲਡ ਟਰੰਪ ਦੇ ਅਮਰੀਕਾ ਤੱਕ। ਇਹ ਦੇਖਦੇ ਹੋਏ ਕਿ ਕੋਲੰਬੀਆ, ਇੱਕ ਆਈ.ਵੀ. ਲੀਗ ਯੂਨੀਵਰਸਿਟੀ, ਨੇ ਆਪਣੀ ਅਕਾਦਮਿਕ ਆਜ਼ਾਦੀ ਤਿਆਗ ਦਿੱਤੀ ਅਤੇ ਹਾਰਵਰਡ, ਸਭ ਤੋਂ ਪੁਰਾਣੀ ਅਤੇ ਅਮੀਰ ਅਮਰੀਕੀ ਯੂਨੀਵਰਸਿਟੀ, ਨੇ ਕਾਨੂੰਨੀ ਤੌਰ 'ਤੇ ਇਸਦਾ ਬਚਾਅ ਕਰਨ ਦੀ ਚੋਣ ਕੀਤੀ ਹੈ, ਕੋਈ ਸੋਚੇਗਾ ਕਿ ਅਕਾਦਮਿਕ ਆਜ਼ਾਦੀ ਕੀ ਹੈ ਅਤੇ ਇਸਦੇ ਦਾਇਰੇ ਅਤੇ ਸੀਮਾਵਾਂ ਕੀ ਹਨ।

ਜਦੋਂ ਉਸ ਸਮੇਂ ਦੇ ਰਾਸ਼ਟਰਪਤੀ ਪ੍ਰਣਬ ਮੁਖਰਜੀ ਨੇ 2017 ਵਿੱਚ ਨਾਲੰਦਾ ਵਿੱਚ ਅੰਤਰਰਾਸ਼ਟਰੀ ਬੋਧੀ ਸੰਮੇਲਨ ਵਿੱਚ ਭਾਸ਼ਣ ਦਿੱਤਾ, ਤਾਂ ਉਸਨੇ ਨਾਲੰਦਾ ਅਤੇ ਤਕਸ਼ਿਲਾ, ਪ੍ਰਾਚੀਨ ਯੂਨੀਵਰਸਿਟੀਆਂ ਨੂੰ ਪੱਖਪਾਤ, ਗੁੱਸੇ, ਹਿੰਸਾ ਅਤੇ ਸਿਧਾਂਤਾਂ ਤੋਂ ਮੁਕਤ ਮਾਹੌਲ ਲਈ ਸੱਦਾ ਦਿੱਤਾ। ਇਹ ਸੁਤੰਤਰ ਪ੍ਰਵਾਹ ਬੌਧਿਕ ਪ੍ਰੇਰਨਾ ਲਈ ਅਨੁਕੂਲ ਹੋਣਾ ਚਾਹੀਦਾ ਹੈ।

ਹਾਲਾਂਕਿ, ਇਹ ਹਮੇਸ਼ਾ ਇੰਨਾ ਆਸਾਨ ਨਹੀਂ ਹੁੰਦਾ। ਜਿਹੜੇ ਵਿਦਵਾਨ ਚਰਚ ਦੇ ਧਰਮ ਸ਼ਾਸਤਰ ਨਾਲ ਅਸਹਿਮਤ ਸਨ ਜਾਂ ਚਰਚ ਦੁਆਰਾ ਅਸਵੀਕਾਰਨਯੋਗ ਸਮਝੇ ਜਾਂਦੇ ਤਰੀਕਿਆਂ ਨਾਲ ਵਿਵਹਾਰ ਕਰਦੇ ਸਨ, ਉਨ੍ਹਾਂ ਨੇ ਮੱਧਯੁਗੀ ਯੂਰਪ ਵਿੱਚ ਅਤਿਆਚਾਰ ਦਾ ਖ਼ਤਰਾ ਪੈਦਾ ਕੀਤਾ। ਫਿਰ, ਦਾਰਸ਼ਨਿਕ ਵਿਲਹੈਲਮ ਵਾਨ ਹੰਬੋਲਟ ਨੇ 19ਵੀਂ ਸਦੀ ਦੇ ਸ਼ੁਰੂ ਵਿੱਚ ਬਰਲਿਨ ਵਿੱਚ ਇੱਕ ਨਵੀਂ ਯੂਨੀਵਰਸਿਟੀ ਬਣਾਈ। ਅਕਾਦਮਿਕ ਆਜ਼ਾਦੀ ਦੇ ਬੁਨਿਆਦੀ ਸਿਧਾਂਤ - ਵਿਗਿਆਨਕ ਪੁੱਛਗਿੱਛ ਦੀ ਆਜ਼ਾਦੀ ਅਤੇ ਖੋਜ ਅਤੇ ਸਿੱਖਿਆ ਦਾ ਏਕੀਕਰਨ - ਉੱਚ ਸਿੱਖਿਆ ਦੇ ਹਮਬੋਲਟੀਅਨ ਮਾਡਲ ਸੰਸਥਾਗਤ ਰੂਪ ਵਿੱਚ ਦੂਜੇ ਦੇਸ਼ਾਂ ਵਿੱਚ ਫੈਲਾਏ ਗਏ। ਅਕਾਦਮਿਕ ਆਜ਼ਾਦੀ ਦੀ ਅੱਜ ਦੀ ਪ੍ਰਤੀਤ ਹੁੰਦੀ ਧਾਰਨਾ ਨੂੰ ਇਸ ਤਰ੍ਹਾਂ ਸੰਖੇਪ ਕੀਤਾ ਜਾ ਸਕਦਾ ਹੈ: ਵਿਦਿਆਰਥੀਆਂ ਨੂੰ ਬਾਹਰੀ ਦਖਲਅੰਦਾਜ਼ੀ ਤੋਂ ਮੁਕਤ ਅਕਾਦਮਿਕ ਵਾਤਾਵਰਣ ਵਿੱਚ ਸਿੱਖਣ ਦਾ ਅਧਿਕਾਰ ਹੈ, ਅਤੇ ਅਧਿਆਪਕਾਂ ਨੂੰ ਸਿੱਖਿਆ ਦੇਣ ਦਾ ਅਧਿਕਾਰ ਹੈ। ਹਾਲਾਂਕਿ, ਸਮਾਜਿਕ ਅਤੇ ਰਾਜਨੀਤਿਕ ਆਲੋਚਨਾ ਵਿੱਚ ਸ਼ਾਮਲ ਹੋਣ ਦਾ ਅਧਿਆਪਕਾਂ ਦਾ ਅਧਿਕਾਰ ਇੱਕ ਹੋਰ ਪਰਿਭਾਸ਼ਾ ਹੈ। ਹਿਊਸਟਨ ਲਾਅ ਰਿਵਿਊ ਵਿੱਚ ਪ੍ਰਕਾਸ਼ਿਤ 2022 ਦੇ ਇੱਕ ਪੇਪਰ ਵਿੱਚ, ਯੇਲ ਲਾਅ ਸਕੂਲ ਦੇ ਪ੍ਰੋਫੈਸਰ ਕੀਥ ਈ. ਵਿਟਿੰਗਟਨ ਨੇ ਕਿਹਾ ਕਿ ਸੱਚਾਈ ਦੀ ਭਾਲ ਅਤੇ ਮਨੁੱਖੀ ਗਿਆਨ ਦੀ ਤਰੱਕੀ ਅਤੇ ਪ੍ਰਸਾਰ ਲਈ ਵਚਨਬੱਧ ਯੂਨੀਵਰਸਿਟੀਆਂ ਨੂੰ ਵਿਦਵਾਨਾਂ ਅਤੇ ਇੰਸਟ੍ਰਕਟਰਾਂ ਲਈ ਅਕਾਦਮਿਕ ਆਜ਼ਾਦੀ ਲਈ ਮਜ਼ਬੂਤ ਸੁਰੱਖਿਆ ਦੀ ਲੋੜ ਹੁੰਦੀ ਹੈ।

1950 ਵਿੱਚ ਨਾਇਸ ਵਿੱਚ ਯੂਨੈਸਕੋ ਦੁਆਰਾ ਆਯੋਜਿਤ ਅੰਤਰਰਾਸ਼ਟਰੀ ਕਾਨਫਰੰਸ ਵਿੱਚ, ਦੁਨੀਆਂ ਦੀਆਂ ਯੂਨੀਵਰਸਿਟੀਆਂ ਨੇ ਆਪਣੇ ਲਈ ਗਿਆਨ ਪ੍ਰਾਪਤ ਕਰਨ ਅਤੇ ਸੱਚ ਦੀ ਖੋਜ ਜਿੱਥੇ ਵੀ ਲੈ ਜਾ ਸਕਦੀ ਹੈ ਉੱਥੇ ਜਾਣ ਦੇ ਅਧਿਕਾਰ ਦਾ ਵਾਅਦਾ ਕੀਤਾ। ਫਿਰ 2005 ਵਿੱਚ ਕੋਲੰਬੀਆ ਯੂਨੀਵਰਸਿਟੀ ਵਿੱਚ ਆਯੋਜਿਤ ਯੂਨੀਵਰਸਿਟੀ ਪ੍ਰੈਜ਼ੀਡੈਂਟਸ ਦੇ ਪਹਿਲੇ ਸਾਲਾਨਾ ਗਲੋਬਲ ਬੋਲਚਿਅਮ ਵਿੱਚ ਅਕਾਦਮਿਕ ਆਜ਼ਾਦੀ ਨੂੰ ਖੋਜ ਕਰਨ, ਸਿਖਾਉਣ, ਬੋਲਣ ਅਤੇ ਪ੍ਰਕਾਸ਼ਿਤ ਕਰਨ ਦੀ ਆਜ਼ਾਦੀ, ਵਿਦਵਤਾਪੂਰਨ ਪੁੱਛਗਿੱਛ ਦੇ ਨਿਯਮਾਂ ਅਤੇ ਮਾਪਦੰਡਾਂ ਦੇ ਅਧੀਨ, ਦਖਲਅੰਦਾਜ਼ੀ ਜਾਂ ਸਜ਼ਾ ਦੇ ਬਿਨਾਂ, ਜਿੱਥੇ ਵੀ ਸੱਚ ਅਤੇ ਸਮਝ ਦੀ ਖੋਜ ਲੈ ਜਾ ਸਕਦੀ ਹੈ ਵਜੋਂ ਪਰਿਭਾਸ਼ਿਤ ਕੀਤਾ ਗਿਆ ਸੀ। ਪਰ ਕੀ ਅਕਾਦਮਿਕ ਆਜ਼ਾਦੀ ਨੂੰ ਪਰਿਭਾਸ਼ਿਤ ਕਰਨਾ ਅਤੇ ਪ੍ਰਾਪਤ ਕਰਨਾ ਸੱਚਮੁੱਚ ਇੰਨਾ ਸਿੱਧਾ ਹੈ?

ਮੌਜੂਦਾ ਅਕਾਦਮਿਕ ਵਾਤਾਵਰਣ ਵਿੱਚ ਕਾਰਜਕਾਲ, ਤਰੱਕੀਆਂ, ਤਨਖਾਹਾਂ ਵਿੱਚ ਵਾਧਾ, ਖੋਜ ਫੰਡਿੰਗ ਅਤੇ ਅਕਾਦਮਿਕ ਸਨਮਾਨ ਸਾਰੇ ਖੋਜ ਪ੍ਰਕਾਸ਼ਨਾਂ ਨਾਲ ਨੇੜਿਓਂ ਜੁੜੇ ਹੋਏ ਹਨ। ਇਸ ਤਰ੍ਹਾਂ, ਅੱਜ ਦੇ ਵਿਦਵਾਨ ਪ੍ਰਕਾਸ਼ਨ ਦੇ ਸਾਥੀਆਂ ਦੇ ਦਬਾਅ ਦੁਆਰਾ ਪ੍ਰੇਰਿਤ ਹਨ ਅਤੇ ਫੰਡਿੰਗ ਏਜੰਸੀਆਂ ਦੀ ਦਿਲਚਸਪੀ ਦਾ ਅਕਾਦਮਿਕ ਵਿਗਿਆਨੀਆਂ ਦੀ ਖੋਜ ਤੇ ਮਹੱਤਵਪੂਰਨ ਪ੍ਰਭਾਵ ਪੈਂਦਾ ਹੈ। ਅੱਜਕੱਲ੍ਹ, ਯੂਨੀਵਰਸਿਟੀਆਂ ਆਪਣੀਆਂ ਅੰਤਰਰਾਸ਼ਟਰੀ ਦਰਜਾਬੰਦੀਆਂ ਨਾਲ ਵੀ ਚਿੰਤਤ ਹਨ, ਜੋ ਕਿ ਮੁੱਖ ਤੌਰ 'ਤੇ ਖੋਜ ਪੱਤਰਾਂ 'ਤੇ ਅਧਾਰਿਤ ਹਨ।

ਅੱਜ ਦਾ ਪ੍ਰਕਾਸ਼ਿਤ ਕਰੋ ਜਾਂ ਨਾਸ਼ ਕਰੋ ਸੱਭਿਆਚਾਰ ਅਸਲ ਵਿੱਚ ਕਾਫ਼ੀ ਗੰਭੀਰ ਹੈ? ਇੱਕ ਮਹੱਤਵਪੂਰਨ ਅਪਵਾਦ 2013 ਦੇ ਨੋਬਲ ਪੁਰਸਕਾਰ ਜੇਤੂ ਬ੍ਰਿਟਿਸ਼ ਭੌਤਿਕ ਵਿਗਿਆਨੀ ਪੀਟਰ ਹਿਗਸ ਸਨ, ਜੋ ਹਿਗਸ ਬੋਸਨ ਲਈ ਮਸ਼ਹੂਰ ਸਨ। ਹਿਗਸ ਨੇ ਕਦੇ ਵੀ ਹਮਲਾਵਰ ਢੰਗ ਨਾਲ ਪ੍ਰਕਾਸ਼ਨ ਨਹੀਂ ਕੀਤਾ। ਉਸਨੇ ਕਿਹਾ ਕਿ ਉਹ ਜਦੋਂ ਖੋਜ ਮੁਲਾਂਕਣ ਅਭਿਆਸ ਕਰਦੇ ਸਨ ਤਾਂ ਵਿਭਾਗ ਲਈ ਸ਼ਰਮਿੰਦਗੀ ਦਾ ਕਾਰਨ ਬਣ ਗਿਆ ਅਤੇ ਜੇਕਰ ਉਸਨੂੰ 1980 ਵਿੱਚ ਨੋਬਲ ਪੁਰਸਕਾਰ ਲਈ ਨਾਮਜ਼ਦ ਨਾ ਕੀਤਾ ਗਿਆ ਹੁੰਦਾ ਤਾਂ ਉਸਨੂੰ ਐਡਿਨਬਰਗ ਯੂਨੀਵਰਸਿਟੀ ਵਿੱਚ ਉਸਦੀ ਨੌਕਰੀ ਤੋਂ ਕੱਢ ਦਿੱਤਾ ਜਾਂਦਾ। ਹਾਲਾਂਕਿ, ਉਸਨੇ ਸੋਚਿਆ ਕਿ ਕਿਉਂਕਿ ਅੱਜ ਦੇ ਅਕਾਦਮਿਕ ਪ੍ਰਣਾਲੀ ਵਿੱਚ ਉਸਨੂੰ ਕਾਫ਼ੀ ਉਤਪਾਦਕ ਨਹੀਂ ਮੰਨਿਆ ਜਾਵੇਗਾ, ਕੋਈ ਵੀ ਯੂਨੀਵਰਸਿਟੀ ਉਸਨੂੰ ਨੌਕਰੀ 'ਤੇ ਨਹੀਂ ਰੱਖੇਗੀ। ਇਸ ਤਰ੍ਹਾਂ, ਅੱਜ ਦੀ ਅਕਾਦਮਿਕ ਪ੍ਰਣਾਲੀ ਭਵਿੱਖ ਦੇ ਨੋਬਲ ਜੇਤੂ ਨੂੰ ਨਿਯਮਿਤ ਤੌਰ 'ਤੇ ਖੋਜ ਪੱਤਰ ਤਿਆਰ ਕੀਤੇ ਬਿਨਾਂ ਸ਼ਾਂਤੀਪੂਰਵਕ ਆਪਣੀ ਖੋਜ ਕਰਨ ਦੀ ਇਜਾਜ਼ਤ ਵੀ ਨਹੀਂ ਦਿੰਦੀ।

ਅੱਜਕੱਲ੍ਹ, ਯੂਨੀਵਰਸਿਟੀ ਦੇ ਪਾਠਕ੍ਰਮ ਦੇ ਪਹਿਲਾਂ ਤੋਂ ਨਿਰਧਾਰਤ ਢਾਂਚੇ ਵਿੱਚ ਛੋਟ ਦੀ ਬਹੁਤ ਘੱਟ ਗੁੰਜਾਇਸ਼ ਹੈ।

ਇਸ ਤੋਂ ਇਲਾਵਾ, ਜਿਵੇਂ ਕਿ ਅਮਰੀਕੀ ਜੀਵ-ਵਿਗਿਆਨੀ ਜੈਰੀ ਕੋਇਨ ਨੇ ਕਿਹਾ, ਇੱਕ ਭੂ-ਵਿਗਿਆਨ ਅਧਿਆਪਕ ਜੋ ਆਪਣੇ ਵਿਦਿਆਰਥੀਆਂ ਨੂੰ ਇਹ ਦੱਸਦਾ ਹੈ ਕਿ ਧਰਤੀ ਸਮਤਲ ਹੈ, ਅਕਾਦਮਿਕ ਆਜ਼ਾਦੀ ਦੀ ਵਰਤੋਂ ਨਹੀਂ ਕਰ ਰਿਹਾ ਹੈ, ਸਗੋਂ ਆਪਣੇ ਫਰਜ਼ਾਂ ਵਿੱਚ ਅਸਫਲ ਹੋ ਰਿਹਾ ਹੈ। ਬੋਲਣ ਦੀ ਆਮ ਆਜ਼ਾਦੀ ਦੇ ਮੁਕਾਬਲੇ, ਬੋਲਣ ਦੀ ਅਕਾਦਮਿਕ ਆਜ਼ਾਦੀ ਵਧੇਰੇ ਸੀਮਤ ਹੈ। ਉਦਾਹਰਣ ਵਜੋਂ, ਇੱਕ ਗੈਰ-ਅਕਾਦਮਿਕ ਟੀਕਿਆਂ ਦੀ ਪ੍ਰਭਾਵਸ਼ੀਲਤਾ ਦੀ ਆਲੋਚਨਾ ਕਰ ਸਕਦਾ ਹੈ, ਪਰ ਉਹ ਇਹ ਸਿਰਫ਼ ਅਕਾਦਮਿਕ ਆਜ਼ਾਦੀ ਨਾਲ ਹੀ ਕਰ ਸਕਦੇ ਹਨ ਜੇਕਰ ਉਨ੍ਹਾਂ ਕੋਲ ਜ਼ਰੂਰੀ ਅਕਾਦਮਿਕ ਪ੍ਰਮਾਣ ਪੱਤਰ ਹੋਣ। ਜਨਤਕ ਭਾਸ਼ਣਾਂ ਦੇ ਉਲਟ, ਅਕਾਦਮਿਕ ਦ੍ਰਿਸ਼ਟੀਕੋਣ ਅਕਸਰ ਪੀਅਰ ਸਮੀਖਿਆ ਦੇ ਅਧੀਨ ਹੁੰਦੇ ਹਨ। ਅਤੇ, ਮਹੱਤਵਪੂਰਨ ਗੱਲ ਇਹ ਹੈ ਕਿ ਅਕਾਦਮਿਕ ਆਜ਼ਾਦੀ ਓਨੀ ਹੀ ਹੋ ਸਕਦੀ ਹੈ ਜਿੰਨੀ ਉਸ ਸਮੇਂ ਕਿਸੇ ਦੇਸ਼ ਦੀ ਰਾਜਨੀਤੀ ਅਤੇ ਸਮਾਜ ਅਕਾਦਮਿਕ ਸੰਸਥਾਵਾਂ ਨੂੰ ਪੇਸ਼ ਕਰਨਾ ਚਾਹੁੰਦਾ ਸੀ। ਉਦਾਹਰਣ ਵਜੋਂ, ਸਮਾਜ ਸ਼ਾਸਤਰ ਅਤੇ ਜੈਨੇਟਿਕਸ ਸਮੇਤ ਖੋਜ ਦੇ ਕਈ ਖੇਤਰਾਂ ਨੂੰ 1930 ਦੇ ਦਹਾਕੇ ਵਿੱਚ ਸੋਵੀਅਤ ਯੂਨੀਅਨ ਵਿੱਚ ਬੁਰਜੂਆ ਸੂਡੋਸਾਇੰਸ ਵਜੋਂ ਗੈਰ-ਕਾਨੂੰਨੀ ਕਰਾਰ ਦਿੱਤਾ ਗਿਆ ਸੀ।

ਅਸਲ ਵਿੱਚ, ਇੱਕ ਉੱਡਦੀ ਪਤੰਗ ਦੀ ਆਜ਼ਾਦੀ ਕੀ ਹੈ? ਜਦੋਂ ਇੱਕ ਪਤੰਗ ਉੱਚੀ ਉੱਡ ਰਹੀ ਹੁੰਦੀ ਹੈ, ਤਾਂ ਇਸਦਾ ਮਤਲਬ ਹੈ ਕਿ ਸਪੂਲ ਫੜਨ ਵਾਲਾ ਵਿਅਕਤੀ ਇਸਨੂੰ ਉੱਡਣ ਦਿੰਦਾ ਹੈ। ਰਾਜਿਆਂ ਦੀ ਖੁੱਲ੍ਹੇ ਦਿਲ ਨਾਲ ਵਿੱਤ ਅਤੇ ਵਿਦੇਸ਼ੀ ਵਿਦਵਾਨਾਂ ਅਤੇ ਵਿਦਿਆਰਥੀਆਂ ਨੂੰ ਇਜਾਜ਼ਤ ਦਿੱਤੇ ਬਿਨਾਂ, ਕੀ ਪ੍ਰਾਚੀਨ ਨਾਲੰਦਾ ਜਾਂ ਟੈਕਸਲਾ ਆਪਣੀ ਅਕਾਦਮਿਕ ਆਜ਼ਾਦੀ ਦੀ ਵਰਤੋਂ ਕਰਨ ਦੇ ਯੋਗ ਹੁੰਦਾ?

(ਬਾਕੀ ਸਫ਼ਾ 31 'ਤੇ)

# ਕੀ ਭਾਰਤੀ ਮੂਲ ਦੇ ਸਿਆਸਤਦਾਨ ਕੈਨੇਡੀਅਨ ਪ੍ਰਵਾਸੀਆਂ ਦੇ ਮਸਲੇ ਹੱਲ ਕਰਵਾਉਣਗੇ ?

ਪ੍ਰਿੰਸੀਪਲ ਵਿਜੈ ਕੁਮਾਰ



ਕੈਨੇਡਾ 'ਚ ਅਪ੍ਰੈਲ ਮਹੀਨੇ ਹੋਈਆਂ ਚੋਣਾਂ ਦੌਰਾਨ ਪ੍ਰਵਾਸੀ ਭਾਰਤੀਆਂ ਦੇ ਕਾਫੀ ਨੁਮਾਇੰਦੇ ਚੁਣੇ ਗਏ ਹਨ, ਜਿਨ੍ਹਾਂ 'ਚੋਂ ਕਾਫੀ ਗਿਣਤੀ ਪੰਜਾਬੀਆਂ ਦੀ ਹੈ। ਕੈਨੇਡਾ 'ਚ ਵਸਦੇ ਭਾਰਤੀਆਂ ਨੇ ਉਨ੍ਹਾਂ ਦੇ ਜਿੱਤਣ 'ਤੇ ਬਹੁਤ ਖੁਸ਼ੀ ਮਨਾਈ, ਰਾਸ਼ਟਰੀ ਤੇ ਅੰਤਰਰਾਸ਼ਟਰੀ ਮੀਡੀਏ ਨੇ ਵੀ ਉਨ੍ਹਾਂ ਦੀ ਜਿੱਤ ਨੂੰ ਪ੍ਰਵਾਸੀ ਭਾਰਤੀਆਂ ਦੀ ਬਹੁਤ ਵੱਡੀ ਪ੍ਰਾਪਤੀ ਦੱਸਿਆ ਹੈ। ਹੁਣ ਸਵਾਲ ਇਹ ਹੈ ਕਿ ਕੈਨੇਡਾ ਵਿੱਚ ਵਸਦੇ ਪ੍ਰਵਾਸੀਆਂ ਦੇ ਨੁਮਾਇੰਦੇ ਕੈਨੇਡਾ ਸਰਕਾਰ 'ਚ ਨੁਮਾਇੰਦਗੀ ਹਾਸਲ ਕਰਨ ਤੋਂ ਬਾਅਦ ਜਿੱਤ ਪ੍ਰਾਪਤ ਕਰਨ ਦੀ ਖੁਸ਼ੀ ਮਨਾ ਕੇ ਅਹੁਦੇ ਲੈ ਕੇ ਪਹਿਲਾਂ ਵਾਂਗ ਅਵੇਸਲੇ ਹੋ ਕੇ ਬੈਠ ਜਾਣਗੇ ਜਾਂ ਲੋਕਾਂ ਦੀਆਂ ਸਮੱਸਿਆਵਾਂ ਵੱਲ ਲੋੜੀਂਦਾ ਧਿਆਨ ਵੀ ਦੇਣਗੇ? ਇਸ ਵੇਲੇ ਵੱਖ-ਵੱਖ ਦੇਸ਼ਾਂ ਦੇ ਨੌਜਵਾਨ ਮੁੰਡੇ-ਕੁੜੀਆਂ ਆਪਣੇ ਦੇਸ਼ਾਂ ਦੀ ਬੇਰੁਜ਼ਗਾਰੀ ਤੋਂ ਤੰਗ ਆ ਕੇ ਆਪਣੇ ਮਾਪਿਆਂ ਦੇ ਲੱਖਾਂ ਰੁਪਏ ਖਰਚ ਕਰਵਾ ਕੇ ਕੈਨੇਡਾ 'ਚ ਰੁਜ਼ਗਾਰ ਦੀ ਉਮੀਦ ਨਾਲ ਗਏ ਹੋਏ ਹਨ, ਪਰ ਉਨ੍ਹਾਂ ਨੂੰ ਬੇਰੁਜ਼ਗਾਰੀ ਦਾ ਸੰਤਾਪ ਭੋਗਣਾ ਪੈ ਰਿਹਾ ਹੈ। ਉਹ ਖੱਜਲ ਹੋ ਰਹੇ ਹਨ ਤੇ ਭੁੱਖੇ ਮਰਨ ਨੂੰ ਮਜਬੂਰ ਹਨ। ਕੈਨੇਡਾ ਸਰਕਾਰ ਉਨ੍ਹਾਂ ਨੂੰ ਰੁਜ਼ਗਾਰ ਦੇਣ ਦੀ ਬਜਾਏ ਵਰਕ ਪਰਮਿਟ ਤੇ ਪੱਕੀ ਨਾਗਰਿਕਤਾ ਦੇ ਕਾਨੂੰਨਾਂ ਤਹਿਤ ਨਵੀਆਂ-ਨਵੀਆਂ ਸੋਧਾਂ ਕਰ ਕੇ ਉਨ੍ਹਾਂ ਨੂੰ ਆਪਣੇ ਦੇਸ਼ਾਂ ਨੂੰ ਮੁੜਨ ਲਈ ਮਜਬੂਰ ਕਰ ਰਹੀ ਹੈ। ਕੀ ਪ੍ਰਵਾਸੀ ਭਾਰਤੀਆਂ ਦੇ ਨੁਮਾਇੰਦੇ ਕੈਨੇਡਾ ਦੀ ਸਰਕਾਰ 'ਤੇ ਪ੍ਰਵਾਸੀ ਬੱਚਿਆਂ ਨੂੰ ਰੁਜ਼ਗਾਰ ਦੇਣ ਲਈ ਦਬਾਅ ਪਾ ਕੇ ਆਪਣੀ ਬਣਦੀ ਜ਼ਿੰਮੇਵਾਰੀ ਨਿਭਾਉਣਗੇ?

ਕੈਨੇਡਾ 'ਚ ਵਸਦੇ ਲੋਕਾਂ ਨੂੰ ਸਿਹਤ ਸੇਵਾਵਾਂ ਨੂੰ ਲੈ ਕੇ ਬਹੁਤ ਖੱਜਲ-ਖੁਆਰ ਹੋਣਾ ਪੈਂਦਾ ਹੈ। ਲੋਕਾਂ ਨੂੰ ਭਿਆਨਕ ਬਿਮਾਰੀਆਂ ਦੇ ਇਲਾਜ ਤੇ ਆਪ੍ਰੇਸ਼ਨ ਆਦਿ ਲਈ ਕਈ-ਕਈ ਮਹੀਨਿਆਂ ਦੀ ਉਡੀਕ ਕਰਨੀ ਪੈਂਦੀ ਹੈ। ਡਾਕਟਰਾਂ ਦੀ ਘਾਟ ਦੇ ਚੱਲਦਿਆਂ ਕਈ ਲੋਕ ਬਿਨਾਂ ਇਲਾਜ ਤੋਂ ਮਰ ਜਾਂਦੇ ਹਨ। ਕਈਆਂ ਨੂੰ ਲੱਖਾਂ ਰੁਪਏ ਦਾ ਖਰਚ ਕਰ ਕੇ ਇਲਾਜ ਕਰਵਾਉਣ ਲਈ ਆਪਣੇ ਦੇਸ਼ ਆਉਣਾ ਪੈਂਦਾ ਹੈ। ਕੀ ਪ੍ਰਵਾਸੀ ਭਾਰਤੀਆਂ ਦੇ ਨੁਮਾਇੰਦੇ ਕੈਨੇਡਾ ਸਰਕਾਰ 'ਤੇ ਸਿਹਤ ਸੇਵਾਵਾਂ ਨੂੰ ਬਿਹਤਰ ਬਣਾਉਣ ਲਈ ਦਬਾਅ ਪਾਉਣਗੇ?

ਕੈਨੇਡਾ ਵਿਚ ਵਸਦੇ ਪ੍ਰਵਾਸੀ ਆਪਣੇ ਬੱਚਿਆਂ ਦੀ ਸਿੱਖਿਆ ਨੂੰ ਲੈ ਕੇ ਬਹੁਤ ਫ਼ਿਕਰਮੰਦ ਹਨ, ਕਿਉਂਕਿ ਕੈਨੇਡਾ ਦੀ ਸਿੱਖਿਆ ਵਿਵਸਥਾ ਦਾ ਪੱਧਰ ਬਹੁਤ ਨੀਵਾਂ ਹੈ। ਸਕੂਲਾਂ ਵਿਚ ਬਹੁਤ ਅਨੁਸ਼ਾਸਨਹੀਣਤਾ ਹੈ। ਅੱਠਵੀਂ ਜਮਾਤ ਤੱਕ ਦੇ ਬੱਚਿਆਂ ਦੀ ਪੜ੍ਹਾਈ ਵੱਲ ਕੋਈ ਧਿਆਨ ਨਹੀਂ ਦਿੱਤਾ ਜਾਂਦਾ। ਬੱਚਿਆਂ ਦੇ ਮਾਪਿਆਂ ਨੂੰ ਹਜ਼ਾਰਾਂ ਡਾਲਰ ਟਿਊਸ਼ਨਾਂ 'ਤੇ ਖਰਚ ਕਰ ਕੇ ਉਨ੍ਹਾਂ ਦੀ ਪੜ੍ਹਾਈ ਦਾ ਪ੍ਰਬੰਧ ਕਰਨਾ ਪੈਂਦਾ ਹੈ। ਪ੍ਰਾਈਵੇਟ ਮਾਡਲ ਸਕੂਲਾਂ ਦੀਆਂ ਫੀਸਾਂ ਬਹੁਤ ਜ਼ਿਆਦਾ ਹੋਣ ਕਰਕੇ ਲੋਕ ਆਪਣੇ ਬੱਚਿਆਂ ਨੂੰ ਮਾਡਲ ਸਕੂਲਾਂ 'ਚ ਨਹੀਂ ਪੜ੍ਹਾ ਸਕਦੇ। 9ਵੀਂ ਜਮਾਤ ਤੋਂ ਬਾਅਦ ਪੜ੍ਹਾਈ ਔਖੀ ਹੋਣ ਕਾਰਨ ਅੱਧਵਾਟੇ ਪੜ੍ਹਾਈ ਛੱਡਣ ਵਾਲੇ ਬੱਚਿਆਂ ਦੀ ਗਿਣਤੀ ਬਹੁਤ ਜ਼ਿਆਦਾ ਹੈ। ਇਸੇ ਤਰ੍ਹਾਂ ਯੂਨੀਵਰਸਟੀ ਪੱਧਰ ਦੀ ਪੜ੍ਹਾਈ ਬਹੁਤ ਮਹਿੰਗੀ ਹੈ।









ਕੀ ਪ੍ਰਵਾਸੀ ਭਾਰਤੀਆਂ ਦੇ ਨੁਮਾਇੰਦੇ ਕੈਨੇਡਾ ਸਰਕਾਰ 'ਤੇ ਸਿੱਖਿਆ ਵਿਵਸਥਾ 'ਚ ਸੁਧਾਰ ਲਿਆਉਣ ਲਈ ਦਬਾਅ ਪਾਉਣਗੇ? ਕੈਨੇਡਾ ਵਿੱਚ ਕਾਨੂੰਨ ਵਿਵਸਥਾ ਦੀ ਸਥਿਤੀ ਦਿਨ ਪਰ ਦਿਨ ਵਿਗੜ ਰਹੀ ਹੈ। ਲੁੱਟਾਂ-ਖੋਹਾਂ, ਮਾਰ-ਕੁਟਾਈ, ਡਕੈਤੀਆਂ, ਚੋਰੀਆਂ, ਫ਼ਿਰੌਤੀਆਂ ਮੰਗਣ ਦੀਆਂ ਵਾਰਦਾਤਾਂ ਵਧਣ ਕਰਕੇ ਆਮ ਲੋਕਾਂ ਦਾ ਜਿਊਣਾ ਔਖਾ ਹੁੰਦਾ ਜਾ ਰਿਹਾ ਹੈ। ਕਾਨੂੰਨ ਸਖ਼ਤ ਨਾ ਹੋਣ ਕਾਰਨ ਅਦਾਲਤਾਂ ਤੇ ਪੁਲਿਸ ਕੁੱਝ ਨਹੀਂ ਕਰਦੀਆਂ।

ਕੀ ਪ੍ਰਵਾਸੀਆਂ ਦੇ ਨੁਮਾਇੰਦੇ ਕੈਨੇਡਾ ਸਰਕਾਰ 'ਤੇ ਕਾਨੂੰਨ ਵਿਵਸਥਾ ਨੂੰ ਸੁਧਾਰਨ ਲਈ ਦਬਾਅ ਪਾਉਣਗੇ? ਕੈਨੇਡਾ ਵਿੱਚ ਲੋਕਾਂ ਨੂੰ ਟੈਕਸਾਂ ਦੇ ਬੋਝ, ਮਹਿੰਗਾਈ ਤੇ ਹੋਰ ਕਈ ਸਮੱਸਿਆਵਾਂ ਨਾਲ ਜੂਝਣਾ ਪੈ ਰਿਹਾ ਹੈ, ਪਰ ਉਨ੍ਹਾਂ ਦੀ ਕਮਾਈ ਵਿੱਚ ਵਾਧਾ ਨਹੀਂ ਹੋ ਰਿਹਾ। ਪ੍ਰਵਾਸੀ ਇਸ ਸਮੱਸਿਆ ਕਾਰਨ ਕੈਨੇਡਾ ਛੱਡਣ ਲਈ ਮਜਬੂਰ ਹੋ ਰਹੇ ਹਨ। ਕੀ ਪ੍ਰਵਾਸੀਆਂ ਦੇ ਨੁਮਾਇੰਦੇ ਕੈਨੇਡਾ ਸਰਕਾਰ 'ਤੇ ਟੈਕਸਾਂ ਦੇ ਬੋਝ ਅਤੇ ਮਹਿੰਗਾਈ ਦੀਆਂ ਸਮੱਸਿਆਵਾਂ 'ਤੇ ਕਾਬੂ ਪਾਉਣ ਲਈ ਆਪਣਾ ਪ੍ਰਭਾਵ ਪਾਉਣਗੇ? ਅਮੀਰਾਂ ਤੇ ਗ਼ਰੀਬਾਂ ਵਿਚਕਾਰ ਪਾੜਾ ਵਧ ਰਿਹਾ ਹੈ। ਕੈਨੇਡਾ ਸਰਕਾਰ ਵੱਲੋਂ ਰੀਅਲ ਅਸਟੇਟ ਦੇ ਧੰਦੇ ਵੱਲ ਧਿਆਨ ਨਾ ਦੇਣ ਕਾਰਨ ਇਸ ਦੇਸ਼ ਵਿੱਚ ਬਹੁਤ ਸਾਰੀਆਂ ਰਿਹਾਇਸ਼ ਦੀਆਂ ਸਮੱਸਿਆਵਾਂ ਪੈਦਾ ਹੋ ਰਹੀਆਂ ਹਨ। ਆਮ ਲੋਕਾਂ ਲਈ ਘਰ ਖਰੀਦਣਾ ਬਹੁਤ ਔਖਾ ਹੋ ਰਿਹਾ ਹੈ। ਘਰਾਂ ਲਈ ਬੈਂਕਾਂ ਤੋਂ ਕਰਜ਼ ਲੈਣ ਲਈ ਲੋਕਾਂ ਨੂੰ ਬਹੁਤ ਦੌੜ-ਭੱਜ ਕਰਨੀ ਪੈਂਦੀ ਹੈ। ਰੀਅਲ ਅਸਟੇਟ ਦਾ ਕਾਰੋਬਾਰ ਇੱਕ ਹੇਰਾਫੇਰੀ ਦਾ ਧੰਦਾ ਬਣ ਕੇ ਰਹਿ ਗਿਆ ਹੈ। ਕਿਰਾਏਦਾਰਾਂ ਤੇ ਮਕਾਨ ਮਾਲਕਾਂ ਦੇ ਝਗੜੇ ਵਧ ਰਹੇ ਹਨ। ਮਕਾਨ ਮਾਲਕ ਘਾਟਾ ਪਾ ਕੇ ਆਪਣੇ ਮਕਾਨ ਵੇਚਣ ਨੂੰ ਮਜਬੂਰ ਹੋ ਰਹੇ ਹਨ।

ਕੀ ਪ੍ਰਵਾਸੀਆਂ ਦੇ ਨੁਮਾਇੰਦੇ ਰੀਅਲ ਇਸਟੇਟ ਨਾਲ ਜੁੜੀਆਂ ਸਮੱਸਿਆਵਾਂ ਦੇ ਹੱਲ ਲਈ ਸਰਕਾਰ ਨੂੰ ਆਖਣਗੇ? ਇਸ ਦੇਸ਼ ਦੇ ਵਪਾਰੀ, ਕਾਰੋਬਾਰੀ ਤੇ ਹੋਟਲਾਂ ਦਾ ਕਾਰੋਬਾਰ ਕਰਨ ਵਾਲੇ ਨੌਜਵਾਨ ਮੁੰਡੇ-ਕੁੜੀਆਂ ਤੋਂ ਟ੍ਰੇਨਿੰਗ ਦੇਣ ਦੇ ਨਾਂਅ 'ਤੇ ਮੁਫ਼ਤ ਜਾਂ ਘੱਟ ਤਨਖਾਹ 'ਤੇ ਕੰਮ ਕਰਵਾ ਕੇ ਉਨ੍ਹਾਂ ਦਾ ਸ਼ੋਸ਼ਣ ਕਰਦੇ ਹਨ। ਕੀ ਭਾਰਤੀਆਂ ਦੇ ਨੁਮਾਇੰਦੇ ਇਨ੍ਹਾਂ ਮੁੰਡੇ-ਕੁੜੀਆਂ ਦੇ ਹੋ ਰਹੇ ਸ਼ੋਸ਼ਣ ਨੂੰ ਰੋਕਣ ਲਈ ਸਰਕਾਰ ਨੂੰ ਪ੍ਰੇਰਿਤ ਕਰਨਗੇ?

ਉੱਚ ਸਿੱਖਿਆ ਤੇ ਕੰਮ-ਧੰਦੇ ਕਰਨ ਲਈ ਲਾਇਸੈਂਸ ਲੈਣ ਲਈ ਹੋਣ ਵਾਲੀ ਪੜ੍ਹਾਈ ਤੇ ਟੈਸਟਾਂ ਵਿੱਚ ਨੌਜਵਾਨ ਮੁੰਡੇ-ਕੁੜੀਆਂ ਦਾ ਕਾਲਜਾਂ ਤੇ ਯੂਨੀਵਰਸਿਟੀਆਂ ਵਲੋਂ ਆਰਥਿਕ ਸ਼ੋਸ਼ਣ ਕੀਤਾ ਜਾਂਦਾ ਹੈ। ਕੀ ਪ੍ਰਵਾਸੀਆਂ ਦੇ ਨੁਮਾਇੰਦੇ ਕੈਨੇਡਾ ਸਰਕਾਰ 'ਤੇ ਨਵੇਂ ਕਾਰਖਾਨੇ ਲਗਾਉਣ, ਵੱਖ-ਵੱਖ ਵਿਭਾਗਾਂ ਵਿੱਚ ਕਰਮਚਾਰੀਆਂ ਦੀ ਭਰਤੀ ਕਰਕੇ ਰੋਜ਼ਗਾਰ ਦੇ ਵੱਧ ਤੋਂ ਵੱਧ ਮੌਕੇ ਪੈਦਾ ਕਰਨ ਲਈ ਸਰਕਾਰ ਨਾਲ ਗੱਲਬਾਤ ਕਰਨਗੇ? ਕੀ ਉਹ ਅਦਾਲਤਾਂ ਵਿੱਚ ਜੱਜਾਂ ਦੀ ਗਿਣਤੀ ਵਧਾਉਣ ਲਈ ਸਰਕਾਰ ਨੂੰ ਕਹਿਣਗੇ?

ਜੇਕਰ ਕੈਨੇਡਾ 'ਚ ਪ੍ਰਵਾਸੀ ਲੋਕਾਂ ਦਾ ਭਵਿੱਖ ਸੁਰੱਖਿਅਤ ਕਰਨਾ ਹੈ ਤਾਂ ਇਨ੍ਹਾਂ ਨੁਮਾਇੰਦਿਆਂ ਨੂੰ ਇਥੇ ਰਹਿੰਦੇ ਪ੍ਰਵਾਸੀਆਂ ਨੂੰ, ਇਸ ਦੇਸ਼ ਦੇ ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰਨ, ਧਰਮ ਦੇ ਨਾਂਅ 'ਤੇ ਲੜਾਈ-ਝਗੜੇ ਨਾ ਕਰਨ, ਨੈਤਿਕ ਕਦਰਾਂ-ਕੀਮਤਾਂ ਦੀ ਪਾਲਣਾ ਕਰਨ, ਟੈਕਸਾਂ ਦੀ ਚੋਰੀ, ਹੇਰਾਫੇਰੀਆਂ ਤੇ ਲੁੱਟਾਂ-ਖੋਹਾਂ ਨਾ ਕਰਨ ਲਈ ਪ੍ਰੇਰਦਿਆਂ ਕਾਨੂੰਨਾਂ ਦੀ ਪਾਲਣਾ ਕਰਨ ਲਈ ਵੀ ਤਿਆਰ ਕਰਨਾ ਹੋਵੇਗਾ। ਜੇਕਰ ਪ੍ਰਵਾਸੀ ਭਾਰਤੀਆਂ ਦੇ ਨੁਮਾਇੰਦੇ ਆਪਣੇ ਫਰਜ਼ਾਂ ਦੀ ਪਾਲਣਾ ਨਹੀਂ ਕਰਨਗੇ ਤਾਂ ਪ੍ਰਵਾਸੀਆਂ ਲਈ ਆਉਣ ਵਾਲਾ ਸਮਾਂ ਹੋਰ ਵੀ ਮਾੜਾ ਹੋ ਸਕਦਾ ਹੈ।




# ਝਨਾਂ ਦੇ ਪਾਣੀਆਂ ਦਾ ਮਰਸੀਆ

## ਪ੍ਰਸਿੱਧ ਪ੍ਰੀਤ ਕਹਾਣੀਆਂ ਦਾ ਗਵਾਹ ਹੈ ਦਰਿਆ ਝਨਾਂ

## ਮੁੱਹਬਤ ਦਾ ਪੈਗ਼ਾਮ ਵੰਡਣ ਵਾਲੇ ਦਰਿਆ 'ਝਨਾਂ' ਦੇ ਪਾਣੀਆਂ 'ਚ ਕਿਸ ਨੇ ਘੋਲਿਆ ਨਫ਼ਰਤ ਦਾ ਜ਼ਹਿਰ ?




**ਦਰਿਆ ਝਨਾਂ ਦੇ ਕੰਢਿਆਂ 'ਤੇ ਹੀ ਹੀਰ- ਰਾਂਝਾ ਅਤੇ ਸੋਹਣੀ ਮਹੀਂਵਾਲ ਦੀਆਂ ਪ੍ਰੀਤ ਕਹਾਣੀਆਂ ਪ੍ਰਵਾਨ ਚੜ੍ਹੀਆਂ। ਦਰਿਆ ਝਨਾਂ 'ਚ 'ਪਿਆਰ-ਮੁਹੱਬਤ' ਦੀ ਧਾਰਾ ਵਹਿੰਦੀ ਹੈ। ਦਰਿਆ ਝਨਾਂ ਭਾਰਤ ਅਤੇ ਪਾਕਿਸਤਾਨ ਦੇ ਲੋਕਾਂ ਨੂੰ ਮੁਹੱਬਤ ਦਾ ਪੈਗਾਮ ਵੰਡਦਾ ਹੈ। ਝਨਾਂ ਦੇ ਪਾਣੀ ਦੀ ਬੂੰਦ-ਬੂੰਦ ਵਿੱਚ ਮੁਹੱਬਤ ਰਚੀ ਹੋਈ ਹੈ ਅਤੇ ਇਸ ਦਾ ਪਾਣੀ ਆਸ਼ਕਾਂ ਦੇ ਨੈਣਾਂ ਵਿੱਚੋਂ ਨਿਕਲਿਆ ਦੱਸਿਆ ਜਾਂਦਾ ਹੈ। ਜਿਹੜਾ ਮਨੁੱਖ ਦਰਿਆ ਝਨਾਂ ਦੇ ਪਾਣੀ ਦੀ ਇੱਕ ਘੁੱਟ ਪੀ ਲੈਂਦਾ ਹੈ ਤਾਂ ਉਸ ਦੇ ਅੰਦਰ ਪ੍ਰੇਮ ਤੇ ਮੁਹੱਬਤ ਦੀਆਂ ਚੰਗਿਆੜੀਆਂ ਫੁੱਟ ਪੈਂਦੀਆਂ ਹਨ**



ਕਿਹਾ ਜਾਂਦਾ ਹੈ ਕਿ ਗੰਗਾ ਨਦੀ 'ਦੇਵਤੇ' ਪੈਦਾ ਕਰਦੀ ਹੈ ਅਤੇ ਜਮੁਨਾ ਨਦੀ 'ਦੇਵੀਆਂ' ਨੂੰ ਜਨਮ ਦਿੰਦੀ ਹੈ ਪਰ ਝਨਾਂ ਨਦੀ 'ਆਸ਼ਕ' ਪੈਦਾ ਕਰਦੀ ਹੈ। ਇਨਸਾਨ ਵੱਲੋਂ ਬਣਾਈਆਂ ਹੱਦਾਂ- ਸਰਹੱਦਾਂ ਟੱਪ ਕੇ 'ਦਰਿਆ ਝਨਾਂ' ਦਾ ਪਾਣੀ ਜਦੋਂ ਭਾਰਤ 'ਚੋਂ ਪਾਕਿਸਤਾਨ ਵੱਲ ਜਾਂਦਾ ਹੈ ਤਾਂ ਇਹ ਕਹਿੰਦਾ ਪ੍ਰਤੀਤ ਹੁੰਦਾ ਹੈ ਕਿ 'ਇੱਕ ਦੂਜੇ ਨੂੰ ਪਿਆਰ ਕਰੋ, ਸ਼ਾਂਤ ਰਹੋ, ਮੁਹੱਬਤਾਂ ਵੰਡੋ'। ਝਨਾਂ ਜਾਂ ਚਨਾਬ ਦਰਿਆ ਦੇ ਨਾਮਕਰਨ ਬਾਰੇ ਕਿਹਾ ਜਾਂਦਾ ਹੈ ਕਿ ਚਿਨਾਰ ਦੇ ਦਰਖ਼ਤਾਂ ਨਾਲ ਘਿਰੀਆਂ ਵਾਦੀਆਂ ਵਿੱਚੋਂ ਜਦੋਂ 'ਆਬ' ਭਾਵ ਪਾਣੀ ਇੱਕ ਧਾਰਾ ਬਣ ਕੇ ਵਹਿਣ ਲੱਗਿਆ, ਤਾਂ ਉਸ ਨੂੰ ਲੋਕਾਂ ਨੇ ਚਨਾਬ ਕਿਹਾ। ਚਨਾਬ ਦਾ ਅਰਥ ਹੈ ਚਿਨਾਰ ਦੇ ਦਰਖ਼ਤਾਂ ਵਿਚਕਾਰ ਵਗਦੀ ਨਦੀ।

ਵੈਦਿਕ ਕਾਲ ਦੌਰਾਨ ਝਨਾਂ ਦਰਿਆ ਨੂੰ ਭਾਰਤੀਆਂ ਲਈ ਅਸ਼ਕਨੀ ਜਾਂ ਇਸਕਮਤੀ ਵਜੋਂ ਜਾਣਿਆ ਜਾਂਦਾ ਸੀ। ਇਹ ਇੱਕ ਮਹੱਤਵਪੂਰਨ ਦਰਿਆ ਹੈ ਜਿਸ ਦੇ ਆਲੇ-ਦੁਆਲੇ ਪੰਜਾਬੀ ਸੱਭਿਅਤਾ ਅਤੇ ਪਰੰਪਰਾਵਾਂ ਘੁੰਮਦੀਆਂ ਹਨ ਜੋ ਕਿ ਪੰਜਾਬੀ ਰਾਸ਼ਟਰੀ ਮਹਾਂਕਾਵਿ ਹੀਰ ਰਾਂਝਾ ਅਤੇ ਸੋਹਣੀ ਮਹੀਂਵਾਲ ਦੀਆਂ ਪ੍ਰੀਤ ਕਹਾਣੀਆਂ ਵਿੱਚ ਇੱਕ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਹਨ। ਪ੍ਰੇਮੀਆਂ ਵਿੱਚ ਮਸ਼ਹੂਰ ਹੀਰ-ਰਾਂਝਾ ਦਾ ਮਕਬਰਾ ਵੀ ਪਾਕਿਸਤਾਨ ਵਿੱਚ ਝਨਾਂ ਦਰਿਆ ਦੇ ਕੰਢੇ ਮੌਜੂਦ ਹੈ। ਇਸ ਤਰ੍ਹਾਂ ਇਹ ਦਰਿਆ ਪਿਆਰ ਦੇ ਇੱਕ ਹੋਰ ਪ੍ਰਤੀਕ ਵਜੋਂ ਦਰਜ ਹੋ ਜਾਂਦਾ ਹੈ, ਪਰ ਦੁੱਖ ਇਸ ਗੱਲ ਦਾ ਹੈ ਕਿ ਇੰਨੀ ਪਿਆਰ ਭਰੀ ਕਹਾਣੀ ਦੇ ਬਾਵਜੂਦ, ਦਰਿਆ ਝਨਾਂ 'ਤੇ ਹੁਣ ਨਫ਼ਰਤ ਦਾ ਪਰਛਾਵਾਂ ਹੈ, ਦਹਿਸ਼ਤ ਦਾ ਪਰਛਾਵਾਂ ਹੈ। ਇਸ ਦਾ ਕਾਰਨ ਭਾਰਤ ਦਾ ਗੁਆਂਢੀ ਦੇਸ਼ ਪਾਕਿਸਤਾਨ ਹੈ। ਜੋ ਪਿਆਰ ਦੀ ਧਾਰਾ ਦੇ ਨਾਲ ਵਗਦੇ ਇਸ ਦਰਿਆ ਤੋਂ ਵੀ ਪਿਆਰ



ਵਿੱਚ ਵਹਿਣਾ ਨਹੀਂ ਸਿੱਖ ਸਕਿਆ। ਪਹਿਲਾਂ ਦੇਸ਼ ਦੀ ਵੰਡ ਸਮੇਂ ਮੁਹੱਬਤ ਦੇ ਇਸ ਦਰਿਆ ਵਿੱਚ ਖ਼ੂਨ ਡੁੱਲਿਆ ਸੀ ਤੇ ਲਾਸ਼ਾਂ ਤੈਰੀਆਂ ਸਨ ਪਰ ਹੁਣ ਪਹਿਲਗਾਮ ਦੁਖਾਂਤ ਰਾਹੀਂ ਇਸ ਦਰਿਆ ਦੇ ਪਵਿੱਤਰ ਪਾਣੀ 'ਚ ਮੁੜ ਇੱਕ ਵਾਰ ਫੇਰ ਜ਼ਹਿਰਾਂ ਘੋਲਨ ਦਾ ਯਤਨ ਕੀਤਾ ਗਿਆ ਹੈ।

ਦਰਿਆ ਝਨਾਂ ਪੰਜਾਬ ਦੇ 5 ਪ੍ਰਮੁੱਖ ਦਰਿਆਵਾਂ ਵਿੱਚੋਂ ਇੱਕ ਹੈ। ਇਹ ਭਾਰਤ ਦੇ ਹਿਮਾਚਲ ਪ੍ਰਦੇਸ਼ ਰਾਜ ਦੇ ਲਾਹੌਲ ਅਤੇ ਸਪਿਤੀ ਜ਼ਿਲ੍ਹੇ ਵਿੱਚ ਉੱਪਰਲੇ ਹਿਮਾਲਿਆ ਵਿੱਚ ਜਨਮ ਲੈਂਦਾ ਹੈ ਅਤੇ ਜੰਮੂ ਅਤੇ ਕਸ਼ਮੀਰ ਦੇ ਜੰਮੂ ਖੇਤਰ ਵਿੱਚੋਂ ਵਗਦਾ ਹੋਇਆ ਪਾਕਿਸਤਾਨੀ ਪੰਜਾਬ ਦੇ ਮੈਦਾਨੀ ਇਲਾਕਿਆਂ ਵਿੱਚ ਜਾਂਦਾ ਹੈ ਅਤੇ ਫਿਰ ਉੱਚ ਸ਼ਰੀਫ਼ ਸ਼ਹਿਰ ਦੇ ਨੇੜੇ ਸਿੰਧ ਦਰਿਆ ਵਿੱਚ ਜਾ ਮਿਲਦਾ ਹੈ। ਝਨਾਂ ਦਰਿਆ ਦਾ ਯੂਨਾਨੀ ਨਾਂ ਆਸੈਸਿਨਈਜ਼ ਅਤੇ ਸੰਸਕ੍ਰਿਤ ਨਾਂ ਅਸਿਕਨੀ ਹੈ। ਪੰਜਾਬੀ ਲੋਕ ਸਾਹਿਤ ਵਿੱਚ ਇਹ ਦਰਿਆ ਝਨਾਂ ਵਜੋਂ ਪ੍ਰਸਿੱਧ ਹੈ। ਇਹ ਭਾਰਤ ਦੇ ਹਿਮਾਚਲ ਪ੍ਰਦੇਸ਼ ਰਾਜ ਵਿੱਚ ਲਾਹੁਲ ਤੇ ਸਪਿਤੀ ਨੇੜਿਓਂ ਦੋ ਨਦੀਆਂ ਚੰਦ੍ਰਾ ਅਤੇ ਭਾਗਾ ਦੇ ਸੰਗਮ ਨਾਲ ਹੋਂਦ ਵਿੱਚ ਆਉਂਦਾ ਹੈ। ਚੰਦ੍ਰਾ ਨਦੀ ਲਗਭਗ 4,950 ਮੀ. (16,221 ਫੁੱਟ) ਦੀ ਉੱਚਾਈ ਦੇ ਬਾਰਾ ਲਾਚਾ ਦੱਰੇ ਦੇ ਦੱਖਣ-ਪੂਰਬੀ ਪਾਸੇ ਉਪਰਲੇ ਗਲੇਸ਼ੀਅਰ ਤੋਂ ਨਿਕਲਦੀ ਹੈ ਅਤੇ ਭਾਗਾ ਨਦੀ ਦੱਰੇ ਦੀਆਂ ਉੱਤਰ-ਪੱਛਮੀ ਢਲਾਣਾਂ ਤੋਂ ਨਿਕਲਦੀ ਹੈ। ਲਗਭਗ 90 ਕਿ. ਮੀ. (55 ਮੀਲ) ਤੱਕ ਵਹਿਣ ਤੋਂ ਪਿੱਛੋਂ ਇਹ ਨਦੀ ਮੱਧ ਹਿਮਾਲਾ ਪਰਬਤ ਦੇ ਹੇਠਾਂ ਬੜੀ ਤੇਜ਼ ਰਫ਼ਤਾਰ ਨਾਲ ਵਹਿੰਦੀ ਹੈ ਅਤੇ 185 ਕਿ. ਮੀ. (115 ਮੀਲ) ਦਾ ਸਫ਼ਰ ਤੈਅ ਕਰਦੀ ਹੋਈ ਤੰਦੀ ਦੇ ਸਥਾਨ ਤੋਂ ਭਾਗਾ ਨਦੀ ਨਾਲ ਜਾ ਸੰਗਮ ਕਰਦੀ ਹੈ। ਇਥੇ ਇਨ੍ਹਾਂ ਇਕੱਠੀਆਂ ਹੋਈਆਂ ਨਦੀਆਂ ਨੂੰ ਚੰਦ੍ਰਭਾਗਾ ਜਾਂ ਚਨਾਬ ਉਰਫ਼ ਝਨਾਂ ਦਰਿਆ ਕਿਹਾ ਜਾਂਦਾ ਹੈ। ਇਹ ਦਰਿਆ ਚੰਬੇ ਦੀ ਪਾਂਗੀ ਵਾਦੀ ਵਿਚੋਂ ਵੀ ਵਹਿੰਦਾ ਹੈ ਅਤੇ ਫਿਰ ਲਗਭਗ 1,800 ਮੀ. (6,000 ਫੁੱਟ) ਦੀ ਉੱਚਾਈ ਤੋਂ ਕਸ਼ਮੀਰ ਦੇ ਪੱਧਰ ਜ਼ਿਲ੍ਹੇ ਵਿੱਚ ਦਾਖ਼ਲ ਹੁੰਦਾ ਹੈ। ਇਸ ਤੋਂ ਬਾਅਦ ਇਹ ਦਰਿਆ ਉੱਚੀਆਂ ਪਹਾੜੀਆਂ ਦੀਆਂ ਖੜੀ ਢਾਲ ਵਾਲੀਆਂ ਦੰਦੀਆਂ ਵਿਚਕਾਰ ਵਹਿੰਦਾ ਹੋਇਆ 40 ਕਿ. ਮੀ. (25 ਮੀਲ) ਨੀਵੀਂਆਂ ਪਹਾੜੀਆਂ ਦੇ ਵਿਚੋਂ ਦੀ ਅਖਨੂਰ ਵੱਲ ਨੂੰ ਵਹਿੰਦਾ ਹੈ ਅਤੇ ਇਥੇ ਇਹ ਦਰਿਆ ਜਹਾਜ਼ਰਾਨੀ ਯੋਗ ਹੈ। ਦਰਿਆ ਝਨਾਂ ਦੇ ਤਿੰਨ ਪ੍ਰਸਿੱਧ ਮੋੜ ਹਨ। ਉੱਤਰ-ਪੱਛਮ ਵੱਲ ਵਹਿੰਦਾ ਹੋਇਆ ਕਿਸ਼ਤਵਾਰ ਪਹੁੰਚ ਕੇ ਇਹ ਦਰਿਆ ਇੱਕ ਦਮ ਹੀ ਦੱਖਣ ਵੱਲ ਮੁੜ ਜਾਂਦਾ ਹੈ। ਜੰਗਲਵਾਰ ਦੇ ਸਥਾਨ 'ਤੇ ਇਹ ਦਰਿਆ ਦੱਖਣ ਵੱਲੋਂ ਆਪਣਾ ਰੁਖ ਬਦਲ ਕੇ ਪੱਛਮ ਨੂੰ ਵਗਣ ਲਗ ਪੈਂਦਾ ਹੈ ਅਤੇ ਅਰਨਾਸ ਦੇ ਸਥਾਨ 'ਤੇ ਇਹ ਆਪਣਾ ਪੱਛਮੀ ਰਸਤਾ ਅਖ਼ਤਿਆਰ ਕਰਦਾ ਹੈ। ਰਿਆਸੀ ਤੋਂ ਲੰਘਣ ਤੋਂ ਬਾਅਦ ਦੱਖਣ ਦੀ ਦਿਸ਼ਾ ਵਿੱਚ ਅਖਨੂਰ ਵੱਲ ਨੂੰ ਵਹਿੰਦਾ ਹੈ। ਹਰੇਕ ਮੋੜ ਤੋਂ ਇਸ ਵਿੱਚ ਇੱਕ ਵਿਸ਼ਾਲ ਨਦੀ ਆ ਰਲਦੀ ਹੈ ਅਤੇ ਮੋੜ 'ਤੇ ਇੰਞ ਲਗਦਾ ਹੈ ਜਿਵੇਂ ਜਿਸ ਪਰਬਤ ਲੜੀ ਦੇ ਨਾਲ ਨਾਲ ਇਹ ਵਗਦਾ ਹੈ ਉਸੇ ਪਰਬਤ ਲੜੀ ਦੇ ਵਿਚੋਂ ਦੀ ਪਾਰ ਲੰਘ ਰਿਹਾ ਹੋਵੇ। ਭਾਰਤ ਦੇ ਪ੍ਰਾਚੀਨ ਇਤਿਹਾਸ ਅਤੇ ਸਿੱਖਾਂ ਦੇ ਇਤਿਹਾਸ ਵਿੱਚ ਵੀ ਦਰਿਆ ਝਨਾਂ ਦਾ ਕਈ ਵਾਰ ਮਹੱਤਵਪੂਰਨ ਜ਼ਿਕਰ ਆਇਆ ਹੈ। ਸਿੱਖਾਂ ਨੇ ਕਈ ਵਾਰ ਝਨਾਂ ਦੇ ਕੰਢਿਆਂ ਉੱਪਰ ਫੈਸਲਾਕੁਨ ਲੜਾਈਆਂ ਲੜੀਆਂ। ਆਜ਼ਾਦੀ ਤੋਂ ਪਹਿਲਾਂ ਸਿੱਖਾਂ ਨੇ ਆਪਣੇ ਕਲਪਿਤ ਰਾਜ ਦੀ ਪੱਛਮੀ ਹੱਦ ਝਨਾਂ ਦਰਿਆ ਹੀ ਮੰਨੀ ਹੋਈ ਸੀ।ਦਰਿਆ ਝਨਾਂ ਦੇ ਕਿਨਾਰਿਆਂ 'ਤੇ ਹੀਰ-ਰਾਂਝਾ ਅਤੇ ਸੋਹਣੀ-ਮਹੀਂਵਾਲ ਦੀਆਂ ਪ੍ਰੇਮ ਕਹਾਣੀਆਂ ਅਮਰ ਹੋਈਆਂ। ਉਥੇ ਇਸ ਦਰਿਆ ਦਾ ਪਾਣੀ ਹੋਰਨਾਂ ਪ੍ਰੀਤ ਕਹਾਣੀਆਂ ਦਾ ਵੀ ਗਵਾਹ ਹੈ, ਜਿਨ੍ਹਾਂ ਦਾ ਇਤਿਹਾਸ ਵਿੱਚ ਜ਼ਿਕਰ ਨਹੀਂ ਮਿਲਦਾ। ਦੁਨੀਆ ਭਰ ਦੇ ਆਸ਼ਕ ਅਜੇ ਵੀ ਹੀਰ-ਰਾਂਝਾ ਅਤੇ ਸੋਹਣੀ ਮਹੀਂਵਾਲ ਨੂੰ ਆਪਣਾ ਪ੍ਰੇਰਨਾ ਸਰੋਤ ਮੰਨਦੇ ਹਨ। ਦਰਿਆ ਝਨਾਂ ਦੇ ਵਹਿੰਦੇ ਪਾਣੀ ਦੇ ਨਾਲ ਨਾਲ ਪਿਆਰ ਦੀ ਧਾਰਾ ਵੀ ਵਹਿੰਦੀ ਰਹਿੰਦੀ ਹੈ। ਝਨਾਂ ਦੇ ਪਾਣੀਆਂ ਦੀ ਬੂੰਦ ਬੂੰਦ ਵਿੱਚ ਹੀਰ-ਰਾਂਝਾ ਅਤੇ ਸੋਹਣੀ-ਮਹੀਂਵਾਲ ਦੀਆਂ ਯਾਦਾਂ ਸਮਾਈਆਂ ਹੋਈਆਂ ਹਨ। ਇਸ ਮਹਾਨ ਦਰਿਆ ਦੇ ਪਵਿੱਤਰ ਪਾਣੀਆਂ 'ਚ ਨਫ਼ਰਤ ਘੋਲਨ ਦਾ ਯਤਨ ਕਰਨ ਵਾਲਿਆਂ ਨੂੰ ਸਮਾਂ ਕਦੇ ਵੀ ਮੁਆਫ਼ ਨਹੀਂ ਕਰੇਗਾ।





# ਜਦੋਂ ਜ਼ਹਿਰੀਲੀ ਸ਼ਰਾਬ ਨੇ ਕਹਿਰ ਦੀ ਹਨੇਰੀ ਲਿਆਂਦੀ

**ਮੋਹਨ ਸ਼ਰਮਾ**

ਪਿਛਲੇ ਦਿਨੀਂ ਅੰਮ੍ਰਿਤਸਰ ਜ਼ਿਲ੍ਹੇ ਦੇ ਮਜੀਠਾ ਇਲਾਕੇ ਦੇ ਪੰਜ ਪਿੰਡਾਂ ਵਿੱਚ ਨਾਜਾਇਜ਼ ਸ਼ਰਾਬ ਦੀ ਮਾਰੂ ਹਨੇਰੀ ਨੇ 24 ਤੋਂ ਵੱਧ ਘਰਾਂ ਵਿੱਚ ਸੱਥਰ ਵਿਛਾ ਦਿੱਤੇ ਹਨ ਅਤੇ 10 ਤੋਂ ਵੱਧ ਵਿਅਕਤੀ ਜ਼ਿੰਦਗੀ ਤੇ ਮੌਤ ਨਾਲ ਲੜਦਿਆਂ ਹਸਪਤਾਲ 'ਚ ਇਲਾਜ ਕਰਵਾ ਰਹੇ ਹਨ। ਉਸ ਇਲਾਕੇ ਦੇ ਪਿੰਡ ਪਤਾਲਪੁਰ, ਕਰਨਾਲਾ, ਮਰਾੜੀ ਕਲਾਂ, ਭੰਗਾਲੀ ਅਤੇ ਥੀਰੇਵਾਲ ਵਿੱਚ ਜ਼ਹਿਰੀਲੀ ਸ਼ਰਾਬ ਨੇ ਕਹਿਰ ਦੀ ਹਨੇਰੀ ਲਿਆਂਦੀ ਹੈ।

ਦੁਖਾਂਤ ਇਹ ਹੈ ਕਿ ਜ਼ਹਿਰੀਲੀ ਸ਼ਰਾਬ ਦੀ ਨਾਜਾਇਜ਼ ਵਿਕਰੀ ਸਬੰਧੀ ਲੋਕਾਂ ਨੇ ਮਜੀਠਾ ਥਾਣੇ ਵਿੱਚ ਸ਼ਿਕਾਇਤ ਵੀ ਦਰਜ ਕਰਵਾਈ ਸੀ ਪਰ ਪੁਲਿਸ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਵਿੱਚ ਰੁੱਝੀ ਹੋਣ ਕਾਰਨ ਇਸ ਪਾਸੇ ਧਿਆਨ ਨਹੀਂ ਦੇ ਸਕੀ। ਦੋ ਲੀਟਰ ਜ਼ਹਿਰੀਲੀ ਸ਼ਰਾਬ, ਪਲਾਸਟਿਕ ਦੇ ਲਿਫ਼ਾਫ਼ਿਆਂ ਵਿੱਚ ਪੈਕ ਕਰ ਕੇ 'ਪੈਪਸੀ' ਦੇ ਨਾਂ ਹੇਠ ਬਿਨਾਂ ਕਿਸੇ ਡਰ-ਭੈਅ ਦੇ ਸ਼ਰੇਆਮ ਵੇਚੀ ਜਾ ਰਹੀ ਸੀ। ਚਰਚਾ ਹੈ ਕਿ ਉਸ ਇਲਾਕੇ ਵਿੱਚ ਸ਼ਰਾਬ ਦੀਆਂ ਕੀਮਤਾਂ ਨੂੰ ਲੈ ਕੇ ਦੋ ਗਰੁੱਪਾਂ ਵਿੱਚ ਆਪਸੀ ਤਕਰਾਰ ਚੱਲ ਰਿਹਾ ਸੀ। ਛੋਟਾ ਗਰੁੱਪ ਸਸਤੇ ਰੇਟ 'ਤੇ ਮਾਨਤਾ ਪ੍ਰਾਪਤ ਸ਼ਰਾਬ ਠੇਕਿਆਂ 'ਤੇ ਵੇਚ ਰਿਹਾ ਸੀ ਅਤੇ ਦੂਜਾ ਵੱਡਾ ਗਰੁੱਪ ਜਿਸ ਨੂੰ ਸਿਆਸੀ ਥਾਪੜਾ ਵੀ ਮਿਲਿਆ ਹੋਇਆ ਸੀ, ਉਹ ਮਹਿੰਗੇ ਭਾਅ 'ਤੇ ਸ਼ਰਾਬ ਵੇਚਣ ਲਈ ਸਰਗਰਮ ਸੀ। ਦੋਨਾਂ ਗਰੁੱਪਾਂ ਦੀ ਆਪਸੀ ਲੜਾਈ ਵਿੱਚ ਇੱਕ ਤੀਜੀ ਧਿਰ ਹੋਰ ਪੈਦਾ ਹੋ ਗਈ ਜੋ ਮੀਥੇਨੌਲ ਜ਼ਹਿਰੀਲਾ ਰਸਾਇਣ ਰਾਹੀਂ ਸ਼ਰਾਬ ਤਿਆਰ ਕਰ ਕੇ ਹੋਮ ਡਲਿਵਰੀ ਦੇਣ ਲੱਗ ਪਈ। ਠੇਕੇ ਨਾਲੋਂ ਸਸਤੀ ਸ਼ਰਾਬ ਹੋਣ ਕਾਰਨ ਗ਼ਰੀਬ, ਲੋੜਵੰਦ ਅਤੇ ਮਜ਼ਦੂਰ ਤਬਕਾ ਲਪੇਟ ਵਿੱਚ ਆ ਗਿਆ। ਅਨੇਕ ਵਿਅਕਤੀਆਂ ਦੀ ਮੌਤ ਉਪਰੰਤ ਉਨ੍ਹਾਂ ਘਰਾਂ ਵਿੱਚ ਸੋਗ ਪਸਰਿਆ ਹੋਇਆ ਹੈ। ਮਾਸੂਮ ਬੱਚਿਆਂ ਦੇ ਪਿਤਾ, ਔਰਤਾਂ ਦੇ ਸੁਹਾਗ, ਮਾਵਾਂ ਦੇ ਪੁੱਤ ਜ਼ਹਿਰੀਲੀ ਸ਼ਰਾਬ ਦੀ ਕਰੋਪੀ ਕਾਰਨ ਸਿਵਿਆਂ ਵਿੱਚ ਰਾਖ਼ ਬਣ ਗਏ ਹਨ। ਘਰਾਂ ਦੇ ਠੰਡੇ ਚੁੱਲ੍ਹੇ, ਗੁੰਮ ਹੋਈ ਬਰਕਤ ਅਤੇ ਭਵਿੱਖ ਦਾ ਕਾਲਾ ਪਰਛਾਵਾਂ ਉਨ੍ਹਾਂ ਪਰਿਵਾਰਾਂ ਲਈ ਸ਼ਰਾਪ ਬਣ ਗਿਆ ਹੈ। ਭਾਣਾ ਵਰਤਣ ਉਪਰੰਤ ਪ੍ਰਸ਼ਾਸਨ ਅਤੇ ਪੰਜਾਬ ਸਰਕਾਰ ਹਰਕਤ ਵਿੱਚ ਆਈ ਹੈ। ਮੁੱਖ ਮੰਤਰੀ ਨੇ ਹਰ ਪੀੜਤ ਪਰਿਵਾਰ ਨੂੰ ਦਸ ਲੱਖ ਅਤੇ ਪਰਿਵਾਰ ਦੇ ਇੱਕ ਮੈਂਬਰ ਨੂੰ ਨੌਕਰੀ ਦੇਣ ਦਾ ਐਲਾਨ ਕੀਤਾ ਹੈ। ਹੁਣ ਤੱਕ 15 ਮੁਲਜ਼ਮ ਵੀ ਗ੍ਰਿਫ਼ਤਾਰ ਕੀਤੇ ਜਾ ਚੁੱਕੇ ਹਨ ਜਿਨ੍ਹਾਂ ਵਿੱਚ ਇੱਕ ਔਰਤ ਵੀ ਸ਼ਾਮਲ ਹੈ। ਜਿਹੜੀ ਔਰਤ ਇਸ ਕਾਲੇ ਧੰਦੇ ਨਾਲ ਜੁੜੀ ਹੋਈ ਸੀ, ਉਸ ਦਾ ਪਤੀ ਵੀ ਇਸ ਜ਼ਹਿਰੀਲੀ ਸ਼ਰਾਬ ਕਾਰਨ ਮੌਤ ਦਾ ਸ਼ਿਕਾਰ ਹੋ ਚੁੱਕਿਆ ਹੈ।



ਭਲਾ ਹੋਰਾਂ ਦੇ ਘਰਾਂ ਵਿੱਚ ਹਨੇਰਾ ਪਾਉਣ ਵਾਲੇ ਆਪ ਚਾਨਣ ਦੀ ਆਸ ਕਿੰਝ ਰੱਖ ਸਕਦੇ ਨੇ? ਪੰਜਾਬ ਸਰਕਾਰ ਵੱਲੋਂ ਆਬਕਾਰੀ ਵਿਭਾਗ ਦੇ ਦੋ ਅਧਿਕਾਰੀ, ਉਸ ਇਲਾਕੇ ਦਾ ਡੀ.ਐੱਸ.ਪੀ. ਅਤੇ ਥਾਣੇਦਾਰ ਮੁਅੱਤਲ ਕਰ ਦਿੱਤਾ ਗਿਆ ਹੈ। ਪਰ ਇਹ ਸਾਰੀਆਂ ਕਾਰਵਾਈਆਂ ਮਨ ਨੂੰ ਵਲੂੰਧਰਦੇ ਵੈਣਾਂ ਨੂੰ ਠੁੰਮਣਾ ਨਹੀਂ ਦੇ ਸਕਦੀਆਂ। ਪੰਜਾਬ ਸਰਕਾਰ ਨੇ 2025-26 ਲਈ ਸ਼ਰਾਬ ਦੇ ਠੇਕਿਆਂ ਤੋਂ 11 ਹਜ਼ਾਰ 20 ਕਰੋੜ ਇਕੱਠੇ ਕਰਨ ਦਾ ਟੀਚਾ ਨਿਰਧਾਰਤ ਕੀਤਾ ਹੈ। ਜਦੋਂਕਿ 2015-16 ਵਿੱਚ ਇਹ ਟੀਚਾ 4796 ਹਜ਼ਾਰ ਕਰੋੜ ਦਾ ਸੀ। ਹੁਣ ਫਿਰ ਗੰਭੀਰ ਪ੍ਰਸ਼ਨ ਉੱਠਦਾ ਹੈ ਕਿ ਜਿਸ ਅਨੁਪਾਤ ਨਾਲ ਸ਼ਰਾਬ ਤੋਂ ਆਮਦਨੀ ਦਾ ਟੀਚਾ ਮਿੱਥਿਆ ਗਿਆ ਹੈ, ਕੀ ਉਸ ਅਨੁਪਾਤ ਨਾਲ ਲੋਕਾਂ ਦੀ ਆਮਦਨੀ ਵੀ ਵਧੀ ਹੈ? ਲੋਕਾਂ ਦੀ ਹਾਲਤ ਤਾਂ ਕੱਖੋਂ ਹੌਲੀ ਅਤੇ ਪਾਣੀਓਂ ਪਤਲੀ ਹੋ ਰਹੀ ਹੈ। ਘਰਾਂ ਦੇ ਚੁੱਲ੍ਹੇ ਠੰਡੇ ਹੋ ਰਹੇ ਹਨ। ਹਰ ਪਿੰਡ ਵਿੱਚ ਔਸਤ 16 ਵਿਧਵਾਵਾਂ ਸ਼ਰਾਬ ਦੀ ਕਰੋਪੀ ਕਾਰਨ ਨਰਕ ਭਰਿਆ ਜੀਵਨ ਬਤੀਤ ਕਰ ਰਹੀਆਂ ਹਨ। ਰੋਜ਼ਾਨਾ 18 ਮਾਪੇ ਆਪਣੇ ਸ਼ਰਾਬੀ ਪੁੱਤਾਂ ਨੂੰ ਚੱਲ-ਅਚੱਲ ਜਾਇਦਾਦ ਤੋਂ ਬੇਦਖ਼ਲ ਕਰ ਰਹੇ ਹਨ ਅਤੇ ਅੰਦਾਜ਼ਨ ਹਰ ਰੋਜ਼ ਇਸ ਦੁਖਾਂਤ ਕਾਰਨ 14 ਤਲਾਕ ਦੇ ਕੇਸ ਦਾਖ਼ਲ ਹੋ ਰਹੇ ਹਨ। ਗਲਾਸੀ ਅਤੇ ਗੰਡਾਸੀ ਦੇ ਮੇਲ ਕਾਰਨ 60% ਦੁਰਘਟਨਾਵਾਂ, 90% ਤੇਜ਼ਧਾਰ ਹਥਿਆਰਾਂ ਨਾਲ ਹਮਲੇ, 69% ਬਲਾਤਕਾਰ, 74% ਡਕੈਤੀ, 80% ਦੁਸ਼ਮਣੀ ਕੱਢਣ ਵਾਲੇ ਹਮਲਿਆਂ ਨੇ ਲੋਕਾਂ ਦਾ ਕਚੂੰਮਰ ਕੱਢ ਦਿੱਤਾ ਹੈ। ਇਸ ਵਰਤਾਰੇ ਨਾਲ ਭਾਈ ਲਾਲੋ ਦੇ ਵਾਰਿਸ ਨਹੀਂ ਸਗੋਂ ਮਲਿਕ ਭਾਗੋ ਦੇ ਵਾਰਿਸ ਪੈਦਾ ਹੋ ਰਹੇ ਹਨ।

ਅਜਿਹੇ ਮਾਰੂ ਦੁਖਾਤਾਂ ਨੂੰ ਠੱਲ੍ਹ ਪਾਉਣ ਲਈ ਦੋ ਸੰਸਥਾਵਾਂ ਅੱਗੇ ਆਈਆਂ। ਜਿਨ੍ਹਾਂ ਨੇ ਪੰਚਾਇਤੀ ਰਾਜ ਐਕਟ 1994 ਦੀ ਧਾਰਾ 40 ਏ ਅਧੀਨ ਪੰਚਾਇਤਾਂ ਨੂੰ ਪ੍ਰੇਰਨਾ ਦੇ ਕੇ ਪਿੰਡਾਂ ਵਿੱਚ ਸ਼ਰਾਬ ਦੇ ਠੇਕੇ ਬੰਦ ਕਰਵਾਉਣ ਦੀ ਮੁਹਿੰਮ ਛੇੜੀ ਤੇ ਕੌਮੀ ਮਾਰਗਾਂ ਅਤੇ ਰਾਜ ਮਾਰਗਾਂ ਦੇ 500 ਮੀਟਰ ਦੇ ਘੇਰੇ ਵਿੱਚ ਸ਼ਰਾਬ ਦੇ ਠੇਕੇ ਨਾ ਖੋਲ੍ਹਣ ਲਈ ਮੁਹਿੰਮ ਛੇੜੀ। ਦੋਨਾਂ ਸੰਸਥਾਵਾਂ ਨੂੰ ਹੀ ਸਰਕਾਰ ਅਤੇ ਸ਼ਰਾਬੀ ਕਾਰੋਬਾਰੀਆਂ ਨੇ ਰੁਕਾਵਟਾਂ ਖੜ੍ਹੀਆਂ ਕਰ ਦਿੱਤੀਆਂ। ਮਜਬੂਰਨ ਇਨ੍ਹਾਂ ਦੋਨੋਂ ਸੰਸਥਾਵਾਂ ਨੂੰ ਹਾਈ ਕੋਰਟ ਦੀ ਸ਼ਰਨ ਲੈਣੀ ਪਈ। ਉੱਥੇ ਸਰਕਾਰ ਵੱਲੋਂ ਆਪਣੇ ਜਵਾਬ ਦਾਅਵੇ ਵਿੱਚ ਕਿਹਾ ਗਿਆ ਕਿ ਸ਼ਰਾਬ ਦੀ ਆਮਦਨੀ ਨਾਲ ਪੰਜਾਬ ਦਾ ਵਿਕਾਸ ਕੀਤਾ ਜਾਂਦਾ ਹੈ। ਹਾਈ ਕੋਰਟ ਨੇ ਸਰਕਾਰ ਨੂੰ ਫਿਟਕਾਰ ਲਾਉਂਦਿਆਂ ਕਿਹਾ ਸੀ ਕਿ ਜੇਕਰ ਸਰਕਾਰ ਨੂੰ ਸ਼ਰਾਬ ਤੋਂ ਆਈ ਆਮਦਨੀ ਦੀ ਐਨੀ ਚਿੰਤਾ ਹੈ, ਫਿਰ ਸਕੱਤਰੇਤ ਵਿੱਚ ਵੀ ਸ਼ਰਾਬ ਦਾ ਠੇਕਾ ਖੋਲ੍ਹ ਦਿੱਤਾ ਜਾਵੇ। ਮਜੀਠਾ ਇਲਾਕੇ ਵਿੱਚ 13 ਮਈ ਨੂੰ ਵਾਪਰੇ ਇਸ ਮਾਰੂ ਦੁਖਾਂਤ ਤੋਂ ਪਹਿਲਾਂ 20 ਅਪ੍ਰੈਲ 2024 ਨੂੰ ਸੰਗਰੂਰ ਜ਼ਿਲ੍ਹੇ ਦੇ ਪਿੰਡ ਗੁੱਜਰਾਂ ਅਤੇ ਸੁਨਾਮ ਦੀ ਟਿੱਬੀ ਰਵਿਦਾਸਪੁਰਾ ਵਿੱਚ ਜ਼ਹਿਰੀਲੀ ਸ਼ਰਾਬ ਪੀਣ ਕਾਰਨ 21 ਲੋਕਾਂ ਦੀ ਮੌਤ ਹੋਈ ਸੀ। ਉੱਥੇ ਵੀ ਲੋਕਾਂ ਨੇ ਦੱਸਿਆ ਸੀ ਕਿ ਇਸ ਜ਼ਹਿਰੀਲੀ ਸ਼ਰਾਬ ਦੀ ਵਿਕਰੀ ਸਬੰਧੀ ਨੇੜੇ ਦੇ ਥਾਣੇ 'ਚ ਕਈ ਵਾਰ ਸ਼ਿਕਾਇਤ ਦਰਜ ਕਰਵਾਈ ਸੀ। ਹੁਣ ਵਾਂਗ ਉਸ ਵੇਲੇ ਵੀ ਭਾਣਾ ਵਰਤਣ ਉਪਰੰਤ ਪ੍ਰਸ਼ਾਸਨ ਹਰਕਤ 'ਚ ਆਇਆ। ਮੁੱਖ ਮੰਤਰੀ ਵੀ ਪੀੜਤ ਪਰਿਵਾਰਾਂ ਕੋਲ ਹਮਦਰਦੀ ਦਾ ਪ੍ਰਗਟਾਵਾ ਕਰਨ ਲਈ ਪਹੁੰਚੇ ਸਨ। ਸੱਤ ਵਿਅਕਤੀਆਂ 'ਤੇ ਕੇਸ ਵੀ ਦਰਜ ਹੋਏ। ਪੀੜਤ ਪਰਿਵਾਰਾਂ ਨੂੰ ਕੁਝ ਰਾਸ਼ੀ ਵੀ ਦਿੱਤੀ ਗਈ। ਪੰਜ-ਛੇ ਦਿਨ ਕਾਫ਼ੀ ਰੌਲਾ-ਰੱਪਾ ਪੈਂਦਾ ਰਿਹਾ ਪਰ ਇਸ ਪਿੱਛੋਂ ਪੀੜਤ ਪਰਿਵਾਰਾਂ ਦੀ ਕਿਸੇ ਨੇ ਸਾਰ ਨਹੀਂ ਲਈ।

ਲੋਕਾਂ ਵਿੱਚ ਚਰਚਾ ਹੈ ਕਿ ਜੇਕਰ 2024 ਵਿੱਚ ਵਾਪਰੇ ਦੁਖਾਂਤ ਤੋਂ ਬਾਅਦ ਸਰਕਾਰ ਗੰਭੀਰ ਹੋ ਜਾਂਦੀ ਤਾਂ 2025 ਵਿੱਚ ਮਜੀਠਾ ਕਾਂਡ ਰੋਕਿਆ ਜਾ ਸਕਦਾ ਸੀ। ਜਿਨ੍ਹਾਂ ਸੱਤ ਵਿਅਕਤੀਆਂ 'ਤੇ ਉਸ ਸਮੇਂ ਮੁਕੱਦਮਾ ਦਰਜ ਕੀਤਾ ਗਿਆ ਸੀ, ਉਨ੍ਹਾਂ ਵਿੱਚੋਂ ਇਕ ਦਾ ਨਾਂ ਕੇਸ ਵਿੱਚੋਂ ਕੱਢ ਦਿੱਤਾ ਸੀ ਅਤੇ ਛੇ ਮੁਲਜ਼ਮਾਂ ਨੂੰ ਹਾਲੇ ਕੋਈ ਸਜ਼ਾ ਨਹੀਂ ਹੋਈ, ਅਦਾਲਤ ਵਿੱਚ ਪੇਸ਼ੀਆਂ ਭੁਗਤ ਰਹੇ ਹਨ। ਜ਼ਹਿਰੀਲੀ ਸ਼ਰਾਬ ਦੇ ਦੁਖਾਂਤ ਪਹਿਲਾਂ ਵੀ ਮਨੁੱਖੀ ਜ਼ਿੰਦਗੀਆਂ ਦੀ ਬਲੀ ਲੈਂਦੇ ਰਹੇ ਹਨ। ਸਾਲ 2020 ਵਿੱਚ ਕੈਪਟਨ ਸਰਕਾਰ ਸਮੇਂ ਅੰਮ੍ਰਿਤਸਰ, ਗੁਰਦਾਸਪੁਰ ਅਤੇ ਬਟਾਲੇ ਵਿੱਚ ਕੋਰੋਨਾ ਕਾਲ ਦੇ ਸੰਤਾਪ ਸਮੇਂ ਜ਼ਹਿਰੀਲੀ ਸ਼ਰਾਬ ਕਾਰਨ 121 ਲੋਕਾਂ ਦੀ ਮੌਤ ਹੋਈ ਸੀ ਅਤੇ 15 ਲੋਕ ਆਪਣੀ ਅੱਖਾਂ ਦੀ ਰੋਸ਼ਨੀ ਗੁਆ ਬੈਠੇ ਸਨ। ਉਸ ਸਮੇਂ ਰਾਜਪੁਰਾ ਤੇ ਖੰਨਾ ਵਿੱਚ ਨਾਜਾਇਜ਼ ਸ਼ਰਾਬ ਦੀਆਂ ਫੈਕਟਰੀਆਂ ਵੀ ਫੜੀਆਂ ਗਈਆਂ। ਉਸ ਸਮੇਂ ਵੀ ਮੁੱਖ ਮੰਤਰੀ ਨੇ ਪੀੜਤ ਪਰਿਵਾਰਾਂ ਨੂੰ ਆਰਥਿਕ ਸਹਾਇਤਾ ਦਾ ਚੋਗਾ ਪਾਇਆ ਅਤੇ ਦੋਸ਼ੀਆਂ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਦੇਣ ਦਾ ਐਲਾਨ ਕੀਤਾ। ਇੱਥੇ ਵਰਣਨਯੋਗ ਹੈ ਕਿ ਅਜਿਹੇ ਮਾਮਲਿਆਂ ਵਿੱਚ ਸਿਆਸੀ ਲੋਕ, ਪੁਲਿਸ ਪ੍ਰਸ਼ਾਸਨ, ਨਸ਼ੇ ਦੇ ਤਸਕਰ, ਐਕਸਾਈਜ਼ ਵਿਭਾਗ ਅਤੇ ਰਸੂਖਵਾਨਾਂ ਦੀ ਆਪਸੀ ਮਿਲੀਭੁਗਤ ਹੁੰਦੀ ਹੈ ਅਤੇ ਉਹ ਆਪਣੇ ਰਸੂਖ ਨਾਲ ਕੇਸ ਦੇ ਜਾਲ਼ ਵਿੱਚ ਨਹੀਂ ਫਸਦੇ।

ਪਰ ਸਾਲ 2020 ਦੇ ਜ਼ਹਿਰੀਲੀ ਸ਼ਰਾਬ ਕਾਂਡ ਦਾ ਆਪਣੀ ਪੱਧਰ 'ਤੇ ਗੰਭੀਰ ਨੋਟਿਸ ਲੈਂਦਿਆਂ ਉਸ ਸਮੇਂ ਦੇ ਡਿਪਟੀ ਡਾਇਰੈਕਟਰ ਈਡੀ ਨਿਰੰਜਨ ਸਿੰਘ ਨੇ ਮਨੀ ਲਾਂਡਰਿੰਗ ਐਕਟ 2020 ਅਧੀਨ ਕੇਸ ਦਰਜ ਕੀਤਾ ਸੀ। ਪੜਤਾਲ ਅਧੀਨ ਸਾਹਮਣੇ ਆਇਆ ਕਿ ਇਸ ਕਾਲੇ ਧੰਦੇ ਰਾਹੀਂ ਅੰਦਾਜ਼ਨ ਪੰਜ ਹਜ਼ਾਰ ਕਰੋੜ ਦੀ ਕਮਾਈ ਕੀਤੀ ਗਈ। ਇਸ ਗੋਰਖ਼ਧੰਦੇ ਵਿੱਚ ਕਈ ਵਿਧਾਇਕ, ਕਈ ਸਰਕਾਰੀ ਅਧਿਕਾਰੀ ਅਤੇ ਕਈ ਹੋਰ ਰਸੂਖਵਾਨ ਵਿਅਕਤੀ ਸ਼ਾਮਲ ਸਨ। ਈਡੀ ਵੱਲੋਂ ਪੰਜਾਬ ਸਰਕਾਰ ਤੇ ਪੁਲਿਸ ਵਿਭਾਗ ਨੂੰ ਵਾਰ-ਵਾਰ ਪੱਤਰ ਲਿਖ ਕੇ ਇਸ ਕੇਸ ਸਬੰਧੀ ਲੋੜੀਂਦੇ ਦਸਤਾਵੇਜ਼ ਮੰਗੇ ਗਏ ਤਾਂ ਉਨ੍ਹਾਂ ਵੱਲੋਂ ਕੋਈ ਜਵਾਬ ਨਹੀਂ ਦਿੱਤਾ ਗਿਆ। ਆਪਣੇ-ਆਪ ਨੂੰ ਕੁੜੱਕੀ ਵਿੱਚ ਫਸਦਿਆਂ ਵੇਖ ਕੇ ਇਨ੍ਹਾਂ ਅਸਰ-ਰਸੂਖ਼ ਵਾਲੇ ਵਿਅਕਤੀਆਂ ਨੇ ਦਿੱਲੀ ਜਾ ਕੇ ਹਰ ਹੀਲਾ ਵਰਤਦਿਆਂ ਈਡੀ ਦੇ ਮੁੱਖ ਦਫ਼ਤਰ ਤੋਂ ਨਿਰੰਜਨ ਸਿੰਘ ਨੂੰ ਹਦਾਇਤ ਜਾਰੀ ਕਰਵਾ ਦਿੱਤੀ ਕਿ ਇਸ ਕੇਸ ਦੀ ਪੜਤਾਲ 'ਤੇ ਰੋਕ ਲਾਈ ਜਾਵੇ ਤੇ ਅਗਲੀ ਕਾਰਵਾਈ ਲਈ ਫਾਈਲ ਹੈੱਡ ਆਫਿਸ ਦਿੱਲੀ ਭੇਜੀ ਜਾਵੇ। ਇਹ ਫਾਈਲ 2020 ਤੋਂ ਈਡੀ ਦੇ ਮੁੱਖ ਦਫ਼ਤਰ 'ਚ ਪਈ ਹੋਈ ਹੈ। ਦੂਜੇ ਪਾਸੇ ਕੁਝ ਕਰਿੰਦਿਆਂ 'ਤੇ ਕੇਸ ਪਾ ਕੇ ਲੋਕਾਂ ਦੀਆਂ ਅੱਖਾਂ ਵਿਚ ਘੱਟਾ ਪਾਇਆ ਗਿਆ। ਮਰਹੂਮ ਸ਼ਾਇਰ ਪਾਸ਼ ਦੇ ਇਹ ਬੋਲ ਉਨ੍ਹਾਂ ਦੇ ਅੰਗ-ਸੰਗ ਰਹਿਣੇ ਜ਼ਰੂਰੀ ਹਨ :

ਕਤਲ ਹੋਏ ਜਜ਼ਬਿਆਂ ਦੀ ਕਸਮ ਪਾ ਕੇ

ਬੁਝੀਆਂ ਨਜ਼ਰਾਂ ਦੀ ਕਸਮ ਖਾ ਕੇ

ਹੱਥਾਂ 'ਤੇ ਪਏ ਅੱਟਣਾਂ ਦੀ ਕਸਮ ਖਾ ਕੇ

ਅਸੀਂ ਲੜਾਂਗੇ ਸਾਥੀ, ਕਿਉਂਕਿ ਲੜਣ

ਬਿਨਾਂ ਕੁਝ ਨਹੀਂ ਮਿਲਣਾ।

# ਪੰਜਾਬ 'ਚ ਕਿਵੇਂ ਬੰਦ ਹੋਵੇ ਜ਼ਹਿਰੀਲੀ ਸ਼ਰਾਬ ਦਾ ਧੰਦਾ

**ਬ੍ਰਿਜ ਭਾਨ ਬੁਜਰਕ**

ਪੰਜਾਬ ਅੰਦਰ ਮਿਲਾਵਟੀ ਨਸ਼ਿਆਂ ਦਾ ਵਧ ਰਿਹਾ ਪ੍ਰਭਾਵ ਲੋਕਾਂ 'ਤੇ ਕਹਿਰ ਬਣ ਕੇ ਟੁੱਟ ਰਿਹਾ ਹੈ। ਮਾਮਲਾ ਚਾਹੇ ਜ਼ਿਆਦਾ ਮਾਤਰਾ 'ਚ ਨਸ਼ਾ ਲੈਣ ਨਾਲ ਹੋਈਆਂ ਮੌਤਾਂ ਦਾ ਹੋਵੇ ਜਾਂ ਫਿਰ ਜ਼ਹਿਰੀਲੀ ਸ਼ਰਾਬ ਕਾਰਨ ਹੋਈਆਂ ਮੌਤਾਂ ਦਾ, ਦੋਹਾਂ ਮਾਮਲਿਆਂ 'ਚ ਇੱਕ ਹੀ ਕਾਰਨ ਸਾਹਮਣੇ ਆਉਂਦਾ ਹੈ ਕਿ ਨਸ਼ੇ ਨੂੰ ਵੱਡੀ ਮਾਤਰਾ 'ਚ ਤਿਆਰ ਕਰਨ ਲਈ ਜ਼ਹਿਰੀਲੇ ਰਸਾਇਣਾਂ ਦੀ ਵਰਤੋਂ ਕੀਤੀ ਜਾ ਰਹੀ ਹੈ। ਪੰਜਾਬ ਦੇ ਅੰਮ੍ਰਿਤਸਰ ਜ਼ਿਲ੍ਹੇ ਦੇ ਵਿਧਾਨ ਸਭਾ ਹਲਕਾ ਮਜੀਠਾ 'ਚ ਵਾਪਰੇ ਜ਼ਹਿਰੀਲੇ ਸ਼ਰਾਬ ਕਾਂਡ 'ਚ 27 ਵਿਅਕਤੀ ਮਾਰੇ ਗਏ ਹਨ ਤੇ ਮੌਤਾਂ ਦੀ ਗਿਣਤੀ 'ਚ ਹੋਰ ਵੀ ਵਾਧਾ ਹੋ ਸਕਦਾ ਹੈ। ਮਰਨ ਵਾਲਿਆਂ 'ਚ ਮਜੀਠਾ ਦੇ 7-8 ਪਿੰਡਾਂ ਭੰਗਾਲੀ ਕਲਾ, ਮਰੜ੍ਹੀ ਕਲਾਂ, ਭੰਗਵਾ, ਕਰਨਾਲਾ, ਪਤਾਲਪੁਰੀ, ਗਾਲੋਵਾਲੀ, ਤਲਵੰਡੀ ਖੁੰਮਣ ਤੇ ਥਰੀਏਵਾਲ ਆਦਿ ਨਾਲ ਸੰਬੰਧਿਤ ਦਿਹਾੜੀਦਾਰ ਕਾਮੇ ਸਨ, ਜੋ ਇੱਟਾਂ ਦੇ ਭੱਠਿਆਂ 'ਤੇ ਕੰਮ ਕਰਦੇ ਸਨ।

ਪਹਿਲਾਂ ਜ਼ਹਿਰੀਲੀ ਸ਼ਰਾਬ ਕਾਰਨ ਵਾਪਰਨ ਵਾਲੀਆਂ ਅਜਿਹੀਆਂ ਘਟਨਾਵਾਂ ਬਿਹਾਰ/ ਯੂ.ਪੀ. ਜਾਂ ਦੇਸ਼ ਦੇ ਪਿਛੜੇ ਇਲਾਕਿਆਂ 'ਚ ਸੁਣਨ ਨੂੰ ਮਿਲਦੀਆਂ ਸਨ, ਪਰ ਹੁਣ ਤਾਂ ਪੰਜਾਬ 'ਚ ਵੀ ਸਾਲ ਕੁ ਬਾਅਦ ਅਜਿਹੀ ਕੋਈ ਨਾ ਕੋਈ ਘਟਨਾ ਜ਼ਰੂਰ ਵਾਪਰ ਜਾਂਦੀ ਹੈ। ਮਜੀਠੇ ਵਾਲੀ ਜ਼ਹਿਰੀਲੀ ਸ਼ਰਾਬ ਵਾਲੀ ਘਟਨਾ ਨੇ ਪੰਜਾਬ ਸਰਕਾਰ ਵੱਲੋਂ ਛੇੜੀ ਗਈ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ 'ਤੇ ਵੀ ਸਵਾਲ ਖੜ੍ਹੇ ਕਰ ਦਿੱਤੇ ਹਨ।



ਹੁਣ ਵਾਪਰੇ ਇਸ ਸ਼ਰਾਬ ਕਾਂਡ ਤੋਂ ਪਹਿਲਾਂ ਸਾਲ 2024 'ਚ ਵੀ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੇ ਆਪਣੇ ਜ਼ਿਲ੍ਹੇ ਸੰਗਰੂਰ ਅਤੇ ਖ਼ਜ਼ਾਨਾ ਮੰਤਰੀ ਹਰਪਾਲ ਸਿੰਘ ਚੀਮਾ ਤੇ ਅਮਨ ਅਰੋੜਾ ਦੇ ਹਲਕਿਆਂ 'ਚ 16 ਤੋਂ ਵੱਧ ਮੌਤਾਂ ਜ਼ਹਿਰੀਲੀ ਸ਼ਰਾਬ ਪੀਣ ਕਾਰਨ ਹੋਈਆਂ ਸਨ। ਜ਼ਹਿਰੀਲੀ ਸ਼ਰਾਬ ਪੀ ਕੇ ਆਪਣੀ ਜਾਨ ਗੁਆਉਣ ਵਾਲੇ ਤਕਰੀਬਨ ਸਾਰੇ ਹੀ ਵਿਅਕਤੀ ਗਰੀਬ ਪਰਿਵਾਰਾਂ ਨਾਲ ਸੰਬੰਧ ਰੱਖਦੇ ਸਨ, ਜਿਹੜੇ ਆਪਣੀਆਂ ਘਰੇਲੂ ਤੇ ਆਰਥਿਕ ਮਜਬੂਰੀਆਂ ਕਾਰਨ ਸਰਕਾਰੀ ਠੇਕਿਆਂ 'ਤੇ ਵਿਕਣ ਵਾਲੀ ਮਹਿੰਗੀ ਸ਼ਰਾਬ ਖਰੀਦਣ ਤੋਂ ਅਸਮਰੱਥ ਸਨ। ਇਸੇ ਹੀ ਗੱਲ ਦਾ ਫ਼ਾਇਦਾ ਉਠਾ ਕੇ ਨਾਜਾਇਜ਼ ਸ਼ਰਾਬ ਬਣਾ ਕੇ ਵੇਚਣ ਵਾਲੇ ਇਨ੍ਹਾਂ ਗਰੀਬ ਬਸਤੀਆਂ 'ਚ ਆਪਣੇ ਘਰੀਂ ਰਸਾਇਣ ਪਾ ਕੇ ਤਿਆਰ ਕੀਤੀ ਗਈ ਸ਼ਰਾਬ ਲੰਮੇ ਸਮੇਂ ਤੋਂ ਸਸਤੇ ਭਾਅ ਵੇਚਣ ਆ ਰਹੇ ਸਨ। ਸ਼ਰਾਬ ਦੇ ਇਨ੍ਹਾਂ ਤਸਕਰਾਂ ਕੋਲ ਸ਼ਰਾਬ ਤਿਆਰ ਕਰਨ ਦਾ ਕੋਈ ਪੈਮਾਨਾ ਵੀ ਨਹੀਂ ਸੀ, ਜਿਸ ਕਰਕੇ ਕਿਸੇ ਰਸਾਇਣ ਦੀ ਵੱਧ ਮਾਤਰਾ ਪਾਉਣ ਕਰਕੇ ਅਜਿਹੀ ਦੁਖਦਾਈ ਘਟਨਾ ਵਾਪਰ ਗਈ ਤੇ ਪੁਲਿਸ ਵੱਲੋਂ ਕੁਝ ਘੰਟਿਆਂ ਅੰਦਰ ਹੀ ਸ਼ਰਾਬ ਤਿਆਰ ਕਰਨ ਵਾਲਾ ਸਾਰਾ ਸਾਮਾਨ ਵੀ ਬਰਾਮਦ ਕਰ ਲਿਆ ਗਿਆ ਸੀ। ਉਕਤ ਘਟਨਾ 'ਚ ਮਰਨ ਵਾਲੇ ਵਿਅਕਤੀਆਂ 'ਚ 8 ਜਣੇ ਹਲਕਾ ਦਿੜ੍ਹਬਾ ਦੇ ਪਿੰਡ ਗੁੱਜਰਾਂ ਨਾਲ ਸੰਬੰਧ ਰੱਖਦੇ ਸਨ ਅਤੇ 2 ਵਿਅਕਤੀ ਇਸੇ ਹਲਕੇ ਦੇ ਪਿੰਡ ਢੰਡੋਲੀ ਖੁਰਦ ਨਾਲ ਸੰਬੰਧਿਤ ਸਨ। 4 ਵਿਅਕਤੀ ਹਲਕਾ ਸੁਨਾਮ 'ਚ ਪੈਂਦੀ ਰਵਿਦਾਸਪੁਰਾ ਟਿੱਬੀ ਅਤੇ ਇਕ ਇਸੇ ਹਲਕੇ ਦੇ ਪਿੰਡ ਜਖੇਪਲ ਦਾ ਰਹਿਣ ਵਾਲਾ ਸੀ। 16ਵਾਂ ਵਿਅਕਤੀ ਹਲਕਾ ਸਮਾਣਾ ਦਾ ਬਾਸ਼ਿੰਦਾ ਸੀ, ਜਿਹੜਾ ਰਵਿਦਾਸਪੁਰਾ ਟਿੱਬੀ ਵਿਖੇ ਆਪਣੇ ਰਿਸ਼ਤੇਦਾਰਾਂ ਨੂੰ ਮਿਲਣ ਆਇਆ ਹੋਇਆ ਸੀ, ਜਿਨ੍ਹਾਂ ਦੀ ਅੱਖਾਂ ਦੀ ਰੌਸ਼ਨੀ ਵੀ ਚਲੀ ਗਈ ਸੀ। ਹੋਰ ਪੀੜਤ ਲੋਕ ਸਰੀਰਕ ਦਿੱਕਤਾਂ ਦਾ ਸਾਹਮਣਾ ਕਰ ਰਹੇ ਹਨ। ਫਿਰ ਵੀ ਇਹ ਮਾਮਲਾ ਕੁਝ ਦਿਨਾਂ ਬਾਅਦ ਠੰਡਾ ਹੋ ਗਿਆ ਅਤੇ ਗਰੀਬ ਲੋਕ ਆਪੋ-ਆਪਣੇ ਘਰਾਂ 'ਚ ਬੈਠ ਗਏ। 2020 ਤੋਂ 2025 ਤੱਕ ਜ਼ਹਿਰੀਲੀ ਨਕਲੀ ਸ਼ਰਾਬ ਪੀਣ ਨਾਲ 180 ਤੋਂ ਵਧੇਰੇ ਮੌਤਾਂ ਹੋ ਚੁੱਕੀਆਂ ਹਨ। ਇਨ੍ਹਾਂ ਮਰਨ ਵਾਲਿਆਂ ਵਿਚ ਸਾਰੇ ਗ਼ਰੀਬ ਦਿਹਾੜੀਦਾਰ ਹਨ, ਜਿਹੜੇ ਸਾਰੀ ਦਿਹਾੜੀ ਹੱਡ-ਭੰਨਵੀਂ ਮਿਹਨਤ ਮਜ਼ਦੂਰੀ ਕਰਕੇ ਆਪਣੇ ਪਰਿਵਾਰਾਂ ਨੂੰ ਪਾਲਦੇ ਸਨ।

ਹੁਣ ਇਸੇ ਤਰ੍ਹਾਂ ਹੀ ਮਜੀਠਾ ਵਾਲੇ ਮਾਮਲੇ 'ਚ ਹੋਵੇਗਾ, ਕਿਉਂਕਿ ਪੰਜਾਬ 'ਚ ਜ਼ਹਿਰੀਲੀ ਸ਼ਰਾਬ ਪੀ ਕੇ ਹੋਣ ਵਾਲੀਆਂ ਮੌਤਾਂ ਨਾਲ ਸੰਬੰਧਿਤ ਮਜੀਠੇ ਵਾਲੀ ਕੋਈ ਪਹਿਲੀ ਜਾਂ ਆਖ਼ਰੀ ਘਟਨਾ ਨਹੀਂ ਹੈ। ਇਸ ਤੋਂ ਪਹਿਲਾਂ ਸਾਲ 2020 'ਚ ਤਰਨ ਤਾਰਨ, ਗੁਰਦਾਸਪੁਰ ਤੇ ਅੰਮ੍ਰਿਤਸਰ ਜ਼ਿਲਿਆਂ 'ਚ ਜ਼ਹਿਰੀਲੀ ਸ਼ਰਾਬ ਪੀਣ ਕਰਕੇ 131 ਮੌਤਾਂ ਹੋਈਆਂ ਸਨ ਅਤੇ 15 ਲੋਕ ਆਪਣੀਆਂ ਅੱਖਾਂ ਦੀ ਰੌਸ਼ਨੀ ਗਵਾ ਚੁੱਕੇ ਸਨ । ਇਸ ਮਾਮਲੇ 'ਚ 2 ਡੀ.ਐੱਸ.ਪੀ., 4 ਐੱਸ.ਐੱਚ.ਓ., 7 ਆਬਕਾਰੀ ਤੇ ਕਰ ਵਿਭਾਗ ਦੇ ਕਰਮਚਾਰੀਆਂ ਨੂੰ ਮੁਅੱਤਲ ਕੀਤਾ ਗਿਆ ਸੀ, ਪਰ ਸਾਰੇ ਬਹਾਲ ਹੋ ਕੇ ਆਪੋ-ਆਪਣੀਆਂ ਨੌਕਰੀਆਂ 'ਤੇ ਆ ਗਏ ਸਨ। ਉਸ ਵੇਲੇ 9 ਮਾਮਲੇ ਦਰਜ ਹੋਏ ਅਤੇ 179 ਲੋਕਾਂ ਨੂੰ ਦੋਸ਼ੀ ਮੰਨਿਆ ਗਿਆ। ਨਕਲੀ ਸ਼ਰਾਬ ਵੇਚਣ ਵਾਲੇ ਕਈ ਦਰਜਨ ਵਿਅਕਤੀ ਪੁਲਿਸ ਦੇ ਹੱਥ ਹੀ ਨਹੀਂ ਲੱਗੇ। ਨਾਜਾਇਜ਼ ਸ਼ਰਾਬ ਵੇਚਣ ਵਾਲੇ ਵਧੇਰੇ ਗਿਣਤੀ ਵਿੱਚ ਲੋਕ ਜ਼ਮਾਨਤ ਲੈ ਕੇ ਬਾਹਰ ਘੁੰਮ ਰਹੇ ਹਨ। ਇਹ ਘਟਨਾ ਕਾਂਗਰਸ ਸਰਕਾਰ ਸਮੇਂ ਦੀ ਹੈ। ਤੱਤਕਾਲੀ ਸਰਕਾਰ ਨੇ ਪੀੜਤ ਪਰਿਵਾਰਾਂ ਨੂੰ 5-5 ਲੱਖ ਰੁਪਏ ਦਾ ਮੁਆਵਜ਼ਾ ਵੀ ਦਿੱਤਾ ਸੀ। ਪਰ ਹੁਣ ਆਮ ਆਦਮੀ ਪਾਰਟੀ ਦੀ ਸਰਕਾਰ ਵੇਲੇ ਹੋਇਆ ਸ਼ਰਾਬ ਕਾਂਡ ਵੱਖਰੀ ਤਰ੍ਹਾਂ ਦੀ ਜਾਂਚ ਦੀ ਮੰਗ ਕਰ ਰਿਹਾ ਹੈ; ਕਿਉਂਕਿ 3 ਮਹੀਨੇ ਅੰਦਰ ਪੰਜਾਬ ਦੀ ਧਰਤੀ ਤੋਂ ਨਸ਼ਿਆਂ ਦਾ ਖ਼ਾਤਮਾ ਕਰਨ ਦਾ ਵਾਅਦਾ ਕਰਕੇ ਸੱਤਾ 'ਚ ਆਈ ਆਮ ਆਦਮੀ ਪਾਰਟੀ ਨਸ਼ਿਆਂ ਦੇ ਕਹਿਰ ਨੂੰ ਰੋਕਣ 'ਚ ਅਸਮਰੱਥ ਤਾਂ ਰਹੀ ਹੀ ਹੈ, ਸਗੋਂ ਨਸ਼ਾ ਤਸਕਰਾਂ ਦੇ ਹੌਸਲੇ ਇਸ ਕਦਰ ਬੁਲੰਦ ਹੋਏ ਹਨ ਕਿ 'ਯੁੱਧ ਨਸ਼ਿਆਂ ਵਿਰੁੱਧ' ਚਲਦਾ ਹੋਣ ਦੇ ਬਾਵਜੂਦ ਵੀ ਉਹ ਆਪਣੇ ਘਰਾਂ 'ਚ ਸ਼ਰਾਬ ਤਿਆਰ ਕਰਨ ਦੇ ਉਦਯੋਗ ਚਲਾ ਕੇ ਲੋਕਾਂ ਦੀਆਂ ਜ਼ਿੰਦਗੀਆਂ ਨਾਲ ਖੇਡ ਰਹੇ ਹਨ। ਸਰਕਾਰ ਅਤੇ ਪ੍ਰਸ਼ਾਸਨ ਨਾਲ ਜੁੜਿਆ ਹਰ ਵਿਅਕਤੀ ਸ਼ਰਾਬ ਦੇ ਇਸ ਕਾਰੋਬਾਰ ਤੋਂ ਜਾਣੂ ਹੋਵੇਗਾ। ਦੂਸਰੇ ਪਾਸੇ ਆਮ ਆਦਮੀ ਪਾਰਟੀ ਜਿਹੜੀ ਕਿ ਪੰਜਾਬ 'ਚ ਸੱਤਾਧਾਰੀ ਪਾਰਟੀ ਹੈ ਅਤੇ ਉਨ੍ਹਾਂ ਦੇ ਰਾਜ ਦੌਰਾਨ ਜ਼ਹਿਰੀਲੀ ਸ਼ਰਾਬ ਨਾਲ ਸੰਬੰਧਿਤ ਇਹ ਦੂਸਰੀ ਘਟਨਾ ਹੈ, ਜਦਕਿ ਸਿੰਥੈਟਿਕ ਨਸ਼ਿਆਂ ਨਾਲ ਵਾਪਰਨ ਵਾਲੀਆਂ ਘਟਨਾਵਾਂ ਅਣਗਿਣਤ ਹਨ। ਅਕਸਰ ਇਹ ਸਭ ਕੁਝ ਸਿਆਸੀ ਸ਼ਹਿ 'ਤੇ ਹੀ ਚੱਲਦਾ ਹੈ। (**ਬਾਕੀ ਸਫ਼ਾ 31 'ਤੇ**)

# ਹੌਲੀ ਅਦਾਲਤੀ ਪ੍ਰਕਿਰਿਆ ਪੱਤਰਕਾਰਾਂ ਲਈ ਬਣੀ ਸਜ਼ਾ

## ਛੋਟੇ ਸ਼ਹਿਰਾਂ ਦੇ ਮੀਡੀਆ ਕਰਮੀ ਸਭ ਤੋਂ ਵੱਧ ਪ੍ਰਭਾਵਿਤ

## ਅਸਪਸ਼ਟ ਕਾਨੂੰਨਾਂ ਕਾਰਨ ਪੱਤਰਕਾਰ ਨਿਸ਼ਾਨੇ 'ਤੇ, 65% ਮਾਮਲੇ ਅਧੂਰੇ

**ਇਹ ਰਿਪੋਰਟ ਸਪਸ਼ਟ ਕਰਦੀ ਹੈ ਕਿ ਭਾਰਤ ਵਿੱਚ ਪੱਤਰਕਾਰੀ ਇੱਕ ਖ਼ਤਰਿਆਂ ਨਾਲ ਜੂਝਣ ਵਾਲਾ ਪੇਸ਼ਾ ਬਣ ਗਿਆ ਹੈ। ਅਦਾਲਤੀ ਪ੍ਰਕਿਰਿਆਵਾਂ, ਅਸਪਸ਼ਟ ਕਾਨੂੰਨ ਅਤੇ ਸਰਕਾਰੀ ਦਬਾਅ ਮੀਡੀਆ ਦੀ ਅਜ਼ਾਦੀ ਨੂੰ ਸੀਮਤ ਕਰ ਰਹੇ ਹਨ। ਖ਼ਾਸਕਰ ਛੋਟੇ ਸ਼ਹਿਰਾਂ ਦੇ ਪੱਤਰਕਾਰ, ਜੋ ਸਥਾਨਕ ਮੁੱਦਿਆਂ ਨੂੰ ਉਠਾਉਂਦੇ ਹਨ, ਸਭ ਤੋਂ ਵੱਧ ਪ੍ਰਭਾਵਿਤ ਹਨ। ਅੰਤਰਰਾਸ਼ਟਰੀ ਪੱਧਰ 'ਤੇ ਭਾਰਤ ਦੀ ਬਦਨਾਮੀ ਅਤੇ ਪ੍ਰੈਸ ਅਜ਼ਾਦੀ ਸੂਚਕਾਂਕ ਵਿੱਚ ਡਿੱਗਦੀ ਰੈਂਕਿੰਗ ਇੱਕ ਚਿਤਾਵਨੀ ਹੈ ਕਿ ਲੋਕਤੰਤਰ ਦੇ ਚੌਥੇ ਥੰਮ ਨੂੰ ਮਜ਼ਬੂਤ ਕਰਨ ਦੀ ਲੋੜ ਹੈ। ਸਰਕਾਰ ਨੂੰ ਅਜਿਹੇ ਕਾਨੂੰਨਾਂ ਨੂੰ ਸਪਸ਼ਟ ਕਰਨ ਦੀ ਲੋੜ ਹੈ ਜੋ ਪੱਤਰਕਾਰਾਂ ਨੂੰ ਨਿਸ਼ਾਨਾ ਬਣਾਉਣ ਦਾ ਸਾਧਨ ਬਣ ਰਹੇ ਹਨ। ਨਾਲ ਹੀ, ਛੋਟੇ ਸ਼ਹਿਰਾਂ ਦੇ ਪੱਤਰਕਾਰਾਂ ਲਈ ਕਾਨੂੰਨੀ ਸਹਾਇਤਾ ਅਤੇ ਸੁਰੱਖਿਆ ਪ੍ਰਣਾਲੀ ਨੂੰ ਮਜ਼ਬੂਤ ਕਰਨ ਦੀ ਜ਼ਰੂਰਤ ਹੈ।**



ਭਾਰਤ ਵਿੱਚ ਪੱਤਰਕਾਰਾਂ ਨੂੰ ਨਿਸ਼ਾਨਾ ਬਣਾਉਣ ਅਤੇ ਮੀਡੀਆ ਅਜ਼ਾਦੀ ਨੂੰ ਸੀਮਤ ਕਰਨ ਦੀਆਂ ਚਿੰਤਾਜਨਕ ਘਟਨਾਵਾਂ ਸਾਹਮਣੇ ਆਈਆਂ ਹਨ। ਪਿਛਲੇ ਦਿਨੀਂ ਜਾਰੀ ਹੋਈ ਇੱਕ ਨਵੀਂ ਰਿਪੋਰਟ, ਜੋ ਕਲੂਨੀ ਫ਼ਾਊਂਡੇਸ਼ਨ ਫ਼ਾਰ ਜਸਟਿਸ ਦੇ ਟ੍ਰਾਇਲਵਾਚ ਇਨੀਸ਼ੀਏਟਿਵ, ਨੈਸ਼ਨਲ ਲਾਅ ਯੂਨੀਵਰਸਿਟੀ ਦਿੱਲੀ ਅਤੇ ਕੋਲੰਬੀਆ ਲਾਅ ਸਕੂਲ ਦੇ ਹਿਊਮਨ ਰਾਈਟਸ ਇੰਸਟੀਚਿਊਟ ਨੇ ਸਾਂਝੇ ਤੌਰ 'ਤੇ ਤਿਆਰ ਕੀਤੀ ਹੈ, ਨੇ ਖ਼ੁਲਾਸਾ ਕੀਤਾ ਹੈ ਕਿ ਪੱਤਰਕਾਰਾਂ ਵਿਰੁੱਧ ਅਦਾਲਤੀ ਪ੍ਰਕਿਰਿਆ ਨੂੰ ਹਥਿਆਰ ਵਜੋਂ ਵਰਤਿਆ ਜਾ ਰਿਹਾ ਹੈ। ਇਹ ਰਿਪੋਰਟ, ਜਿਸ ਦਾ ਸਿਰਲੇਖ ਹੈ 'ਪ੍ਰੈਸਿੰਗ ਚਾਰਜਿਜ਼: ਏ ਸਟੱਡੀ ਆਫ਼ ਕ੍ਰਿਮੀਨਲ ਕੇਸਿਜ਼ ਅਗੇਂਸਟ ਜਰਨਲਿਸਟਸ ਅਕਰੌਸ ਸਟੇਟਸ ਇਨ ਇੰਡੀਆ', ਦੱਸਦੀ ਹੈ ਕਿ ਪੱਤਰਕਾਰਾਂ ਨੂੰ ਲੰਬੀਆਂ ਅਤੇ ਜਾਣ ਬੁੱਝ ਕੇ ਖਿੱਚੀਆਂ ਜਾਣ ਵਾਲੀਆਂ ਕਾਨੂੰਨੀ ਕਾਰਵਾਈਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਜੋ ਉਨ੍ਹਾਂ ਦੀ ਆਰਥਿਕ, ਮਾਨਸਿਕ ਅਤੇ ਪੇਸ਼ੇਵਰ ਜ਼ਿੰਦਗੀ ਨੂੰ ਤਬਾਹ ਕਰ ਰਹੀਆਂ ਹਨ।

**ਅਦਾਲਤਾਂ ਪੱਤਰਕਾਰਾਂ ਨਾਲ ਇਨਸਾਫ਼ ਕਿਉਂ ਨਹੀਂ ਕਰਦੀਆਂ ?**

ਰਿਪੋਰਟ ਮੁਤਾਬਕ, 2012 ਤੋਂ 2022 ਦਰਮਿਆਨ 427 ਪੱਤਰਕਾਰਾਂ ਵਿਰੁੱਧ 423 ਅਪਰਾਧਿਕ ਮਾਮਲੇ ਦਰਜ ਹੋਏ, ਜਿਨ੍ਹਾਂ ਵਿੱਚ 624 ਅਪਰਾਧਿਕ ਘਟਨਾਵਾਂ ਸ਼ਾਮਲ ਸਨ। ਇਨ੍ਹਾਂ ਵਿੱਚੋਂ 65% ਤੋਂ ਵੱਧ ਮਾਮਲੇ 30 ਅਕਤੂਬਰ 2023 ਤੱਕ ਵੀ ਅਧੂਰੇ ਸਨ, ਜਦਕਿ 40% ਮਾਮਲਿਆਂ ਵਿੱਚ ਪੁਲਿਸ ਨੇ ਜਾਂਚ ਵੀ ਪੂਰੀ ਨਹੀਂ ਕੀਤੀ। ਸਿਰਫ਼ 6% ਮਾਮਲਿਆਂ (16 ਕੇਸ) ਵਿੱਚ ਹੀ ਅੰਤਿਮ ਨਿਪਟਾਰਾ ਹੋਇਆ, ਜਿਸ ਵਿੱਚ ਦੋਸ਼ਮੁਕਤੀ ਜਾਂ ਸਜ਼ਾ ਸ਼ਾਮਲ ਸੀ। ਇਹ ਲੰਬੀਆਂ ਪ੍ਰਕਿਰਿਆਵਾਂ ਪੱਤਰਕਾਰਾਂ ਨੂੰ ਮਾਨਸਿਕ ਅਤੇ ਆਰਥਿਕ ਤੌਰ 'ਤੇ ਤੋੜਨ ਦਾ ਸਾਧਨ ਬਣ ਰਹੀਆਂ ਹਨ। 58% ਪੱਤਰਕਾਰਾਂ ਨੇ ਆਰਥਿਕ ਤੰਗੀ, 56% ਨੇ ਡਰ ਅਤੇ ਚਿੰਤਾ, 73% ਨੇ ਨਿੱਜੀ ਜ਼ਿੰਦਗੀ 'ਤੇ ਅਸਰ ਅਤੇ 56% ਨੇ ਕੈਰੀਅਰ 'ਤੇ ਨਕਾਰਾਤਮਿਕ ਪ੍ਰਭਾਵ ਦੀ ਗੱਲ ਕੀਤੀ।

ਇੱਕ ਪੱਤਰਕਾਰ ਨੇ ਕਿਹਾ, ਮੇਰੀ ਗ੍ਰਿਫ਼ਤਾਰੀ ਤੋਂ ਬਾਅਦ ਮੇਰਾ ਪਰਿਵਾਰ, ਖ਼ਾਸਕਰ ਮੇਰੇ ਬੱਚੇ, ਬਹੁਤ ਪ੍ਰੇਸ਼ਾਨ ਹੋਏ। ਅਜਿਹੇ ਮਾਮਲੇ ਸਿਰਫ਼ ਇੱਕ ਵਿਅਕਤੀ ਨੂੰ ਨਹੀਂ, ਸਗੋਂ ਪੂਰੇ ਪਰਿਵਾਰ ਨੂੰ ਤੋੜ ਦਿੰਦੇ ਹਨ।

ਅਦਾਲਤੀ ਪ੍ਰਕਿਰਿਆ ਦੀ ਇਹ ਹੌਲੀ ਚਾਲ ਅਤੇ ਅਸਪਸ਼ਟ ਕਾਨੂੰਨੀ ਪ੍ਰਬੰਧ ਪੱਤਰਕਾਰਾਂ ਨੂੰ ਨਿਸ਼ਾਨਾ ਬਣਾਉਣ ਦਾ ਸਾਧਨ ਬਣ ਰਹੇ ਹਨ। ਨਵੀਂ ਭਾਰਤੀ ਨਿਆਂ ਸੰਹਿਤਾ 2024, ਜਿਸ ਨੇ ਪੁਰਾਣੀ ਆਈਪੀਸੀ ਨੂੰ ਬਦਲਿਆ, ਵਿੱਚ ਵੀ ਅਸਪਸ਼ਟ ਪ੍ਰਬੰਧ ਜਿਵੇਂ ਕਿ ਧਾਰਾ 195(1) ਸ਼ਾਮਲ ਹੈ, ਜੋ ਭਾਰਤ ਦੀ ਸੰਪ੍ਰਭੁਤਾ, ਏਕਤਾ, ਅਖੰਡਤਾ ਜਾਂ ਸੁਰੱਖਿਆ ਨੂੰ ਖ਼ਤਰੇ ਵਿੱਚ ਪਾਉਣ ਵਾਲੀ ਝੂਠੀ ਜਾਂ ਭ੍ਰਮਕ ਜਾਣਕਾਰੀ ਨੂੰ ਅਪਰਾਧ ਬਣਾਉਂਦੀ ਹੈ। ਅਜਿਹੇ ਕਾਨੂੰਨਾਂ ਦਾ ਦੁਰਉਪਯੋਗ ਪੱਤਰਕਾਰਾਂ ਨੂੰ ਡਰਾਉਣ ਅਤੇ ਉਨ੍ਹਾਂ ਦੀ ਆਵਾਜ਼ ਨੂੰ ਦਬਾਉਣ ਲਈ ਕੀਤਾ ਜਾ ਸਕਦਾ ਹੈ।

**ਕੀ ਭਾਰਤ ਵਿੱਚ ਮੀਡੀਆ ਅਜ਼ਾਦੀ ਨੂੰ ਖਤਰਾ ਹੈ ?**

ਇਹ ਰਿਪੋਰਟ ਸਪਸ਼ਟ ਕਰਦੀ ਹੈ ਕਿ ਪੱਤਰਕਾਰਾਂ ਵਿਰੁੱਧ ਲੰਬੀਆਂ ਅਦਾਲਤੀ ਕਾਰਵਾਈਆਂ ਅਤੇ




ਅਸਪਸ਼ਟ ਕਾਨੂੰਨ ਮੀਡੀਆ ਅਜ਼ਾਦੀ ਨੂੰ ਸਿੱਧਾ ਖਤਰਾ ਪੈਦਾ ਕਰ ਰਹੇ ਹਨ। ਨੈਸ਼ਨਲ ਲਾਅ ਯੂਨੀਵਰਸਿਟੀ, ਦਿੱਲੀ ਦੇ ਪ੍ਰੋਫ਼ੈਸਰ ਅਨੂਪ ਸੁਰੇਂਦਰਨਾਥ ਨੇ ਕਿਹਾ ਕਿ ਇਹ ਰਿਪੋਰਟ ਸੰਵਿਧਾਨਕ ਮਹੱਤਵ ਰੱਖਦੀ ਹੈ। ਇਹ ਦਿਖਾਉਂਦੀ ਹੈ ਕਿ ਸੰਵਿਧਾਨ ਵੱਲੋਂ ਸੁਰੱਖਿਅਤ ਪ੍ਰੈਸ ਦੀ ਅਜ਼ਾਦੀ ਨੂੰ ਸਾਧਾਰਨ ਅਪਰਾਧਿਕ ਕਾਨੂੰਨਾਂ ਅਤੇ ਪ੍ਰਕਿਰਿਆਵਾਂ ਦੁਆਰਾ ਕਮਜ਼ੋਰ ਕੀਤਾ ਜਾ ਰਿਹਾ ਹੈ। ਪੱਤਰਕਾਰਾਂ ਨੂੰ ਨਾ ਸਿਰਫ਼ ਪੇਸ਼ੇਵਰ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਸਗੋਂ ਉਨ੍ਹਾਂ ਦੇ ਪਰਿਵਾਰਾਂ 'ਤੇ ਵੀ ਇਸ ਦਾ ਗੰਭੀਰ ਅਸਰ ਪੈ ਰਿਹਾ ਹੈ। ਇਹ ਸਥਿਤੀ ਨਾ ਸਿਰਫ਼ ਪੱਤਰਕਾਰਾਂ ਨੂੰ, ਸਗੋਂ ਵ੍ਹਿਸਲਬਲੋਅਰਜ਼ ਅਤੇ ਸਿਟੀਜ਼ਨ ਜਰਨਲਿਸਟਸ ਨੂੰ ਵੀ ਡਰਾਉਣ ਦਾ ਕੰਮ ਕਰ ਰਹੀ ਹੈ। ਇਸ ਨਾਲ ਸਮਾਜ ਵਿੱਚ ਸੱਚਾਈ ਨੂੰ ਸਾਹਮਣੇ ਲਿਆਉਣ ਦੀ ਪ੍ਰਕਿਰਿਆ ਨੂੰ ਰੋਕਿਆ ਜਾ ਰਿਹਾ ਹੈ, ਜੋ ਇੱਕ ਲੋਕਤੰਤਰੀ ਸਮਾਜ ਲਈ ਖਤਰਨਾਕ ਸੰਕੇਤ ਹੈ।

**ਛੋਟੇ ਸ਼ਹਿਰਾਂ ਦੇ ਪੱਤਰਕਾਰ ਸਭ ਤੋਂ ਵੱਧ ਨਿਸ਼ਾਨੇ 'ਤੇ**

ਰਿਪੋਰਟ ਵਿੱਚ ਸਭ ਤੋਂ ਚਿੰਤਾਜਨਕ ਖੁਲਾਸਾ ਇਹ ਹੈ ਕਿ ਛੋਟੇ ਸ਼ਹਿਰਾਂ ਅਤੇ ਕਸਬਿਆਂ ਵਿੱਚ ਕੰਮ ਕਰਨ ਵਾਲੇ ਪੱਤਰਕਾਰ ਵੱਡੇ ਸ਼ਹਿਰਾਂ ਦੇ ਮੁਕਾਬਲੇ ਕਿਤੇ ਜ਼ਿਆਦਾ ਨਿਸ਼ਾਨੇ 'ਤੇ ਹਨ। ਮਹਾਨਗਰਾਂ ਵਿੱਚ ਪੱਤਰਕਾਰਾਂ ਦੀ ਗ੍ਰਿਫ਼ਤਾਰੀ 24% ਮਾਮਲਿਆਂ ਵਿੱਚ ਹੋਈ, ਜਦਕਿ ਛੋਟੇ ਸ਼ਹਿਰਾਂ ਵਿੱਚ ਇਹ ਅੰਕੜਾ 58% ਤੱਕ ਪਹੁੰਚ ਗਿਆ। ਵੱਡੇ ਸ਼ਹਿਰਾਂ ਵਿੱਚ 65% ਪੱਤਰਕਾਰਾਂ ਨੂੰ ਅੰਤਰਿਮ ਰਾਹਤ ਮਿਲੀ, ਪਰ ਛੋਟੇ ਸ਼ਹਿਰਾਂ ਵਿੱਚ ਸਿਰਫ਼ 3% ਨੂੰ ਹੀ ਅਜਿਹੀ ਰਾਹਤ ਮਿਲ ਸਕੀ। ਇਸ ਦਾ ਮੁੱਖ ਕਾਰਨ ਸੁਪਰੀਮ ਕੋਰਟ ਦੀ ਪਹੁੰਚ ਸਿਰਫ਼ ਦਿੱਲੀ ਤੱਕ ਸੀਮਤ ਹੋਣਾ ਅਤੇ ਛੋਟੇ ਸ਼ਹਿਰਾਂ ਦੇ ਪੱਤਰਕਾਰਾਂ ਦੀ ਸੀਮਤ ਆਰਥਿਕ ਸਮਰੱਥਾ ਹੈ।ਹਿੰਦੀ ਅਤੇ ਹੋਰ ਖੇਤਰੀ ਭਾਸ਼ਾਵਾਂ ਵਿੱਚ ਕੰਮ ਕਰਨ ਵਾਲੇ ਪੱਤਰਕਾਰਾਂ ਨੂੰ ਅੰਗਰੇਜ਼ੀ ਵਿੱਚ ਕੰਮ ਕਰਨ ਵਾਲਿਆਂ ਦੇ ਮੁਕਾਬਲੇ ਜ਼ਿਆਦਾ ਪ੍ਰਤੀਕੂਲ ਸਥਿਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਰਿਪੋਰਟ ਅਨੁਸਾਰ, ਜੇ ਪ੍ਰਕਿਰਿਆ ਹੀ ਸਜ਼ਾ ਹੈ, ਤਾਂ ਇਹ ਸਜ਼ਾ ਦਿੱਲੀ ਤੋਂ ਦੂਰੀ ਦੇ ਅਨੁਪਾਤ ਵਿੱਚ ਵਧਦੀ ਹੈ।

ਇਥੇ ਜ਼ਿਕਰਯੋਗ ਹੈ ਕਿ ਰਿਪੋਰਟਰਜ਼ ਵਿਦਾਊਟ ਬਾਰਡਰਜ਼ ਦੇ ਵਰਲਡ ਪ੍ਰੈਸ ਫ਼੍ਰੀਡਮ ਇੰਡੈਕਸ 2025 ਅਨੁਸਾਰ, ਭਾਰਤ 180 ਦੇਸ਼ਾਂ ਵਿੱਚ 161ਵੇਂ ਸਥਾਨ 'ਤੇ ਹੈ, ਜੋ ਉੱਤਰੀ ਕੋਰੀਆ ਤੋਂ ਸਿਰਫ਼ 19 ਸਥਾਨ ਉੱਪਰ ਹੈ। ਇਹ ਸਥਿਤੀ ਭਾਰਤੀ ਮੀਡੀਆ ਦੀ ਵਿਗੜਦੀ ਸਥਿਤੀ ਨੂੰ ਦਰਸਾਉਂਦੀ ਹੈ। ਪਿਛਲੇ ਸਾਲਾਂ ਦੌਰਾਨ ਭਾਰਤ ਦੀ ਰੈਂਕਿੰਗ ਲਗਾਤਾਰ ਡਿੱਗਦੀ ਜਾ ਰਹੀ ਹੈ, ਜੋ ਸਰਕਾਰੀ ਨੀਤੀਆਂ, ਪੱਤਰਕਾਰਾਂ 'ਤੇ ਹਮਲਿਆਂ ਅਤੇ ਅਸਪਸ਼ਟ ਕਾਨੂੰਨਾਂ ਦੇ ਦੁਰਉਪਯੋਗ ਦਾ ਨਤੀਜਾ ਹੈ।

**ਅੰਤਰਰਾਸ਼ਟਰੀ ਅਖ਼ਬਾਰਾਂ ਦਾ ਨਜ਼ਰੀਆ ਕੀ ਹੈ ?**

ਅੰਤਰਰਾਸ਼ਟਰੀ ਮੀਡੀਆ ਨੇ ਵੀ ਇਸ ਰਿਪੋਰਟ ਨੂੰ ਗੰਭੀਰਤਾ ਨਾਲ ਲਿਆ ਹੈ। ਦਿ ਗਾਰਡੀਅਨ ਅਤੇ ਅਲ ਜਜ਼ੀਰਾ ਵਰਗੇ ਅੰਤਰਰਾਸ਼ਟਰੀ ਅਖ਼ਬਾਰਾਂ ਨੇ ਭਾਰਤ ਵਿੱਚ ਪ੍ਰੈਸ ਅਜ਼ਾਦੀ 'ਤੇ ਵਧ ਰਹੇ ਸੰਕਟ ਨੂੰ ਉਜਾਗਰ ਕੀਤਾ ਹੈ। ਦਿ ਗਾਰਡੀਅਨ ਨੇ ਲਿਖਿਆ, 'ਭਾਰਤ ਵਿੱਚ ਪੱਤਰਕਾਰਾਂ ਵਿਰੁੱਧ ਕਾਨੂੰਨੀ ਅਤੇ ਸਰਕਾਰੀ ਦਬਾਅ ਵਧ ਰਿਹਾ ਹੈ, ਜੋ ਲੋਕਤੰਤਰ ਦੇ ਚੌਥੇ ਥੰਮ ਨੂੰ ਕਮਜ਼ੋਰ ਕਰ ਰਿਹਾ ਹੈ।' ਅਲ ਜਜ਼ੀਰਾ ਨੇ ਜ਼ੋਰ ਦਿੱਤਾ ਕਿ ਛੋਟੇ ਸ਼ਹਿਰਾਂ ਦੇ ਪੱਤਰਕਾਰਾਂ ਦੀ ਸੁਰੱਖਿਆ ਅਤੇ ਨਿਆਂ ਤੱਕ ਪਹੁੰਚ ਸਭ ਤੋਂ ਵੱਡੀ ਚੁਣੌਤੀ ਹੈ।ਟ੍ਰਾਇਲਵਾਚ ਦੇ ਕਾਨੂੰਨੀ ਨਿਰਦੇਸ਼ਕ ਸਟੀਫ਼ਨ ਟਾਊਨਲੇ ਨੇ ਕਿਹਾ, ਇਹ ਰਿਪੋਰਟ ਵਿਸ਼ਵ ਪੱਧਰ 'ਤੇ ਪੱਤਰਕਾਰਾਂ ਨੂੰ ਨਿਸ਼ਾਨਾ ਬਣਾਉਣ ਦੇ ਨਵੇਂ ਤਰੀਕਿਆਂ ਨੂੰ ਉਜਾਗਰ ਕਰਦੀ ਹੈ ਅਤੇ ਭਾਰਤੀ ਸੰਦਰਭ ਵਿੱਚ ਮਹੱਤਵਪੂਰਨ ਅੰਕੜੇ ਪ੍ਰਦਾਨ ਕਰਦੀ ਹੈ।



# ਸੱਸਾਂ ਦੇਵਣ ਮੱਤਾਂ ਉਮਰ ਸੰਵਾਰਨ ਲਈ...

**ਸੁਖਪਾਲ ਸਿੰਘ ਗਿੱਲ**

ਸਮਾਜ ਵਿੱਚ ਸੱਸ-ਨੂੰਹ ਦਾ ਰਿਸ਼ਤਾ ਵੱਖਰੀ ਪਹਿਚਾਣ ਰੱਖਦਾ ਹੈ। ਇਸ ਰਿਸ਼ਤੇ ਵਿੱਚ ਸ਼ੀਤ ਯੁੱਧ ਆਮ ਹੀ ਚੱਲਦਾ ਰਹਿੰਦਾ ਹੈ। ਇਹ ਵਰਤਾਰਾ ਅਤੀਤ ਤੋਂ ਅੱਜ ਤੱਕ ਚੱਲਦਾ ਆ ਰਿਹਾ ਹੈ। ਸ਼ੀਤ ਯੁੱਧ ਨੂੰ ਦੋ ਵੱਡੀਆਂ ਸ਼ਕਤੀਆਂ ਦੇ ਬਿਨਾਂ ਹਥਿਆਰਾਂ ਤੋਂ ਬੋਲੀਂ-ਚਾਲੀਂ ਲੜੇ ਜਾਣ ਵਜੋਂ ਪਰਿਭਾਸ਼ਿਤ ਕੀਤਾ ਜਾਂਦਾ ਹੈ। ਇਹ ਸ਼ਕਤੀਆਂ ਕੋਈ ਵੀ ਰਾਜਨੀਤਕ ਮੁੱਦਾ ਅਤੇ ਮੌਕਾ ਖੁੰਝਣ ਨਹੀਂ ਦਿੰਦੀਆਂ ਅਤੇ ਸ਼ੀਤ ਯੁੱਧ ਜਾਰੀ ਰਹਿੰਦਾ ਹੈ। ਆਲਮੀ ਸ਼ਕਤੀਆਂ ਦੇ ਸ਼ੀਤ ਯੁੱਧ ਨੂੰ ਘਰ ਵਿੱਚ ਸੱਸ-ਨੂੰਹ ਪਰਿਭਾਸ਼ਿਤ ਕਰਦੀਆਂ ਹਨ।

ਬਹੁਤੇ ਘਰਾਂ ਵਿੱਚ ਬਿਨਾਂ ਮੌਕਿਆਂ ਅਤੇ ਮੁੱਦਿਆਂ ਤੋਂ ਹੀ ਸ਼ੀਤ ਯੁੱਧ ਚੱਲਦਾ ਰਹਿੰਦਾ ਹੈ। ਸੱਸ-ਨੂੰਹ ਹੀ ਅਸਲ ਵਿੱਚ ਇਸ ਦਾ ਕਿਰਦਾਰ ਨਿਭਾਉਂਦੀਆਂ ਹਨ। ਹਾਂ, ਇੱਕ ਗੱਲ ਹੋਰ ਹੈ ਕਿ ਜੇ ਕਿਤੇ ਸੱਸ ਨਿੰਮ ਅਤੇ ਨਣਦ ਕਰੇਲਾ ਹੋ ਨਿੱਬੜੇ ਤਾਂ ਫਿਰ ਸ਼ੀਤ ਯੁੱਧ ਦੀ ਬਜਾਏ ਭਾਂਬੜ ਮੱਚ ਦਿੰਦਾ ਹੈ। ਸੱਸ ਦਾ ਆਮ ਸੁਭਾਅ ਹੋ ਜਾਂਦਾ ਹੈ ਕਿ ਉਹ ਭੁੱਲ ਜਾਂਦੀ ਹੈ ਕਿ ਉਹ ਵੀ ਕਦੇ ਬਹੂ ਸੀ। ਇਸ ਦੇ ਕਾਰਨ ਲੱਭਣੇ ਡੂੰਘੇ ਅਧਿਐਨ ਦਾ ਵਿਸ਼ਾ ਹੈ ਕਿਉਂਕਿ ਜੋ ਮਿਲਿਆ ਓਹੀ ਦੇਵਾਂ ਦੇ ਸਿਧਾਂਤ ਅਨੁਸਾਰ ਸੱਸ ਨੂੰ ਜੋ ਉਸ ਦੀ ਸੱਸ ਨੇ ਦਿੱਤਾ, ਓਹੀ ਆਪਣੀ ਬਹੂ ਨੂੰ ਦੇਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਕਈ ਨੂੰਹਾਂ ਸੱਸ ਦੀ ਮਾਰ ਝੱਲਦੀਆਂ ਹੀ ਸੋਚਣ ਲੱਗ ਪੈਂਦੀਆਂ ਹਨ ਕਿ ਆਪਣੀ ਬਹੂ ਨਾਲ ਵੀ ਇਸੇ ਤਰ੍ਹਾਂ ਕਰਨਗੀਆਂ। ਇਸੇ ਲਈ ਸੱਸ-ਨੂੰਹ ਦਾ ਰਿਸ਼ਤਾ ਖਟਾਸ ਨੂੰ ਦਰਸਾਉਂਦਾ ਹੈ। ਘਰਵਾਲਾ ਵੀ ਮਾਂ ਅਤੇ ਘਰਵਾਲਿਆਂ ਦੇ ਪਿੱਛੇ ਲੱਗ ਕੇ ਉਨ੍ਹਾਂ ਦੀ ਬੋਲੀ ਬੋਲਣ ਲਈ ਮਜਬੂਰ ਹੋ ਜਾਂਦਾ ਹੈ। ਉਹ ਘਰਵਾਲੀ ਦਾ ਪੱਖ ਘੱਟ ਹੀ ਲੈਂਦਾ ਹੈ। ਮਾਂ ਦੀ ਬੋਲੀ ਬੋਲਣਾ ਉਸ ਦੀ ਆਦਤ ਹੀ ਬਣ ਜਾਂਦੀ ਹੈ। ਇਸੇ ਲਈ ਕਹਾਵਤ ਹੈ, 'ਲਾਈ ਲੱਗ ਨਾ ਹੋਵੇ ਘਰਵਾਲਾ ਤੇ ਚੰਦਰਾ ਗੁਆਂਢ ਨਾ ਹੋਵੇ।'

ਅਤੀਤ ਤੋਂ ਵਰਤਮਾਨ ਤੱਕ ਇਸ ਸਮਾਜਿਕ ਸ਼ੀਤ ਯੁੱਧ ਦੇ ਤੌਰ ਤਰੀਕੇ ਬਦਲੇ ਜ਼ਰੂਰ ਹਨ, ਪਰ ਨਿਸ਼ਾਨਾ ਇੱਕੋ ਰਿਹਾ ਹੈ। ਔਰਤ ਹੀ ਔਰਤ ਦੀ ਦੁਸ਼ਮਣ ਹੈ। ਸੱਸ-ਨੂੰਹ ਦੇ ਸ਼ੀਤ ਯੁੱਧ ਵਿੱਚੋਂ ਹੀ ਭਰੂਣ ਹੱਤਿਆ ਉਪਜੀ ਸੀ। ਸਮਾਜ ਵਿੱਚ ਅੰਦਰ ਖਾਤੇ ਇਹ ਚੱਲਦਾ ਰਿਹਾ ਹੈ ਕਿ ਦੋਵੇਂ ਇੱਕ ਦੂਜੇ ਨੂੰ ਜਾਣਦੀਆਂ ਹੋਈਆਂ ਅਣਜਾਣ ਹੋ ਜਾਂਦੀਆਂ ਹਨ। ਸੱਸ-ਨੂੰਹ ਨੂੰ ਸਮਝਣਾ ਚਾਹੀਦਾ ਹੈ ਕਿ ਦੋਵਾਂ ਦੀ ਨੈਤਿਕਤਾ ਇੱਕ ਦੂਜੇ ਨੂੰ ਸਮਝਣ ਵਿੱਚ ਹੀ ਛੁਪੀ ਹੋਈ ਹੈ। ਸੱਸ-ਨੂੰਹ ਦਾ ਕੇਂਦਰ ਬਿੰਦੂ ਘਰਵਾਲਾ ਹੁੰਦਾ ਹੈ। ਮਾਂ ਆਪਣੇ ਪੁੱਤ ਨੂੰ ਸੁੱਕੇ ਪਾਉਂਦੀ ਸੀ, ਪਰ ਘਰਵਾਲੀ ਦਾ ਨਿੱਤ ਦਿਨ ਦਾ ਸਬਰ ਸੰਤੋਖ ਦੇਖੋ ਤਾਂ ਦੋਵੇਂ ਇੱਕ ਸਿੱਕੇ ਦੇ



ਦੋ ਪਹਿਲੂ ਹਨ। ਸਾਡੀ ਸੱਭਿਅਤਾ ਦੇ ਵਿਕਾਸ ਨਾਲ ਸੱਸ-ਨੂੰਹ ਦੇ ਰਿਸ਼ਤੇ ਵਿੱਚ ਸੱਭਿਆਚਾਰਕ ਵੰਨਗੀਆਂ ਰਚੀਆਂ ਗਈਆਂ। ਇਸ ਸ਼ੀਤ ਯੁੱਧ ਨੂੰ ਇੱਥੋਂ ਤੱਕ ਵੀ ਲਿਆਂਦਾ ਗਿਆ ਕਿ ਸਮਾਜ ਇਸ ਨੂੰ ਪ੍ਰਵਾਨ ਹੀ ਕਰ ਲਵੇ, ਪਰ ਸੱਸ-ਨੂੰਹ ਤੋਂ ਬਿਨਾਂ ਸਮਾਜ ਅਧੂਰਾ ਹੈ।

ਜੇ ਸੱਸ-ਨੂੰਹ ਵਿੱਚ ਸਹੀ ਰਿਸ਼ਤਾ ਹੋਵੇ ਤਾਂ ਘਰ ਸਵਰਗ ਹੀ ਬਣ ਜਾਂਦਾ ਹੈ। ਜੇ ਦੋਵਾਂ ਵਿੱਚ ਹੀ ਪਿਆਰ ਨਹੀਂ ਤਾਂ ਇਸ ਤੋਂ ਵੱਧ ਹੋਰ ਨਰਕ ਦੀ ਲੋੜ ਹੈ ਨਹੀਂ। ਪੰਜਾਬ ਦੀ ਕੋਇਲ ਸੁਰਿੰਦਰ ਕੌਰ ਨੇ ਸੱਸ-ਨੂੰਹ ਦੇ ਰਿਸ਼ਤੇ ਨੂੰ ਸੱਭਿਅਤਾ ਦੀ ਚਾਦਰ ਵਿੱਚ ਵਲੇਟਣ ਲਈ ਗੀਤ ਗਾਇਆ ਸੀ, 'ਸੱਸਾਂ ਦੇਵਣ ਮੱਤਾਂ ਉਮਰ ਸੰਵਾਰਨ ਲਈ'। ਜੇ ਨੂੰਹ ਇਸ ਗੱਲ ਨੂੰ ਪੱਲੇ ਬੰਨ੍ਹ ਲਵੇ ਤਾਂ ਖਟਾਸ ਮਿਟ ਸਕਦੀ ਹੈ। ਕਈ ਸੱਸ ਹੋਣ ਦਾ ਰੁਤਬਾ ਹਜ਼ਮ ਨਹੀਂ ਕਰ ਸਕਦੀਆਂ, ਇਸ ਲਈ ਉਹ ਸੱਸ ਬਣਦੇ ਸਾਰ ਹੀ ਸਿਆਣਪ ਨੂੰ ਦਿਮਾਗ਼ ਤੋਂ ਬਾਹਰ ਕੱਢ ਦਿੰਦੀਆਂ ਹਨ।

'ਲਾ ਕੇ ਗੱਲ ਕਰਨੀ' ਸ਼ੀਤ ਯੁੱਧ ਦਾ ਦੂਜਾ ਨਾਂ ਹੈ। ਪਿੰਡਾਂ ਦੀ ਸਾਦੀ ਭਾਸ਼ਾ ਵਿੱਚ ਲਾ ਕੇ ਗੱਲ ਕਰਨੀ ਹੀ ਦੋਵਾਂ ਵਿਚਕਾਰ ਸ਼ੀਤ ਯੁੱਧ ਦੀ ਕੜੀ ਹੈ। ਸਵੇਰੇ ਉੱਠਦੇ ਸਾਰ ਸੱਸ ਮੱਝ ਨੂੰ ਡੰਡੇ ਮਾਰ ਕੇ ਉਠਾਉਂਦੀ ਹੋਈ ਕਹਿੰਦੀ ਹੈ, 'ਉੱਠ, ਉੱਠ ਜਾ ਕੁਪੱਤੀਏ ਤੈਨੂੰ ਦਿਖਦਾ ਨੀਂ ਦਿਨ ਚੜ੍ਹ ਆਇਆ' ਨਾ ਹੀ ਮੱਝ ਭਾਸ਼ਾ ਸਮਝਦੀ ਹੈ ਅਤੇ ਨਾ ਹੀ ਸੱਸ ਉਸ ਨੂੰ ਸੁਣਾਉਣਾ ਚਾਹੁੰਦੀ ਹੈ। ਇਹ ਤਾਂ ਜਿਸ ਨੇ ਜਿਸ ਨੂੰ ਕਿਹਾ ਓਹੀ ਸਮਝ ਰਹੀਆਂ ਹਨ। ਇਨ੍ਹਾਂ ਗੱਲਾਂ ਨੂੰ ਇਨ੍ਹਾਂ ਦੋਵਾਂ ਤੋਂ ਇਲਾਵਾ ਕੋਈ ਹੋਰ ਕਈ ਵਾਰ ਸੁਣਦੇ ਹੋਏ ਵੀ ਨਹੀਂ ਸਮਝ ਸਕਦਾ। ਇੱਕ ਨੂੰਹ ਦਾਜ ਵਿੱਚ ਭਾਂਡੇ ਨਹੀਂ ਲਿਆਈ, ਇਸ ਦਾ ਕਾਰਨ ਇਹ ਵੀ ਹੋ ਸਕਦਾ ਹੈ ਕਿ ਹਰ ਘਰ ਵਿੱਚ ਭਾਂਡੇ ਆਮ ਹੀ ਹੁੰਦੇ ਹਨ, ਪਰ ਸੱਸ ਤਾਂ ਸੱਸ ਹੀ ਹੁੰਦੀ ਹੈ। ਨਵੀਂ ਨੂੰਹ ਦੇ ਨਵੇਂ ਰਿਸ਼ਤੇਦਾਰ ਆ ਗਏ ਤਾਂ ਸੱਸ ਨੇ ਕਿਹਾ, 'ਲਿਆ ਬਹੂ ਆਪਣੇ ਨਵੇਂ



ਗਲਾਸ ਇਨ੍ਹਾਂ ਨਵੇਂ ਰਿਸ਼ਤੇਦਾਰਾਂ ਨੂੰ ਪਾਣੀ ਦੇਣਾ ਹੈ।' ਨੂੰਹ ਇਹ ਸੁਣ ਕੇ ਹੱਕੀ ਬੱਕੀ ਰਹਿ ਗਈ। ਨੂੰਹ ਦੇ ਜੀਵਨ ਦਾ ਇਹ ਪਹਿਲਾ ਅਧਿਆਇ ਸ਼ੁਰੂ ਹੋ ਗਿਆ ਸੀ। ਹੁਣ ਨੂੰਹ ਨੂੰ ਸੱਸ ਦਾ ਅਹਿਸਾਸ ਹੋ ਚੁੱਕਾ ਸੀ। ਬਹੂ ਸੌਣ ਲੱਗਦੀ ਹੈ ਕਿ ਭਾਂਡੇ ਸਵੇਰੇ ਮਾਂਜ ਲਵਾਂਗੀ, ਪਰ ਸੱਸ ਉੱਚੀ ਉੱਚੀ ਭਾਂਡੇ ਖੜਕਾ ਕੇ ਮਾਂਜਣੇ ਸ਼ੁਰੂ ਕਰ ਦਿੰਦੀ ਹੈ। ਇਹ ਵੀ ਸ਼ੀਤ ਯੁੱਧ ਦਾ ਬਾਣ ਹੀ ਹੈ। ਸਮਾਜ ਦੀਆਂ ਇਨ੍ਹਾਂ ਦੋਵਾਂ ਮਹਾ ਸ਼ਕਤੀਆਂ ਦੇ ਸ਼ੀਤ ਯੁੱਧ ਨੂੰ ਬੁੱਧੀਮਾਨਾਂ ਨੇ ਪਰਖਿਆ ਪੜਚੋਲਿਆ, ਪਰ ਅੰਤ ਨਹੀਂ ਪਿਆ।

ਦਿਨ ਦਿਹਾੜੇ, ਗੀਤੀ ਰਿਵਾਜ ਅਤੇ ਹੋਰ ਮੌਕਿਆਂ 'ਤੇ ਨੂੰਹ ਦੇ ਘਰ ਤੋਂ ਕੋਈ ਨਾ ਆਵੇ ਤਾਂ ਸੱਸ ਸ਼ੀਤ ਯੁੱਧ ਦੀ ਟਕੋਰ ਕਰ ਦਿੰਦੀ ਹੈ; ਬਹੁਤਿਆਂ ਭਰਾਵਾਂ ਵਾਲੀਏ ਤੈਨੂੰ ਤੀਆਂ ਨੂੰ ਲੈਣ ਨਾ ਆਏ। ਗੱਲਾਂ ਦਿਲ ਅਤੇ ਦਿਮਾਗ਼ ਵਿੱਚ ਹੋਰ ਹੁੰਦੀਆਂ ਹਨ, ਪਰ ਸ਼ੀਤ ਯੁੱਧ ਨਾਲ ਭੜਾਸ ਨਿਕਲਦੀ ਰਹਿੰਦੀ ਹੈ। ਜੇ ਭਰਾ ਦੀ ਮਹਿਮਾਨਨਿਵਾਜ਼ੀ ਘੱਟ ਹੋਵੇ ਤਾਂ ਨੂੰਹ ਝੱਟ ਸੁਣਾ ਦਿੰਦੀ ਹੈ;

ਸੱਸੇ ਤੇਰੀ ਮੱਝ ਮਰ ਜੇ  
ਮੇਰੇ ਵੀਰ ਨੂੰ ਸੁੱਕੀ ਖੰਡ ਪਾਈ

ਆਪਣੇ ਦਿਨਾਂ ਦੌਰਾਨ ਜਬਰੀ ਵਿੱਚ ਕੀਤੀਆਂ ਮਨਮਾਨੀਆਂ ਅਤੇ ਅਰਮਾਨਾਂ ਦੀ ਪੂਰਤੀ ਲਈ ਸੱਸ-ਨੂੰਹ ਮੋਠ 'ਤੇ ਮੋਠ ਨਹੀਂ ਟਿਕਣ ਦਿੰਦੀਆਂ। ਸੱਸ ਖੁੱਲ੍ਹ ਨਹੀਂ ਦਿੰਦੀ ਤਾਂ ਨੂੰਹ ਝੱਟ ਆਖ ਦਿੰਦੀ ਹੈ;

ਸੱਸੇ ਮੇਰੀ ਤੂੰ ਕਰੇ ਤਕੜਾਈਆਂ  
ਆਪਣੇ ਤੂੰ ਦਿਨ ਭੁੱਲ ਗਈ

ਵਕਤ ਆਉਣ 'ਤੇ ਨੂੰਹ ਦੇ ਮੁੰਡਾ ਜਨਮ ਲੈਂਦਾ ਹੈ। ਸੱਸ ਦੇ ਘਰ ਬਾਗ਼ ਨਹੀਂ ਹੁੰਦੇ। ਮੁੰਡਾ ਗੋਦੀ ਵਿੱਚ ਰੋਂਦਾ ਹੈ ਤਾਂ ਨੂੰਹ ਇਸ ਵਿਸ਼ੇ ਵਿੱਚ ਝੱਟ ਬੋਲੀ ਲੈ ਕੇ ਆਉਂਦੀਹੈ;

ਮੁੰਡਾ ਰੋਵੇ, ਮੁੰਡਾ ਰੋਵੇ ਅੰਬੀਆਂ ਨੂੰ  
ਕਿਤੇ ਬਾਗ਼ ਨਜ਼ਰ ਨਾ ਆਵੇ  
ਨਾ ਰੋ ਨਾ ਰੋ ਕੰਜਰਾਂ ਦਿਆ  
ਤੇਰੇ ਮਾਮਿਆਂ ਦੇ ਬਾਗ਼ ਬਥੇਰੇ

ਸੱਸ ਵੱਲੋਂ ਜ਼ਿਆਦਾ ਨੋਕ ਝੋਕ ਕਰਨ 'ਤੇ ਦੁਖੀ ਹੋਈ ਨੂੰਹ ਸਿਰੇ 'ਤੇ ਗੰਢ ਮਾਰ ਦਿੰਦੀ ਹੈ;

ਸੁੱਥਣੇ ਸੱਤ ਰੰਗੀਏ  
ਤੈਨੂੰ ਸੱਸ ਮਰੀ 'ਤੇ ਪਾਵਾਂ

ਦੋਵੇਂ ਸਮਾਜਿਕ ਸ਼ਕਤੀਆਂ ਦਾ ਸ਼ੀਤ ਯੁੱਧ ਅਤੀਤ ਤੋਂ ਵਰਤਮਾਨ ਤੱਕ ਬਦਲੇ ਰੂਪਾਂ ਅਨੁਸਾਰ ਜਾਰੀ ਹੈ। ਇਨ੍ਹਾਂ ਦੀਆਂ ਟਕੋਰਾਂ ਨੂੰ ਅਸਿੱਧੇ ਰੂਪ ਵਿੱਚ ਸਮਾਜ ਨੇ ਪ੍ਰਵਾਨ ਕਰ ਲਿਆ ਹੈ। ਰੁੱਸਿਆਂ ਨੂੰ ਮਨਾਉਣ ਲਈ ਸਮਾਜ ਵਿੱਚ ਹਰ ਬੰਦਾ ਕਹਿ ਦਿੰਦਾ ਹੈ ਕਿ ਸੱਸ-ਨੂੰਹ ਦੀ ਕਾਹਦੀ ਲੜਾਈ? ਇਹ ਤਾਂ ਮੁੱਢੋਂ ਚੱਲੀ ਆਉਂਦੀ ਹੈ। ਜਿੱਥੇ ਦੋ ਭਾਂਡੇ ਹੋਣ, ਉਹ ਖੜਕਦੇ ਹੀ ਹਨ। ਸੱਸ-ਨੂੰਹ ਦੇ ਰਿਸ਼ਤੇ ਨੂੰ ਮਨ ਵਿੱਚ ਵਸਾਉਣਾ ਚਾਹੀਦਾ ਹੈ ਕਿ ਉਸ ਸੋਚ ਨਾਲ ਅੱਗੇ ਨਾ ਵਧੀਏ ਜੋ ਮੁੱਢ ਕਦੀਮੋਂ ਮਨ ਵਿੱਚ ਵਸੀ ਹੋਈ ਹੈ। ਜੇ ਕਿਤੇ ਸ਼ੀਤ ਯੁੱਧ ਅਸਲ ਯੁੱਧ ਵਿੱਚ ਪ੍ਰਵੇਸ਼ ਕਰ ਲਵੇ ਤਾਂ ਸਮਾਜਿਕ ਭਾਂਬੜ ਮੱਚ ਜਾਂਦਾ ਹੈ। ਇਸ ਨਾਲ ਸਮਾਜਿਕ ਪਾੜਾ ਵਧ ਕੇ ਅਸੰਤੁਲਨ ਪੈਦਾ ਹੁੰਦਾ ਹੈ। ਸਮਾਜ ਵਿੱਚ ਇਨ੍ਹਾਂ ਦੋ ਸ਼ਕਤੀਆਂ ਦਾ ਸ਼ੀਤ ਯੁੱਧ ਸਮਾਪਤ ਹੋ ਜਾਵੇ ਤਾਂ ਘਰ ਪਰਿਵਾਰ ਹੋਰ ਵੀ ਖ਼ੁਸ਼ਹਾਲ ਹੋ ਜਾਂਦਾ ਹੈ।


DIAMOND TRANSPORTATION

DIAMOND  
Transportation  
Logistics, Inc.

Dry Van ਤੇ Reefer ਦੇ ਕੰਮ ਲਈ  
Owner Operators ਦੀ ਲੋੜ

Good Pay

Dedicated Routs

Weekly Payment  
ਇਕ ਹਫ਼ਤੇ 'ਚ ਪੇਮੈਂਟ ਲਵੋ



ਅੱਜ ਹੀ ਕਾਲ ਕਰੋ :

ਗੁਲਵਿੰਦਰ ਸਿੰਘ ਗਾਖ਼ਲ  
209.487.3699

ਹਰਨੇਕ ਸਿੰਘ ਅਟਵਾਲ  
209.351.5965

2850 Loomis Rd, Stockton, CA 95205

# ਅੰਬੀਆਂ ਦੇ ਬੂਟਿਆਂ ’ਤੇ ਲੱਗ ਗਿਆ ਬੂਰ ਨੀਂ...

**ਜਸਵੰਤ ਸਿੰਘ ਗੰਡਮ**

ਸਾਲ 1959 ਦੀ ਪੰਜਾਬੀ ਫਿਲਮ ‘ਭੰਗੜਾ’ ਵਿੱਚ ਸ਼ਮਸ਼ਾਦ ਬੇਗਮ ਦਾ ਗਾਇਆ ਇੱਕ ਗੀਤ ਹੈ;

ਅੰਬੀਆਂ ਦੇ ਬੂਟਿਆਂ ’ਤੇ ਲੱਗ ਗਿਆ ਬੂਰ ਨੀਂ

ਰੁੱਤ ਵੇ ਮਿਲਾਪਾਂ ਵਾਲੀ ਚੰਨ ਮੇਰਾ ਦੂਰ ਨੀਂ।

ਅੱਜਕੱਲ੍ਹ ਅੰਬੀਆਂ ਦੇ ਬੂਟਿਆਂ ਨੂੰ ਬੂਰ ਪੈ ਗਿਆ ਹੈ ਤੇ ਸਾਨੂੰ ਇਹ ਗੀਤ ਸ਼ਿੱਦਤ ਨਾਲ ਫਿਰ ਯਾਦ ਆ ਗਿਆ ਹੈ। ਬੂਰ ਪੈਣਾ ਹੀ ਅੰਬ ਦੇ ਫ਼ਲ ਲੱਗਣ ਦਾ ਸੁਨੇਹਾ ਹੁੰਦੈ। ਇਹ ਬਹਾਰ ਦੀ ਆਮਦ ਦਾ ਸੰਦੇਸ਼ ਵੀ ਹੈ। ਬਲਕਿ ਅੰਬ ਬਹਾਰ ਦੀ ਰੁੱਤ ਦੇ ਮਗਰ ਮਗਰ ਹੀ ਆ ਜਾਂਦੈ ਤੇ ਅੰਬ ਦੇ ਮਗਰ ਮਗਰ ਕੋਇਲ ਆ ਜਾਂਦੀ ਹੈ। ਇਨ੍ਹਾਂ ਤਿੰਨਾਂ ਨੂੰ ਤੱਕ ਕੇ ਪ੍ਰੇਮ ਪਰੁੱਚੇ ਦਿਲ ’ਚ ਪੀਆ ਮਿਲਣ ਦੀ ਤੜਫ਼ ਹੋਰ ਪ੍ਰਬਲ ਹੋਣ ਲੱਗਦੀ ਹੈ। ਬਹਾਰ ਅਤੇ ਅੰਬ ਰੁਮਾਂਚਕਾਰੀ ਭਾਵ ਪੈਦਾ ਕਰਦੇ ਹਨ, ਪਰ ਕੋਇਲ ਦਾ ਪਰਵਾਸ ਹਰ ਪ੍ਰੀਤ ਪੀੜਤ ਰੂਹ ਅੰਦਰ ਪਰਦੇਸੀ ਨੂੰ ਮਿਲਣ ਦੀ ਤਾਂਘ ਪ੍ਰਚੰਡ ਕਰਦਾ ਹੈ। ਕੋਇਲ ਦੀ ਕੂ ਕੂ ਹਿਰਦੇ ਵਿੱਚ ਧੁਰ ਤੀਕ ਧੂਹ ਪਾਉਂਦੀਹੈ। ਵਿਆਕੁਲ ਪ੍ਰੇਮਿਕਾ ਪੁਕਾਰ ਉੱਠਦੀ ਹੈ;

ਕੋਇਲਾਂ ਕੂਕਦੀਆਂ, ਪ੍ਰਦੇਸੀਆ ਘਰ ਆ।

ਅੰਬ ਸਾਡਾ ਸਭ ਤੋਂ ਮਨਪਸੰਦ ਫ਼ਲ ਹੈ। ਅੰਬ ਫ਼ਲਾਂ ਦਾ ਰਾਜਾ ਹੈ। ਸਾਡਾ ਰਾਸ਼ਟਰੀ ਫ਼ਲ ਹੈ। ਇਸ ਨੂੰ ਤਪਸ਼ੀ ਖੇਤਰਾਂ ਦਾ ਸੇਬ ਅਤੇ ਦੇਵਤਿਆਂ ਦਾ ਫ਼ਲ ਵੀ ਕਿਹਾ ਜਾਂਦੈ। ਇਹ ਆਪਣੀ ਸੁਗੰਧ, ਸੁਆਦ ਅਤੇ ਲੱਜ਼ਤ ਨਾਲ ਇੱਕ ਵਿਲੱਖਣ ਫ਼ਲ ਹੈ। ਸਾਨੂੰ ਅੰਬਾਂ ਦੇ ਬੂਟੇ ਉੱਪਰ ਪੱਕੇ ਹੋਏ ਅੰਬ ਦੇਖ ਕੇ ਇੱਕ ਰੁਮਾਂਚਕਾਰੀ ਅਹਿਸਾਸ ਹੁੰਦੈ, ਇੱਕ ਅਨੂਠੇ ਵਿਸਮਾਦ ਦਾ ਸੁਖਧ ਅਨੁਭਵ। ਇਸ ਵਾਰ ਦੇਸੀ ਅੰਬਾਂ ਨੂੰ ਬਹੁਤ ਬੂਰ/ਪੋਰ ਪਿਐ।



ਕਿਹਾ ਜਾਂਦੈ ਕਿ ਅੰਬ ਉੱਤਰ-ਪੂਰਬੀ ਭਾਰਤ-ਬਰਮਾ ਦੇ ਇਲਾਕੇ ਵਿੱਚ ਪੈਦਾ ਹੋਇਆ ਤੇ ਫਿਰ ਪੂਰੇ ਵਿਸ਼ਵ ਵਿੱਚ ਫੈਲ ਗਿਆ। ਸ਼ਬਦ ਵਿਗਿਆਨ ਅਨੁਸਾਰ ਅੰਗਰੇਜ਼ੀ ਦਾ ਸ਼ਬਦ ‘ਮੈਂਗੋ’ ਦਰਾਵੜੀਅਨ/ਮਲਿਆਲਮ ਮੂਲ ਦੇ ‘ਮੰਨਾ’ ਤੋਂ ਉਤਪੰਨ ਹੋਇਆ ਜਿਸ ਨੂੰ ਪੁਰਤਗਾਲੀਆਂ ਨੇ ਜੋ 1498 ਵਿੱਚ ਕੇਰਲਾ ’ਚ ਮਸਾਲਿਆਂ ਦਾ ਵਪਾਰ ਕਰਨ ਆਏ ਸਨ, ਪਹਿਲਾਂ ‘ਮੰਗਾ’ ਅਤੇ ਸੋਹਲਵੀਂ ਸਦੀ ਦੇ ਪਿਛਲੇ ਪਹਿਰ ‘ਮੈਂਗੋ’ ਦੇ ਰੂਪ ਵਿੱਚ ਆਪਣਾ ਲਿਆ। ਤਮਿਲ ’ਚ ਇਸ ਨੂੰ ‘ਮੰਗਕੇ’ ਜਾਂ ‘ਮੰਗੇ’, ਸੰਸਕ੍ਰਿਤ ’ਚ ‘ਅਮਰਾ’ ਅਤੇ ਹਿੰਦੀ/ਬੰਗਾਲੀ ’ਚ ‘ਆਮ’ ਕਿਹਾ ਜਾਂਦੈ। ਅਮਰਫਲ ਇਸ ਦਾ ਪੁਰਾਣਾ ਨਾਮ ਹੈ ਅਤੇ ਵੈਦਿਕ ਸਾਹਿਤ ਵਿੱਚ ਇਸ ਨੂੰ ‘ਰਸਾਲਾ’ ਤੇ ‘ਸ਼ਾਹਕਾਰਾ’ ਕਿਹਾ ਜਾਂਦੈ।

ਅੰਬ ਦਾ ਵਿਗਿਆਨਕ ਨਾਮ ‘ਮੈਂਗੀਫਰਾ ਇੰਡੀਕਾ’ ਹੈ ਅਤੇ ਇਹ ‘ਐਨਾਕਾਰਡੀਸੀ’ ਪਰਿਵਾਰ ਨਾਲ ਸਬੰਧਤ ਹੈ। ਭਾਰਤੀ ਅੰਬ ਦਾ ਆਗਮਨ 5000 ਸਾਲ ਪੁਰਾਣਾ ਮੰਨਿਆਂ ਜਾਂਦੈ, ਪਰ ਕਈ ਸਰੋਤਾਂ ਵਿੱਚ ਫਾਸਿਲ ਪ੍ਰਮਾਣਾਂ ਨੂੰ ਆਧਾਰ ਮੰਨ ਕੇ ਭਾਰਤ ਹੁਣ ਦੇ ਬੰਗਲਾਦੇਸ਼ ਅਤੇ ਮਿਆਂਮਾਰ ਵਿੱਚ ਅੰਬ ਦੀ ਹੋਂਦ ਦੇ ਹਵਾਲੇ 25-30 ਮਿਲੀਅਨ ਸਾਲ ਪਹਿਲਾਂ ਦੇ ਦੱਸੇ ਜਾਂਦੇ ਹਨ। ਵੈਦਿਕ ਧਾਰਮਿਕ ਗਰੰਥਾਂ ਅਤੇ ਪੁਰਾਣਾਂ ’ਚ ਵੀ ਹਵਾਲੇ ਮਿਲਦੇ ਹਨ। ਮਹਾਤਮਾ ਬੁੱਧ ਦੁਆਰਾ ਵੀ ਇੱਕ ਅੰਬਾਂ ਦੇ ਉਪਵਣ ’ਚ ਭਗਤੀ ਕਰਨ ਦੀ ਗੱਲ ਕਹੀ ਜਾਂਦੀ ਹੈ। ਇਸ ਕਰਕੇ ਹੀ ਬੋਧ ਭਿਕਸ਼ੂਆਂ ਨੇ ਅੰਬਾਂ ਦੇ ਪੌਦਿਆਂ ਦਾ ਪਾਸਾਰ ਕੀਤਾ। ਕ੍ਰਮਵਾਰ ਯੂਨਾਨੀ/ਚੀਨੀ ਯਾਤਰੀ ਅਤੇ ਇਤਿਹਾਸਕਾਰ ਮੈਗਥਨੀਜ਼ ਅਤੇ ਹਿਯੂਨ ਸਾਂਗ ਨੇ ਵੀ ਅੰਬਾਂ ਦਾ ਜ਼ਿਕਰ ਕੀਤੈ ਅਤੇ ਮੌਰੀਆਂ ਵੰਸ਼ ਦੇ ਰਾਜਿਆਂ ਵੱਲੋਂ ਆਪਣੀ ਖ਼ੁਸ਼ਹਾਲੀ ਦੇ ਪ੍ਰਗਟਾ ਲਈ ਸੜਕਾਂ ਦੇ ਦੋਵੇਂ ਪਾਸੇ ਇਨ੍ਹਾਂ ਦੇ ਲਗਵਾਏ ਜਾਣ ਬਾਰੇ ਲਿਖਿਐ। ਮੁਗ਼ਲਾਂ ਨੇ ਵੀ ਬੜੇ ਬਾਗ਼ ਲਗਵਾਏ। ਅਕਬਰ ਨੇ ਤਾਂ ਦਰਭੰਗਾ ਦੇ ਨੇੜੇ ‘ਲੱਖਾ ਬਾਗ਼’ ਲਗਵਾਇਆ ਜਿਸ ਵਿੱਚ ਅੰਬਾਂ ਦੇ ਇੱਕ ਲੱਖ ਪੌਦੇ ਲਗਵਾਏ। ਮਰਾਠਾ ਪੇਸ਼ਵਾ ਰਘੂਨਾਥ ਪੇਸ਼ਵਾ ਨੇ ਮਰਾਠਿਆਂ ਦੀ ਸ੍ਰੇਸ਼ਟਤਾ ਦਰਸਾਉਣ ਲਈ ਇੱਕ ਕਰੋੜ ਅੰਬ ਬਿਜਵਾਏ। ਲੋਕਯਾਨ ਅਨੁਸਾਰ ਕੌਮਾਂਤਰੀ ਪੱਧਰ ’ਤੇ ਮਸ਼ਹੂਰ ‘ਅਲਫੋਂਸੋ’ ਇਨ੍ਹਾਂ ਅੰਬਾਂ ਵਿੱਚੋਂ ਹੀ ਵਿਕਸਤ ਹੋਇਆ ਦੱਸਿਆ ਜਾਂਦੈ। ਵੱਖ ਵੱਖ ਸਰੋਤਾਂ ਅਨੁਸਾਰ ਬਾਗ਼ਾਂ ਵਿੱਚ ਲਗਾਏ ਗਏ ਅੰਬਾਂ ਦੀਆਂ 1500 ਕਿਸਮਾਂ ਦੀ ਜਾਣਕਾਰੀ ਮਿਲਦੀ ਹੈ। ਇਨ੍ਹਾਂ ਤੋਂ ਇਲਾਵਾ ਕਈ ਜੰਗਲੀ ਤੇ ਦਾਬ ਨਾਲ ਲੱਗਣ ਵਾਲੀਆਂ ਕਿਸਮਾਂ ਵੀ ਹਨ।



ਅੰਬ ਸਾਡੇ ਸੱਭਿਆਚਾਰ, ਲੋਕਧਾਰਾ ਅਤੇ ਵਿਰਾਸਤ ਦਾ ਅਨਿੱਖੜਵਾਂ ਅੰਗ ਹੈ। ਇਸ ਦੀ ਧਾਰਮਿਕ, ਅਧਿਆਤਮਕ ਅਤੇ ਸਿਹਤ ਸਬੰਧੀ ਬੜੀ ਮਹਾਨਤਾ ਅਤੇ ਮਹੱਤਤਾ ਹੈ। ਕਿਹਾ ਜਾਂਦਾ ਹੈ ਕਿ ਵਰਿਸ਼ਕਾ, ਲਕਸ਼ਮੀ, ਗੋਵਰਧਨ ਅਤੇ ਜਣਨ ਸ਼ਕਤੀ ਦਾ ਦੇਵਤਾ ‘ਆਮ’ ਵਿੱਚ ਨਿਵਾਸ ਕਰਦੇ ਹਨ। ਸ਼ਗਨਾਂ ਵੇਲੇ ਅੰਬ ਦੇ ਪੱਤੇ ਘਰ ਦੇ ਪ੍ਰਵੇਸ਼ ਦੁਆਰ ਉੱਪਰ ਬੰਨ੍ਹੇ ਜਾਂਦੇ ਹਨ। ਵਰਖਾ ਦੇ ਦੇਵਤਾ ਵਰੁਨ ਦੀ ਪੂਜਾ ਵੇਲੇ ਇਸ ਦੀ ਵਰਤੋਂ ਹੁੰਦੀ ਹੈ। ‘ਹੋਮਾ ਕੁੰਡਮ’ (ਸੰਸਕ੍ਰਿਤ ਸ਼ਬਦ ਜਿਸ ਦਾ ਅਰਥ ਪਵਿੱਤਰ ਅਗਨੀ ਵਿੱਚ ਅੰਬਾਂ ਦੇ ਪੱਤਿਆਂ ਰਾਹੀਂ ਘੀ ਪਾਉਣ ਦੀ ਰਸਮ ਅਦਾ ਕਰਨਾ ਹੈ) ਤੇ ਸਰਸਵਤੀ ਪੂਜਾ ਵੇਲੇ ਵੀ ਪੱਤੇ ਵਰਤੇ ਜਾਂਦੇ ਹਨ।

ਅੰਬ ਸਿਹਤ ਵਰਧਕ ਵੀ ਹੈ। ਇਹ ਵਿਟਾਮਿਨ ਏ, ਸੀ ਅਤੇ ਡੀ ਦਾ ਬਹੁਤ ਹੀ ਵਧੀਆ ਸਰੋਤ ਹੈ। ਅੰਬਾਂ ਦੇ ਪੱਤੇ ਸੜਨ ਨਾਲ ਹੋਏ ਜ਼ਖ਼ਮਾਂ ਜਾਂ ਉੱਬਲਦੇ ਪਾਣੀ ਵਿੱਚ ਝੁਲਸਣ ਕਾਰਨ ਹੋਏ ਜ਼ਖ਼ਮਾਂ ਅਤੇ ਡਾਇਬਿਟੀਜ਼ ਦੇ ਇਲਾਜ ਲਈ ਵਰਤੇ ਜਾਂਦੇ ਹਨ। ਇਹ ਹਾਜ਼ਮੇਦਾਰ, ਕਬਜ਼ੁਕੁਸ਼ਾ ਅਤੇ ਤਾਕਤ ਦੇਣ ਵਾਲਾ ਹੁੰਦੈ। ਇਸ ਵਿੱਚ ਫਾਈਬਰ ਅਤੇ ਐਂਟੀਆਕਸੀਡੈਂਟ ਹੁੰਦੇ ਹਨ। ਇਹ ਅੱਖਾਂ ਅਤੇ ਰੋਗ ਨਿਰੋਧਕ ਸ਼ਕਤੀ ਲਈ ਵੀ ਲਾਭਦਾਇਕ ਹੈ। ਅੰਬ ਦਾ ਅਕਸ ਚਿੱਤਰਕਲਾ/ਕੋਮਲ ਕਲਾਵਾਂ ਵਿੱਚ ਆਧਾਰੀ ਗੁਣ ਵਜੋਂ ਸ਼ਾਮਲ ਕੀਤਾ ਜਾਂਦੈ, ਇਸ ਨੂੰ ਬੁਣਾਈ, ਕਢਾਈ, ਮਹਿੰਦੀ, ਰੰਗੋਲੀ ਦੇ ਡਿਜ਼ਾਇਨਾਂ ਵਿੱਚ ਵਰਤਿਆ ਜਾਂਦੈ।

ਜਿੱਥੇ ਅਲਫੋਂਸੋ, ਸਫੈਦਾ, ਸਿੰਧੂਰੀ, ਦੁਸਹਿਰੀ, ਮਾਲਦਾ, ਫਾਜ਼ਲੀ, ਲੰਗੜਾ, ਹਾਫੂਜ਼, ਕੇਸਰ, ਚੌਸਾ, ਸਹਾਰਨਪੁਰੀ, ਲਖਨਵੀ, ਤੋਤਾਪਰੀ ਸਮੇਤ ਹੋਰ ਅਨੇਕਾਂ ਅੰਬ ਚੂਪਣ ਲਈ ਵਰਤੇ ਜਾਂਦੇ ਹਨ, ਉੱਥੇ ਰਾਮਕੇਲਾ ਅਚਾਰ ਪਾਏ ਜਾਣ ਲਈ ਚਹੇਤਾ ਹੈ। ਡੈਜ਼ਰਟਸ, ਮਿਲਕ ਸ਼ੇਕ, ਸ਼ਰਬਤ, ਕੁਲਫੀ, ਆਈਸ ਕਰੀਮ ਆਦਿ ’ਚ ਪੱਕੇ ਅੰਬ ਵਰਤੇ ਜਾਣ ਤੋਂ ਇਲਾਵਾ ਕੱਚੇ ਅੰਬਾਂ ਦਾ ਅਚਾਰ, ਅੰਬ ਪਾਪੜ, ਅੰਬਚੂਰ, ਛਾਸ਼ੀਆ, ਮੁਰੱਬਾ, ਖਟਮਿੱਠੀ ਚਟਨੀ ਆਦਿ ਬਣਾਏ ਜਾਂਦੇ ਹਨ।

ਫਾਰਸੀ ਸ਼ਾਇਰ ਅਮੀਰ ਖੁਸਰੋ ਇਸ ਨੂੰ ‘ਨਗਜ਼ਾ ਤਾਰੀਨ ਮੇਵਾ ਹਿੰਦੁਸਤਾਨ’ (ਭਾਰਤ ਦਾ ਸਭ ਤੋਂ ਖ਼ੂਬਸੂਰਤ ਫ਼ਲ) ਸੱਦਦਾ ਸੀ। ਉਹ ਅੰਬ ਨੂੰ ਇੱਕ ਅਜਿਹਾ ਮਹਿਬੂਬ ਕਹਿੰਦਾ ਸੀ ਜੋ ਉਸ ਦੇ ਸ਼ਹਿਰ ਸਾਲ ਵਿੱਚ ਇੱਕ ਵਾਰ ਆਉਂਦੈ, ਜਿਸ ਉੱਪਰ ਉਹ ਆਪਣਾ ਸਾਰਾ ਪੈਸਾ ਲੁਟਾ ਦਿੰਦਾ ਅਤੇ ਜੋ ਉਸ ਦੇ ਮੂੰਹ ਨੂੰ ਬੋਸਿਆਂ (ਚੁੰਮਣਾਂ) ਅਤੇ ਅੰਮ੍ਰਿਤਰਸ ਨਾਲ ਭਰ ਦਿੰਦੈ। ਮੁਗ਼ਲ ਸ਼ਹਿਨਸ਼ਾਹ ਇਸ ਨੂੰ ਦੈਵੀ ਫ਼ਲ ਕਹਿੰਦੇ ਸਨ ਅਤੇ ਦੂਸਰੇ ਮੁਲਕਾਂ ਤੋਂ ਆਏ ਵਿਸ਼ੇਸ਼ ਮਹਿਮਾਨਾਂ ਨੂੰ ਅੰਬਾਂ ਦੇ ਤੋਹਫੇ ਦੇ ਕੇ ਅੰਬ ਨੂੰ ਕੂਟਨੀਤੀ ਦੇ ਸਾਧਨ ਵਜੋਂ ਵਰਤਦੇ ਸਨ। ਸੌਗਾਤ ਦੇ ਤੌਰ ’ਤੇ ਅੰਬਾਂ ਦੇ ਤੋਹਫ਼ੇ ਅੱਜਕੱਲ੍ਹ ਵੀ ਦਿੱਤੇ ਜਾਂਦੇ ਹਨ। ਹੁਣ ਤਾਂ ਵੱਡੇ ਵੱਡੇ ਸ਼ਹਿਰਾਂ ਵਿੱਚ ਅੰਬਾਂ ਦੇ ਫੈਸਟੀਵਲ ਲੱਗਣ ਲੱਗ ਪਏ ਹਨ। ਦਿੱਲੀ ਵਿੱਚ ਤਾਂ ਅੰਬਾਂ ਨੂੰ ਸਮਰਪਿਤ ਉਰਦੂ ਸ਼ਾਇਰੀ ਦਾ ਮੁਸ਼ਾਇਰਾ ਵੀ ਕਰਵਾਇਆ ਜਾਂਦਾ ਸੀ ਜਿਸ ਦਾ ਨਾਮ ‘ਆਮ ਔਰ ਕਲਾਮ’ ਹੁੰਦਾ ਸੀ ਅਤੇ ਇਸ ਵਿੱਚ ਸਿਰਫ਼ ਅੰਬਾਂ ਨਾਲ ਸਬੰਧਤ ਨਜ਼ਮਾਂ/ਗ਼ਜ਼ਲਾਂ ਪੜ੍ਹੀਆਂ ਜਾਂਦੀਆਂ ਸਨ।

A-ONE EXPRESS

ਸਾਨੂੰ ਤਜ਼ਰਬੇਕਾਰ ਡਰਾਇਵਰਾਂ ਅਤੇ ਓਨਰ ਓਪਰੇਟਰਾਂ ਦੀ ਲੋੜ ਹੈ

- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨੌਰਥ- ਈਸਟ, ਸਾਊਥ ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖਾਹ ਸਮੇਂ ਸਿਰ
- 50% ਹੁੱਕ ਡ੍ਰੌਪ
- Excellent Payment

ਪਿਛਲੇ 20 ਸਾਲਾਂ ਤੋਂ ਲਗਾਤਾਰ ਕੰਮ ਕਰਨ ਦਾ ਤਜਰਬਾ

28421 S CHRISMAN RD, UNIT# 3, TRACY, CA



ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ ’ਤੇ ਸੰਪਰਕ ਕਰੋ

Toll Free: 888.725.7441, Office: 209.537.0975, Fax: 209.537.0375

# ਪਿੱਪਲਾਂ ’ਤੇ ਆਈਆਂ ਬਹਾਰਾਂ.....



ਜਸਵਿੰਦਰ ਸਿੰਘ ਰੁਪਾਲ

ਲੰਮੀ ਉਮਰ ਭੋਗਣ ਵਾਲਾ ਪਿੱਪਲ ਦਾ ਦਰੱਖਤ ਭਾਰਤੀ ਸੰਸਕ੍ਰਿਤੀ ਵਿੱਚ ਖ਼ਾਸ ਮਹੱਤਵ ਰੱਖਦਾ ਹੈ। ਇਸ ਦੀ ਮਹੱਤਤਾ ਧਾਰਮਿਕ ਪੱਖ ਤੋਂ ਵੀ ਹੈ ਅਤੇ ਸੱਭਿਆਚਾਰਕ ਪੱਖ ਤੋਂ ਵੀ। ਹਿੰਦੂ ਧਰਮ ਅਨੁਸਾਰ ਇਸ ਦੀ ਜੜ ਵਿੱਚ ਬ੍ਰਹਮਾ, ਤਣੇ ਵਿੱਚ ਵਿਸ਼ਨੂੰ ਅਤੇ ਟਾਹਣੀਆਂ ਵਿੱਚ ਸ਼ਿਵ ਜੀ ਨਿਵਾਸ ਕਰਦੇ ਹਨ। ਹਿੰਦੂ ਲੋਕ ਪਿੱਪਲ ’ਤੇ ਕੁਹਾੜਾ ਨਹੀਂ ਚਲਾਉਂਦੇ ਅਤੇ ਔਰਤਾਂ ਇਸ ਦੀ ਜੜ ਵਿੱਚ ਕੱਚੀ ਲੱਸੀ ਪਾ ਕੇ ਪੂਜਾ ਕਰਦੀਆਂ ਹਨ। ਪਵਿੱਤਰ ਮੰਨਣ ਕਾਰਨ ਇਸ ਰੁੱਖ ਹੇਠਾਂ ਝੂਠ ਬੋਲਣਾ, ਕਿਸੇ ਨਾਲ ਧੋਖਾ ਕਰਨਾ ਜਾਂ ਕਿਸੇ ਨੂੰ ਮਾਰਨਾ ਮਹਾਂ ਪਾਪ ਮੰਨਿਆ ਜਾਂਦਾ ਹੈ। ਪਿੱਪਲ ਰਾਹੀਂ ਆਪਣੇ ਪਿੱਤਰਾਂ ਨੂੰ ਪਾਣੀ ਪਹੁੰਚਾਉਣ ਦਾ ਜ਼ਿਕਰ ਵੀ ਆਉਂਦਾ ਹੈ। ਕਿਸੇ ਘੜੇ ਆਦਿ ਵਿੱਚ ਪਾਣੀ ਪਾ ਕੇ ਪਿੱਪਲ ’ਤੇ ਟੰਗ ਦੇਣਾ ਅਤੇ ਇਹ ਵਿਸ਼ਵਾਸ ਕਰਨਾ ਕਿ ਇਹ ਪਾਣੀ ਪਿੱਤਰਾਂ ਨੂੰ ਪੁੱਜ ਜਾਏਗਾ।

ਸੱਭਿਆਚਾਰਕ ਪੱਖ ਤੋਂ ਇਹ ਪੀਘਾਂ ਝੂਟਣ ਲਈ ਪ੍ਰਸਿੱਧ ਹੈ। ਸਾਉਣ ਮਹੀਨੇ ਵਿੱਚ ਪਿੱਪਲਾਂ ਹੇਠ ਕੁਆਰੀਆਂ ਅਤੇ ਵਿਆਹੀਆਂ ਕੁੜੀਆਂ ਇਕੱਠੀਆਂ ਹੁੰਦੀਆਂ। ਪੀਘਾਂ ਝੂਟਦੀਆਂ ਗੀਤ ਗਾਉਂਦੀਆਂ ਅਤੇ ਆਪਣੇ ਜਜ਼ਬਾਤਾਂ ਨੂੰ ਗਿੱਧੇ ਰਾਹੀਂ ਬਾਹਰ ਕੱਢਦੀਆਂ। ਪਿੱਪਲ ਵੈਸੇ ਵੀ ਕਾਫ਼ੀ ਗੁਣਕਾਰੀ ਹੁੰਦਾ ਹੈ। ਇਸ ਦਾ ਰਸ ਪੈਰ ਦੀਆਂ ਬਿਆਈਆਂ ਠੀਕ ਕਰਨ ਵਿੱਚ ਵਰਤਿਆ ਜਾਂਦਾ ਹੈ। ਇਸ ਦੀ ਲੱਕੜ ਸਿੱਲੀਆਂ ਥਾਵਾਂ ’ਤੇ ਖ਼ਰਾਬ ਨਾ ਹੋਣ ਕਾਰਨ ਉਸ ਤੋਂ ਮਾਚਿਸ, ਪੇਟੀਆਂ ਅਤੇ ਪਹੀਏ ਦਾ ਬਾਹਰਲਾ ਹਿੱਸਾ ਬਣਾਉਣ ਲਈ ਵਰਤੀ ਜਾਂਦੀ ਹੈ। ਇਸ ਦੀਆਂ ਪਿੱਪਲੀਆਂ ਪਿੱਤ ਵਿਕਾਰ ਦੂਰ ਕਰਨ ਵਿੱਚ ਅਤੇ ਦਿਲ ਤੇ ਖ਼ੂਨ ਦੀਆਂ ਬਿਮਾਰੀਆਂ ਵਿੱਚ ਵਰਤੀਆਂ ਜਾਂਦੀਆਂ ਹਨ। ਵਿਗਿਆਨਕ ਪੱਖ ਤੋਂ ਇਹ ਰਾਤ ਨੂੰ ਵੀ ਆਕਸੀਜਨ ਛੱਡਦਾ ਹੈ, ਭਾਵੇਂ ਰਾਤ ਨੂੰ ਛੱਡੀ ਗਈ ਆਕਸੀਜਨ ਦੀ ਮਾਤਰਾ ਦਿਨ ਵੇਲੇ ਛੱਡੀ ਗਈ ਮਾਤਰਾ ਨਾਲੋਂ ਘੱਟ ਹੁੰਦੀ ਹੈ। ਇਹ ਰਾਤ ਨੂੰ ਕਾਰਬਨ ਡਾਈਆਕਸਾਈਡ ਵੀ ਛੱਡਦਾ ਹੈ।

ਪਿੱਪਲਾਂ ’ਤੇ ਪੀਘਾਂ ਪਾ ਕੇ ਝੂਟਣਾ ਆਮ ਗੱਲ ਸੀ। ਸਾਉਣ ਮਹੀਨੇ ਦੀਆਂ ਤੀਆਂ ਦਾ ਹਰ ਕੁੜੀ ਨੂੰ ਚਾਅ ਹੁੰਦਾ ਹੈ। ਇਹ ਤੀਆਂ ਵੀ ਵਧੇਰੇ ਕਰਕੇ ਪਿੱਪਲਾਂ ਹੇਠ ਹੀ ਲੱਗਦੀਆਂ ਰਹੀਆਂ ਨੇ:

ਆਓ ਸਹੀਓ ਨੀਂ
ਸਭੇ ਤੀਆਂ ਖੇਡਣ ਜਾਈਏ।
ਹੁਣ ਆ ਗਿਆ ਸਾਉਣ ਨੀਂ
ਪੀਘਾਂ ਪਿੱਪਲਾਂ ’ਤੇ ਜਾ ਪਾਈਏ।
ਆਉਂਦੀ ਕੁੜੀਏ ਜਾਂਦੀ ਕੁੜੀਏ
ਤੁਰਦੀ ਪਿੱਛੇ ਨੂੰ ਜਾਵੇਂ।
ਨੀਂ ਕਾਹਲੀ ਕਾਹਲੀ ਪੈਰ ਪੱਟ ਲੈ
ਤੀਆਂ ਲੱਗੀਆਂ ਪਿੱਪਲ ਦੀ ਛਾਵੇਂ।

ਤੀਆਂ ਪਾਉਣ ਲਈ ਕੁੜੀਆਂ ਹਾਰ ਸ਼ਿੰਗਾਰ ਕਰਕੇ ਆਉਂਦੀਆਂ ਹਨ ਅਤੇ ਪੂਰੇ ਜੋਸ਼ ਅਤੇ ਉਤਸ਼ਾਹ ਨਾਲ ਗਿੱਧਾ ਪਾਉਂਦੀਆਂ ਹਨ। ਉਹ ਇਸ ਨਾਚ ਵਿੱਚ ਆਪਣਾ ਆਪਾ ਭੁੱਲ ਜਾਂਦੀਆਂ ਹਨ;

ਪਿੱਪਲਾਂ ਹੇਠਾਂ ਆਈਆਂ ਕੁੜੀਆਂ
ਪਾ ਕੇ ਛਾਪਾਂ ਛੱਲੇ।
ਕੁੜੀਆਂ ਦੀਆਂ ਛਣਕਦੀਆਂ ਝਾਂਜਰਾਂ
ਹੋ ਗਈ ਬੱਲੇ ਬੱਲੇ।
ਗਿੱਧਾ ਤੀਆਂ ਦਾ
ਪੈਂਦਾ ਪਿੱਪਲਾਂ ਥੱਲੇ।

ਪਿੱਪਲਾਂ ਦੁਆਲੇ ਥੜ੍ਹੇ ਬਣੇ ਹੁੰਦੇ ਨੇ ਜਿੱਥੇ ਨੱਚਦੀਆਂ ਕੁੜੀਆਂ ਥੱਕ ਕੇ ਦੋ ਪਲ ਆਰਾਮ ਵੀ ਕਰ ਸਕਦੀਆਂ ਨੇ ਅਤੇ ਆਮ ਹਾਲਾਤ ਵਿੱਚ ਬਜ਼ੁਰਗ ਵੀ ਆਪਣੀ ਢਾਣੀ ਸਮੇਤ ਚਰਚਾ ਇੱਥੇ ਬੈਠ ਕੇ ਹੀ ਕਰਦੇ ਨੇ। ਪਿੱਪਲ ਵੀ ਆਪਣੇ ਹੇਠਾਂ ਕੁੜੀਆਂ ਨੂੰ ਗਿੱਧਾ ਪਾਉਂਦੀਆਂ ਦੇਖ ਕੇ ਧੰਨ ਧੰਨ ਹੋ ਜਾਂਦਾ ਹੈ ਅਤੇ ਆਪਣੇ ਵੱਡੇ ਭਾਗ ਸਮਝਦਾ ਹੈ। ਤਦੇ ਤਾਂ ਆਖਿਆ ਗਿਆ ਹੈ;

ਥੜ੍ਹਿਆਂ ਬਾਝ ਨਾ ਸੋਂਹਦੇ ਪਿੱਪਲ
ਬਾਗ਼ਾਂ ਬਾਝ ਫ਼ਲਾਹੀਆਂ।
ਹੰਸਾਂ ਨਾਲ ਹਮੇਲਾਂ ਸੋਂਹਦੀਆਂ
ਬੰਦਾਂ ਨਾਲ ਗਜਰਾਈਆਂ।
ਧੰਨ ਭਾਗ ਮੇਰੇ ਆਖੇ ਪਿੱਪਲ
ਕੁੜੀਆਂ ਨੇ ਪੀਘਾਂ ਪਾਈਆਂ।
ਸਾਉਣ ਵਿੱਚ ਕੁੜੀਆਂ ਨੇ
ਪੀਘਾਂ ਅਸਮਾਨ ਚੜ੍ਹਾਈਆਂ।

ਪਿੱਪਲ ਨਾਲ ਕੁੜੀਆਂ ਚਿੜੀਆਂ ਦੀ ਖ਼ਾਸ ਸਾਂਝ ਰਹੀ ਹੈ। ਫ਼ਰਕ ਸਿਰਫ਼ ਇੰਨਾ ਹੀ ਹੈ ਕਿ ਚਿੜੀਆਂ ਆਪਣੀ ਮਰਜ਼ੀ ਨਾਲ ਆ ਜਾ ਸਕਦੀਆਂ ਨੇ, ਪਰ ਕੁੜੀਆਂ ਸਮੇਂ ਅਤੇ ਸਥਾਨ ਵਿੱਚ ਬੱਝੀਆਂ ਹੁੰਦੀਆਂ ਨੇ। ਹਰ ਕੁੜੀ ਨੇ ਵਿਆਹ ਤੋਂ ਬਾਅਦ ਸਹੁਰੇ ਘਰ ਚਲੀ ਜਾਣਾ ਹੁੰਦਾ ਹੈ ਅਤੇ ਵਿਆਹ ਤੋਂ ਬਾਅਦ ਇਨ੍ਹਾਂ ਪਿੱਪਲਾਂ ਥੱਲੇ ਮੁੜ ਗੇੜਾ ਸਿਰਫ਼ ਸਹੁਰਿਆਂ ਦੀ ਇੱਛਾ ਅਨੁਸਾਰ ਹੀ ਲੱਗ ਸਕਦਾ ਹੈ। ਤਦ ਹੀ ਤਾਂ ਉਹ ਵਿਆਹ ਤੋਂ ਬਾਅਦ ਵੀ ਪੇਕਿਆਂ ਦੇ ਪਿੱਪਲ ਨੂੰ ਯਾਦ ਕਰਦੀਆਂ ਰਹਿੰਦੀਆਂ ਹਨ ਅਤੇ ਉਸ ਦੀ ਹਰ ਸਮੇਂ ਖੈਰ ਸੁੱਖ ਮੰਗਦੀਆਂ ਹਨ;

ਪਿੱਪਲਾ ਵੇ ਪੇਕੇ ਪਿੰਡ ਦਿਆ
ਤੇਰੀ ਸੁੱਖ ਮਨਾਵਾਂ।
ਆਵੇ ਸਾਉਣ ਮਹੀਨਾ ਵੇ
ਮੈਂ ਪੀਂਘ ਤੇਰੇ ’ਤੇ ਪਾਵਾਂ।

ਇਸੇ ਲਈ ਤਾਂ ਕੁੜੀਆਂ ਤੋਂ ਪਿੱਪਲਾਂ ਦੀ ਜੁਦਾਈ ਝੱਲ ਨਹੀਂ ਹੁੰਦੀ;

ਸੁਣ ਪਿੱਪਲਾ ਵੇ ਮੇਰੇ ਪਿੰਡ ਦਿਆ
ਪੀਘਾਂ ਤੇਰੇ ’ਤੇ ਪਾਈਆਂ।
ਦਿਨ ਤੀਆਂ ਦੇ ਨੇੜੇ ਆ ਗਏ
ਉੱਠ ਪੇਕਿਆਂ ਨੂੰ ਆਈਆਂ।
ਹਾੜ੍ਹ ਮਹੀਨੇ ਬੈਠਣ ਛਾਵੇਂ
ਪਿੰਡ ਦੀਆਂ ਮੱਝਾਂ ਗਾਈਆਂ।
ਪਿੱਪਲਾ ਸਹੁੰ ਤੇਰੀ
ਝੱਲੀਆਂ ਨਾ ਜਾਣ ਜੁਦਾਈਆਂ।

ਸਾਉਣ ਦੇ ਮਹੀਨਾ ਜਿੱਥੇ ਪਿੱਪਲਾਂ ਹੇਠਾਂ ਲੱਗਦੀਆਂ ਤੀਆਂ ਕਰਕੇ ਪਿੱਪਲਾਂ ’ਤੇ ਵੀ ਬਹਾਰ ਆਈ ਹੁੰਦੀ ਸੀ, ਇਸ ਦੌਰਾਨ ਵਿਆਹੀ ਮੁਟਿਆਰ ਦਾ ਫ਼ੌਜੀ ਪਤੀ ਉਸ ਨੂੰ ਛੱਡ ਕੇ ਜੰਗ ਵਿੱਚ ਜਾਣ ਨੂੰ ਮਜਬੂਰ ਏ, ਇਹ ਮੁਟਿਆਰ ਆਪਣੀ ਜਵਾਨੀ ਦੇ ਜਜ਼ਬਾਤ ਪ੍ਰਗਟਾਉਂਦੀ ਹੋਈ ਆਪਣੇ ਪਤੀ ਨੂੰ ਜੰਗ ਵਿੱਚ ਜਾਣ ਤੋਂ ਰੋਕਦੀ ਹੈ:

ਪਿੱਪਲਾਂ ਉੱਤੇ ਆਈਆਂ ਬਹਾਰਾਂ
ਬੋਹੜਾਂ ਨੂੰ ਲੱਗੀਆਂ ਗੋਲ੍ਹਾਂ।
ਜੰਗ ਨੂੰ ਨਾ ਜਾ ਵੇ
ਦਿਲ ਦੇ ਬੋਲ ਮੈਂ ਬੋਲਾਂ।

ਜਿਸ ਦਾ ਪਤੀ ਜੰਗ ’ਚ ਜਾ ਚੁੱਕਿਆ ਹੋਵੇ, ਜਦ ਉਹ ਪੇਕੇ ਪਿੰਡ ਆਉਂਦੀ ਹੈ ਤਾਂ ਉਸ ਦੀਆਂ ਹਮ ਉਮਰ ਸਾਰੀਆਂ ਸਖੀਆਂ ਉਸ ਨੂੰ ਨਹੀਂ ਮਿਲਦੀਆਂ ਕਿਉਂਕਿ ਸਾਰੀਆਂ ਨੂੰ ਸਾਉਣ ਵਿੱਚ ਵੀ ਪੇਕੇ ਆਉਣਾ ਨਹੀਂ ਮਿਲਦਾ। ਉਹ ਵੀ ਆਪਣੇ ਦਰਦ ਪਿੱਪਲ ਕੋਲ ਹੀ ਬਿਆਨਦੀ ਹੈ;

ਪਿੱਪਲਾ ਵੇ ਮੇਰੇ ਪੇਕੇ ਪਿੰਡ ਦਿਆ
ਤੇਰੀਆਂ ਠੰਢੀਆਂ ਛਾਵਾਂ
ਢਾਬ ਤੇਰੀ ਦਾ ਗੰਧਲਾ ਪਾਣੀ
ਉੱਤੋਂ ਬੂਰ ਹਟਾਵਾਂ।
ਸਭੇ ਸਹੇਲੀਆਂ ਸਹੁਰੇ ਗਈਆਂ
ਕਿਸ ਨੂੰ ਹਾਲ ਸੁਣਾਵਾਂ।
ਚਿੱਠੀਆਂ ਬਰੰਗ ਭੇਜਦਾ
ਕਿਹੜੀ ਛਾਉਣੀ ਲੁਆ ਲਿਆ ਨਾਵਾਂ।

ਪਿੱਪਲ ਹੇਠਾਂ ਬੈਠ ਕੇ ਭਗਤੀ ਵਧੇਰੇ ਵਧੀਆ ਹੁੰਦੀ ਮੰਨੀ ਜਾਂਦੀ ਹੈ, ਸ਼ਾਇਦ ਇਸੇ ਲਈ ਸਵਰਗਾਂ ਦਾ ਰਾਹ ਵੀ ਪਿੱਪਲ ਤੋਂ ਹੀ ਪੁੱਛਿਆ ਗਿਆ ਹੋਵੇ;

ਪਿੱਪਲਾ ਦੱਸ ਦੇ ਵੇ
ਕਿਹੜਾ ਰਾਹ ਸੁਰਗਾਂ ਨੂੰ ਜਾਵੇ।

ਸਮਾਂ ਹਮੇਸ਼ਾ ਇੱਕੋ ਜਿਹਾ ਨਹੀਂ ਰਹਿੰਦਾ। ਸਾਉਣ ਲੰਘਣ ਨਾਲ ਇਹ ਤੀਆਂ ਦੀਆਂ ਰੌਣਕਾਂ ਵੀ ਖ਼ਤਮ ਹੋ ਜਾਂਦੀਆਂ ਹਨ। ਰੁੱਤਾਂ ਬਦਲਦੀਆਂ ਰਹਿੰਦੀਆਂ ਹਨ। ਹਰ ਬਹਾਰ ਤੋਂ ਬਾਅਦ ਪੱਤਝੜ ਨੇ ਆਉਣਾ ਹੁੰਦਾ ਹੈ ਅਤੇ ਉਸ ਨੇ ਫ਼ਿਰ ਨਵੀਂ ਬਹਾਰ ਲਿਆਉਣੀ ਹੁੰਦੀ ਹੈ। ਪੁਰਾਣੇ ਪੱਤੇ ਝੜਦੇ ਰਹਿੰਦੇ ਹਨ, ਨਵੇਂ ਆਉਂਦੇ ਰਹਿੰਦੇ ਹਨ। ਕੁਆਰੀਆਂ ਕੁੜੀਆਂ ਵਿਆਹ ਕੇ ਆਪਣੇ ਸਹੁਰੇ ਘਰ ਜਾਈ ਜਾਂਦੀਆਂ ਹਨ। ਵਕਤ ਨਾਲ ਉਨ੍ਹਾਂ ਦਾ ਪੇਕੇ ਆਉਣਾ ਘਟੀ ਜਾਂਦਾ ਹੈ, ਪਰ ਇੱਧਰ ਛੋਟੀਆਂ ਬਾਲੜੀਆਂ ਜਵਾਨ ਹੋ ਕੇ ਪਿੱਪਲਾਂ ਹੇਠ ’ਕੱਠੀਆਂ ਹੁੰਦੀਆਂ ਰਹਿੰਦੀਆਂ ਹਨ। ਨਵਿਆਂ ਨੇ ਪੁਰਾਣਿਆਂ ਦੀ ਥਾਂ ਲੈਣੀ ਹੀ ਹੁੰਦੀ ਹੈ, ਇਹ ਕੁਦਰਤ ਦਾ ਨਿਯਮ ਹੈ। ਇਸੇ ਲਈ ਤਾਂ ਲਿਖਾਰੀ ਦੀ ਕਲਮ ਲਿਖਦੀ ਹੈ;

ਪਿੱਪਲ ਦਿਆ ਪੱਤਿਆ ਵੇ
ਕੇਹੀ ਖੜ ਖੜ ਲਾਈ ਆ।
ਪੱਤ ਝੜੇ ਪੁਰਾਣੇ ਵੇ
ਰੁੱਤ ਨਵਿਆਂ ਦੀ ਆਈ ਆ।

ਸ਼ਾਲਾ! ਸਾਡੇ ਪੰਜਾਬ ਵਿੱਚੋਂ ਪਿੱਪਲ ਖ਼ਤਮ ਨਾ ਹੋਣ। ਲੋੜ ਹੈ ਮੁੜ ਅਜਿਹੇ ਦਰੱਖਤ ਲਗਾਉਣ ਦੀ ਜਿਹੜੇ ਵਿਗਿਆਨਕ, ਧਾਰਮਿਕ ਅਤੇ ਸੱਭਿਆਚਾਰਕ ਵਿਰਸੇ ਨੂੰ ਸੰਭਾਲੀ ਬੈਠੇ ਨੇ। ਆਓ, ਦੁਆ ਕਰੀਏ ਕਿ ਪਿੱਪਲਾਂ ’ਤੇ ਪੀਘਾਂ ਪੈਂਦੀਆਂ ਰਹਿਣ, ਤੀਆਂ ਲੱਗਦੀਆਂ ਰਹਿਣ ਤੇ ਗਿੱਧੇ ਦੀ ਧਮਕ ਸਦਾ ਕਾਇਮ ਰਹੇ।

# ਵਿਆਹਾਂ ਦੇ ਬਦਲਦੇ ਰੰਗ



ਮਲਕੀਤ ਸਿੰਘ ਮਲਕਪੁਰ

ਅਜੋਕੇ ਦੌਰ ਵਿੱਚ ਪੰਜਾਬ ਹਰ ਪੱਖੋਂ ਬਦਲ ਚੁੱਕਿਆ ਹੈ। ਮੇਰੀ ਜਾਚੇ ਸਭ ਤੋਂ ਵੱਡੀ ਤਬਦੀਲੀ ਜਿਹੜੀ ਵਾਚਣਯੋਗ ਹੈ, ਉਹ ਪੰਜਾਬੀਆਂ ਦੇ ਵਿਆਹਾਂ ਵਿੱਚ ਆਈ ਹੈ। ਇਸ ਬਾਰੇ ਗੱਲ ਕਰਨ ਤੋਂ ਪਹਿਲਾਂ ਸਾਨੂੰ ਪੁਰਾਣੇ ਸਮਿਆਂ ਵਿੱਚ ਹੁੰਦੇ ਵਿਆਹਾਂ ’ਤੇ ਇੱਕ ਝਾਤੀ ਜ਼ਰੂਰ ਮਾਰਨੀ ਚਾਹੀਦੀ ਹੈ। ਪੁਰਾਣੇ ਵੇਲਿਆਂ ਵਿੱਚ ਲੋਕਾਂ ਨੂੰ ਵਿਆਹ ਸਮਾਗਮਾਂ ’ਤੇ ਜਾਣ ਦਾ ਬੜਾ ਚਾਅ ਹੁੰਦਾ ਸੀ, ਸ਼ਾਇਦ ਅੱਜ ਵੀ ਜਦੋਂ ਆਪਾਂ ਕਿਸੇ ਸਮਾਗਮ ਜਾਂ ਹੋਰ ਥਾਂ ਜਾਣ ਲਈ ਵੱਧ ਉਤਸੁਕ ਹੁੰਦੇ ਆ ਤਾਂ ਸਿਆਣੇ ਬੰਦੇ ਦੇ ਮੂੰਹੋਂ ‘ਵਿਆਹ ਵਰਗਾ ਚਾਅ ਚੜ੍ਹਿਆ’ ਲਫ਼ਜ਼ ਨਿਕਲਦਾ ਹੈ ਜੋ ਕਿ ਸ਼ਾਇਦ ਉਸ ਸਮੇਂ ਦੇ ਹੁੰਦੇ ਵਿਆਹਾਂ ’ਚ ਸ਼ਾਮਲ ਹੋਣ ਦੇ ਚਾਅ ਤੋਂ ਹੀ ਬਣਿਆ ਹੋਇਆ ਜਾਪਦਾ ਹੈ।

ਸਾਢੇ ਤਿੰਨ ਦਹਾਕੇ ਪਹਿਲਾਂ ਪੰਜਾਬੀਆਂ ਦੇ ਵਿਆਹਾਂ ’ਚ ਬਹੁਤ ਸਾਦਾ ਖਾਣ-ਪੀਣ ਹੁੰਦਾ ਸੀ, ਜਿਵੇਂ ਲੱਡੂ, ਜਲੇਬੀ, ਖੋਏ ਦੀਆਂ ਬਰਫੀਆਂ, ਅੰਮ੍ਰਤੀਆਂ, ਪੇਠੇ ਦੀ ਮਿਠਾਈ ਅਤੇ ਖੋਏ ਦੇ ਪੇੜੇ, ਜਿਹਨੂੰ ਸੱਤ ਪਕਵਾਨੀ ਆਖਿਆ ਜਾਂਦਾ ਸੀ। ਉਸ ਵੇਲੇ ਲੋਕ ਰੱਜ-ਰੱਜ ਮਿਠਾਈ ਖਾਂਦੇ ਸਨ ਕਿਉਂਕਿ ਨਾ ਉਸ ਵੇਲੇ ਕਿਸੇ ਪੰਜਾਬੀ ਨੂੰ ਸ਼ੂਗਰ ਨੇ ਜੱਫਾ ਮਾਰਿਆ ਸੀ ਅਤੇ ਨਾ ਕਿਸੇ ਨੂੰ ਬੀਪੀ ਦੇ ਵੱਧ-ਘੱਟ ਹੋਣ ਦਾ ਕੋਈ ਭੈਅ ਸੀ। ਵਿਆਹ ’ਚ ਦਾਜ ਵਜੋਂ ਸਾਈਕਲ ਮਿਲਣਾ ਇੱਕ ਵੱਡੀ ਮਸ਼ੀਨਰੀ ਮਿਲਣਾ ਮੰਨਿਆ ਜਾਂਦਾ ਸੀ ਅਤੇ ਵਿਆਹ ਵਾਲੇ ਮੁੰਡੇ ਲਈ ਸੋਨੇ ਦੀ ਅੰਗੂਠੀ ਤੇ ਗੁੱਟ ਦੀ ਘੜੀ ਵੱਡੇ ਗਹਿਣੇ ਹੁੰਦੇ ਸਨ। ਉਦੋਂ ਵਿਆਹਾਂ ਵਿੱਚ ਮੰਜੇ ਜੋੜ ਕੇ ਸਪੀਕਰ ਲਾਇਆ ਜਾਂਦਾ ਸੀ, ਜਿਸ ’ਚ ਤਵਾ ਰਿਕਾਰਡ ਰਾਹੀਂ ਗੀਤ ਚੱਲਦੇ ਸਨ, ਪਰ ਗੀਤਾਂ ਨੂੰ ਬਜ਼ੁਰਗ ਤੇ ਨੌਜਵਾਨ ਇਕੱਠੇ ਵਹਿ ਕੇ ਕਦੇ ਨਹੀਂ ਸਨ ਸੁਣਦੇ, ਹਾਲਾਂਕਿ ਉਦੋਂ ਵਿਆਹਾਂ ’ਚ ਅੱਜ ਵਰਗੇ ਅਸ਼ਲੀਲ ਗਾਣੇ ਨਹੀਂ ਸੀ ਚੱਲਦੇ।

ਇਹੋ ਜਿਹੇ ਵਿਆਹ ਕਿਸਾਨੀ ਧੰਦੇ ਨਾਲ ਜੁੜੇ ਤਕਰੀਬਨ ਸਾਰੇ ਲੋਕ ਕਰਦੇ ਸਨ, ਪਰ ਪਿਛਲੇ ਇੱਕ ਦਹਾਕੇ ਤੋਂ ਸ਼ਹਿਰਾਂ ਦੇ ਨੇੜਲੇ ਪਿੰਡਾਂ ਵਿੱਚ ਮਹਿੰਗੀਆਂ ਵਿਕੀਆਂ ਜ਼ਮੀਨਾਂ ਨੇ ਪੰਜਾਬ ’ਚ ਵਿਆਹਾਂ ਦੇ ਰੰਗ ਹੀ ਬਦਲ ਕੇ ਰੱਖ ਦਿੱਤੇ ਅਤੇ ਹੁਣ ਇਸ ਰੰਗ ਨੇ ਪੰਜਾਬ ਦੀ ਸਮੁੱਚੀ ਕਿਸਾਨੀ ਨੂੰ ਆਪਣੇ ਕਲਾਵੇ ’ਚ ਲੈ ਲਿਆ ਹੈ। ਅੱਜਕੱਲ੍ਹ ਜੇਕਰ ਗੱਲ ਕਰੀਏ ਤਾਂ ਵਿਆਹ ’ਚ ਜਾਣ ਨੂੰ ਬੰਦੇ ਸਿਆਪਾ ਕਹਿੰਦੇ ਸੁਣੇ ਜਾ ਸਕਦੇ ਨੇ, ਭਾਵ ਵਿਆਹਾਂ ਵਿੱਚ ਜਾਣ ਦਾ ਲੋਕਾਂ ’ਚ ਚਾਅ ਬਿਲਕੁਲ ਨਹੀਂ ਰਿਹਾ। ਅਜੋਕੇ ਵਿਆਹ ਵੱਡੇ-ਵੱਡੇ ਪੈਲੇਸਾਂ ਵਿੱਚ ਹੁੰਦੇ ਨੇ। ਜੇਕਰ ਗੌਰ ਨਾਲ ਵਾਚਿਆ ਜਾਵੇ ਤਾਂ ਮੌਜੂਦਾ ਸਮੇਂ ਪੰਜਾਬ ਵਿੱਚ ਕਾਨੂੰਨੀ ਮਨਜ਼ੂਰੀ ਵਾਲੇ ਮੈਰਿਜ ਪੈਲੇਸਾਂ ਦੀ ਗਿਣਤੀ 2000 ਤੋਂ ਵੱਧ ਹੈ, ਜਿਨ੍ਹਾਂ ਵਿੱਚ ਇੱਕ ਦਿਨ ਦਾ ਇਕੱਲਾ ਭਾੜਾ ਹੀ 5 ਲੱਖ ਤੋਂ 10 ਤੱਕ ਵਸੂਲ ਕੀਤਾ ਜਾਂਦਾ ਹੈ। ਇਸ ਤੋਂ ਬਿਨਾਂ ਤਕਰੀਬਨ 4000 ਮੈਰਿਜ ਪੈਲੇਸ ਗੈਰ ਕਾਨੂੰਨੀ ਤੌਰ ’ਤੇ ਚੱਲ ਰਹੇ ਹਨ। ਅੱਜ ਦੇ ਦੌਰ ਵਿੱਚ ਹੁੰਦੇ ਕਈ ਵਿਆਹਾਂ ਦਾ ਬਜਟ ਤਾਂ ਪੈਲੇਸ ਦਾ ਕਿਰਾਇਆ ਤੇ ਖਾਣ-ਪੀਣ ਜੋੜ ਕੇ 30 ਲੱਖ ਤੋਂ ਲੈ ਕੇ 60-70 ਲੱਖ ਤੱਕ ਅੱਪੜ ਜਾਂਦਾ ਹੈ, ਜਦੋਂਕਿ ਬਹੁਤੇ ਵਿਆਹਾਂ ਵਿੱਚ ਚਾਰ ਘੰਟੇ ਦੀ ਰਿਸੈਪਸ਼ਨ ਵਿੱਚ ਹੀ 40 ਲੱਖ ਰੁਪਏ ਰੋੜ੍ਹ ਦਿੱਤੇ ਜਾਂਦੇ ਨੇ, ਜੋ ਕਿ ਪੰਜਾਬ ਦੇ ਭਵਿੱਖ ਲਈ ਬਹੁਤ ਮੰਦਭਾਗਾ ਹੈ।

ਲੋਕ ਵਿਆਹਾਂ ਵਿੱਚ ਵੱਡੇ-ਵੱਡੇ ਇਕੱਠ ਕਰਕੇ ਆਪਣਾ ਕੱਦ ਮਿਣਦੇ ਨੇ, ਕਈਂ ਵਿਆਹਾਂ ਵਿੱਚ ਤਾਂ ਮਹਿਮਾਨਾਂ ਦੀ ਗਿਣਤੀ ਇੱਕ ਹਜ਼ਾਰ ਤੋਂ ਵੀ ਉੱਤੇ ਪਹੁੰਚ ਜਾਂਦੀ ਹੈ। ਅੱਜਕੱਲ੍ਹ ਵਿਆਹ ਸਮਾਗਮ ਸੱਤ-ਅੱਠ ਦਿਨ ਚੱਲਦੇ ਹਨ, ਪਰ ਹੈਰਾਨੀ ਵਾਲੀ ਗੱਲ ਇਹ ਹੈ ਕਿ ਮਹਿਮਾਨ ਮੁੜ ਮੁੜ ਉਹੀ ਪਹਿਲੇ ਦਿਨ ਵਾਲੇ ਹੁੰਦੇ ਨੇ। ਵਿਆਹ ਸਮਾਗਮ ਵਿੱਚ ਚੰਗਾ ਭਲਾ ਬੰਦਾ ਵੀ ਖਾਣ ਦੀਆਂ ਚੀਜ਼ਾਂ ਦੀ ਗਿਣਤੀ ਨਹੀਂ ਕਰ ਸਕਦਾ। ਭਾਵੇਂ ਮਸਾਂ ਜ਼ੋਰ ਲਾ ਕੇ ਉਸ ’ਚੋਂ 10 ਫੀਸਦੀ ਆਇਟਮਾਂ ਹੀ ਖਾਣ ਯੋਗ ਹੁੰਦੀਆਂ ਹਨ। ਬਾਕੀ ਸ਼ਾਇਦ ਚਾਈਨੀਜ਼, ਥਾਈ, ਇਟਾਲੀਅਨ ਤੇ ਸਾਊਥ ਇੰਡੀਅਨ ਖਾਣਿਆਂ ਦਾ ਆਮ ਬੰਦੇ ਨੂੰ ਕੋਈ ਇਲਮ ਹੀ ਨਹੀਂ ਹੁੰਦਾ। ਕਈ ਵਾਰੀ ਲੱਗਦਾ ਹੈ ਕਿ ਵਿਆਹ ਕਰਨ ਵਾਲਾ ਮਾਲਕ ਆਪ ਦੀ ਅਮੀਰੀ ਦਾ ਝਲਕਾਰਾ ਪਾਉਣ ਲਈ ਹੀ ਇਹ ਸਭ ਕੁਝ ਕਰਦਾ ਹੈ, ਪਰ ਪਤਾ ਨਹੀਂ ਮੈਨੂੰ ਕਈ ਵਾਰੀ ਇੰਝ ਕਿਉਂ ਜਾਪਦੈ ਕਿ ਬਹੁਤੇ ਵੱਡੇ-ਵੱਡੇ ਵਿਆਹਾਂ ਵਿੱਚ ਨਕਲੀ ਜਿਹੇ ਬਣੇ ਢਾਬੇ ਤੋਂ ਮੱਕੀ ਦੀ ਰੋਟੀ ਤੇ ਸਰ੍ਹੋਂ ਦਾ ਸਾਗ ਖਾ ਕੇ ਬਜ਼ੁਰਗ ਬੰਦੇ ਆਪਣੇ ਪੁਰਾਣੇ ਵੇਲਿਆਂ ਨੂੰ ਚੇਤੇ ਕਰਦੇ ਨੇ ਅਤੇ ਬਾਅਦ ਵਿੱਚ ਮਿੱਠਾ ਮੂੰਹ ਕਰਨ ਲਈ ਗੁੜ ਖਾ ਕੇ ਆਪਣੇ ਅਤੀਤ ਨੂੰ ’ਵਾਜ਼ਾਂ ਮਾਰਦੇ ਨਜ਼ਰ ਆਉਂਦੇ ਹਨ, ਬਾਕੀ ਨੱਚਣ-ਗਾਉਣ ਦਾ ਇੰਤਜ਼ਾਮ ਵੇਖ ਤਾਂ ਕਈ ਵਾਰੀ ਇੰਝ ਲੱਗਦਾ ਹੈ ਜਿਵੇਂ ਪੰਜਾਬੀਆਂ ਦੀ ਸੰਗ-ਸ਼ਰਮ ਕਿਤੇ ਉੱਡ ਗਈ ਹੋਵੇ। ਉਦੋਂ ਬਹੁਤ ਹੀ ਦੁੱਖ ਹੁੰਦਾ ਹੈ, ਜਦੋਂ ਐਨ ਚਿੱਟੀਆਂ ਦਾੜ੍ਹੀਆਂ ਵਾਲੇ ਬਜ਼ੁਰਗ ਮੁਹਰਲੀ ਕਤਾਰ ਵਿੱਚ ਕੁਰਸੀਆਂ ’ਤੇ ਬਹਿ ਕੇ ਨੱਚਣ ਵਾਲੀਆਂ ਕੁੜੀਆਂ ਨੂੰ ਤੱਕਦੇ ਨੇ। ਇਸ ਤੋਂ ਬਾਅਦ ਜੇਕਰ ਗੱਲ ਕਰੀਏ ਵਿਆਹਾਂ ਵਿੱਚ ਹੁੰਦੀ ਫੋਟੋਗ੍ਰਾਫ਼ੀ ਦੀ ਤਾਂ ਫੋਟੋਆਂ ਖਿੱਚਣ ਵਾਲੇ ਇੰਨੇ ਹੁੰਦੇ ਨੇ ਜਿਵੇਂ ਪ੍ਰੈੱਸ ਕਲੱਬ ਵਿੱਚ ਕਿਸੇ ਸਿਆਸੀ ਆਗੂ ਦੀ ਕਾਨਫਰੰਸ ਦੀ ਕਵਰੇਜ਼ ਹੋ ਰਹੀ ਹੋਵੇ। ਹੁਣ ਤਾਂ ਵਿਆਹਾਂ ਦੀ ਫੋਟੋਗ੍ਰਾਫੀ ਵਿਆਹਾਂ ਤੋਂ ਕਈ ਦਿਨ ਪਹਿਲਾਂ ਹੀ ਸ਼ੁਰੂ ਹੋ ਜਾਂਦੀ ਹੈ, ਜਿਸ ਨੂੰ ਪ੍ਰੀਵੈਡਿੰਗ ਦਾ ਨਾਂ ਦਿੱਤਾ ਜਾਂਦਾ ਹੈ ਅਤੇ ਇਸ ਕੰਮ ’ਤੇ 100000 ਤੋਂ ਲੈ 500000 ਰੁਪਏ ਤੱਕ ਦਾ ਖ਼ਰਚਾ ਕੀਤਾ ਜਾਂਦਾ ਹੈ।

ਅਫ਼ਸੋਸ ਦੀ ਗੱਲ ਦੇਖੋ ਕਿ ਅੱਜਕੱਲ੍ਹ ਪੰਜਾਬੀਆਂ ਦੇ ਇੰਨੇ ਮਹਿੰਗੇ ਵਿਆਹ ਹੋਣ ਦੇ ਬਾਵਜੂਦ ਟੁੱਟ ਰਹੇ ਹਨ ਅਤੇ ਅਦਾਲਤਾਂ ਵਿੱਚ ਵਿਆਹਾਂ ਸਬੰਧੀ ਪਟੀਸ਼ਨਾਂ ਦੀ ਗਿਣਤੀ 14.65 ਫੀਸਦੀ ਹੈ ਜੋ ਕਿ ਦੇਸ਼ ਭਰ ਦੇ ਸੂਬਿਆਂ ਵਿੱਚ ਪਹਿਲੇ ਨੰਬਰ ’ਤੇ ਹੈ। ਇਹ ਮਹਿੰਗੇ ਵਿਆਹ ਪੰਜਾਬ ਦੀ ਮੱਧਵਰਗੀ ਕਿਸਾਨੀ ਦਾ ਸਭ ਤੋਂ ਵੱਧ ਨੁਕਸਾਨ ਕਰ ਰਹੇ ਹਨ ਕਿਉਂਕਿ ਪੰਜਾਬ ਦਾ ਕਿਸਾਨ ਵਰਗ ਮਜਬੂਰੀ ਵੱਸ ਇਸ ਨਵੇਂ ਜ਼ਮਾਨੇ ਦੇ ਮਹਿੰਗੇ ਵਿਆਹਾਂ ਦੀ ਘੁੰਮਣਘੇਰੀ ਵਿੱਚ ਫਸਿਆ ਹੋਇਆ ਹੈ ਤੇ ਇਨ੍ਹਾਂ ਵਿਆਹਾਂ ਦੇ ਖ਼ਰਚਿਆਂ ਕਰਕੇ ਹੀ ਕਰਜ਼ਈ ਹੋ ਰਿਹਾ ਹੈ, ਜਿਸ ਕਰਕੇ ਕਿਸਾਨਾਂ ਨੂੰ ਮਜਬੂਰੀ ਵੱਸ ਜ਼ਮੀਨਾਂ ਵੇਚਣੀਆਂ ਪੈ ਰਹੀਆਂ ਹਨ।

ਅੱਜ ਦੇ ਦੌਰ ਵਿੱਚ ਪੰਜਾਬੀਆਂ ਨੂੰ ਇਨ੍ਹਾਂ ਮਹਿੰਗੇ ਵਿਆਹਾਂ ’ਚੋਂ ਨਿਕਲਣ ਦਾ ਕੋਈ ਰਾਹ ਨਹੀਂ ਦਿਸ ਰਿਹਾ। ਮੇਰੀ ਜਾਚੇ ਸਭ ਤੋਂ ਪਹਿਲਾਂ ਅਮੀਰ ਬੰਦਿਆਂ ਨੂੰ ਸਾਦੇ ਵਿਆਹਾਂ ਵੱਲ ਮੁੜਨਾ ਚਾਹੀਦਾ ਹੈ, ਦੂਜਾ ਜਿਵੇਂ ਲਹਿੰਦੇ ਪੰਜਾਬ ਦੇ ਵਿਆਹਾਂ ਵਿੱਚ ਖਾਣ-ਪੀਣ ਦੀਆਂ ਵੱਧ ਚੀਜ਼ਾਂ ਪਰੋਸਣ ’ਤੇ ਰੋਕ ਹੈ, ਉਵੇਂ ਹੀ ਸਾਡੇ ਪੰਜਾਬ ਵਿੱਚ ਵੀ ਸਰਕਾਰ ਨੂੰ ਅਜਿਹੇ ਨਿਯਮ ਲਾਗੂ ਕਰਨੇ ਚਾਹੀਦੇ ਹਨ ਤਾਂ ਕਿ ਸਾਦੇ ਵਿਆਹਾਂ ਦੀ ਰੀਤ ਮੁੜ ਤੋਂ ਚੱਲ ਸਕੇ ਅਤੇ ਵਿਆਹ ਪਵਿੱਤਰ ਭਾਵਨਾ ਨਾਲ ਕੀਤੇ ਜਾਣ ਨਾ ਕਿ ਦਿਖਾਵੇ ਦੇ ਵੱਡੇ ਸਾਧਨ ਵਜੋਂ।

# ਮਨੁੱਖਤਾ ਦੇ ਮਸੀਹਾ ਸ੍ਰੀ ਗੁਰੂ ਨਾਨਕ ਦੇਵ ਜੀ

ਸਰਬਜੀਤ ਸਿੰਘ ਕੰਵਲ

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ ਸੰਨ 1469 ਈ. ਵਿੱਚ ਰਾਏ ਭੋਏ ਦੀ ਤਲਵੰਡੀ ਵਿੱਚ ਹੋਇਆ, ਜਿਸ ਨੂੰ ਹੁਣ ਨਨਕਾਣਾ ਸਾਹਿਬ ਕਿਹਾ ਜਾਂਦਾ ਹੈ। ਗੁਰੂ ਜੀ ਨੇ ਆਪਣੇ ਜੀਵਨ ਵਿੱਚ ਚਾਰ ਉਦਾਸੀਆਂ ਦੌਰਾਨ ਦੇਸ਼-ਵਿਦੇਸ਼ ਵਿੱਚ ਗਿਆਨ ਅਤੇ ਰੂਹਾਨੀਅਤ ਦੇ ਸੁਨੇਹੇ ਪਹੁੰਚਾਏ।

**ਸਮਾਜਿਕ ਬਰਾਬਰਤਾ ਅਤੇ ਸਰਬ ਸਾਂਝੀਵਾਲਤਾ**

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇੱਕ ਪਰਮਾਤਮਾ (ਇੱਕ ਓਅੰਕਾਰ) ’ਤੇ ਯਕੀਨ ਰੱਖਣ ਦੀ ਸਿੱਖਿਆ ਦਿੱਤੀ, ਜਿਸ ਦੀ ਜੋਤ ਹਰ ਜੀਵ ਦੇ ਹਿਰਦੇ ਅੰਦਰ ਜਗ ਰਹੀ ਹੈ। ਸਾਰਿਆਂ ਅੰਦਰ ਇੱਕ ਜੋਤ ਹੋਣ ਦਾ ਗਿਆਨ ਹੋਣ ਮਗਰੋਂ ਅਸੀਂ ਕਿਸੇ ਨਾਲ ਬੁਰਾ ਨਹੀਂ ਕਰਦੇ। ਸਾਡੇ ਅੰਦਰ ਸਾਰੇ ਮਨੁੱਖਾਂ ਅਤੇ ਜੀਵ-ਜੰਤੂਆਂ ਪ੍ਰਤੀ ਦਇਆ ਭਾਵਨਾ ਉਤਪਨ ਹੋਣ ਲੱਗਦੀ ਹੈ। ਗੁਰੂ ਜੀ ਨੇ ਸਮਝਾਇਆ ਕਿ ਧਰਮ ਜਾਂ ਜਾਤੀ ਦੇ ਆਧਾਰ ’ਤੇ ਕਿਸੇ ਨੂੰ ਨਫਰਤ ਕਰਨਾ ਸਾਨੂੰ ਪਰਮਾਤਮਾ ਤੋਂ ਦੂਰ ਕਰਦਾ ਹੈ। ਇਨ੍ਹਾਂ ਕਦਰਾਂ-ਕੀਮਤਾਂ ਨੂੰ ਅਮਲੀ ਤੌਰ ’ਤੇ ਪ੍ਰਫੁੱਲਤ ਕਰਕੇ ਸਮੁੱਚੀ ਮਾਨਵਤਾ ਨੂੰ ਇੱਕ ਸੂਤਰ ਵਿੱਚ ਪ੍ਰੋਣ ਲਈ ਪੰਗਤ ਅਤੇ ਸੰਗਤ ਦੀ ਪ੍ਰੰਪਰਾ ਆਰੰਭ ਕੀਤੀ ਗਈ, ਜਿੱਥੇ ਹਰ ਮੂਲ ਦੇ ਲੋਕ ਇਕੱਠੇ ਬੈਠ ਕੇ ਲੰਗਰ ਛਕਦੇ ਹਨ ਅਤੇ ਨਾਮ ਜਪਦੇ ਹਨ।

**ਔਰਤਾਂ ਲਈ ਬਰਾਬਰੀ ਦਾ ਦਰਜਾ**

ਗੁਰੂ ਨਾਨਕ ਦੇਵ ਜੀ ਦੇ ਸਮੇਂ ਔਰਤਾਂ ਦੀ ਹਾਲਤ ਬਹੁਤ ਤਰਸਯੋਗ ਸੀ। ਕੋਈ ਵੀ ਉਨ੍ਹਾਂ ਦੇ ਹੱਕ ’ਚ ਨਹੀਂ ਬੋਲਦਾ ਸੀ। ਗੁਰੂ ਜੀ ਨੇ ਔਰਤਾਂ ਦੇ ਸਤਿਕਾਰ ਲਈ ਆਵਾਜ਼ ਬੁਲੰਦ ਕੀਤੀ ਅਤੇ ਧਾਰਮਿਕ ਕਾਰਜਾਂ ਵਿੱਚ ਉਨ੍ਹਾਂ ਨੂੰ ਬਰਾਬਰੀ ਦਾ ਸਥਾਨ ਦਿਤਾ। ਉਨ੍ਹਾਂ ਸਵਾਲ ਕੀਤਾ ਕਿ ਜੋ ਇਸਤਰੀ ਰਾਜਿਆਂ ਨੂੰ ਜਨਮ ਦਿੰਦੀ ਹੈ, ਉਹ ਬੁਰੀ ਕਿਵੇਂ ਹੋ ਸਕਦੀ ਹੈ।

**ਨਿਸ਼ਕਾਮ ਸੇਵਾ**

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਅਧਿਆਤਮਕ ਵਿਕਾਸ ਅਤੇ ਸਮਾਜ ਭਲਾਈ ਲਈ ਨਿਸ਼ਕਾਮ ਸੇਵਾ ਕਰਨ ਦਾ ਉਪਦੇਸ਼ ਦਿੱਤਾ। ਨਿੱਜੀ ਲਾਭ ਜਾਂ ਪ੍ਰਸ਼ੰਸਾ ਪ੍ਰਾਪਤ ਕਰਨ ਦੀ ਕਾਮਨਾ ਤੋਂ ਬਿਨਾਂ ਕੀਤੀ ਸੇਵਾ ਨਿਸ਼ਕਾਮ ਸੇਵਾ ਅਖਵਾਉਂਦੀ ਹੈ। ਇਹ ਸੇਵਾ ਪਿਆਰ, ਨੇਕ ਨੀਅਤ, ਸ਼ੁਭ ਭਾਵਨਾਵਾਂ ਅਤੇ ਨਿਮਰਤਾ ਨਾਲ ਸਰਸ਼ਾਰ ਹੁੰਦੀ ਹੈ। ਸੇਵਾ ਨਾਲ ਹੰਕਾਰ ਤੇ ਸੁਆਰਥ ਦੂਰ ਹੁੰਦਾ ਹੈ ਅਤੇ ਦੂਜਿਆਂ ਨੂੰ ਸਮਝਣ ਦੀ ਸਮਰਥਾ ਪੈਦਾ ਹੁੰਦੀ ਹੈ। ਕਿਸੇ ਦੀ ਸੇਵਾ ਕਰਕੇ ਅਸੀਂ ਅਸਲ ਵਿਚ ਉਸ ਪਰਮਾਤਮਾ ਦੀ ਹੀ ਸੇਵਾ ਕਰ ਰਹੇ ਹੁੰਦੇ ਹਾਂ, ਜੋ ਹਰ ਜੀਵ ਅੰਦਰ ਵਸਦਾ ਹੈ। ਗੁਰੂ ਸਾਹਿਬ ਨੇ ਸਾਨੂੰ ਉਨ੍ਹਾਂ ਨਾਲ ਵੀ ਹਮਦਰਦੀ ਕਰਨੀ ਸਿਖਾਈ, ਜਿਨ੍ਹਾਂ ਨੇ ਸਾਡਾ ਬੁਰਾ ਕੀਤਾ ਹੋਵੇ। ਅਜਿਹਾ ਕਰਕੇ ਉਨ੍ਹਾਂ ਅੰਦਰੋਂ ਬੁਰਾਈ ਨੂੰ ਮਾਰਿਆ ਜਾ ਸਕਦਾ ਹੈ।

**ਵਿਗਿਆਨਿਕ ਸੋਚ ਦਾ ਪ੍ਰਚਾਰ**

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਵਿਗਿਆਨਿਕ ਸੋਚ ਨੂੰ ਅਪਨਾਉਣ



ਦਾ ਹੋਕਾ ਦਿੱਤਾ। ਬਾਹਰੀ ਦਿਖਾਵਿਆਂ, ਪਖੰਡਾਂ, ਕਰਮਕਾਂਡਾਂ, ਜਾਦੂ-ਟੂਣਿਆਂ, ਅੰਧਵਿਸ਼ਵਾਸ ਅਤੇ ਵਹਿਮਾਂ-ਭਰਮਾਂ ਦਾ ਖੰਡਨ ਕਰਕੇ ਡੂੰਘੇ ਨੈਤਿਕ ਧਰਮ ਦਾ ਪ੍ਰਚਾਰ ਕੀਤਾ। ਭੋਲੇ ਭਾਲੇ ਲੋਕਾਂ ਨੂੰ ਧਰਮ ਦੇ ਠੇਕੇਦਾਰਾਂ ਦੇ ਚੁੰਗਲ ਤੋਂ ਛੁਡਾ ਕੇ ਗੁਰਬਾਣੀ ਦੁਆਰਾ ਸਿੱਧਾ ਰੱਬ ਨਾਲ ਜੋੜਿਆ।

**ਕਿਰਤ ਕਰਨਾ ਅਤੇ ਵੰਡ ਕੇ ਛਕਣਾ**

ਗੁਰੂ ਜੀ ਨੇ ਇਮਾਨਦਾਰੀ ਨਾਲ ਕਮਾਈ ਕਰਨ ’ਤੇ ਜ਼ੋਰ ਦਿੱਤਾ, ਜਿਸ ਨੂੰ ਦਸਾਂ ਨਹੁੰਆਂ ਦੀ ਕਿਰਤ ਕਹਿੰਦੇ ਹਨ। ਉਨ੍ਹਾਂ ਫੁਰਮਾਇਆ ਕਿ ਪਰਾਇਆ ਹੱਕ ਹਿੰਦੂ ਲਈ ਗਾਂ ਅਤੇ ਮੁਸਲਮਾਨ ਲਈ ਸੂਰ ਖਾਣ ਸਮਾਨ ਹੈ, ਭਾਵ ਬੇਈਮਾਨੀ ਘੋਰ ਪਾਪ ਹੈ। ਗੁਰੂ ਜੀ ਦੇ ਵੰਡ ਕੇ ਛਕਣ ਦੇ ਉਪਦੇਸ਼ ਤੋਂ ਦਸਵੰਧ ਪ੍ਰਥਾ ਸ਼ੁਰੂ ਹੋਈ ਜਿਸ ਵਿਚ ਆਪਣੀ ਨੇਕ ਕਮਾਈ ਦਾ 10 ਫੀਸਦ ਹਿੱਸਾ ਲੋੜਵੰਦਾਂ ਨੂੰ ਦਾਨ ਦਿੱਤਾ ਜਾਂਦਾ ਹੈ। ਜੇ ਸਾਰੇ ਦਸਵੰਧ ਕੱਢਣ ਲੱਗ ਜਾਣ ਤਾਂ ਦੁਨੀਆਂ ਵਿੱਚ ਕੋਈ ਭੁੱਖਾ ਨਹੀਂ ਰਹੇਗਾ।

**ਮਿਠਾਸ ਅਤੇ ਨਿਮਰਤਾ**

ਗੁਰੂ ਜੀ ਅਨੁਸਾਰ ਮਿਠਾਸ ਤੇ ਨਿਮਰਤਾ ਸਾਰੇ ਗੁਣਾਂ ਅਤੇ ਚੰਗਿਆਈਆਂ ਦਾ ਨਿਚੋੜ ਹੈ, ਬਸ਼ਰਤੇ ਕਿ ਉਪਰੋਂ-ਉਪਰੋਂ ਮਿੱਠੀਆਂ ਗੱਲਾਂ ਕਰਨ ਦੀ ਥਾਂ ਇਨਸਾਨ ਦਾ ਮਨ ਸਾਫ ਹੋਵੇ। ਜਿਵੇਂ ਮੈਲੇ ਬਰਤਨ ਵਿੱਚ ਦੁੱਧ ਨਹੀਂ ਸੰਭਾਲਿਆ ਜਾ ਸਕਦਾ, ਉਵੇਂ ਮਨ ’ਚੋਂ ਈਰਖਾ, ਨਫ਼ਰਤ, ਨਿੰਦਿਆ-ਚੁਗਲੀ ਦੀ ਮੈਲ ਸਾਫ ਕੀਤੇ ਬਿਨਾਂ ਇਸ ਵਿੱਚ ਪ੍ਰਭੂ ਦਾ ਨਾਮ ਸੰਚਿਤ ਨਹੀਂ ਕੀਤਾ ਜਾ ਸਕਦਾ। ਧਨ-ਦੌਲਤ, ਤਾਕਤ, ਰੁਤਬਾ ਅਤੇ ਜਵਾਨੀ ਸਭ ਨਾਸ਼ਵਾਨ ਹਨ ਜਦਕਿ ਨਿਮਰਤਾ, ਸੇਵਾ ਅਤੇ ਪਰਉਪਕਾਰ ਦੇ ਗੁਣ ਸਦੀਵੀ ਸੁੱਖ ਦਿੰਦੇ ਹਨ। ਹੰਕਾਰ ਮਨੁੱਖ ਨੂੰ ਸਮਾਜ ਅਤੇ ਰਿਸ਼ਤਿਆਂ ਤੋਂ ਦੂਰ ਕਰ ਦਿੰਦਾ ਹੈ। ਗੁਰੂ ਜੀ ਅਨੁਸਾਰ ਜਦੋਂ ਇਹ ਸੋਝੀ ਆ ਜਾਵੇ ਕਿ ਸਭ ਕੁਝ ਪਰਮਾਤਮਾ ਦੇ ਹੁਕਮ ਵਿੱਚ ਹੁੰਦਾ ਹੈ ਤਾਂ ਫਿਰ ਹੰਕਾਰ ਨਹੀਂ ਰਹਿੰਦਾ। ਗੁਰੂ ਜੀ ਨੇ ਕਦੇ ਵੀ ਸ੍ਰੇਸ਼ਠ ਹੋਣ ਦਾ ਦਾਅਵਾ ਨਹੀਂ ਕੀਤਾ ਬਲਕਿ ਆਪਣੇ ਆਪ ਨੂੰ ਨੀਵਿਆਂ ਤੋਂ ਵੀ ਨੀਵਾਂ ਆਖਿਆ।

**ਸੰਤੋਖ ਅਤੇ ਭਾਣਾ**

ਸੰਤੋਖ ਦਾ ਭਾਵ ਹੈ ਕਿ ਜੋ ਆਪਣੇ ਕੋਲ ਹੈ, ਉਸ ਲਈ ਸ਼ੁਕਰਗੁਜ਼ਾਰ ਹੋਣਾ ਅਤੇ ਜੋ ਨਹੀਂ ਹੈ, ਉਸ ਦੀ ਲਾਲਸਾ ਕਾਰਨ ਦੁਖੀ ਨਹੀਂ ਹੋਣਾ। ਪਰਮਾਤਮਾ ਦੀ ਮਰਜ਼ੀ ਖੁਸ਼ੀ-ਖੁਸ਼ੀ ਮੰਨਣ ਨੂੰ ਭਾਣਾ ਮੰਨਣਾ ਕਹਿੰਦੇ ਹਨ। ਗੁਰਬਾਣੀ ਦੇ ਅਰਥ ਪੜ੍ਹ ਕੇ ਅਸੀਂ ਦੁਖ ਵਿੱਚ ਵੀ ਚੜ੍ਹਦੀਕਲਾ ਵਿੱਚ ਰਹਿਣ ਦੀ ਜੁਗਤ ਸਿੱਖ ਜਾਂਦੇ ਹਾਂ। ਇਸ ਤਰ੍ਹਾਂ ਅਸੀਂ ਤਣਾਅ, ਨਿਰਾਸ਼ਾ, ਡਿਪ੍ਰੈਸ਼ਨ ਅਤੇ ਆਤਮਘਾਤ ਵਰਗੀਆਂ ਮਾਨਸਿਕ ਬਿਮਾਰੀਆਂ ਤੋਂ ਬਚ ਕੇ ਸੰਤੁਲਿਤ ਜੀਵਨ ਜੀ ਸਕਦੇ ਹਾਂ।

**ਆਤਮਕ ਅਨੰਦ ਦੀ ਪ੍ਰਾਪਤੀ**

ਗੁਰੂ ਜੀ ਨੇ ਅਗੰਮੀ ਜੋਤ ਵਿੱਚ ਲੀਨ ਹੋਣ ਲਈ ਪ੍ਰਭੂ ਦੀਆਂ ਸੋਹਣੀਆਂ ਸਿਫਤਾਂ ਗਾਉਣ ਦਾ ਉਪਦੇਸ਼ ਦਿੱਤਾ ਅਤੇ ਆਨੰਦਮਈ ਕੀਰਤਨ ਨਾਲ ਸ਼ਿੰਗਾਰੀ ਰੂਹਾਨੀ ਜੀਵਨ ਸ਼ੈਲੀ ਬਖਸ਼ਿਸ਼ ਕੀਤੀ। ਮਨ ਦੇ ਖੇੜੇ ਲਈ ਹਾਨੀਕਾਰਕ ਨਸ਼ਿਆਂ ਦਾ ਸਹਾਰਾ ਲੈਣ ਦੀ ਬਜਾਏ ਪ੍ਰਭੂ ਦੇ ਨਾਮ ਰਸ ਵਿੱਚ ਚੁੱਭੀ ਲਾ ਕੇ ਪਰਮ ਸੁਖ ਦੀ ਪ੍ਰਾਪਤੀ ਲਈ ਪ੍ਰੇਰਿਆ। ਨਾਮ ਜਪਣ ਦਾ ਅਰਥ ਕੇਵਲ ਪਰਮਾਤਮਾ ਦਾ ਨਾਮ ਬਾਰ-ਬਾਰ ਬੋਲਣਾ ਹੀ ਨਹੀਂ ਸਗੋਂ ਸੰਪੂਰਨ ਤੌਰ ’ਤੇ ਆਪਣੇ ਵਿਚਾਰਾਂ ਅਤੇ ਅਮਲਾਂ ਨੂੰ ਗੁਰਬਾਣੀ ਦੀ ਸਿੱਖਿਆ ਅਨੁਸਾਰ ਢਾਲ ਕੇ ਆਪਣੇ ਆਪ ਨੂੰ ਸਦੀਵੀ ਜੋਤ ਅੱਗੇ ਸਮਰਪਿਤ ਕਰਨਾ ਹੁੰਦਾ ਹੈ।

**ਸਾਦਾ ਜੀਵਨ**

ਗੁਰੂ ਨਾਨਕ ਸਾਹਿਬ ਨੇ ਜੋ ਸਿੱਖਿਆਵਾਂ ਦਿਤੀਆਂ, ਉਨ੍ਹਾਂ ਦੀ ਆਪ ਵੀ ਪਾਲਣਾ ਕੀਤੀ। ਉਨ੍ਹਾਂ ਗਰੀਬ ਤਰਖਾਣ ਭਾਈ ਲਾਲੋ ਦੇ ਘਰ ਰੁੱਖਾ-ਸੁੱਖਾ ਪ੍ਰਸ਼ਾਦਾ ਛਕਿਆ ਅਤੇ ਭ੍ਰਿਸ਼ਟ ਮਲਿਕ ਭਾਗੋ ਦੀਆਂ ਸ਼ਾਹੀ ਦਾਅਵਤਾਂ ਠੁਕਰਾਈਆਂ। ਉਨ੍ਹਾਂ ਆਪਣੇ ਬੱਚਿਆਂ ਲਈ ਧਨ-ਦੌਲਤ ਇਕੱਠੀ ਨਹੀਂ ਕੀਤੀ, ਸਾਦਾ ਪਹਿਰਾਵਾ ਪਹਿਨਿਆ, ਆਪ ਖੇਤਾਂ ਵਿੱਚ ਕੰਮ ਕੀਤਾ ਅਤੇ ਰੋਗੀਆਂ ਦੀ ਹੱਥੀਂ ਸੇਵਾ ਕੀਤੀ।

ਗੁਰੂ ਜੀ ਦੀਆਂ ਸਿੱਖਿਆਵਾਂ ਕੇਵਲ ਸਿੱਖਾਂ ਨੂੰ ਨਹੀਂ ਸਗੋਂ ਸਮੁੱਚੀ ਮਨੁੱਖਤਾ ਨੂੰ ਰਾਹ ਦਰਸਾਉਂਦੀਆਂ ਹਨ। ਭਾਈ ਗੁਰਦਾਸ ਜੀ ਨੇ ਸਹੀ ਫੁਰਮਾਇਆ ਹੈ ਕਿ ਗੁਰੂ ਨਾਨਕ ਸਾਹਿਬ ਦੇ ਪ੍ਰਗਟ ਹੋਣ ਨਾਲ ਅਗਿਆਨਤਾ ਦੀ ਧੁੰਦ ਮਿਟ ਗਈ ਅਤੇ ਜਗ ਵਿਚ ਗਿਆਨ ਦਾ ਚਾਨਣ ਫੈਲ ਗਿਆ। ਸਾਡਾ ਗੁਰਪੁਰਬ ਮਨਾਇਆ ਤਾਂ ਹੀ ਸਫਲ ਹੈ ਜੇ ਅਸੀਂ ਗੁਰੂ ਜੀ ਦੀਆਂ ਸਿੱਖਿਆਵਾਂ ’ਤੇ ਚੱਲ ਕੇ ਸਰਬੱਤ ਦੇ ਭਲੇ ਲਈ ਯਤਨਸ਼ੀਲ ਹੋਈਏ।

# ਮਨੁੱਖੀ ਅਧਿਕਾਰਾਂ ਦੇ ਰਾਖੇ ਸ੍ਰੀ ਗੁਰੂ ਤੇਗ਼ ਬਹਾਦਰ ਜੀ

ਡਾ. ਅਮਨਦੀਪ ਸਿੰਘ ਟੱਲੇਵਾਲੀਆ

ਗੁਰੂ ਨਾਨਕ ਦੇਵ ਨੇ ਬਿਨਾਂ ਕਿਸੇ ਡਰ, ਭੈਅ ਦੇ ਬਾਬਰ ਦੀ ਫੌਜ ਨੂੰ ‘ਪਾਪ ਦੀ ਜੰਞ’ ਕਹਿ ਕੇ ਵੰਗਾਰਿਆ, ਸੁੱਤੇ ਹੋਏ ਲੋਕਾਂ ਨੂੰ ਹਲੂਣਿਆ ਅਤੇ ਜ਼ੁਲਮ ਖ਼ਿਲਾਫ਼ ਲੜਨ ਲਈ ਕਿਹਾ। ਇਸੇ ਰਸਤੇ ’ਤੇ ਚੱਲਦਿਆਂ ਨਾਨਕ ਦੇ ਘਰ ਦੇ ਨੌਵੇਂ ਵਾਰਸ ਗੁਰੂ ਤੇਗ ਬਹਾਦਰ ਸਾਹਿਬ ਨੇ ਦੁਖੀ ਲੋਕਾਂ ਦੀ ਬਾਂਹ ਫੜੀ ਅਤੇ ‘ਸੀਸੁ ਦੀਆ ਪਰੁ ਸਿਰਰੁ ਨ ਦੀਆ’ ਦੇ ਮਹਾਂਵਾਕ ਨੂੰ ਦ੍ਰਿੜ੍ਹ ਕਰਦਿਆਂ ਆਪਣਾ ਸਭ ਕੁੱਝ ਲੋਕਾਂ ਲਈ ਵਾਰ ਦਿੱਤਾ ਅਤੇ ਇਸ ਘਟਨਾ ਨੇ ਲੋਕਾਂ ਅੰਦਰ ਇੱਕ ਨਵੀਂ ਰੂਹ ਜਾਗ੍ਰਿਤ ਕੀਤੀ, ਜੋ 1699 ਦੀ ਵਿਸਾਖੀ ਨੂੰ ਇੱਕ ਨਵਾਂ ਰੂਪ ਅਖਤਿਆਰ ਕਰਕੇ ‘ਖ਼ਾਲਸਾ ਪੰਥ’ ਦੇ ਰੂਪ ਵਿੱਚ ਪ੍ਰਗਟ ਹੋਈ।

ਗੁਰੂ ਤੇਗ ਬਹਾਦਰ ਦਾ ਜਨਮ ਅਪ੍ਰੈਲ 1621 ਨੂੰ ਅੰਮ੍ਰਿਤਸਰ ਵਿੱਚ ਗੁਰੂ ਹਰਿਗੋਬਿੰਦ ਸਾਹਿਬ ਅਤੇ ਮਾਤਾ ਨਾਨਕੀ ਜੀ ਦੇ ਘਰ ਹੋਇਆ। ਗੁਰੂ ਸਾਹਿਬ ਦਾ ਬਚਪਨ ਦਾ ਨਾਂ ਤਿਆਗ ਮੱਲ ਸੀ। ਕਰਤਾਰਪੁਰ ਦੀ ਜੰਗ ਵਿੱਚ ਤੇਗ ਦੇ ਜੌਹਰ ਦੇਖ ਕੇ ਗੁਰੂ ਹਰਿਗੋਬਿੰਦ ਸਾਹਿਬ ਨੇ ਉਨ੍ਹਾਂ ਦਾ ਨਾਂ (ਗੁਰੂ) ਤੇਗ ਬਹਾਦਰ ਰੱਖਿਆ। ਉਹ ਸੱਚੇ ਦਿਲੋਂ ਰੱਬ ਨੂੰ ਧਿਆਉਂਦੇ ਅਤੇ ਇੱਕ ਅਕਾਲ ਪੁਰਖ ਵਿੱਚ ਵਿਸ਼ਵਾਸ ਰੱਖਦੇ ਸਨ। ਇਹੀ ਕਾਰਨ ਸੀ ਕਿ ਮੱਖਣ ਸ਼ਾਹ ਲੁਬਾਣਾ ਨੂੰ ਅਸਲੀ ਗੁਰੂ ਦਾ ਅਹਿਸਾਸ ਹੋਇਆ ਸੀ। ਜਦੋਂ ਗੁਰੂ ਸਾਹਿਬ ਗੱਦੀ ’ਤੇ ਬਿਰਾਜਮਾਨ ਹੋਏ ਤਾਂ ਉਸ ਵੇਲੇ ਧੀਰਮੱਲੀਆਂ ਅਤੇ ਕਈ ਭੇਖੀਆਂ ਨੇ ਮੰਜੀਆਂ ਸਥਾਪਤ ਕਰ ਲਈਆਂ ਅਤੇ ਹਰ ਕੋਈ ਆਪਣੇ ਆਪ ਨੂੰ ਗੁਰੂ ਅਖਵਾਉਣ ਲੱਗਾ। ਜਦੋਂ ਅੱਠਵੇਂ ਗੁਰੂ ਹਰਿਕ੍ਰਿਸ਼ਨ ਜੀ ਇਸ ਸੰਸਾਰ ਨੂੰ ਅਲਵਿਦਾ ਕਹਿਣ ਲੱਗੇ ਤਾਂ ਸੰਗਤ ਨੇ ਗੁਰੂ ਜੀ ਤੋਂ ਪੁੱਛਿਆ ਕਿ ਸੰਗਤ ਦੀ ਵਾਗਡੋਰ ਸੰਭਾਲਣ ਵਾਲਾ ਕੌਣ ਹੈ, ਤਾਂ ਗੁਰੂ ਸਾਹਿਬ ਨੇ ਬਾਬੇ ਬਕਾਲੇ ਵੱਲ ਇਸ਼ਾਰਾ ਕੀਤਾ, ਜਿੱਥੇ ਗੁਰੂ ਤੇਗ ਬਹਾਦਰ ਸਾਹਿਬ ਬਿਰਾਜਮਾਨ ਸਨ। ਬਾਬੇ ਬਕਾਲੇ ਦਾ ਨਾਂ ਸੁਣਦਿਆਂ ਹੀ ਕਈ ਪਾਖੰਡੀਆਂ ਨੇ ਆਪਣੇ ਡੇਰੇ ਬਾਬੇ ਬਕਾਲੇ ਲਾ ਲਏ। ਇਹ ਤਾਂ ਮੱਖਣ ਸ਼ਾਹ ਲੁਬਾਣਾ ਸੀ, ਜਿਸ ਨੂੰ ਅਹਿਸਾਸ ਹੋਇਆ ਕਿ ਅਸਲੀ ਗੁਰੂ ਤਾਂ ਗੁਰੂ ਤੇਗ ਬਹਾਦਰ ਜੀ ਹਨ ਅਤੇ ਉਸ ਨੇ ‘ਗੁਰੂ ਲਾਧੋ ਰੇ, ਗੁਰੂ ਲਾਧੋ ਰੇ’ ਦਾ ਹੋਕਾ ਲਾਇਆ। ਜਿਸ ਵੇਲੇ ਗੁਰੂ ਸਾਹਿਬ ਗੱਦੀ ’ਤੇ ਬਿਰਾਜਮਾਨ ਹੋਏ ਤਾਂ ਉਨ੍ਹਾਂ ਦੀ ਉਮਰ ਲਗਪਗ 44 ਸਾਲ ਦੀ ਸੀ। ਗੁਰਿਆਈ ਪ੍ਰਾਪਤ ਕਰਨ ਮਗਰੋਂ ਉਹ ਅੰਮ੍ਰਿਤਸਰ ਦਰਬਾਰ ਸਾਹਿਬ ਦੇ ਦਰਸ਼ਨਾਂ ਨੂੰ ਗਏ ਪਰ ਹਰ ਜੀ ਮੀਣੇ ਨੇ ਦਰਬਾਰ ਸਾਹਿਬ ਦੇ ਕਿਵਾੜ ਬੰਦ ਕਰ ਦਿੱਤੇ। ਗੁਰੂ ਸਾਹਿਬ ਨੇ ਦਰੱਖਤ ਹੇਠ ਦੀਵਾਨ ਸਜਾਇਆ ਅਤੇ ਕੀਰਤਨ ਕੀਤਾ, ਜਿਸ ਥਾਂ ਅੱਜਕੱਲ੍ਹ ਅਕਾਲ ਤਖ਼ਤ ਸਾਹਿਬ ਦੇ ਬਿਲਕੁਲ ਨੇੜੇ ਗੁਰਦੁਆਰਾ ਥੜ੍ਹਾ ਸਾਹਿਬ ਸੁਸ਼ੋਭਿਤ ਹੈ।

ਧੀਰ ਮੱਲ ਕੋਲੋਂ ਗੁਰੂ ਜੀ ਦੀ ਸ਼ੋਭਾ ਜਰੀ ਨਾ ਗਈ ਅਤੇ ਉਸ ਨੇ ਗੁਰੂ ਜੀ ਨੂੰ ਮਰਵਾਉਣ ਦੀਆਂ ਕਈ ਕੋਸ਼ਿਸ਼ਾਂ ਕੀਤੀਆਂ। ਗੁਰੂ ਸਾਹਿਬ ਇੱਕ ਸ਼ਾਂਤ ਚਿੱਤ ਇਨਸਾਨ ਸਨ। ਉਹ ਨਹੀਂ ਸਨ ਚਾਹੁੰਦੇ ਕਿ ਧੀਰ ਮੱਲੀਆਂ ਨਾਲ ਨਿੱਤ ਦੇ ਲੜਾਈ-ਝਗੜੇ ਹੁੰਦੇ ਰਹਿਣ। ਇਸ ਕਰਕੇ ਗੁਰੂ ਸਾਹਿਬ ਕੀਰਤਪੁਰ ਸਾਹਿਬ ਆ ਗਏ। ਇੱਥੇ ਆ ਕੇ ਉਨ੍ਹਾਂ ਬਿਲਾਸਪੁਰ ਦੇ ਰਾਜੇ ਭੀਮ ਚੰਦ ਤੋਂ ਜ਼ਮੀਨ ਲੈ ਕੇ ਆਪਣੇ ਮਾਤਾ ਜੀ ਦੇ ਨਾਂ ’ਤੇ ਚੱਕ ਨਾਨਕੀ ਨਾਂ ਦਾ ਨਗਰ ਵਸਾਇਆ, ਜਿਸ ਨੂੰ ਬਾਅਦ ਵਿੱਚ ਆਨੰਦਪੁਰ ਸਾਹਿਬ ਆਖਿਆ ਜਾਣ ਲੱਗਾ।

ਸਿੱਖੀ ਦਾ ਪ੍ਰਚਾਰ ਕਰਦੇ ਕਰਦੇ ਗੁਰੂ ਸਾਹਿਬ ਸੈਫਾਬਾਦ, ਕੈਥਲ, ਪਿਹੋਵਾ, ਕਰਨਖੇੜਾ, ਕੁਰੂਕਸ਼ੇਤਰ, ਮਥੁਰਾ ਹੁੰਦੇ ਹੋਏ ਆਗਰੇ ਮਾਈ ਜੱਸੀ ਕੋਲ ਜਾ ਪਹੁੰਚੇ, ਜਿੱਥੇ ਅੱਜ-ਕੱਲ੍ਹ ਗੁਰਦੁਆਰਾ ਮਾਈ ਥਾਣ ਸੁਸ਼ੋਭਿਤ ਹੈ। ਆਗਰੇ ਤੋਂ ਬਾਅਦ ਇਲਾਹਾਬਾਦ, ਬਨਾਰਸ ਹੁੰਦੇ ਹੋਏ ਗੁਰੂ ਸਾਹਿਬ ਚਾਰ ਮਹੀਨੇ ਪਟਨੇ ਠਹਿਰੇ। ਆਪਣੇ ਪਰਿਵਾਰ ਨੂੰ ਪਟਨੇ ਛੱਡ ਕੇ ਉਹ ਅਗਲੀ ਯਾਤਰਾ ’ਤੇ ਤੁਰ ਗਏ। ਜਦੋਂ ਗੋਬਿੰਦ ਰਾਏ ਦਾ ਜਨਮ ਹੋਇਆ ਤਾਂ ਉਹ ਅਸਾਮ ਵੱਲ ਗਏ ਹੋਏ ਸਨ। ਜਨਮ ਤੋਂ ਕਰੀਬ ਅੱਠ ਮਹੀਨਿਆਂ ਬਾਅਦ ਉਨ੍ਹਾਂ ਨੇ ਪੁੱਤਰ ਦੇ ਦਰਸ਼ਨ ਕੀਤੇ। ਜਦੋਂ ਗੁਰੂ ਸਾਹਿਬ ਅਸਾਮ ਵਿੱਚ ਸਨ ਤਾਂ ਲੋਕ ਇੱਧਰ ਔਰੰਗਜ਼ੇਬ ਦੀ ਨੀਤੀ ਤੋਂ ਬਹੁਤ ਤੰਗ ਸਨ। ਸੋ ਅਜਿਹੇ ਸਮੇਂ ਗੁਰੂ ਜੀ ਆਪਣੇ ਲੋਕਾਂ ਵਿੱਚ ਰਹਿਣਾ ਚਾਹੁੰਦੇ ਸਨ। ਇਸ ਮਗਰੋਂ ਗੁਰੂ ਸਾਹਿਬ ਅਸਾਮ ਤੋਂ ਵਾਪਸ ਪਟਨੇ ਪਹੁੰਚੇ। ਪੁੱਤਰ ਦੇ ਦਰਸ਼ਨ ਕਰਨ ਤੋਂ ਬਾਅਦ ਉਹ ਆਨੰਦਪੁਰ ਸਾਹਿਬ ਆ ਗਏ। ਕੁੱਝ ਚਿਰ ਪਿੱਛੋਂ ਸਾਰਾ ਪਰਿਵਾਰ ਵੀ ਆਨੰਦਪੁਰ ਸਾਹਿਬ ਬੁਲਾ ਲਿਆ।

ਆਨੰਦਪੁਰ ਸਾਹਿਬ ਵਿੱਚ ਹੀ ਉਨ੍ਹਾਂ ਬਾਲਕ ਗੋਬਿੰਦ ਰਾਏ ਨੂੰ ਸ਼ਸਤਰ ਵਿੱਦਿਆ ਦੇਣੀ ਸ਼ੁਰੂ ਕੀਤੀ। ਇੱਕ ਦਿਨ ਆਨੰਦਪੁਰ ਸਾਹਿਬ ਵਿੱਚ ਹੀ ਮਟਨ ਦੇ ਬ੍ਰਾਹਮਣ ਪੰਡਿਤ ਕਿਰਪਾ ਰਾਮ ਦੀ ਅਗਵਾਈ ਵਿੱਚ ਪਹੁੰਚੇ। ਉਨ੍ਹਾਂ ਨੇ ਗੁਰੂ ਸਾਹਿਬ ਨੂੰ ਔਰੰਗਜ਼ੇਬ ਵੱਲੋਂ ਕੀਤੇ ਜਾ ਰਹੀ ਜ਼ੁਲਮਾਂ ਦੀ ਸਾਰੀ ਹਡਬੀਤੀ ਸੁਣਾਈ। ਇਹ ਸੁਣ ਕੇ ਗੁਰੂ ਸਾਹਿਬ ਸੋਚੀਂ ਪੈ ਗਏ। ਉਸ ਵੇਲੇ ਬਾਲ ਗੋਬਿੰਦ ਰਾਏ, ਜਿਨ੍ਹਾਂ ਦੀ ਉਮਰ ਕੇਵਲ ਨੌਂ ਸਾਲ ਸੀ, ਕੋਲ ਖੜ੍ਹੇ ਸਨ। ਉਹ ਗੁਰੂ ਸਾਹਿਬ ਨੂੰ ਕਹਿਣ ਲੱਗੇ, ‘ਪਿਤਾ ਜੀ ਚੁੱਪ ਕਿਉਂ ਹੋ ਗਏ?’ ਤਾਂ ਗੁਰੂ ਤੇਗ ਬਹਾਦਰ ਸਾਹਿਬ ਨੇ ਕਿਹਾ ਕਿ ਇਨ੍ਹਾਂ ਦੀ ਰਾਖੀ ਲਈ ਕਿਸੇ ਮਹਾਪੁਰਖ ਦੀ ਕੁਰਬਾਨੀ ਦੀ ਲੋੜ ਹੈ ਤਾਂ ਬਾਲ ਗੋਬਿੰਦ ਨੇ ਕਿਹਾ, ‘ਪਿਤਾ ਜੀ ਤੁਹਾਡੇ ਤੋਂ ਵੱਡਾ ਮਹਾਪੁਰਖ ਹੋਰ ਕੌਣ ਹੋ ਸਕਦਾ ਹੈ?’ ਆਪਣੇ ਪੁੱਤਰ ਦੇ ਮੂੰਹੋਂ ਇਹ ਗੱਲ ਸੁਣ ਕੇ ਗੁਰੂ ਸਾਹਿਬ ਨੇ ਬ੍ਰਾਹਮਣਾਂ ਨੂੰ ਕਿਹਾ, ‘ਜਾਓ ਅਤੇ ਔਰੰਗਜ਼ੇਬ ਨੂੰ ਕਹਿ ਦਿਓ ਕਿ ਜੇ ਸਾਡਾ ਗੁਰੂ ਧਰਮ ਬਦਲ ਲਵੇ ਤਾਂ ਅਸੀਂ ਸਾਰੇ ਇਸਲਾਮ ਕਬੂਲ ਕਰ ਲਵਾਂਗੇ।’ ਜਦੋਂ ਇਸ ਗੱਲ ਦਾ ਪਤਾ ਔਰੰਗਜ਼ੇਬ ਨੂੰ ਲੱਗਿਆ ਤਾਂ ਉਸ ਨੇ ਗੁਰੂ ਜੀ ਦੀ ਗ੍ਰਿਫਤਾਰੀ ਦੇ ਹੁਕਮ ਦੇ ਦਿੱਤੇ। ਗੁਰੂ ਸਾਹਿਬ ਸ਼ਾਂਤ ਚਿੱਤ ਨਿਮਰਤਾ ਨਾਲ ਭਰਪੂਰ ਇਨਸਾਨ ਤਾਂ ਸਨ ਪਰ ਉਹ ਦੂਜਿਆਂ ’ਤੇ ਹੁੰਦੇ ਨਾਜਾਇਜ਼ ਧੱਕੇ ਨੂੰ ਬਰਦਾਸ਼ਤ ਨਹੀਂ ਸਨ ਕਰ ਸਕਦੇ। ਭਾਵੇਂ ਉਨ੍ਹਾਂ ਨੇ ਆਪ ਤਾਂ ਜਨੇਊ ਨਹੀਂ ਪਾਇਆ ਸੀ ਪਰ ਉਹ ਕਿਸੇ ਦਾ ਜਨੇਊ ਉਤਰਦਾ ਦੇਖਣਾ ਵੀ ਪਸੰਦ ਨਹੀਂ ਸਨ ਕਰਦੇ। ਉਹ ਇਸ ਗੱਲ ’ਤੇ ਵਿਸ਼ਵਾਸ ਕਰਦੇ ਸਨ:

ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥
ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ ॥
(ਪੰਨਾ 1427)

ਗੁਰੂ ਜੀ ਦੀ ਗ੍ਰਿਫਤਾਰੀ ਦਾ ਹੁਕਮ ਲਾਹੌਰ ਦੇ ਗਵਰਨਰ ਨੂੰ ਭੇਜਿਆ ਗਿਆ। ਲਾਹੌਰ ਦੇ ਗਵਰਨਰ ਨੇ ਉਹੀ ਹੁਕਮ ਸਰਹਿੰਦ ਦੇ ਫ਼ੌਜਦਾਰ ਦਿਲਾਵਰ ਖਾਂ ਨੂੰ ਦਿੱਤਾ ਅਤੇ ਦਿਲਾਵਰ ਖਾਂ ਨੇ ਰੋਪੜ ਦੇ ਕੋਤਵਾਲ ਮਿਰਜ਼ਾ ਨੂਰ ਮੁਹੰਮਦ ਖਾਨ ਕੋਲ ਪਹੁੰਚਾਇਆ। ਨਾਲ ਹੀ ਇਸ ਗੱਲ ਨੂੰ ਆਮ ਲੋਕਾਂ ਕੋਲੋਂ ਲੁਕਾ ਕੇ ਰੱਖਣ ਦੀ ਹਦਾਇਤ ਕੀਤੀ ਗਈ। ਇੱਕ ਦਿਨ ਜਦੋਂ ਗੁਰੂ ਸਾਹਿਬ ਆਨੰਦਪੁਰ ਸਾਹਿਬ ਤੋਂ ਬਾਹਰ ਜਾਣ ਲਈ ਰੋਪੜ ਦੇ ਨੇੜੇ ਪਿੰਡ ਮਲਕਪੁਰ ਰੰਘੜਾਂ ਵਿੱਚ ਰਾਤ ਠਹਿਰੇ ਤਾਂ ਸੂਹੀਏ ਨੇ ਇਹ ਖਬਰ ਰੋਪੜ ਦੇ ਕੋਤਵਾਲ ਨੂੰ ਦਿੱਤੀ। ‘ਦਸਮੇਸ਼ ਪ੍ਰਕਾਸ਼’ ਵਿੱਚ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹੀਦੀ ਸਬੰਧੀ ਲਿਖਿਆ ਹੈ ਕਿ ਉਨ੍ਹਾਂ ਆਪ ਦਿੱਲੀ ਵਿੱਚ ਜਾ ਕੇ ਗ੍ਰਿਫਤਾਰੀ ਦਿੱਤੀ ਸੀ। ‘ਸ੍ਰੀ ਸੋਢੀ ਚਮਤਕਾਰ’ ਵਿੱਚ ਗੁਰੂ ਸਾਹਿਬ ਦੀ ਗ੍ਰਿਫਤਾਰੀ ਆਗਰੇ ਵਿੱਚ ਦੱਸੀ ਗਈ ਹੈ। ਡਾ. ਗੰਡਾ ਸਿੰਘ ਅਤੇ ਪ੍ਰਿੰ. ਤੇਜਾ ਸਿੰਘ ਨੇ ਗੁਰੂ ਸਾਹਿਬ ਦੀ ਗ੍ਰਿਫਤਾਰੀ ਰੋਪੜ ਲਾਗੇ ਮਲਕਪੁਰ ਰੰਘੜਾਂ ’ਚ ਦੱਸੀ ਹੈ। ਗੁਰੂ ਜੀ ਨੂੰ ਗ੍ਰਿਫਤਾਰ ਕਰਕੇ ਸਰਹਿੰਦ ਲਿਆਂਦਾ ਗਿਆ। ਇਥੋਂ ਗੁਰੂ ਸਾਹਿਬ ਨੂੰ ਗ੍ਰਿਫਤਾਰ ਕਰਕੇ ਦਿੱਲੀ ਦਰਬਾਰ ਵਿੱਚ ਔਰੰਗਜ਼ੇਬ ਅੱਗੇ ਪੇਸ਼ ਕੀਤਾ ਗਿਆ। ਗੁਰੂ ਸਾਹਿਬ ਨੂੰ ਇਸਲਾਮ ਕਬੂਲ ਕਰਨ ਲਈ ਕਿਹਾ ਗਿਆ ਪਰ ਗੁਰੂ ਸਾਹਿਬ ਆਪਣੇ ਇਰਾਦੇ ’ਤੇ ਦ੍ਰਿੜ੍ਹ ਰਹੇ। ਗੁਰੂ ਸਾਹਿਬ ਨੂੰ ਧਮਕਾਉਣ ਲਈ ਪਹਿਲਾਂ ਉਨ੍ਹਾਂ ਦੇ ਤਿੰਨ ਸਿੱਖਾਂ ਨੂੰ ਸ਼ਹੀਦ ਕੀਤਾ ਗਿਆ। ਭਾਈ ਮਤੀ ਦਾਸ ਨੂੰ ਦੋ ਥੰਮਾਂ ਨਾਲ ਬੰਨ੍ਹ ਕੇ ਆਰੇ ਨਾਲ ਚੀਰਿਆ ਗਿਆ, ਭਾਈ ਦਿਆਲਾ ਜੀ ਨੂੰ ਉਬਲਦੀ ਦੇਗ ’ਚ ਉਬਾਲਿਆ ਗਿਆ ਅਤੇ ਭਾਈ ਸਤੀ ਦਾਸ ਨੂੰ ਜਿਉਂਦਿਆਂ ਨੂੰ ਰੂੰ ’ਚ ਲਪੇਟ ਕੇ ਅੱਗ ਲਾ ਦਿੱਤੀ। ਇੰਨਾ ਕੁੱਝ ਹੋਣ ਦੇ ਬਾਵਜੂਦ ਵੀ ਉਹ ਅਡੋਲ ਰਹੇ ਅਤੇ ਅਕਾਲਪੁਰਖ ਦਾ ਸਿਮਰਨ ਕਰਦੇ ਰਹੇ। ਅੰਤ ਘੜੀ ਆ ਗਈ ਸ਼ਹੀਦ ਹੋਣ ਦੀ। ਕਾਜੀ ਸ਼ੇਖਲ ਇਸਲਾਮ ਦੇ ਫਤਵੇ ਅਤੇ ਸ਼ਾਹੀ ਮਨਜ਼ੂਰੀ ਨਾਲ ਗੁਰੂ ਜੀ ਨੂੰ 1675 ਈ: ਨੂੰ ਸ਼ਹੀਦ ਕਰ ਦਿੱਤਾ ਗਿਆ। ਗੁਰੂ ਜੀ ਦਾ ਸੀਸ ਧੜ ਨਾਲੋਂ ਵੱਖ ਕਰ ਦਿੱਤਾ। ਇਸ ਸ਼ਹੀਦੀ ਸਾਕੇ ਦਾ ਵਰਨਣ ਗੁਰੂ ਗੋਬਿੰਦ ਸਿੰਘ ਜੀ ਨੇ ‘ਬਚਿੱਤ੍ਰ ਨਾਟਕ’ ਵਿੱਚ ਇਸ ਤਰ੍ਹਾਂ ਕੀਤਾ ਹੈ:

ਠੀਕਰ ਫੋਰਿ ਦਿਲੀਸ ਸਿਰਿ ਪ੍ਰਭ ਪੁਰਿ ਕੀਯਾ ਪਯਾਨ ॥
ਤੇਗ ਬਹਾਦੁਰ ਸੀ ਕ੍ਰਿਆ ਕਰੀ ਨ ਕਿਨਹੂੰ ਆਨਿ ॥
ਤੇਗ ਬਹਾਦੁਰ ਕੇ ਚਲਤ ਭਯੋ ਜਗਤ ਕੋ ਸੋਕ ॥
ਹੈ ਹੈ ਹੈ ਸਭ ਜਗ ਭਯੋ ਜੈ ਜੈ ਜੈ ਸੁਰ ਲੋਕਿ ॥

ਸ਼ਹਾਦਤ ਤੋਂ ਬਾਅਦ ਗੁਰੂ ਜੀ ਦਾ ਸੀਸ ਭਾਈ ਜੈਤਾ ਸੀ ਚੁੱਕ ਕੇ ਗੁਰੂ ਗੋਬਿੰਦ ਸਿੰਘ ਜੀ ਕੋਲ ਆਨੰਦਪੁਰ ਸਾਹਿਬ ਲੈ ਆਏ। ਗੁਰੂ ਜੀ ਨੇ ਉਸ ਨੂੰ ਰੰਘਰੇਟੇ ਗੁਰੂ ਕੇ ਬੇਟੇ ਦੇ ਵਰ ਨਾਲ ਨਿਵਾਜਿਆ। ਗੁਰੂ ਜੀ ਦੇ ਧੜ ਦਾ ਸਸਕਾਰ ਲੱਖੀ ਸ਼ਾਹ ਵਣਜਾਰੇ ਨੇ ਆਪਣੇ ਘਰ ਨੂੰ ਅੱਗ ਲਾ ਕੇ ਕੀਤਾ। ਇਸ ਥਾਂ ’ਤੇ ਅੱਜ-ਕੱਲ੍ਹ ਗੁਰਦੁਆਰਾ ਰਕਾਬ ਗੰਜ ਸਾਹਿਬ ਬਣਿਆ ਹੋਇਆ ਹੈ।

# 22 ਮੰਜੀਆਂ (ਉਪਦੇਸ਼ਕ ਗੱਦੀਆਂ)



ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

ਕਿਸੇ ਵੀ ਸਮਾਜਿਕ ਪ੍ਰਬੰਧ ਜਾਂ ਧਰਮ ਨੂੰ ਕਾਇਮ ਰਹਿਣ ਲਈ ਉਹਨਾਂ ਸਮਾਜਿਕ ਕਦਰਾਂ ਕੀਮਤਾਂ ਦੀ ਸੰਭਾਲ ਕਰਨੀ ਪੈਂਦੀ ਹੈ, ਜਿਸ ਦੇ ਸਹਾਰੇ ਉਹ ਕਾਇਮ ਹੈ। ਚੱਜ ਆਚਾਰ ਦਾ ਤੱਤ ਉਹ ਮਨੋਰਥ ਹੈ, ਜੋ ਇਸ ਪ੍ਰਬੰਧ ਨੂੰ ਤੋਰਦਾ ਹੈ। ਗੁਰੂ ਨਾਨਕ ਦੇਵ ਜੀ ਨੇ ਮਾਨਵਤਾ ਦੀ ਭਲਾਈ ਦੇ ਸੰਕਲਪ ਨੂੰ ਤੋਰਨ ਲਈ ਪਹਿਲੀ ਉਦਾਸੀ ਵਿੱਚ ਹਿੰਦੂ ਪੁਰਬਾਂ ਸਮੇਂ ਭਾਰਤ ਦੇ ਸਾਰੇ ਹਿੰਦੂ ਤੀਰਥਾਂ ਵਿਖੇ ਆਪਣਾ ਪ੍ਰਚਾਰ ਕਾਇਮ ਰੱਖਣ ਲਈ ਕਈ ਥਾਈਂ ਪ੍ਰਚਾਰ ਕੇਂਦਰ ਬਣਾਏ ਅਤੇ ਯੋਗ ਸਿੱਖ ਪ੍ਰਚਾਰਕ ਥਾਪੇ, ਪ੍ਰਚਾਰਕ ਨੇ ਗੁਰ ਉਪਦੇਸ਼ ਸਰਵਣ ਕਰਾਉਣ ਵੇਲੇ ਆਪਣੇ ਸਾਹਮਣੇ ਬੈਠੀ ਸੰਗਤ ਵੱਲ ਨਿਗਾਹ ਮਾਰਨੀ ਹੁੰਦੀ ਹੈ। ਜਿਸ ਲਈ ਉਸ ਨੂੰ ਉੱਚੇ ਥਾਂ ਬੈਠਣਾ ਪੈਂਦਾ ਹੈ। ਉੱਚੇ ਥਾਂ ਲਈ ਆਮ ਤੌਰ ’ਤੇ ਮੰਜੀ ਹੀ ਵਰਤੀ ਜਾਂਦੀ ਸੀ। ਜਿਸ ਉੱਤੇ ਬੈਠ ਕੇ ਪ੍ਰਚਾਰਕ ਸੰਗਤ ਨੂੰ ਗੁਰਮਤਿ ਦੀ ਕਥਾ ਸੁਣਾਉਂਦਾ ਸੀ। ਹਰੇਕ ਸਿੱਖ ਆਪਣੇ ਆਪ ਪ੍ਰਚਾਰਕ ਨਹੀਂ ਸੀ ਬਣ ਜਾਂਦਾ। ਪ੍ਰਚਾਰ ਉਹੀ ਕਰਦਾ ਸੀ ਜਿਸ ਨੂੰ ਸਤਿਗੁਰੂ ਵੱਲੋਂ ਪ੍ਰਵਾਨਗੀ ਮਿਲੇ। ਸਿੱਖਾਂ ਵਿੱਚ ਇਹ ਉੱਚੀ ਧਾਰਮਿਕ ਪਦਵੀ ਬੜੇ ਸਤਿਕਾਰ ਤੇ ਇਤਬਾਰ ਵਾਲੀ ਸੀ। ਪ੍ਰਚਾਰਕ ਨੂੰ ਮੰਜੀ ਬਖਸ਼ੀ ਵਾਲਾ ਕਿਹਾ ਜਾਂਦਾ ਸੀ। ਗੁਰੂ ਨਾਨਕ ਦੇਵ ਜੀ ਪਹਿਲੀ ਉਦਾਸੀ ਸਮੇਂ ਯੋਗ ਸਿੱਖਾਂ ਨੂੰ ਮੰਜੀ ਬਖ਼ਸ਼ਦੇ ਗਏ। ਗੁਰੂ ਨਾਨਕ ਦੇਵ ਜੀ ਨੇ ਧਰਮਸ਼ਾਲਾ,ਸੰਗਤ, ਲੰਗਰ ਤੇ ਮੰਜੀਆਂ ਆਦਿ ਧਾਰਮਿਕ ਸੰਸਥਾਵਾਂ ਚਲਾਈਆਂ। ਗੁਰੂ ਸਾਹਿਬ ਨੇ ਆਪਣੀਆਂ ਪ੍ਰਚਾਰ ਉਦਾਸੀਆਂ ਪੂਰੀਆਂ ਕਰਨ ਪਰੰਤ ਕਰਤਾਰਪੁਰ ਨਿਵਾਸ ਕੀਤਾ। ਇਹ ਸਥਾਨ ਸਿੱਖ ਧਰਮ ਦੀ ਕੇਂਦਰੀ ਧਰਮਸ਼ਾਲਾ ਬਣ ਗਿਆ। ਜਿਥੇ ਉਹਨਾਂ ਦੇ ਪੈਰੋਕਾਰ ਗੁਰ ਦਰਸ਼ਨਾਂ ਲਈ ਇਕੱਠੇ ਹੁੰਦੇ ਸਨ। ਗੁਰੂ ਅੰਗਦ ਦੇਵ ਜੀ ਨੇ ਗੁਰੂ ਨਾਨਕ ਸਾਹਿਬ ਜੀ ਦੇ ਧਰਮ ਸੰਕਲਪ ਨੂੰ ਪ੍ਰਚਾਰਨ ਵਾਸਤੇ ਆਪਣੇ ਗੁਰੂ ਕਾਲ ਦਾ ਸਮਾਂ ਰਾਵੀ ਬਿਆਸ ਦੇ ਪਿੰਡਾਂ ਦੇ ਇਲਾਕੇ ਵਿੱਚ ਲਾਇਆ।

ਹੋਰਨਾਂ ਗੁਰੂ ਸਾਹਿਬਾਨ ਨੇ ਵੀ ਧਾਰਮਿਕ ਸੰਸਥਾਵਾਂ ਨੂੰ ਮਜ਼ਬੂਤ ਕੀਤਾ ਤੇ ਵਧਾਇਆ। ਗੁਰੂ ਅਮਰਦਾਸ ਜੀ ਨੇ ਮੰਜੀਆਂ ਦੀ ਸੰਸਥਾ ਨੂੰ ਬਕਾਇਦਾ ਨੇਮਬਧ ਕੀਤਾ। ਜਾਤਿ ਅਭਿਮਾਨੀਆਂ ਦੀ ਵਿਰੋਧਤਾ ਦੇ ਬਾਵਜੂਦ ਵੀ ਸਿੱਖਾਂ ਦੀ ਗਿਣਤੀ ਵੱਧਦੀ ਗਈ। ਗੋਇੰਦਵਾਲ ਬਾਉਲੀ ਦੇ ਨਿਰਮਾਣ ਤੱਕ ਸਿੱਖਾਂ ਵਿੱਚ ਬੜੀ ਜਾਗ੍ਰਿਤੀ ਆ ਚੁੱਕੀ ਸੀ। ਸਮੇਂ ਦੀ ਲੋੜ ਸੀ ਕਿ ਇਸ ਧਰਮ ਪ੍ਰਚਾਰ ਨੂੰ ਮਜ਼ਬੂਤ ਕੀਤਾ ਜਾਵੇ। ਗੁਰੂ ਅਮਰਦਾਸ ਜੀ ਨੇ ਉਦਾਸੀ ਸਾਧੂਆਂ ਤੋਂ ਮੂੰਹ ਮੋੜ ਲਿਆ ਸੀ ਕਿਉਂਕਿ ਉਹ ਬ੍ਰਹਮਚਾਰੀ ਤੇ ਤਿਆਗੀ ਸਨ। ਉਹ ਤਿਆਗ ਵਿੱਚ ਹੀ ਜੀਵਨ ਗੁਜਾਰ ਰਹੇ ਸਨ। ਗੁਰੂ ਸਾਹਿਬ ਨੇ ਪ੍ਰਚਾਰ ਕੀਤਾ ਕਿ ਸਿੱਖ ਧਰਮ ਵਿੱਚ ਗ੍ਰਿਹਿਸਥੀ ਜੀਵਨ ਦੀ ਬੜੀ ਅਹਿਮੀਅਤ ਹੈ। ਜਿਸ ਵਿੱਚ ਰਹਿ ਕੇ ਬੇਗਰਜ਼ ਸੇਵਾ ਕਰਨ ’ਤੇ ਜੋਰ ਦਿੱਤਾ। ਬੇਗਰਜ਼ ਸੇਵਾ ਨੂੰ ਮੁਕਤੀ ਦੇ ਰਾਹ ਨਾਲ ਜੋੜ ਦਿੱਤਾ। ਇਸ ਧਾਰਮਿਕ ਪ੍ਰੇਰਨਾ ਨਾਲ ਵਧੇਰੇ ਸੰਗਤਾਂ ਸਿੱਖ ਧਰਮ ਨਾਲ ਜੁੜੀਆਂ।

ਗੁਰੂ ਅਮਰਦਾਸ ਜੀ ਨੇ ਸਿੱਖ ਵਸੋਂ ਦੇ ਇਲਾਕਿਆਂ ਨੂੰ 22 ਹਿੱਸਿਆਂ ਵਿੱਚ ਵੰਡਿਆ ਅਤੇ 22 ਮੰਜੀਆਂ ਥਾਪੀਆਂ। ਨਾਲ ਹੀ 22 ਸਿਆਣੇ ਪੈਰੋਕਾਰਾਂ ਨੂੰ 22 ਮੰਜੀਆਂ ਦੇ ਪ੍ਰਚਾਰ ਕੇਂਦਰਾਂ ’ਤੇ ਨਿਯੁਕਤ ਕੀਤਾ। ਉਹ ਆਪਣੇ ਇਲਾਕੇ ਦੇ ਧਾਰਮਿਕ ਮੁਖੀ ਹੁੰਦੇ ਸਨ। ਉਹ ਸੰਗਤਾਂ ਦੀਆਂ ਧਾਰਮਿਕ ਤੇ ਸੰਸਾਰਕ ਲੋੜਾਂ ਦਾ ਧਿਆਨ ਰੱਖਦੇ ਸਨ। ਉਹ ਸੰਗਤ ਨੂੰ ਗੁਰੂ ਨਾਲ ਜੋੜਨ ਲਈ ਪੁਲ ਦਾ ਕੰਮ ਕਰਦੇ ਸਨ। ਗੁਰੂ ਦਾ ਹੁਕਮ ਸੰਗਤਾਂ ਤਕ ਪਹੁੰਚਾਉਂਦੇ ਸਨ। ਸੰਗਤਾਂ ਦੀਆਂ ਮਨੋਕਾਮਨਾਂਵਾਂ ਗੁਰੂ ਦੇ ਧਿਆਨ ਵਿੱਚ ਲਿਆਉਂਦੇ ਸਨ। ਉਹ ਚੜ੍ਹਾਵਾ ਇਕੱਠਾ ਕਰਕੇ ਕੇਂਦਰੀ ਖ਼ਜ਼ਾਨੇ ਵਿੱਚ ਭੇਜਦੇ ਸਨ, ਜਿਥੇ ਗੁਰੂ ਮਾਇਆ ਨੂੰ ਸਾਂਝੇ ਕਾਰਜਾਂ ਵਾਸਤੇ ਵਰਤਦੇ ਸਨ। ਗੁਰੂ ਅਰਜਨ ਦੇਵ ਜੀ ਨੇ ਇਹਨਾਂ ਚੜ੍ਹਾਵਿਆਂ ਨੂੰ ਨੇਮਬਧ ਕੀਤਾ। ਉਹਨਾਂ ਨੇ ਸਾਂਝੇ ਕਾਰਜਾਂ ਵਾਸਤੇ ਹਰ ਇੱਕ ਸਿੱਖ ਲਈ ਦਸਵੰਧ (ਆਪਣੀ ਆਮਦਨੀ ਦਾ ਦਸਵਾਂ ਹਿੱਸਾ) ਦੇਣਾ ਨਿਸ਼ਚਿਤ ਕੀਤਾ। ਗੁਰੂ ਅਮਰਦਾਸ ਜੀ ਨੇ ਆਪਣਾ ਪ੍ਰਚਾਰ ਕੇਂਦਰ ਗੋਇੰਦਵਾਲ ਬਣਾਇਆ। ਜਿਥੇ ਸਿੱਖ ਸੰਗਤਾਂ ਸਮਾਗਮਾਂ ’ਤੇ ਇਕੱਠੀਆਂ ਹੁੰਦੀਆਂ। ਗੁਰੂ ਰਾਮਦਾਸ ਜੀ ਤੇ ਗੁਰੂ ਅਰਜਨ ਦੇਵ ਜੀ ਨੇ ਅੰਮ੍ਰਿਤਸਰ ਤੇ ਤਰਨ ਤਾਰਨ ਪ੍ਰਚਾਰ ਕੇਂਦਰ ਬਣਾਏ। ਬਾਅਦ ਵਿੱਚ ਅੰਮ੍ਰਿਤਸਰ ਸਿੱਖਾਂ ਲਈ ਇੱਕ ਕੇਂਦਰੀ ਧਾਰਮਿਕ ਕੇਂਦਰ ਬਣਿਆ। ਜਿਨ੍ਹਾਂ ਗੁਰਸਿੱਖਾਂ ਨੂੰ ਮੰਜੀਆਂ (ਉਪਦੇਸ਼ਕ ਗੱਦੀਆਂ) ਬਖ਼ਸ਼ੀਆਂ ਦਾ ਜੀਵਨ ਵੇਰਵਾ ਦਿੱਤਾ ਜਾਂਦਾ ਹੈ :

1. ਅੱਲਾਯਾਰ : ਉਹ ਅੱਲਾ ਸ਼ਾਹ ਦੇ ਨਾਮ ਤੋਂ ਵੀ ਜਾਣਿਆ ਜਾਂਦਾ ਸੀ। ਜੋ ਦਿੱਲੀ ਅਤੇ ਲਾਹੌਰ ਵਿੱਚਕਾਰ ਘੋੜਿਆਂ ਦਾ ਵਪਾਰ ਕਰਦਾ ਸੀ। ਦਿੱਲੀ ਤੋਂ ਪਰਤਦਿਆਂ ਬਿਆਸ ਕੰਢੇ ਡੱਲਾ ਨਿਵਾਸੀ ਭਾਈ ਪਾਰੋ ਜੀ ਮਿਲ ਪਏ। ਜਿਸ ਤੋਂ ਇਸ ਦੇ ਦਿਲ ਵਿੱਚ ਗੁਰੂ ਅਮਰਦਾਸ ਜੀ ਦੇ ਦਰਸ਼ਨਾਂ ਦੀ ਤਾਂਘ ਪੈਦਾ ਹੋਈ। ਸਤਿਗੁਰੂ ਜੀ ਕੋਲ ਗੋਇੰਦਵਾਲ ਉਸਨੇ ਸਿੱਖੀ ਧਾਰਨ ਕੀਤੀ। ਇਸ ਦਾ ਜੀਵਨ ਗੁਰਮੁਖ ਸਿੱਖਾਂ ਵਿੱਚ ਗਿਣਿਆ ਜਾਂਦਾ ਹੈ। ਗੁਰੂ ਜੀ ਨੇ ਇਸ ਨੂੰ ਧਰਮ ਪ੍ਰਚਾਰ ਦੀ ਸੇਵਾ ਸੌਂਪ ਦਿੱਤੀ।

2. ਸੱਚਨ ਸੱਚ : ਇਹ ਲਾਹੌਰ ਦੀ ਤਹਿਸੀਲ ਸ਼ਕਰਪੁਰ ਦੇ ਪਿੰਡ ਮੰਦਰ ਦੇ ਰਹਿਣ ਵਾਲਾ ਇੱਕ ਬ੍ਰਾਹਮਣ ਸੀ। ਇਹ ਗੁਰੂ ਅਮਰਦਾਸ ਜੀ ਕੋਲ ਸਿੱਖ ਬਣਿਆ। ਸੱਚਨ ਸੱਚ ਸ਼ਬਦ ਹਰ ਵੇਲੇ ਕਹਿਣ ਦੀ ਇਸ ਦੀ ਆਦਤ ਸੀ। ਇਸ ਦਾ ਨਾਮ ਹੀ ਸੱਚਨ ਸੱਚ ਪ੍ਰਸਿੱਧ ਹੋ ਗਿਆ। ਜਦੋਂ ਭਾਈ ਸਾਵਣ ਮਲ ਦੇ ਨਾਲ ਆਏ ਹਰੀਪੁਰ ਕਾਗੜਾਂ ਦੇ ਰਾਜੇ ਦੀ ਇੱਕ ਰਾਣੀ ਪਾਗਲ ਹੋ ਗਈ ਸੀ। ਰਾਜਾ ਉਸ ਨੂੰ ਗੋਇੰਦਵਾਲ ਹੀ ਛੱਡ ਗਿਆ। ਜਦੋਂ ਉਹ ਅਰੋਗ ਹੋ ਗਈ ਤਾਂ ਗੁਰੂ ਅਮਰਦਾਸ ਜੀ ਨੇ ਉਸ ਦਾ ਵਿਆਹ ਸੱਚਨ ਸੱਚ ਨਾਲ ਕਰਵਾ ਦਿੱਤਾ। ਇਹ ਜੋੜਾ ਸਾਰੀ ਉਮਰ ਗੁਰਮਤਿ ਦਾ ਪ੍ਰਚਾਰ ਕਰਦਾ ਰਿਹਾ। ਸਤਿਗੁਰੂ ਜੀ ਨੇ ਭਾਈ ਸੱਚਨ ਸੱਚ ਨੂੰ ਮੰਜੀ ਬਖ਼ਸ਼ ਦਿੱਤੀ।

3.ਸਾਧਾਰਨ : ਇਹ ਗੋਇੰਦਵਾਲ ਦੇ ਰਹਿਣ ਵਾਲਾ ਇੱਕ ਲੋਹਾਰ ਸੀ। ਗੁਰੂ ਅਮਰਦਾਸ ਜੀ ਕੋਲ ਸਿੱਖ ਬਣਿਆ। ਇਸ ਦੀ ਸੇਵਾ ਅਤੇ ਸ਼ਰਧਾ ਭਾਵਨਾ ਤੋਂ ਪ੍ਰਭਾਵਿਤ ਹੋ ਕੇ ਸਤਿਗੁਰੂ ਜੀ ਨੇ ਇਸ ਨੂੰ ਪ੍ਰਚਾਰਕ ਥਾਪ ਦਿੱਤਾ।

4. ਸਾਵਣ ਮਲ : ਇਹ ਗੁਰੂ ਅਮਰਦਾਸ ਜੀ ਦਾ ਭਤੀਜਾ ਸੀ। ਜਦੋਂ ਗੋਇੰਦਵਾਲ ਵਿੱਚ ਗੁਰਦੁਆਰਾ ਅਤੇ ਸੰਗਤਾਂ ਲਈ ਮਕਾਨ ਬਣਾ ਰਹੇ ਸੀ ਤਾਂ ਗੁਰੂ ਜੀ ਨੇ ਇਸ ਨੂੰ ਪਹਾੜੀ ਲੱਕੜ ਲਿਆਉਣ ਲਈ ਹਰੀਪੁਰ ਵੱਲ ਭੇਜਿਆ। ਸਾਵਣ ਮੱਲ ਉਸ ਇਲਾਕੇ ਦਾ ਪ੍ਰਚਾਰਕ ਵੀ ਸੀ। ਇਸੇ ਰਾਹੀਂ ਹੀ ਹਰੀਪੁਰ ਦਾ ਰਾਜ ਪ੍ਰਵਾਰ ਸਮੇਤ ਗੁਰੂ ਜੀ ਦਾ ਸਿੱਖ ਬਣਿਆ। ਗੁਰੂ ਜੀ ਨੇ ਭਾਈ ਸਾਵਣ ਮਲ ਨੂੰ ਮੰਜੀ ਬਖ਼ਸ਼ੀ ਸੀ।

5.ਸੁੱਖਣ: ਇਹ ਜ਼ਿਲ੍ਹਾ ਰਾਵਲਪਿੰਡੀ ਦੇ ਨਗਰ ਧਮਿਆਣ ਦੇ ਰਹਿਣ ਵਾਲਾ ਸੀ। ਜਾਤਿ ਦਾ ਖੱਤਰੀ ਪਹਿਲਾਂ ਦੁਰਗਾ ਦਾ ਭਗਤ ਸੀ। ਗੁਰੂ ਅਮਰਦਾਸ ਜੀ ਕੋਲ ਰਹਿ ਕੇ ਸਿੱਖ ਬਣਿਆ। ਇਸ ਦਾ ਜੀਵਨ ਇਤਨਾ ਉੱਚਾ ਸੀ ਕਿ ਸਤਿਗੁਰੂ ਜੀ ਨੇ ਪੋਠੋਹਾਰ ਦੇ ਇਲਾਕੇ ਵਿੱਚ ਪ੍ਰਚਾਰ ਕਰਨ ਲਈ ਮੰਜੀ ਬਖ਼ਸ਼ੀ।

6. ਹੰਦਾਲ: ਇਹ ਅੰਮ੍ਰਿਤਸਰ ਦੇ ਜੰਡਿਆਲਾ ਦਾ ਵਸਨੀਕ ਸੀ। ਜਾਤਿ ਦਾ ਜੱਟ। ਇਹ ਗੁਰੂ ਅਮਰਦਾਸ ਜੀ ਦਾ ਪਿਆਰਾ ਸਿੱਖ ਬਣਿਆ। ਲੰਗਰਾਂ ਦੀ ਸੇਵਾ ਬੜੇ ਪਿਆਰ ਅਤੇ ਸ਼ਰਧਾ ਨਾਲ ਕਰਦਾ ਸੀ। ਸਤਿਗੁਰੂ ਜੀ ਨੇ ਪ੍ਰਭਾਵਿਤ ਹੋ ਕੇ ਇਸ ਨੂੰ ਮੰਜੀ ਬਖ਼ਸ਼ੀ। ਇਸ ਦੇ ਨਗਰ ਦਾ ਨਾਮ ਜੰਡਿਆਲਾ ਗੁਰੂ ਪ੍ਰਸਿੱਧ ਹੋ ਗਿਆ। ਹਰ ਵੇਲੇ ਨਿਰੰਜਨ ਮੂੰਹੋ ਆਖਣ ਕਰਕੇ ਇਸ ਦੀ ਸੰਪਰਦਾਇ ਦਾ ਨਾਮ ਨਿੰਰਜਨੀਏ ਪੈ ਗਿਆ। ਭਾਈ ਹੰਦਾਲ ਦਾ ਪੁੱਤਰ ਬਿਧੀ ਚੰਦ ਕੁਰਾਹੇ ਪੈ ਗਿਆ। ਉਸਨੇ ਭਾਈ ਬਾਲੇ ਦੇ ਨਾਮ ਉੱਤੇ ਗੁਰੂ ਨਾਨਕ ਦੇਵ ਜੀ ਦੀ ਇੱਕ ਜਨਮ ਸਾਖੀ ਲਿਖੀ, ਜਿਸ ਵਿੱਚ ਬਹੁਤ ਸਾਰੀਆਂ ਮਨ ਮੰਨੀਆਂ ਗੱਲਾਂ ਦਰਜ਼ ਕਰ ਦਿੱਤੀਆਂ।

7. ਕੇਦਾਰੀ : ਭਾਈ ਦੇਦਾਰੀ ਬਟਾਲਾ ਜ਼ਿਲ੍ਹਾ ਗੁਰਦਾਸਪੁਰ ਦਾ ਰਹਿਣ ਵਾਲਾ ਸੀ। ਜਾਤਿ ਦਾ ਲੂੰਬਾ ਖੱਤਰੀ ਸੀ। ਸਤਿਗੁਰੂ ਜੀ ਦਾ ਪ੍ਰਸਿੱਧ ਸਿੱਖ ਹੋਇਆ ਹੈ। ਗੁਰੂ ਅਮਰਦਾਸ ਜੀ ਨੇ ਇਸ ਨੂੰ ਪ੍ਰਚਾਰਕ ਮੰਜੀ ਬਖ਼ਸ਼ੀ।

8. ਖੇਡਾ : ਇਹ ਖੇਮਕਰਨ (ਲਾਹੌਰ) ਦਾ ਵਸਨੀਕ ਬ੍ਰਾਹਮਣ ਸੀ। ਪਹਿਲਾਂ ਦੁਰਗਾ ਦਾ ਭਗਤ ਸੀ । ਗੁਰੂ ਅਮਰਦਾਸ ਜੀ ਦਾ ਬੜਾ ਪਿਆਰਾ ਸਿੱਖ ਪ੍ਰਸਿੱਧ ਹੋਇਆ। ਸਤਿਗੁਰੂ ਜੀ ਨੇ ਇਸ ਨੂੰ ਸਿੱਖੀ ਦਾ ਪ੍ਰਚਾਰਕ ਥਾਪ ਕੇ ਮੰਜੀ ਬਖ਼ਸ਼ੀ।

9. ਗੰਗੂ ਸ਼ਾਹ : ਇਹ ਗੜ੍ਹਸ਼ੰਕਰ ਦਾ ਰਹਿਣ ਵਾਲਾ ਬਸੀ ਖੱਤਰੀ ਸੀ। ਗੁਰੂ ਅਮਰਦਾਸ ਜੀ ਦਾ ਸਿੱਖ ਬਣ ਕੇ ਉੱਚਾ ਜੀਵਨ ਪ੍ਰਾਪਤ ਕੀਤਾ। ਸਤਿਗੁਰੂ ਜੀ ਨੇ ਇਸ ਨੂੰ ਰਿਆਸਤ ਸਰਮੌਰ ਦੇ ਇਲਾਕੇ ਦਾ ਪ੍ਰਚਾਰਕ ਬਣਾਇਆ। ਭਾਈ ਗੰਗੂ ਸ਼ਾਹ ਦਾ ਪ੍ਰਸਿੱਧ ਅਸਥਾਨ ਦੇਊਂ ਹੈ। ਇਸ ਦੀ ਸੰਪਰਦਾਇ ਦੇ ਪੈਰੋਕਾਰਾਂ ਨੂੰ ਗੰਗੂ ਸ਼ਾਹੀ ਕਹਿੰਦੇ ਹਨ। ਗੰਗੂ ਸ਼ਾਹ ਦਾ ਪੜੋਤਾ ਭਾਈ ਦੇਹੁਰਾ ਖਟਕੜ ਕਲਾਂ ਵਿੱਚ ਹੈ।

10. ਦਰਬਾਰੀ : ਜਾਤਿ ਦਾ ਲੂੰਬਾ ਖਤਰੀ ਦਰਬਾਰੀ ਨਗਰ ਮਜੀਠਾ ਦਾ ਰਹਿਣ ਵਾਲਾ ਸੀ।

11. ਪਾਰੋ : ਜਾਤਿ ਦਾ ਜੁਲਕਾ ਖੱਤਰੀ ਭਾਈ ਪਾਰੋ ਡੱਲੇ ਦਾ ਰਹਿਣ ਵਾਲਾ ਸੀ। ਇਹ ਗੁਰੂ ਅੰਗਦ ਦੇਵ ਜੀ ਦਾ ਸਿੱਖ ਬਣਿਆ ਸੀ। ਗੁਰੂ ਅਮਰਦਾਸ ਜੀ ਦੀ ਸ਼ਰਨ ਵਿੱਚ ਰਹਿ ਕੇ ਸੇਵਾ ਭਾਵਨਾ ਨਾਲ ਪਰਮ ਹੰਸ ਦੀ ਪਦਵੀ ਪਾਈ। ਸਤਿਗੁਰੂ ਜੀ ਨੇ ਇਸ ਨੂੰ ਪ੍ਰਚਾਰਕ ਮੰਜੀ ਬਖ਼ਸ਼ੀ। ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਸਹੁਰਾ ਭਾਈ ਨਰਾਇਣ ਦਾਸ ਇਸੇ ਦੀ ਕੁਲ ਵਿਚੋਂ ਸੀ।

12.ਫੇਰਾ:ਇਹ ਮੀਰਪੁਰ (ਜੰਮੂ) ਇਲਾਕੇ ਦਾ ਵਸਨੀਕ ਸੀ। ਜਾਤਿ ਦਾ ਕਟਾਰਾ ਖੱਤਰੀ ਸੀ। ਭਾਈ ਫੇਰਾ ਪਹਿਲਾਂ ਜੋਗੀਆਂ ਦਾ ਚੇਲਾ ਸੀ। ਫਿਰ ਗੁਰੂ ਅਮਰਦਾਸ ਜੀ ਦਾ ਸਿੱਖ ਬਣ ਕੇ ਆਤਮ ਗਿਆਨੀ ਹੋਇਆ। ਸਤਿਗੁਰੂ ਜੀ ਨੇ ਇਸ ਨੂੰ ਪ੍ਰਚਾਰਕ ਮੰਜੀ ਬਖ਼ਸ਼ੀ। ਇਸ ਨੇ ਪਹਾੜੀ ਇਲਾਕੇ ਵਿੱਚ ਬਹੁਤ ਪ੍ਰਚਾਰ ਕੀਤਾ।

13. ਬੂਆ : ਇਹ ਤ੍ਰੇਹਣ ਜਾਤਿ ਦਾ ਖੱਤਰੀ ਸੀ। ਗੁਰੂ ਅਮਰਦਾਸ ਜੀ ਦਾ ਸਿੱਖ ਬਣ ਕੇ ਪਰਮਹੰਸ ਪਦਵੀ ਨੂੰ ਪ੍ਰਾਪਤ ਹੋਇਆ। ਸਤਿਗੁਰੂ ਜੀ ਦਾ ਸਿੱਖ ਬਣ ਗਿਆ। ਇਸ ਦੀ ਸੰਤਾਨ ਹਰਿਗੋਬਿੰਦ ਪੁਰ ਦੀ ਵਾਸੀ ਸੀ।

14.ਬੇਣੀ : ਚੂਹਨੀਆ (ਲਾਹੌਰ ) ਦਾ ਵਸਨੀਕ ਪੰਡਿਤ ਬੇਣੀ ਬੜਾ ਵਿਦਵਾਨ ਸੀ। ਸ਼ਾਸਤਰਾਰਥ ਕਰਕੇ ਜਿੱਤਾਂ ਜਿੱਤਦਾ। ਜਦੋਂ ਗੋਇੰਦਵਾਲ ਗੁਰੂ ਅਮਰਦਾਸ ਜੀ ਦੀ ਸ਼ਰਨ ਵਿੱਚ ਆਇਆ ਤਾਂ ਵਿਦਿਆ ਅਭਿਮਾਨ ਛੱਡ ਦਿੱਤਾ। ਸਤਿਗੁਰੂ ਜੀ ਦਾ ਸਿੱਖ ਬਣ ਗਿਆ। ਸਤਿਗੁਰੂ ਜੀ ਨੇ ਇਸ ਨੂੰ ਸਿੱਖ ਧਰਮ ਦਾ ਪ੍ਰਚਾਰ ਕਰਨ ਦਾ ਕੰਮ ਸੌਂਪਿਆ। ਇਸ ਦਾ ਨਾਮ ਕਈ ਥਾਂ ਬੇਣੀ ਮਾਧੋ ਵੀ ਲਿਖਿਆ ਹੈ। ਪੰਡਤ ਹਰਦਿਆਲ ਕਵੀ ਇਸੇ ਦੀ ਹੀ ਕੁਲ ਵਿਚੋਂ ਸੀ। ਜਿਸ ਨੇ ਸਾਰੁਕਤਾਵਲੀ ਅਤੇ ਵੈਰਾਗ ਸ਼ਨਕ ਦਾ ਸੁੰਦਰ ਉਲਥਾ ਕੀਤਾ।

15. ਮਹੇਸ਼ਾ : ਸੁਲਤਾਨਪੁਰ ਦਾ ਰਹਿਣ ਵਾਲਾ ਧੀਰ ਜਾਤਿ ਦਾ ਖੱਤਰੀ ਸੀ। ਜਿਸ ਨੂੰ ਪ੍ਰਚਾਰਕ ਮੰਜੀ ਪ੍ਰਾਪਤ ਹ ੋ।

16. ਮਾਈਦਾਸ : ਮਾਝੇ ਦੇ ਨਰੋਲੀ ਪਿੰਡ ਦਾ ਵਸਨੀਕ ਸੀ। ਪਹਿਲਾਂ ਵੈਸ਼ਨਵ ਮਤ ਦਾ ਧਾਰਨੀ ਸੀ। ਗੁਰੂ ਅਮਰਦਾਸ ਜੀ ਦੀ ਸ਼ਰਨ ਵਿੱਚ ਆਇਆ। ਭਾਈ ਮਾਣਕ ਚੰਦ ਦੀ ਸੰਗਤ ਵਿੱਚ ਆਤਮ ਗਿਆਨੀ ਹੋਇਆ। ਸਤਿਗੁਰੂ ਜੀ ਨੇ ਇਸ ਨੂੰ ਪ੍ਰਚਾਰਕ ਮੰਜੀ ਸੌਂਪੀ। ਮਾਝੇ ਦੇ ਇਲਾਕੇ ਵਿੱਚ ਇਸ ਨੇ ਸਿੱਖ ਧਰਮ ਦ ਬਹੁਤ ਪ੍ਰਚਾਰ ਕੀਤਾ।

17. ਮਾਣਕ ਚੰਦ : ਵੈਰੋਵਾਲ (ਅੰਮ੍ਰਿਤਸਰ ) ਦਾ ਰਹਿਣ ਵਾਲਾ ਪੁਥਰੀਆ ਖੱਤਰੀ ਸੀ। ਇਸ ਨੇ ਗੋਇੰਦਵਾਲ ਦੀ ਬਾਉਲੀ ਦਾ ਕੜ ਤੋੜਿਆ ਸੀ। ਉਹ ਡੁੱਬ ਗਿਆ ਸੀ ਪਰ ਬਚ ਗਿਆ ਸੀ । ਗੁਰੂ ਅਮਰਦਾਸ ਜੀ ਨੇ ਇਸ ਦਾ ਨਾਉਂ ਮਰਜੀਵੜਾ ਰੱਖਿਆ। ਇਸ ਦੀ ਸੰਤਾਨ ਵੈਰੋਵਾਨ ਵਿੱਚ ਮਰਜੀਵੜੇ ਨਾਮ ’ਤੇ ਪ੍ਰਸਿੱਧ ਹੋਈ। ਭਾਈ ਮਾਣਕ ਚੰਦ ਦੀ ਸੰਗਤ ਵਿੱਚ ਹੀ ਪੰਡਤ ਮਾਈਦਾਸ ਬੈਰਾਗੀ ਗੁਰਸਿੱਖੀ ਵੱਲ ਆਇਆ।

18. ਮੁਰਾਰੀ : ਜ਼ਿਲ੍ਹਾ ਲਾਹੌਰ ਦੇ ਪਿੰਡ ਖਾਈ ਦਾ ਰਹਿਣ ਵਾਲਾ ਪ੍ਰੇਮਾ ਖੱਤਰੀ ਸੀ। ਇਸ ਨੂੰ ਕੋੜ੍ਹ ਹੋ ਗਿਆ ਸੀ। ਗੁਰੂ ਅਮਰਦਾਸ ਜੀ ਦਾ ਕਿਰਪਾ ਨਾਲ ਅਰੋਗ ਹੋ ਗਿਆ। ਸਤਿਗੁਰੂ ਜੀ ਨੇ ਇਸ ਦਾ ਨਾਮ ਮੁਰਾਰੀ ਰੱਖ ਦਿੱਤਾ। ਉੱਪਲ ਜਾਤਿ ਦੇ ਖੱਤਰੀ ਭਾਈ ਸ਼ੀਂਹੇ ਨੇ ਸਤਿਗੁਰੂ ਜੀ ਦੀ ਆਗਿਆ ਨਾਲ ਆਪਣੀ ਪੁੱਤਰੀ ਮੱਥੋ ਦਾ ਵਿਆਹ ਮੁਰਾਰੀ ਨਾਲ ਕਰ ਦਿੱਤਾ। ਇਸ ਜੋੜੀ ਨੇ ਗੁਰਮਤਿ ਦਾ ਬੜਾ ਪ੍ਰਚਾਰ ਕੀਤਾ। ਦੋਹਾਂ ਦਾ ਰਲਵਾਂ ਨਾਲ ਮਥੋ ਮੁਰਾਰੀ ਸਿੱਖ ਇਤਿਹਾਸ ਵਿੱਚ ਪ੍ਰਸਿੱਧ ਹੋ ਗਿਆ। ਸਤਿਗੁਰੂ ਜੀ ਨੇ ਮੱਥੋ ਮੁਰਾਰੀ ਨੂੰ ਪ੍ਰਚਾਰਕ ਮੰਜੀ ਬਖ਼ਸ਼ੀ।

19. ਰਾਜਾ ਰਾਮ : ਇਹ ਇੱਕ ਸਾਰਸਵਤ ਬ੍ਰਾਹਮਣ ਸੀ। ਜਿਸ ਨੇ ਗੁਰੂ ਅਮਰਦਾਸ ਜੀ ਦਾ ਸਿੱਖ ਬਣ ਕੇ ਜਾਤਿ ਦਾ ਅਭਿਮਾਨ ਛੱਡ ਦਿੱਤਾ। ਸਤਿਗੁਰੂ ਜੀ ਨੇ ਇਸ ਨੂੰ ਪ੍ਰਚਾਰਕ ਮੰਜੀ ਬਖ਼ਸ਼ੀ। ਭਾਈ ਰਾਜਾ ਰਾਮ ਦੀ ਸੰਤਾਨ ਪਿੰਡ ਸੰਧਮਾ ਜਲੰਧਰ ਦੀ ਵਾਸੀ ਸੀ।

20. ਰੰਗ ਸ਼ਾਹ : ਜ਼ਿਲ੍ਹਾ ਜਲੰਧਰ ਦੇ ਪਿੰਡ ਮੱਲ੍ਹੂ ਪੋਤੇ ਦਾ ਇੱਕ ਅਰੋੜਾ ਸੀ। ਗੁਰੂ ਅਮਰਦਾਸ ਜੀ ਦਾ ਸਿੱਖ ਬਣ ਕੇ ਆਪਣੀ ਉਮਰ ਸਿੱਖ ਧਰਮ ਦੇ ਪ੍ਰਚਾਰ ਵਿੱਚ ਲਾ ਦਿੱਤੀ। ਸਤਿਗੁਰੂ ਜੀ ਨੇ ਇਸ ਨੂੰ ਪ੍ਰਚਾਰਕ ਮੰਜੀ ਬਖ਼ਸ਼ੀ। ਭਾਈ ਰੰਗ ਸ਼ਾਹ ਨੇ ਦੁਆਬੇ ਵਿੱਚ ਪ੍ਰਚਾਰ ਕੀਤਾ। ਇਸ ਦੀ ਸੰਤਾਨ ਬੰਗਿਆ ਦੀ ਵਾਸੀ ਸੀ।

21. ਰੰਗ ਦਾਸ : ਜ਼ਿਲ੍ਹਾ ਅੰਬਾਲਾ ਦੇ ਪਿੰਡ ਘੜੂਆਂ ਦਾ ਵਾਸੀ ਭੰਡਾਰੀ ਖੱਤਰੀ ਸੀ। ਪਹਿਲਾਂ ਵੈਰਾਗੀਆਂ ਦਾ ਚੇਲਾ ਸੀ। ਗੁਰੂ ਅਮਰਦਾਸ ਜੀ ਦਾ ਸਿੱਖ ਬਣਿਆ। ਸਤਿਗੁਰੂ ਜੀ ਨੇ ਇਸ ਨੂੰ ਪ੍ਰਚਾਰਕ ਮੰਜੀ ਬਖ਼ਸ਼ੀ। ਭਾਈ ਰੰਗ ਦਾਸ ਦੀ ਸੰਤਾਨ ਪਿੰਡ ਘੜੂਆਂ ਵਾਸੀ ਸੀ।

22. ਲਾਲੋ : ਡੱਲੇ ਦੇ ਰਹਿਣ ਵਾਲਾ ਸੱਭਰਵਾਲ ਖੱਤਰੀ ਸੀ। ਗੁਰੂ ਅਮਰਦਾਸ ਜੀ ਦਾ ਸਿੱਖ ਬਣਿਆ। ਭਾਈ ਲਾਲੋ ਆਪਣੇ ਇਲਾਕੇ ਦਾ ਉੱਘਾ ਵੈਦ ਵੀ ਸੀ। ਤੇਈਏ ਦਾ ਤਾਪ ਦਾ ਇਲਾਜ ਕਰਨ ਵਿੱਚ ਕਮਾਲ ਰੱਖਦਾ ਸੀ। ਸਤਿਗੁਰੂ ਜੀ ਨੇ ਇਸ ਨੂੰ ਪ੍ਰਚਾਰਕ ਮੰਜੀ ਬਖ਼ਸ਼ੀ।







# ਬਿਮਾਰੀਆਂ ਤੋਂ ਬਚਾਓ ਲਈ ਅਪਨਾਓ ਪਾਣੀ ਪੀਣ ਦਾ ਸਹੀ ਢੰਗ

ਡਾ. ਸਤਿਕਾਰ ਸਿੰਘ ਗਿੱਲ

ਮਨੁੱਖ ਕੋਠੀਆਂ, ਕਾਰਾਂ ਤੇ ਮਾਇਆ ਇਕੱਠੀ ਕਰਨ ਦੀ ਦੌੜ ਵਿੱਚ ਦਿਨ-ਰਾਤ ਬਹੁਤ ਭੱਜਿਆ ਫਿਰਦਾ ਹੈ ਪਰ ਆਪਣੇ ਸਰੀਰ ਵੱਲ ਧਿਆਨ ਨਹੀਂ ਦਿੰਦਾ ਜਿਸ ਦੀ ਅੱਜ ਦੀ ਤਾਰੀਖ ਵਿੱਚ ਜ਼ਰੂਰਤ ਬਹੁਤ ਜ਼ਿਆਦਾ ਹੈ। ਅਨੇਕ ਬਿਮਾਰੀਆਂ ਤਾਂ ਅਸੀਂ ਪਾਣੀ ਪੀਣ ਦਾ ਸਹੀ ਢੰਗ-ਤਰੀਕਾ ਨਾ ਹੋਣ ਕਾਰਨ ਆਪ ਹੀ ਸਹੇੜ ਲੈਂਦੇ ਹਾਂ। ਅਨੇਕ ਬਿਮਾਰੀਆਂ ਦਾ ਇਲਾਜ ਤੁਹਾਡੀ ਰਸੋਈ ਵਿੱਚ ਹੀ ਪਿਆ ਹੈ ਪਰ ਅਸੀਂ ਬਹੁਤਾ ਧਿਆਨ ਨਹੀਂ ਦਿੰਦੇ। ਇਉਂ ਸਾਰੀ ਗੱਲ ਸਹੀ ਢੰਗ-ਤਰੀਕਾ ਨਾ ਅਪਣਾਉਣ ਕਾਰਨ ਵਿਗੜੀ ਹੈ। ਜਿਵੇਂ ਖਾਣਾ ਖਾਣ ਸਮੇਂ ਨਾਲ-ਨਾਲ ਪਾਣੀ ਪੀਣ ਦੀ ਆਦਤ ਠੀਕ ਨਹੀਂ। ਇਸ ਲਈ ਖਾਣਾ ਖਾਣ ਤੋਂ ਅੱਧਾ ਘੰਟਾ ਪਹਿਲਾਂ ਜਾਂ ਅੱਧਾ ਘੰਟਾ ਪਿੱਛੋਂ ਪਾਣੀ ਪੀਣਾ ਚਾਹੀਦਾ ਹੈ।



ਅਸੀਂ ਆਧੁਨਿਕ ਤਰੀਕੇ ਅਪਣਾਉਣ ਕਾਰਨ ਪੁਰਾਣੇ ਢੰਗ-ਤਰੀਕੇ ਭੁੱਲ ਗਏ ਜਾਂ ਜਾਣਬੁੱਝ ਹੀ ਕੇ ਛੱਡ ਦਿੱਤੇ ਹਨ। ਜਦੋਂ ਸਾਡੀਆਂ ਦਾਦੀਆਂ, ਮਾਵਾਂ ਹਾਰੇ ਵਿੱਚ ਤੌੜੀ 'ਚ ਦਾਲਾਂ ਬਣਾਉਂਦੀਆਂ ਸਨ ਤਾਂ ਤੌੜੀ ਉੱਤੇ ਢੱਕਣ ਵਜੋਂ ਰੱਖੇ ਕੌਲੇ ਵਿੱਚ ਆਮ ਤੌਰ 'ਤੇ ਪਾਣੀ ਰੱਖ ਦਿੰਦੀਆਂ ਸਨ। ਇਉਂ ਭਾਫ਼ ਨਾਲ ਪਾਣੀ ਗਰਮ ਹੋ ਜਾਂਦਾ ਸੀ ਅਤੇ ਲੋੜ ਪੈਣ 'ਤੇ ਦਾਲ ਵਿੱਚ ਇਹ ਗਰਮ ਪਾਣੀ ਪਾਇਆ ਜਾਂਦਾ ਸੀ ਕਿਉਂਕਿ ਰਿੱਝਦੀ ਦਾਲ ਵਿੱਚ ਠੰਢਾ ਪਾਣੀ ਪਾਉਣ ਨਾਲ ਜਿੱਥੇ ਇਹਦਾ ਸੁਆਦ ਖ਼ਰਾਬ ਹੋ ਜਾਂਦਾ ਹੈ, ਉੱਥੇ ਉਹਦੀ ਰਿੱਝਣ ਕਿਰਿਆ ਉੱਤੇ ਵੀ ਮਾੜਾ ਅਸਰ ਪੈਂਦਾ ਹੈ। ਕੁੱਕਰ, ਮੇਜ਼ ਕੁਰਸੀਆਂ, ਡਾਇਨਿੰਗ ਟੇਬਲ, ਫਰਿਜ ਆਦਿ ਸੁੱਖ-ਸਹੂਲਤਾਂ ਨੇ ਸਾਡੀ ਜ਼ਿੰਦਗੀ ਦਾ ਤਾਣਾ-ਪੇਟਾ ਹੀ ਉਲਝਾ ਕੇ ਰੱਖ ਦਿੱਤਾ ਹੈ। ਇਸੇ ਕਾਰਨ ਬਿਮਾਰੀ ਆਣ ਘੇਰਦੀਆਂ ਹਨ। ਪਹਿਲਾਂ ਦੇ ਮੁਕਾਬਲੇ ਉਮਰਾਂ ਅੱਧੀਆਂ ਰਹਿ ਗਈਆਂ ਹਨ।

ਸਾਡੇ ਪਿਓ-ਦਾਦੇ ਉਮਰ ਦਾ ਸੈਂਕੜਾ ਸਹਿਜੇ ਹੀ ਪਾਰ ਕਰ ਜਾਂਦੇ ਸਨ, ਹੁਣ ਪੰਜਾਹ-ਸੱਠ ਤੋਂ ਉੱਪਰਲੀ ਜ਼ਿੰਦਗੀ ਤਾਂ ਬੋਨਸ ਹੀ ਮੰਨੀ ਜਾਣ ਲੱਗ ਪਈ ਹੈ। ਜਿਵੇਂ ਸਿਉਂਕ ਵਾਲਾ ਦਰੱਖਤ ਬਹੁਤ ਚਿਰ ਨਹੀਂ ਕੱਟਦਾ, ਉਹੀ ਹਾਲ ਮਨੁੱਖੀ ਸਰੀਰ ਦਾ ਹੋ ਗਿਆ ਹੈ। ਤੁਸੀਂ ਰੋਟੀ ਖਾਂਦੇ ਕਿਸੇ ਦੀ ਦਾਲ-ਸਬਜ਼ੀ ਵਾਲੀ ਕੌਲੀ ਵਿੱਚ ਪਾਣੀ ਪਾ ਕੇ ਦੇਖੋ, ਉਹਦਾ ਪ੍ਰਤੀਕਰਮ ਕੀ ਹੋਵੇਗਾ ? ਕੀ ਉਹ ਰੋਟੀ ਖਾਏਗਾ ? ਹਰਗਿਜ਼ ਨਹੀਂ। ਲੜਨ ਨੂੰ ਪਵੇਗਾ। ਹੋ ਸਕਦਾ, ਥਾਲ਼ੀ ਵਗਾਹ ਕੇ ਮਾਰਦਾ ਹੋਇਆ ਆਖੇਗਾ- 'ਮੇਰਾ ਖਾਣਾ ਖ਼ਰਾਬ ਕਰ ਦਿੱਤਾ'। ਆਮ ਤੌਰ 'ਤੇ ਲੋਕ ਗਰਮ ਖਾਣਾ ਖਾਣ ਸਮੇਂ ਠੰਡਾ, ਫਰਿਜ ਵਾਲਾ ਪਾਣੀ ਬੜੇ ਲੁਤਫ਼ ਨਾਲ ਪੀਂਦੇ ਹਨ ਜਦੋਂਕਿ ਦਾਲ ਵਾਲੀ ਕੌਲੀ ਵਿੱਚ ਪਾਇਆ ਪਾਣੀ ਕੋਈ ਜਰਦਾ ਨਹੀਂ। ਜੋ ਹਾਲ ਤੌੜੀ ਵਾਲੀ ਦਾਲ ਦਾ ਠੰਡਾ ਪਾਣੀ ਪਾਉਣ ਉੱਤੇ ਹੁੰਦਾ ਹੈ, ਉਹੀ ਹਾਲ ਗਰਮ ਖਾਣਾ ਖਾਣ ਸਮੇਂ ਠੰਡਾ ਪਾਣੀ ਪੀਣ ਨਾਲ ਸਾਡੇ ਸਰੀਰ ਦਾ ਹੁੰਦਾ ਹੈ। ਫ਼ਰਕ ਇੰਨਾ ਕੁ ਹੀ ਹੁੰਦਾ ਹੈ ਕਿ ਦਾਲ ਵਾਲੀ ਕੌਲੀ ਵਿੱਚ ਪਾਇਆ ਪਾਣੀ ਸਾਨੂੰ ਦਿਸਦਾ ਹੈ ਜਦੋਂਕਿ ਖਾਣੇ ਨਾਲ ਪੀਤਾ ਠੰਡਾ ਪਾਣੀ ਦਿਸਦਾ ਨਹੀਂ। ਇਸ ਦਾ ਪਤਾ ਬਾਅਦ ਵਿੱਚ ਲਗਦਾ ਹੈ ਜਦੋਂ ਮਨੁੱਖ ਬਿਮਾਰੀਆਂ ਦੀ ਜਕੜ ਵਿੱਚ ਆ ਜਾਂਦਾ ਹੈ। ਉਦੋਂ ਮਨੁੱਖੀ ਸਰੀਰ ਦਾ ਹਾਲ ਮੱਕੜੀ ਦੇ ਜਾਲ ਵਿੱਚ ਫਸੇ ਮਕੌੜੇ ਵਾਲਾ ਹੋ ਜਾਂਦਾ ਹੈ। ਇਸੇ ਤਰ੍ਹਾਂ ਵਿਆਹ-ਸ਼ਾਦੀਆਂ ਵਿੱਚ ਖਾਣੇ ਤੋਂ ਬਾਅਦ ਆਮ ਤੌਰ 'ਤੇ ਲੋਕ ਆਈਸ ਕਰੀਮ ਵੱਲ ਟੁੱਟ ਕੇ ਪੈਂਦੇ ਹਨ।



ਸਵੇਰੇ ਉਠਣ ਸਾਰ ਕੁਰਲੀ ਜਾਂ ਦਾਤਣ, ਬੁਰਸ਼ ਨਹੀਂ ਕਰਨੀ ਚਾਹੀਦੀ ਕਿਉਂਕਿ ਸਾਡੇ ਮੂੰਹ ਵਿਚਲੀ ਲਾਰ ਬਹੁਤ ਗੁਣਕਾਰੀ ਹੁੰਦੀ ਹੈ। ਇਸ ਲਾਰ ਨੂੰ ਕਿਸੇ ਜ਼ਖ਼ਮ, ਦੱਦ ਜਾਂ ਦਾਗ਼ ਵਾਲੀ ਜਗ੍ਹਾ ਉੱਤੇ ਲਾ ਕੇ ਦੇਖੋ, ਸਾਫ਼ ਹੋ ਜਾਵੇਗਾ। ਇਸ ਲਈ ਇਸ ਲਾਰ ਨੂੰ ਕੁਰਲੀ ਵਗ਼ੈਰਾ ਕਰਨ ਸਮੇਂ ਬਾਹਰ ਨਹੀਂ ਸੁੱਟਣਾ ਚਾਹੀਦਾ। ਇਸ ਕਰ ਕੇ ਰਾਤ ਦੇ ਭੋਜਨ ਤੋਂ ਬਾਅਦ ਦਾਤਣ ਜਾਂ ਬੁਰਸ਼ ਕਰੋ ਅਤੇ ਸਵੇਰੇ ਕੋਸਾ ਪਾਣੀ ਪੀਓ।

ਜੇ ਹੋ ਸਕੇ ਤਾਂ ਭੁੰਜੇ ਪੈਰਾਂ ਭਾਰ ਬੈਠ ਕੇ ਜਾਂ ਚੌਂਕੜੀ ਮਾਰ ਕੇ ਭੋਜਨ ਖਾਣਾ ਚਾਹੀਦਾ ਹੈ। ਇਹੀ ਤਰੀਕਾ ਪਾਣੀ ਪੀਣ ਵੇਲੇ ਵੀ ਅਪਣਾਉਣਾ ਚਾਹੀਦਾ ਹੈ। ਫਰਿਜ ਦੀ ਥਾਂ ਘੜੇ ਦਾ ਪਾਣੀ ਸਿਹਤ ਲਈ ਲਾਭਦਾਇਕ ਹੁੰਦਾ ਹੈ ਪਰ ਫਰਿਜ ਨੇ ਇਹ ਸਭ ਕੁਝ ਸਾਡੀ ਜ਼ਿੰਦਗੀ ਵਿਚੋਂ ਮਨਫ਼ੀ ਕਰ ਦਿੱਤਾ ਹੈ। ਉਂਝ, ਤੰਦਰੁਸਤੀ ਖ਼ਾਤਿਰ ਥੋੜ੍ਹਾ ਜਿਹਾ ਤਰੱਦਦ ਤਾਂ ਕਰਨਾ ਹੀ ਪੈਣਾ ਹੈ। ਇਸ ਲਈ ਘਰੇ ਘੜਾ ਲਿਆਓ, ਕਈ ਬਿਮਾਰੀਆਂ ਘਰ ਅੰਦਰ ਵੜਨਗੀਆਂ ਹੀ ਨਹੀਂ।

ਕਾਫ਼ੀ ਸਮਾਂ ਪਹਿਲਾਂ ਗੀਤ ਆਇਆ ਸੀ- 'ਜਦੋਂ ਪੈਂਦੀ ਐ ਤਰੀਕ ਕਿਤੇ ਜੱਟ ਦੀ, ਕਚਹਿਰੀਆਂ 'ਚ ਮੇਲੇ ਲੱਗਦੇ'....... ਇਸ ਗੀਤ ਵਿਚ ਗੀਤਕਾਰ ਨੇ ਕਤਲਾਂ, ਲੜਾਈਆਂ ਪਿੱਛੇ ਲੱਗਣ ਵਾਲੇ 'ਮੇਲਿਆਂ' ਦੀ ਗੱਲ ਤਾਂ ਕਰ ਦਿੱਤੀ ਪਰ ਅੱਜ ਤੱਕ ਕਿਸੇ ਗੀਤਕਾਰ ਨੇ ਬਿਮਾਰੀਆਂ ਦੀ ਵਜ੍ਹਾ ਕਾਰਨ ਹਸਪਤਾਲਾਂ ਵਿੱਚ ਲੱਗਣ ਵਾਲੇ 'ਮੇਲਿਆਂ' ਅਤੇ ਮੌਤਾਂ ਬਾਰੇ ਕਲਮ ਨਹੀਂ ਚੁੱਕੀ। ਹਾਂ, ਗੁਰਦਾਸ ਮਾਨ ਨੇ ਗੀਤ ਜ਼ਰੂਰ ਗਾਇਆ ਸੀ ਕਿ ਬਾਕੀ ਦੇ ਕੰਮ ਬਾਅਦ 'ਚ, ਪਹਿਲਾਂ ਸਿਹਤ ਜ਼ਰੂਰੀ ਐ।

ਸੋ, ਜੇ ਬਹੁਤੀ ਨਹੀਂ ਤਾਂ ਆਪਣੇ ਖਾਣ-ਪੀਣ ਵਿੱਚ ਮਾਮੂਲੀ ਜਿਹੀ ਤਬਦੀਲੀ ਲਿਆ ਕੇ ਅਸੀਂ ਨਿਰੋਗ ਜ਼ਿੰਦਗੀ ਜੀਅ ਸਕਦੇ ਹਾਂ। ਅਸਲ ਮਸਲਾ ਪਰਹੇਜ਼ ਅਤੇ ਸਿਹਤ ਵੱਲ ਧਿਆਨ ਦੇਣ ਦਾ ਹੈ।

# ਖਾਣ-ਪੀਣ ਦੇ ਵਿਗਾੜ ਨਾਲ ਵਧ ਰਹੀਆਂ ਬਿਮਾਰੀਆਂ

## ਸੰਸਾਰ 'ਚ ਕਰੀਬ 7.20 ਕਰੋੜ ਲੋਕ ਖਾਣ-ਪੀਣ ਦੇ ਰੋਗਾਂ ਦੇ ਸ਼ਿਕਾਰ



ਅਨਿਲ ਧੀਰ (ਡਾ.)

ਸੰਸਾਰ ਭਰ ਵਿੱਚ ਭੋਜਨ ਦਾ ਹਰ ਆਦਮੀ ਨਾਲ ਵੱਖਰਾ ਰਿਸ਼ਤਾ ਹੁੰਦਾ ਹੈ। ਜ਼ਿੰਦਗੀ ਵਿੱਚ ਸਰੀਰਕ ਤੇ ਮਾਨਸਿਕ ਸਮੱਸਿਆਵਾਂ ਦਾ ਕਾਰਨ ਗ਼ਲਤ ਖਾਣਾ ਪੀਣਾ, ਨਕਾਰਾਤਮਕ ਸੋਚ, ਸਦਮਾ, ਗ਼ੈਰ-ਸਿਹਤਮੰਦ ਰਿਸ਼ਤਾ ਅਤੇ ਜੈਨੇਟਿਕਸ ਵਗੈਰਾ ਦਾ ਅਸਰ ਦੇਖਿਆ ਜਾ ਰਿਹਾ ਹੈ। ਅਮਰੀਕਾ ਵਿੱਚ ਤਕਰੀਬਨ 3 ਕਰੋੜ ਲੋਕ ਖਾਣ-ਪੀਣ ਦੇ ਰੋਗਾਂ ਦੇ ਸ਼ਿਕਾਰ ਹਨ। ਔਰਤਾਂ 'ਚ ਘੱਟ ਉਮਰ ਦੀ ਔਰਤਾਂ ਵਿੱਚ ਅਤੇ 10 ਮਿਲੀਅਨ ਆਦਮੀ, ਇਸ ਵਿਗਾੜ ਦੇ ਅਸਰ ਹੇਠ ਹਨ। ਸੰਸਾਰ ਭਰ ਵਿੱਚ ਤਕਰੀਬਨ 7.20 ਕਰੋੜ ਲੋਕ ਖਾਣ-ਪੀਣ ਦੇ ਰੋਗਾਂ ਦੇ ਸ਼ਿਕਾਰ ਹਨ। ਛੋਟੀ ਉਮਰ ਵਿੱਚ ਜ਼ਿਆਦਾ ਅਸਰ ਦੇਖਿਆ ਜਾ ਰਿਹਾ ਹੈ। ਖ਼ਤਰਨਾਕ ਮਾਨਸਿਕ ਬਿਮਾਰੀ ਐਨੋਰੈਕਸੀਆ ਨਰਵੋਸਾ ਕਾਰਨ ਆਤਮ-ਹੱਤਿਆਵਾਂ ਦਾ ਅੰਕੜਾ ਵਧਿਆ ਹੈ।

ਖਾਣ-ਪੀਣ ਦੇ ਵਿਗਾੜ ਦੌਰਾਨ ਕਈ ਤਰ੍ਹਾਂ ਦੇ ਲੱਛਣ ਪ੍ਰਗਟ ਹੁੰਦੇ ਹਨ। ਇਨ੍ਹਾਂ ਵਿੱਚ ਮਾਹਵਾਰੀ ਦਾ ਬੰਦ ਹੋ ਜਾਣਾ,



ਡੀਹਾਈਡ੍ਰੇਸ਼ਨ ਕਾਰਨ ਚੱਕਰ ਆਉਣਾ ਜਾਂ ਬੇਹੋਸ਼ ਹੋਣਾ, ਭੁਰਭੁਰੇ ਨਹੁੰ, ਅਸਹਿਣਸ਼ੀਲਤਾ, ਮਾਸਪੇਸ਼ੀਆਂ ਦੀ ਕਮਜ਼ੋਰੀ, ਦਿਲ ਦੀ ਜਲਨ, ਭੋਜਨ ਤੋਂ ਬਾਅਦ ਕਬਜ਼, ਪੇਟ ਅੰਦਰ ਹਵਾ ਪੈਦਾ ਹੋਣਾ, ਗੁਰਦਿਆਂ ਦੇ ਰੋਗ, ਹੱਡੀਆਂ ਦੀ ਘਣਤਾ (ਓਸਟੀਓਪੇਨੀਆ ਤੇ ਓਸਟੀਓਪੋਰੋਸਿਸ), ਉਦਾਸੀ, ਚਿੜਚਿੜਾਪਨ, ਥਕਾਵਟ, ਇਕਾਗਰਤਾ ਭੰਗ ਹੋਣਾ ਆਦਿ ਸ਼ਾਮਿਲ ਹਨ।

ਐਨੋਰੈਕਸੀਆ ਨਰਵੋਸਾ ਲੋੜ ਤੋਂ ਵੱਧ ਕਸਰਤ ਦੁਆਰਾ ਵਜ਼ਨ ਘਟਾਉਣ ਜਾਂ ਦੇਖਭਾਲ ਹੈ। ਬੁਲੀਮੀਆ ਨਰਵੋਸਾ ਵਿੱਚ ਜ਼ਿਆਦਾ ਖਾਣ-ਪੀਣ ਤੋਂ ਬਾਅਦ ਵਜ਼ਨ ਵਧਣ ਤੋਂ ਬਚਣ ਲਈ ਕਸਰਤ ਕਰਨਾ, ਖਾਲੀ ਪੇਟ ਰਹਿਣਾ ਹੈ। ਬਿੰਜ ਈਟਿੰਗ ਡਿਸਆਰਡਰ ਦੌਰਾਨ ਆਦਮੀ ਭੁੱਖ ਤੋਂ ਵੱਧ ਖਾਣ-ਪੀਣ ਬਾਰੇ ਖੁਦ ਨੂੰ ਕੰਟਰੋਲ ਤੋਂ ਬਾਹਰ ਮਹਿਸੂਸ ਕਰਦਾ ਹੈ। ਐਨੋਰੈਕਸੀਆ ਨਰਵੋਸਾ ਵਾਲੇ ਕੁਝ ਲੋਕ ਰੁਕ-ਰੁਕ ਕੇ ਖਾਂਦੇ ਹਨ।

ਪਿਕਾ ਖਾਣ-ਪੀਣ ਦਾ ਅਜਿਹਾ ਵਿਗਾੜ ਹੈ ਜਿਸ ਵਿੱਚ ਪੀੜਤ ਵਾਰ-ਵਾਰ ਅਜਿਹਾ ਭੋਜਨ ਲੈਂਦਾ ਹੈ ਜਿਸ ਵਿੱਚ ਕੋਈ ਪੋਸ਼ਕ ਤੱਤ ਨਹੀਂ ਹੁੰਦੇ। ਅਜਿਹਾ ਵਿਹਾਰ ਕਈ ਮਹੀਨੇ ਤੱਕ ਰਹਿ ਸਕਦਾ ਹੈ। ਆਮ ਤੌਰ 'ਤੇ ਲਏ ਗਏ ਪਦਾਰਥ ਉਮਰ ਅਤੇ ਉਪਲਬਧਤਾ ਨਾਲ ਬਦਲਦੇ ਰਹਿੰਦੇ ਹਨ ਅਤੇ ਇਸ ਵਿੱਚ ਕਾਗਜ਼, ਪੇਂਟ ਚਿਪਸ, ਸਾਬਣ, ਕੱਪੜਾ, ਵਾਲ, ਚਾਕ, ਕੰਕਰ, ਕੋਲਾ, ਮਿੱਟੀ ਆਦਿ ਹੋ ਸਕਦੇ ਹਨ। ਪਿਕਾ ਵਿਗਾੜ ਛੋਟੀ ਉਮਰ ਵਿੱਚ ਹੋ ਸਕਦਾ ਹੈ। ਉਗਾਲੀ ਵਿੱਚ ਖਾਣਾ ਖਾਣ ਤੋਂ ਬਾਅਦ ਭੋਜਨ ਬਾਹਰ ਕੱਢਣਾ ਤੇ ਇਸ ਨੂੰ ਦੁਬਾਰਾ ਚਬਾਉਣਾ ਅਤੇ ਥੁੱਕਣ ਦੀ ਕਿਰਿਆ ਦੇਖੀ ਜਾਂਦੀ ਹੈ। ਅਜਿਹਾ ਬਚਪਨ ਜਾਂ ਕਿਸ਼ੋਰ ਅਵਸਥਾ ਵਿੱਚ ਹੋ ਸਕਦਾ ਹੈ। ਇੱਕ ਮਹੀਨੇ ਦੌਰਾਨ ਵਾਰ-ਵਾਰ ਹੋ ਸਕਦਾ ਹੈ।

ਇਨ੍ਹਾਂ ਵਿਗਾੜਾਂ ਤੋਂ ਬਚਾਓ ਲਈ ਖਾਸ ਦੇਖਭਾਲ ਦੀ ਲੋੜ ਹੁੰਦੀ ਹੈ:

-ਸਰੀਰ ਅਤੇ ਦਿਮਾਗ 'ਤੇ ਖਾਣ-ਪੀਣ ਦੀਆਂ ਬਿਮਾਰੀਆਂ ਦੇ ਅਸਰ ਕਾਰਨ ਮਨੋਵਿਗਿਆਨਕ ਅਤੇ ਪੋਸ਼ਣ ਸਬੰਧੀ ਸਲਾਹ ਅਤੇ ਨਿਗਰਾਨੀ ਦੀ ਲੋੜ ਹੁੰਦੀ ਹੈ। ਮਾਹਿਰ ਦੇ ਮਾਨਸਿਕ ਇਲਾਜ ਦੇ ਨਾਲ-ਨਾਲ ਪੋਸ਼ਣ ਸਬੰਧੀ ਸੈਸ਼ਨ ਅਤੇ ਕਦੇ-ਕਦੇ ਸਾਈਕੋ-ਫਾਰਮਕੋਲੋਜੀ ਦੀ ਵੀ ਲੋੜ ਪੈ ਜਾਂਦੀ ਹੈ।

-ਐਨੋਰੈਕਸੀਆ ਨਰਵੋਸਾ ਪੀੜਤਾਂ ਦੇ ਖਾਣ-ਪੀਣ ਅਤੇ ਵਜ਼ਨ ਕੰਟਰੋਲ ਕਰਨ ਦੇ ਵਿਹਾਰ ਨੂੰ ਆਮ ਬਣਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ।

-ਮਾਂ ਬਾਪ ਦੀ ਜ਼ਿੰਮੇਵਾਰੀ ਬਚਪਨ ਵਿੱਚ ਵੱਡੇ ਹੋ ਰਹੇ ਬੱਚਿਆਂ ਨੂੰ ਪੌਸ਼ਟਿਕ ਖੁਰਾਕ ਬਾਰੇ ਜਾਗਰੂਕ ਕਰਨ ਦੀ ਹੈ। ਬੱਚੇ ਦੀ ਸਿਹਤ ਮੁਤਾਬਿਕ ਮਾਹਿਰ ਨਾਲ ਸਲਾਹ-ਮਸ਼ਵਰਾ ਕਰਦੇ ਰਹਿਣਾ ਚਾਹੀਦਾ ਹੈ।

-ਕੌਮਾਂਤਰੀ ਪੱਧਰ 'ਤੇ ਗੰਭੀਰ ਐਨੋਰੈਕਸੀਆ ਦੇ ਪੀੜਤਾਂ ਦਾ ਵਜ਼ਨ ਬਹਾਲ ਕਰਨ ਅਤੇ ਖਾਣ-ਪੀਣ ਦਾ ਵਿਹਾਰ ਆਮ ਬਣਾਉਣ ਵਿੱਚ ਵਿਸ਼ੇਸ਼ ਪ੍ਰੋਗਰਾਮ ਹਨ।

-ਬਚਪਨ ਤੋਂ ਹੀ ਸੰਤੁਲਿਤ ਪੌਸ਼ਟਿਕ ਖੁਰਾਕ ਵੱਲ ਧਿਆਨ ਦੇਣ ਦੀ ਲੋੜ ਹੈ ਕਿਉਂਕਿ ਪ੍ਰਭਾਵਿਤ ਆਦਮੀ ਦੀ ਉਮਰ ਦੇ ਬਾਵਜੂਦ ਰੋਗੀ ਦੀ ਉਤੇਜਨਾ ਨਾਲ ਪਰਿਵਾਰ ਲਈ ਮੁਸ਼ਕਿਲਾਂ ਵਧ ਵੀ ਜਾਂਦੀਆਂ ਹਨ।

-ਬੁਲੀਮੀਆ ਨਰਵੋਸਾ ਵਾਲੇ ਪੀੜਤ ਆਮ ਤੌਰ 'ਤੇ ਬਦਲਵੀਂ ਡਾਈਟਿੰਗ ਕਰਦੇ ਹਨ ਜਾਂ ਸਿਰਫ ਘੱਟ ਕੈਲੋਰੀ ਵਾਲਾ ਸੁਰੱਖਿਅਤ ਭੋਜਨ ਲੈਂਦੇ ਹਨ ਅਤੇ ਵਰਜਿਤ ਉੱਚ ਕੈਲੋਰੀ ਵਾਲੀ ਖੁਰਾਕ 'ਤੇ ਬਹੁਤ ਜ਼ਿਆਦਾ ਭੋਜਨ ਕਰਦੇ ਹਨ। ਕਈ ਵਾਰ ਗੰਭੀਰ ਹਾਲਤ ਵਿੱਚ ਈਸੋਫੇਗਲ ਹੰਝੂ, ਗੈਸਟ੍ਰਿਕ ਫਟਣਾ ਅਤੇ ਖਤਰਨਾਕ ਕਾਰਡੀਅਕ ਐਰੀਥਮੀਆ ਦਾ ਖ਼ਦਸ਼ਾ ਹੋ ਸਕਦਾ ਹੈ। ਇਸ ਸੂਰਤ ਵਿੱਚ ਮਾਹਿਰ ਵੱਲੋਂ ਮੁਆਇਨਾ (ਡਾਇਗਨੋਜ਼) ਅਤੇ ਇਲਾਜ ਜ਼ਰੂਰੀ ਹੋ ਜਾਂਦਾ ਹੈ।

ਖਾਣ-ਪੀਣ ਨਾਲ ਜੁੜੇ ਰੋਗਾਂ ਦੀ ਹਾਲਤ ਵਿੱਚ ਬਿਨਾਂ ਦੇਰੀ ਮਾਹਿਰ ਦੀ ਸਲਾਹ ਲੈਣੀ ਚਾਹੀਦੀ ਹੈ। ਇਲਾਜ ਦੌਰਾਨ ਲਾਪ੍ਰਵਾਹੀ ਖ਼ਤਰਨਾਕ ਸਾਬਿਤ ਹੋ ਸਕਦੀ ਹੈ। ਬਿਮਾਰੀ ਦੀ ਹਾਲਤ ਵਿੱਚ ਸਾਈਕੋ-ਥੈਰੇਪੀ, ਐਂਟੀ-ਡਿਪ੍ਰੈਸੈਂਟਸ ਅਤੇ ਰਜਿਸਟਰਡ ਪੋਸ਼ਣ ਮਾਹਿਰ ਇਮਦਾਦ ਕਰ ਸਕਦਾ ਹੈ।

TRANS-ALLIANCE
TOGETHER WE SAVE

## FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

## FUEL CARDS
NO CREDIT - NO PROBLEM
BEST CUSTOMER SERVICE




FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

## YOU BREAK DOWN
WE SHOW UP
24-HOUR ROADSIDE ASSISTANCE

## TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

## FUEL MANAGEMENT
DAILY FUEL RATES IN PHONE APP

CALL FOR MORE INFO
(855)641-6955, (888)795-7035



# ਜੈਲਾ

### ਰਾਜਿੰਦਰ ਜੈਦਕਾ

ਪਰਮਜੀਤ ਕੌਰ ਪੰਮੀ ਦੇ ਪਤੀ ਦੀ ਅਚਾਨਕ ਮੌਤ ਹੋ ਗਈ। ਹੁਣ ਪੰਮੀ ਇਕੱਲੀ ਰਹਿੰਦੀ ਸੀ। ਉਸ ਦਾ ਇੱਕੋ ਇੱਕ ਪੁੱਤਰ ਸੁਧੀਰ ਦਿੱਲੀ ਕੰਮ ਕਰਦਾ ਸੀ। ਆਪਣੇ ਪਿਤਾ ਗੁਰਮੇਲ ਸਿੰਘ ਦੇ ਭੋਗ ਵਾਲੇ ਦਿਨ ਉਹ ਆਪਣੀ ਮਾਂ ਨੂੰ ਇਹ ਕਹਿ ਕੇ ਚਲਾ ਗਿਆ ਕਿ ਉਸ ਨੇ ਹੁਣ ਬੰਗਲੌਰ ਨੌਕਰੀ ਕਰ ਲਈ ਹੈ ਤੇ ਛੇਤੀ ਹੀ ਉਹ ਕੈਨੇਡਾ ਵੀ ਚਲਾ ਜਾਵੇਗਾ। ਉਹ ਆਪਣੀ ਮਾਂ ਨੂੰ ਕੁਝ ਪੈਸੇ ਦੇ ਗਿਆ। ਪੈਸਾ ਹੌਲੀ ਹੌਲੀ ਖ਼ਤਮ ਹੁੰਦਾ ਗਿਆ। ਪੰਮੀ ਨੇ ਨੌਕਰੀ ਕਰਨੀ ਚਾਹੀ, ਪਰ ਨੌਕਰੀ ਨਾ ਮਿਲੀ। ਉਸ ਨੇ ਆਪਣੇ ਘਰ ਵਿੱਚ ਚਾਹ ਦੀ ਦੁਕਾਨ ਖੋਲ੍ਹਣ ਦਾ ਫ਼ੈਸਲਾ ਕਰ ਲਿਆ ਕਿਉਂਕਿ ਉਸ ਦਾ ਘਰ ਸੜਕ ਉੱਪਰ ਗਲੀ ਦੇ ਮੋੜ ’ਤੇ ਸੀ। ਉਸ ਦਾ ਗੁਜ਼ਾਰਾ ਚੰਗਾ ਹੋਣ ਲੱਗ ਗਿਆ।

ਗਲੀ ਦੇ ਆਖ਼ਰ ਵਿੱਚ ਸੁਰਿੰਦਰ ਸਿੰਘ ਦਾ ਮਕਾਨ ਸੀ। ਉਸ ਦਾ ਪੁੱਤਰ ਜਰਨੈਲ ਸਿੰਘ ਜੈਲਾ ਵੀ ਸੁਧੀਰ ਦਾ ਹਾਣੀ ਹੀ ਸੀ। ਜੈਲਾ ਮਿੱਲ ਵਿੱਚ ਨੌਕਰੀ ਕਰਦਾ ਸੀ ਜਦੋਂਕਿ ਸੁਰਿੰਦਰ ਸਿੰਘ ਹੁਣੇ ਹੀ ਸੇਵਾਮੁਕਤ ਹੋਇਆ ਸੀ। ਉਸ ਨੂੰ ਪੈਨਸ਼ਨ ਆਉਂਦੀ ਸੀ। ਇੱਕ ਦਿਨ ਬਿਮਾਰੀ ਕਾਰਨ ਜੈਲੇ ਦੀ ਮਾਂ ਮਰ ਗਈ। ਜੈਲੇ ਤੇ ਉਸ ਦੇ ਪਿਤਾ ਸੁਰਿੰਦਰ ਸਿੰਘ ਨੂੰ ਰੋਟੀ ਬਣਾਉਣੀ ਪੈਂਦੀ ਸੀ। ਭਾਵੇਂ ਉਨ੍ਹਾਂ ਨੂੰ ਰੋਟੀ ਬਣਾਉਣੀ ਨਹੀਂ ਸੀ ਆਉਂਦੀ ਫਿਰ ਵੀ ਉਹ ਢਿੱਡ ਭਰੀ ਜਾ ਰਹੇ ਸਨ। ਘਰ ਦਾ ਝਾੜੂ ਪੋਚਾ ਸੁਰਿੰਦਰ ਸਿੰਘ ਨੂੰ ਕਰਨਾ ਪੈਂਦਾ ਸੀ। ਐਤਵਾਰ ਦਾ ਦਿਨ ਸੀ। ਸੁਰਿੰਦਰ ਸਿੰਘ ਨੇ ਦਾਲ ਬਣਾਈ ਜੋ ਜਲ ਗਈ। ਜੈਲੇ ਨੂੰ ਰੋਟੀ ਭੋਰਾ ਸੁਆਦ ਨਾ ਲੱਗੀ। ਘਰੋਂ ਨਿਕਲ ਕੇ ਉਹ ਪੰਮੀ ਆਂਟੀ ਦੀ ਦੁਕਾਨ ’ਤੇ ਚਾਹ ਪੀਣ ਬੈਠ ਗਿਆ। ਚਾਹ ਪੀਂਦੇ-ਪੀਂਦੇ ਉਸ ਨੇ ਗੱਲ ਕੀਤੀ ਕਿ ਅੱਜ ਬਾਪੂ ਨੇ ਦਾਲ ਸਾੜ ਦਿੱਤੀ। ਰੋਟੀ ਭੋਰਾ ਸੁਆਦ ਨਹੀਂ ਲੱਗੀ।

ਪੰਮੀ ਨੇ ਤੁਰੰਤ ਘਰ ਅੰਦਰੋਂ ਥਾਲੀ ਵਿੱਚ ਰੋਟੀ ਪਾ ਕੇ ਜੈਲੇ ਅੱਗੇ ਰੱਖਦਿਆਂ ਕਿਹਾ ਕਿ “ਲੈ ਪੁੱਤ ਰੋਟੀ ਖਾ ਲੈ।”

“ਮੈਂ ਤਾਂ ਬਸ ਚਾਹ ਹੀ ਪੀਣੀ ਹੈ, ਨਾਲੇ ਹੁਣ ਮੈਨੂੰ ਭੁੱਖ ਨਹੀਂ।” ਜੈਲੇ ਨੇ ਕਿਹਾ।

“ਤੂੰ ਮੇਰੇ ਪੁੱਤ ਸੁਧੀਰ ਵਰਗਾ ਏਂ। ਚੱਲ ਖਾ ਰੋਟੀ।” ਪੰਮੀ ਬੋਲੀ।

ਗੱਲਾਂ ਕਰਦਿਆਂ ਪੰਮੀ ਨੇ ਦੱਸਿਆ ਕਿ ਸੁਧੀਰ ਜਦੋਂ ਦਾ ਗਿਆ ਹੈ ਕੋਈ ਖ਼ਤ ਜਾਂ ਪਤਾ ਨਹੀਂ ਮਿਲਿਆ। ਉਹ ਕਿੱਥੇ ਹੈ ? ਕੀ ਕਰਦਾ ਹੈ ? ਇਸ ਬਾਰੇ ਉਸ ਨੂੰ ਕੋਈ ਜਾਣਕਾਰੀ ਨਹੀਂ।

“ਕਿਤੇ ਕੁਝ ਹੋ ਨਾ ਗਿਆ ਹੋਵੇ।” ਜੈਲੇ ਨੇ ਸ਼ੰਕਾ ਜ਼ਾਹਿਰ ਕੀਤੀ।

ਪੰਮੀ ਬੋਲੀ ਕਿ ਉਸ ਨੂੰ ਕੁਝ ਨਹੀਂ ਹੋ ਸਕਦਾ। ਉਹ ਭਾਵੇਂ ਮੈਨੂੰ ਲੈਣ ਆਵੇ ਜਾਂ ਨਾ ਆਵੇ, ਪਰ ਆਪ ਸੁਖੀ ਰਹੇ। ਜੈਲੇ ਨੂੰ ਰੋਟੀ ਖਾਂਦੇ ਹੋਏ ਉਸ ਦੀ ਮਾਂ ਦੀ ਯਾਦ ਆ ਗਈ। ਸੁਆਦ ਸੁਆਦ ਵਿੱਚ ਉਹ ਸਾਰੀ ਰੋਟੀ ਖਾ ਗਿਆ। ਰੋਟੀ ਖ਼ਤਮ ਕਰਦਿਆਂ ਉਸ ਨੇ ਕਿਹਾ ਕਿ ਅੱਜ ਤਾਂ ਮਾਂ ਦੀ ਯਾਦ ਆ ਗਈ। ਤੁਸੀ ਤਾਂ ਮਾਂ ਵਰਗੀ ਸੁਆਦ ਰੋਟੀ ਬਣਾਈ ਹੈ। ਹੁਣ ਉਹ ਕਦੇ ਕਦੇ ਪੰਮੀ ਆਂਟੀ ਕੋਲ ਰੋਟੀ ਖਾ ਕੇ ਘਰ ਚਲਾ ਜਾਂਦਾ। ਉਹ ਪੈਸੇ ਦੇਣਾ ਚਾਹੁੰਦਾ, ਪਰ ਪੰਮੀ ਇਹ ਕਹਿ ਕੇ ਇਨਕਾਰ ਕਰ ਦਿੰਦੀ ਕਿ ਤੂੰ ਤਾਂ ਮੇਰਾ ਪੁੱਤ ਹੀ ਹੈਂ।

ਐਤਵਾਰ ਦਾ ਦਿਨ ਸੀ। ਜੈਲੇ ਨੇ ਪੰਮੀ ਆਂਟੀ ਨੂੰ ਕਿਹਾ ਕਿ ਉਹ ਬਾਜ਼ਾਰ ਚੱਲਿਆ ਹੈ, ਜੇਕਰ ਕੋਈ ਚੀਜ਼ ਮੰਗਵਾਉਣੀ ਹੈ ਤਾਂ ਦੱਸ ਦੇਣ। ਪਰ ਪੰਮੀ ਨੇ ਇਨਕਾਰ ਕਰ ਦਿੱਤਾ। ਜੈਲਾ ਆਉਂਦਾ ਹੋਇਆ ਬਾਜ਼ਾਰੋਂ ਦਾਲਾਂ, ਘੀ ਤੇ ਹੋਰ ਸਾਮਾਨ ਲੈ ਆਇਆ ਤੇ ਪੰਮੀ ਆਂਟੀ ਨੂੰ ਫੜਾਉਂਦਾ ਬੋਲਿਆ, “ਲੈ ਮਾਂ, ਕੁਝ ਸਾਮਾਨ ਲਿਆਇਆ ਹਾਂ।” ਪੰਮੀ ਨੇ ਜੈਲੇ ਹੱਥੋਂ ਲਿਫ਼ਾਫ਼ਾ ਫੜਦਿਆਂ ਉਸ ਨੂੰ ਜੱਫੀ ਪਾ ਕੇ ਘੁੱਟ ਕੇ ਪਿਆਰ ਕਰਦਿਆਂ ਕਿਹਾ, “ਮੇਰਾ ਸ਼ੇਰ ਪੁੱਤ-ਸਾਮਾਨ ਲਿਆਉਣ ਜੋਗਾ ਹੋ ਗਿਆ।” ਜੈਲਾ ਸਾਮਾਨ ਲਿਆ ਕੇ ਪੰਮੀ ਅੰਟੀ ਨੂੰ ਦੇ ਦਿੰਦਾ ਤੇ ਹੁਣ ਬਾਪ-ਪੁੱਤ ਦੀ ਰੋਟੀ ਵੀ ਪੰਮੀ ਬਣਾਉਣ ਲੱਗ ਗਈ। ਜੈਲਾ ਆਪਣੀ ਰੋਟੀ ਖਾ ਜਾਂਦਾ ਤੇ ਆਪਣੇ ਪਿਤਾ ਦੀ ਰੋਟੀ ਉਹ ਘਰ ਲੈ ਜਾਂਦਾ। ਸੁਰਿੰਦਰ ਸਿੰਘ ਵੀ ਦਿਨ ਵਿੱਚ ਪੰਮੀ ਕੋਲ ਚਾਹ ਪੀਣ ਆ ਜਾਂਦਾ ਤੇ ਘੰਟਿਆਂ ਬੱਧੀ ਗੱਲਾਂ ਕਰਦਾ ਰਹਿੰਦਾ।

ਇੱਕ ਦਿਨ ਜੈਲੇ ਨੇ ਆਪਣੇ ਪਿਤਾ ਕਿਹਾ, “ਕਿਉਂ ਨਾ ਆਪਾਂ ਪੰਮੀ ਆਂਟੀ ਨੂੰ ਆਪਣੇ ਘਰ ਲੈ ਆਈਏ। ਉਹ ਮੇਰੀ ਮਾਂ ਵਰਗੀ ਹੈ। ਉਹ ਤੁਹਾਡਾ ਵੀ ਖਿਆਲ ਰੱਖੇਗੀ।” ਇਹ ਸੁਣ ਕੇ ਸੁਰਿੰਦਰ ਸਿੰਘ ਭੜਕ ਪਿਆ। “ਤੈਨੂੰ ਸ਼ਰਮ ਨਹੀਂ ਆਉਂਦੀ ਅਜਿਹੀ ਗੱਲ ਕਰਦੇ ਨੂੰ।”

“ਮੈਨੂੰ ਤਾਂ ਮਾਂ ਦੀ ਲੋੜ ਹੈ। ਘਰ ਆ ਕੇ ਨਾਲੇ ਉਹ ਰੋਟੀ ਬਣਾ ਦਿਆ ਕਰੂ ਤੇ ਨਾਲੇ ਘਰ ਸੰਭਾਲੂ।”

“ਲੋਕ ਕੀ ਕਹਿਣਗੇ।” ਸੁਰਿੰਦਰ ਸਿੰਘ ਬੋਲਿਆ।

“ਲੋਕਾਂ ਨੇ ਤਾਂ ਕਹਿੰਦੇ ਹੀ ਰਹਿਣਾ ਹੈ। ਕਈ ਠੀਕ ਤੇ ਕਈ ਗ਼ਲਤ ਕਹਿਣਗੇ। ਜਦੋਂ ਦੀ ਮਾਂ ਮਰੀ ਹੈ ਕੋਈ ਜਨਾਨੀ ਸਾਡੇ ਘਰ ਨਹੀਂ ਆਈ, ਘਰ ਵੱਢ ਵੱਢ ਖਾਂਦਾ ਹੈ। ਲੋਕਾਂ ਨੇ ਇਹ ਵੀ ਨਹੀਂ ਪੁੱਛਿਆ ਕਿ ਤੁਸੀਂ ਰੋਟੀ ਕਿਵੇਂ ਖਾਂਦੇ ਹੋ। ਨਾਲੇ ਲੋਕਾਂ ਦੀ ਕੋਈ ਪਰਵਾਹ ਨਹੀਂ ਕਰੀ ਦੀ। ਜੇਕਰ ਤੁਹਾਡੀ ਸਲਾਹ ਹੈ ਤਾਂ ਮੈਂ ਪੰਮੀ ਆਂਟੀ ਨਾਲ ਗੱਲ ਕਰਾਂਗਾ।”

ਸੁਰਿੰਦਰ ਸਿੰਘ ਨੇ ਕੁਝ ਸੋਚਦੇ ਹੋਏ ਇਜਾਜ਼ਤ ਦਿੰਦਿਆਂ ਕਿਹਾ ਕਿ ਜਿਵੇਂ ਤੇਰੀ ਮਰਜ਼ੀ ਹੈ ਕਰ ਲੈ। ਜੈਲੇ ਨੂੰ ਲੱਗਿਆ ਕਿ ਅੱਧਾ ਕਿਲ੍ਹਾ ਤਾਂ ਸਰ ਕਰ ਲਿਆ ਹੈ, ਪਰ ਪੰਮੀ ਆਂਟੀ ਨੂੰ ਮਨਾਉਣਾ ਉਸ ਲਈ ਵੱਡੀ ਚੁਣੌਤੀ ਸੀ। ਸ਼ਾਮ ਨੂੰ ਉਹ ਪੰਮੀ ਆਂਟੀ ਦੇ ਘਰ ਮਾਂ ਮਾਂ ਕਹਿੰਦਾ ਹੋਇਆ ਥਾਲੀ ਲਿਆਇਆ ਤੇ ਰੋਟੀ ਪਵਾ ਕੇ ਪੰਮੀ ਕੋਲ ਬੈਠ ਕੇ ਖਾਣ ਲੱਗ ਗਿਆ। ਜੈਲੇ ਨੇ ਪੰਮੀ ਆਂਟੀ ਨੂੰ ਕਿਹਾ, “ਤੁਸੀਂ ਤਾਂ ਬਿਲਕੁਲ ਮਾਂ ਲੱਗਦੇ ਹੋ। ਮੈਨੂੰ ਮਾਂ ਦੀ ਤਰ੍ਹਾਂ ਰੋਟੀ ਖਵਾਉਂਦੇ ਹੋ ਤੇ ਮਾਂ ਦੀ ਤਰ੍ਹਾਂ ਹੀ ਪਿਆਰ ਕਰਦੇ ਹੋ।”

ਪੰਮੀ ਨੇ ਕਿਹਾ, “ਮੈਂ ਵੀ ਤੈਨੂੰ ਪੁੱਤਰ ਹੀ ਸਮਝਦੀ ਹਾਂ। ਤੈਨੂੰ ਰੋਟੀ ਖੁਆ ਕੇ ਮੈਨੂੰ ਬਹੁਤ ਖ਼ੁਸ਼ੀ ਮਿਲਦੀ ਹੈ।”

“ਮਾਂ ਤੁਸੀਂ ਸਾਡੇ ਘਰ ਹੀ ਚੱਲੋ। ਮੈਨੂੰ ਬਹੁਤ ਖ਼ੁਸ਼ੀ ਹੋਵੇਗੀ।”

“ਬੇਵਕੂਫ਼ ਨਾ ਬਣ, ਇਹ ਤੂੰ ਕੀ ਕਹਿ ਰਿਹਾ ਏਂ। ਤੈਨੂੰ ਪਤਾ ਵੀ ਹੈ ਕਿ ਤੂੰ ਕੀ ਕਿਹਾ ਹੈ।” ਪੰਮੀ ਔਖੀ ਹੋ ਕੇ ਬੋਲੀ।

“ਮੈਨੂੰ ਸਭ ਪਤਾ ਹੈ। ਮਾਂ ਤੁਸੀਂ ਬਸ ਸਾਡੇ ਘਰ ਚੱਲੋ।” ਜੈਲਾ ਬੋਲਿਆ।

“ਲੋਕ ਕੀ ਕਹਿਣਗੇ-ਜਿਊਣ ਨਹੀਂ ਦੇਣਾ ਲੋਕਾਂ ਨੇ।” ਪੰਮੀ ਬੋਲੀ।

ਜੈਲਾ ਬੋਲਿਆ, “ਕੁਝ ਲੋਕ ਚੰਗਾ ਤੇ ਕੁਝ ਮਾੜਾ ਕਹਿਣਗੇ। ਨਾਲ ਹੁਣ ਤੱਕ ਤੁਸੀਂ ਇਕੱਲੇ ਹੀ ਰਹਿੰਦੇ ਆਏ ਹੋ, ਕਦੇ ਕਿਸੇ ਰਿਸ਼ਤੇਦਾਰ ਜਾਂ ਗਲੀ ਮੁਹੱਲੇ ਵਾਲਿਆਂ ਨੇ ਤੁਹਾਡੀ ਸਾਰ ਲਈ ਏ ਕਿ ਤੁਸੀਂ ਕਿਵੇਂ ਰੋਟੀ ਖਾਂਦੇ ਹੋ। ਜੇਕਰ ਆਪਣੀ ਜ਼ਿੰਦਗੀ ਸਫਲ ਬਣਾਉਣੀ ਹੈ ਤਾਂ ਲੋਕਾਂ ਦੀ ਪਰਵਾਹ ਨਹੀਂ ਕਰਨੀ ਚਾਹੀਦੀ। ਬੁਢਾਪੇ ਵਿੱਚ ਤੁਹਾਡਾ ਕੌਣ ਸਹਾਰਾ ਬਣੇਗਾ। ਅਸੀਂ ਆਪਣਾ ਕੱਲ੍ਹ ਵੇਖਣਾ ਹੈ ਕਿ ਅਸੀਂ ਭਵਿੱਖ ਵਿੱਚ ਸੁਖੀ ਕਿਵੇਂ ਰਹਿਣਾ ਹੈ।”

ਪੰਮੀ ਨੇ ਟਿਕਟਿਕੀ ਲਾ ਕੇ ਵੇਖਦਿਆਂ ਕਿਹਾ, “ਜੇਕਰ ਕੋਈ ਗੱਲ ਹੋ ਗਈ ਤਾਂ ਮੈਂ ਜਿਊਂਦੀ ਮਰ ਜਾਂਵਾਗੀ। ਨਾਲੇ ਹੁਣ ਤਾਂ ਤੇਰਾ ਵਿਆਹ ਕਰਵਾਉਣ ਦਾ ਸਮਾਂ ਹੈ। ਸਾਡਾ ਨਹੀਂ।” ਪੰਮੀ ਬੋਲੀ।

“ਮੇਰਾ ਵਿਆਹ ਵੀ ਤਾਂ ਮੇਰੀ ਮਾਂ ਹੀ ਕਰੇਗੀ।” ਜੈਲੇ ਨੇ ਪੰਮੀ ਵੱਲ ਵੇਖਦਿਆਂ ਕਿਹਾ।

“ਮਾਂ ਤੁਸੀਂ ਆਪਣੇ ਮਨ ਨਾਲ ਸਲਾਹ ਕਰ ਲਓ। ਜੇਕਰ ਤੁਸੀਂ ਇਜਾਜ਼ਤ ਦੇਵੋਗੇ ਤਾਂ ਮੈਂ ਪਿਤਾ ਜੀ ਨਾਲ ਗੱਲ ਕਰਾਂਗਾ, ਨਹੀਂ ਬਸ ਗੱਲ ਇੱਥੇ ਹੀ ਖ਼ਤਮ।” ਪੰਮੀ ਕੁਝ ਸੋਚ ਕੇ ਬੋਲੀ, “ਜਿਵੇਂ ਤੇਰੀ ਮਰਜ਼ੀ ਹੈ ਕਰ ਲੈ।”

ਇਹ ਸੁਣ ਕੇ ਜੈਲੇ ਨੇ ਪੰਮੀ ਦੇ ਪੈਰੀਂ ਹੱਥ ਲਾਉਂਦੇ ਕਿਹਾ, “ਮਾਂ, ਮੈਂ ਤੁਹਾਨੂੰ ਖ਼ੁਸ਼ ਵੇਖਣਾ ਚਾਹੁੰਦਾ ਹਾਂ। ਦੂਜੇ ਦੇਸ਼ਾਂ ਵਿੱਚ ਵੀ ਲੋਕ ਕਿਸੇ ਦੀ ਪਰਵਾਹ ਨਹੀਂ ਕਰਦੇ। ਮੈਂ ਪਿਤਾ ਜੀ ਨਾਲ ਗੱਲਬਾਤ ਕਰਕੇ ਤੁਹਾਨੂੰ ਕੱਲ੍ਹ ਦੱਸਾਂਗਾ।”

ਅਗਲੇ ਦਿਨ ਜੈਲਾ ਫਿਰ ਪੰਮੀ ਆਂਟੀ ਦੇ ਘਰ ਆ ਕੇ ਬੋਲਿਆ, “ਹੁਣ ਤੁਸੀਂ ਮੇਰੇ ਆਂਟੀ ਨਹੀਂ ਸਗੋਂ ਅਸਲੀ ਮਾਂ ਹੋ। ਪਿਤਾ ਜੀ ਮੰਨ ਗਏ ਹਨ।” ਉਸੇ ਦਿਨ ਕੁਝ ਰਿਸ਼ਤੇਦਾਰਾਂ ਤੇ ਦੋਸਤਾਂ ਦੀ ਹਾਜ਼ਰੀ ਵਿੱਚ ਦੋਵਾਂ ਦਾ ਵਿਆਹ ਕਰ ਦਿੱਤਾ।

ਅਗਲੇ ਦਿਨ ਜੈਲੇ ਨੇ ਫਿਰ ਇੱਕ ਸਕੀਮ ਬਣਾਉਂਦੇ ਹੋਏ ਪਿਤਾ ਜੀ ਨੂੰ ਕਿਹਾ, “ਮੇਰੇ ਦੋਸਤ ਦਾ ਸ਼ਿਮਲੇ ਵਿਆਹ ਹੈ, ਤੁਸੀਂ ਵੀ ਚੱਲੋ, ਪਹਾੜਾਂ ਦੀ ਸੈਰ ਵੀ ਹੋ ਜਾਵੇਗੀ ਤੇ ਨਾਲ ਹੀ ਸ਼ਿਮਲਾ ਵੀ ਵੇਖ ਆਵੋਗੇ।”

ਨਾਂਹ-ਨੁੱਕਰ ਕਰਨ ਦੇ ਬਾਵਜੂਦ ਜੈਲਾ ਉਨ੍ਹਾਂ ਨੂੰ ਸ਼ਿਮਲੇ ਲੈ ਗਿਆ। ਮਾਲ ਰੋਡ ਦੇ ਨਜ਼ਦੀਕ ਉਨ੍ਹਾਂ ਨੂੰ ਇੱਕ ਕਮਰਾ ਕਿਰਾਏ ’ਤੇ ਲੈ ਦਿੱਤਾ ਤੇ ਆਪ ਇਹ ਕਹਿ ਕੇ ਚਲਾ ਗਿਆ ਕਿ ਉਹ ਤਾਂ ਆਪਣੇ ਦੋਸਤ ਦੇ ਵਿਆਹ ’ਤੇ ਜਾ ਰਿਹਾ ਹੈ। ਉਸ ਨੇ ਦੂਜੇ ਹੋਟਲ ਵਿੱਚ ਕਮਰਾ ਲੈ ਲਿਆ। ਜਾਂਦਾ ਹੋਇਆ ਜੈਲਾ ਕਹਿ ਗਿਆ ਕਿ ਤੁਸੀਂ ਮਾਲ ਰੋਡ ’ਤੇ ਘੁੰਮ ਆਇਓ। ਰੋਟੀ ਪਾਣੀ ਕਮਰੇ ਵਿੱਚ ਹੀ ਮਿਲ ਜਾਵੇਗਾ। ਉਹ ਦੋ ਦਿਨ ਉੱਥੇ ਕਮਰੇ ਵਿੱਚ ਇਕੱਠੇ ਰਹੇ। ਅਗਲੇ ਦਿਨ ਮਾਲ ਰੋਡ ’ਤੇ ਜੈਲੇ ਨੇ ਜਦੋਂ ਨਵੇਂ ਜੋੜਿਆਂ ਦੇ ਨਾਲ ਮਾਤਾ-ਪਿਤਾ ਨੂੰ ਹੱਥ ਵਿੱਚ ਹੱਥ ਪਾਈਂ ਘੁੰਮਦੇ ਵੇਖਿਆ ਤਾਂ ਉਸ ਦੀ ਖ਼ੁਸ਼ੀ ਦਾ ਕੋਈ ਠਿਕਾਣਾ ਨਾ ਰਿਹਾ। ਉਸ ਨੂੰ ਲੱਗਿਆ ਕਿ ਜਿਵੇਂ ਉਸ ਨੇ ਦੋ ਜਾਣਿਆਂ ਦੀ ਨਰਕ ਭਰੀ ਜ਼ਿੰਦਗੀ ਸੰਵਾਰ ਦਿੱਤੀ ਹੈ।

# ਮਿੰਨੀ ਕਹਾਣੀਆਂ

## ਨਕਲੀ ਦਿਵਿਆਂਗ

### ਜਤਿੰਦਰ ਮੋਹਨ

ਦਸੰਬਰ ਮਹੀਨੇ ਦੀ ਤਿੰਨ ਤਾਰੀਖ਼ ਸੀ। ਸਰਕਾਰੀ ਹਸਪਤਾਲ ਦੇ ਵਿਹੜੇ ਵਿੱਚ ਵੱਡੀ ਭੀੜ ਲੱਗੀ ਹੋਣ ਕਰਕੇ ਆਮ ਲੋਕ ਇਹ ਦੇਖਣ ਲਈ ਉਧਰ ਚਲੇ ਜਾਂਦੇ ਕਿ ਦੇਖੀਏ ਕੀ ਗੱਲ ਹੈ ? ਸੁਰਿੰਦਰ ਵੀ ਉਧਰ ਹੀ ਚਲਾ ਗਿਆ। ਬਹੁਤ ਸਾਰੇ ਦਿਵਿਆਂਗ ਲੋਕ ਉੱਥੇ ਬੈਠੇ ਪ੍ਰੋਗਰਾਮ ਦਾ ਇੰਤਜ਼ਾਰ ਕਰ ਰਹੇ ਸਨ। ਉਨ੍ਹਾਂ ਦੀ ਹਾਲਤ ਦੇਖ ਕੇ ਸੁਰਿੰਦਰ ਦਾ ਮਨ ਬਹੁਤ ਦੁਖੀ ਹੋਇਆ। ਉਹ ਮਨ ਹੀ ਮਨ ਸੋਚਣ ਲੱਗਾ ਕਿ ਪਰਮਾਤਮਾ ਨੇ ਇਨ੍ਹਾਂ ਨਾਲ ਕਿੰਨਾ ਵੱਡਾ ਧੱਕਾ ਕੀਤਾ ਹੈ। ਇਹ ਵਿਚਾਰੇ ਪਰਾਏ ਆਸਰੇ ’ਤੇ ਕਿਵੇਂ ਗੁਜ਼ਾਰਾ ਕਰਦੇ ਹੋਣਗੇ। ਉਹ ਸੋਚਣ ਲੱਗਾ। ਇੰਨੇ ਵਿੱਚ ਹੀ ਉਸ ਦੀ ਨਜ਼ਰ ਮਨਿੰਦਰ ’ਤੇ ਪਈ ਜੋ ਕਿ ਉਨ੍ਹਾਂ ਵਿੱਚ ਬੈਠਾ ਸੀ।

ਮਨਿੰਦਰ, ਸੁਰਿੰਦਰ ਦਾ ਜਮਾਤੀ ਸੀ। ਉਹ ਹਮੇਸ਼ਾ ਜਮਾਤ ਵਿੱਚ ਕੋਈ ਨਾ ਕੋਈ ਪੁਜ਼ੀਸ਼ਨ ਹਾਸਲ ਕਰਦਾ, ਪਰ ਘਰ ਦੀ ਗ਼ਰੀਬੀ ਤੇ ਸਾਧਨਾਂ ਦੀ ਕਮੀ ਕਾਰਨ ਉਚੇਰੀ ਪੜ੍ਹਾਈ ਨਾ ਕਰ ਸਕਿਆ ਤੇ ਬਾਰ੍ਹਵੀਂ ਕਰਨ ਪਿੱਛੋਂ ਹੇਅਰ ਡਰੈਸਰ ਵਜੋਂ ਕੰਮ ’ਤੇ ਲੱਗ ਗਿਆ। ਭਾਵੇਂ ਉਸ ਦੀ ਕਾਬਲੀਅਤ ਦਾ ਮੁੱਲ ਤਾਂ ਨਹੀਂ ਪਿਆ ਸੀ, ਪਰ ਫ਼ਿਰ ਵੀ ਉਸ ਦਾ ਗੁਜ਼ਾਰਾ ਵਧੀਆ ਚੱਲੀ ਜਾਂਦਾ ਸੀ। ਉਸ ਦੀ ਸੱਜੀ ਲੱਤ ਪੋਲੀਓ ਕਾਰਨ ਮਰੀ ਹੋਣ ਕਾਰਨ ਕਈ ਵਾਰ ਨਾਲ ਦੇ ਜਮਾਤੀ ਉਸ ਨੂੰ ਪੁੱਠਾ ਵੀ ਬੋਲਦੇ ਪਰ ਉਹ ਹਸਮੁੱਖ ਹੋਣ ਕਾਰਨ, ਹੱਸ ਕੇ ਗੱਲ ਟਾਲ ਦਿੰਦਾ। ਕਈ ਵਾਰ ਨਾਲ ਦੇ ਸਾਥੀ ਉਸ ਨੂੰ ਅਧਿਆਪਕ ਕੋਲ ਸ਼ਿਕਾਇਤ ਕਰਨ ਲਈ ਕਹਿੰਦੇ ਤਾਂ ਉਹ ਕਹਿੰਦਾ,

“ਛੱਡ ਯਾਰ, ਇਹ ਤਾਂ ਹੈ ਹੀ ਇਹੋ ਜਿਹੇ।”

“ਮਨਿੰਦਰ ਐਵੇਂ ਤੰਗ ਕਰੀ ਜਾਂਦੇ ਨੇ।”

“ਕੋਈ ਨਹੀਂ ਇਨ੍ਹਾਂ ਦੇ ਦਿਨ ਨੇ।”

ਇਸ ਤਰ੍ਹਾਂ ਉਸ ਨੂੰ ਹੱਸਦਾ ਦੇਖ ਕੇ ਤੰਗ ਕਰਨ ਵਾਲੇ ਬੱਚੇ ਵੀ ਚੁੱਪ ਕਰ ਜਾਂਦੇ। ਸੁਰਿੰਦਰ, ਮਨਿੰਦਰ ਕੋਲ ਚਲਾ ਗਿਆ। ਮਨਿੰਦਰ ਬੈਠਾ ਸੀ। ਸੋ ਸੁਰਿੰਦਰ ਨੇ ਝੁਕ ਕੇ ਉਸ ਨਾਲ ਹੱਥ ਮਿਲਾਇਆ ਤੇ ਪੁੱਛਿਆ, “ਕਿਵੇਂ ਆਉਣੇ ਹੋਏ ਇੱਥੇ ?”

“ਪਤਾ ਨਹੀਂ ਯਾਰ, ਕੱਲ੍ਹ ਸੁਨੇਹਾ ਆਇਆ ਸੀ ਬਈ ਸਾਰਿਆਂ ਨੂੰ ਬੁਲਾਇਐ।”

“ਕੁਝ ਦੇਣਗੇ ?” “ਕੀ ਪਤੈ ?”

“ਕੁਝ ਤਾਂ ਦੱਸਿਆ ਹੋਊ ?” “ਹਾਂ ਕਹਿੰਦੇ ਨੇ ਕੋਈ ਟ੍ਰਾਈਸਾਈਕਲ ਦੇਣਗੇ।” “ਅੱਛਾ, ਅੱਛਾ।”

“ਤੂੰ ਕਿਵੇਂ ਫ਼ਿਰਦੈਂ ?”

“ਮੈਂ ਤਾਂ ਯਾਰ ਖੰਘ ਜ਼ੁਕਾਮ ਦੀ ਦਵਾਈ ਲੈਣ ਆਇਆਂ।” “ਅੱਛਾ ਅੱਛਾ।”

“ਫ਼ਿਰ ਬਣਿਆ ਨਹੀਂ ਕੋਈ ਨੌਕਰੀ ਵਗੈਰਾ ਦਾ।”

“ਸਾਡਾ ਕਿੱਥੇ ਬਣਨੈ ਭਰਾਵਾ।” “ਕਿਉਂ ?”

“ਸਾਨੂੰ ਤਾਂ ਭਾਈ ਨਕਲੀ ਲੈ ਕੇ ਬਹਿ ਗਏ।”

“ਨਕਲੀ ?” “ਮੈਂ ਸਮਝਿਆ ਨਹੀਂ ?”

“ਸੁਰਿੰਦਰ, ਹੁਣ ਕੁਝ ਸਾਲਾਂ ਤੋਂ ਨਵਾਂ ਰਿਵਾਜ਼ ਚੱਲ ਰਿਹਾ ਹੈ।” “ਕੀ ?” “ਬਈ ਨਕਲੀ ਦਿਵਿਆਂਗਜਨ ਸਰਟੀਫ਼ਿਕੇਟ ਬਣਾਓ ਤੇ ਨੌਕਰੀ ਪ੍ਰਾਪਤ ਕਰੋ।” “ਨਹੀਂ ਨਹੀਂ ਯਾਰ, ਜੇ ਤੈਨੂੰ ਨਹੀਂ ਮਿਲੀ ਤਾਂ ਇਹ ਦੂਸ਼ਣ ਨਾ ਲਾ।” “ਦੇਖ ਸੁਰਿੰਦਰ, ਮੈਨੂੰ ਨੌਕਰੀ ਨਾ ਮਿਲਣ ਦਾ ਦੁੱਖ ਨਹੀਂ ਪਰ ਮੇਰੇ ਕੋਲ ਬਹੁਤ ਉਦਾਹਰਨਾਂ ਹਨ, ਜਿਸ ਕਰਕੇ ਮੈਂ ਇਹ ਕਹਿ ਰਿਹਾ ਹਾਂ।” “ਕਿਹੜੀਆਂ ਉਦਾਹਰਨਾਂ ?”

“ਦੇਖ ਜਿੰਨੇ ਵੀ ਬੋਲੇਪਣ ਦਾ ਸਰਟੀਫ਼ਿਕੇਟ ਲੈ ਕੇ ਭਰਤੀ ਹੋਏ ਹਨ, ਉਨ੍ਹਾਂ ਦੀ ਜਾਂਚ ਕਰਵਾ ਲੈਣ, ਬਹੁਤੇ ਨਕਲੀ ਹਨ।” “ਅੱਛਾ ਯਾਰ ?” “ਹਾਂ।”

ਸੁਰਿੰਦਰ ਨਕਲੀ ਦਿਵਿਆਂਗਜਨਾਂ ਦੀ ਗੱਲ ਸੁਣ ਕੇ ਹੱਕਾ-ਬੱਕਾ ਰਹਿ ਗਿਆ। ਉਸ ਨੂੰ ਕੁਝ ਵੀ ਸੁੱਝ ਨਹੀਂ ਰਿਹਾ ਸੀ ਕਿ ਉਹ ਮਨਿੰਦਰ ਨੂੰ ਕੀ ਜਵਾਬ ਦੇਵੇ।

* * *

## ਮਜ਼ਦੂਰ ਦਿਵਸ

### ਜਤਿੰਦਰ ਮੋਹਨ

ਅਪ੍ਰੈਲ ਦਾ ਆਖ਼ਰੀ ਹਫ਼ਤਾ ਚੱਲ ਰਿਹਾ ਸੀ। ਗਰਮੀ ਨੇ ਆਪਣਾ ਜ਼ੋਰ ਦਿਖਾਉਣਾ ਸ਼ੁਰੂ ਕਰ ਦਿੱਤਾ। ਕਣਕ ਦੀ ਆਮਦ ਜ਼ੋਰਾਂ ’ਤੇ ਹੋਣ ਕਰਕੇ ਮਜ਼ਦੂਰ ਬਹੁਤ ਹੀ ਰੁੱਝੇ ਹੋਏ ਸਨ। ਕਣਕ ਦਾ ਸੀਜ਼ਨ ਹੋਣ ਕਰਕੇ ਸ਼ਹਿਰ ਵਿੱਚ ਆਉਣ ਵਾਲੇ ਮਜ਼ਦੂਰਾਂ ਦੀ ਗਿਣਤੀ ਵੀ ਘਟ ਗਈ ਸੀ ਕਿਉਂਕਿ ਪਿੰਡਾਂ ਵਾਲੇ ਮਜ਼ਦੂਰ ਸਾਲ ਭਰ ਦੀ ਕਣਕ ਇਕੱਠੀ ਕਰਨ ਲਈ ਪਿੰਡਾਂ ਵਿੱਚ ਹੀ ਮਜ਼ਦੂਰੀ ਕਰ ਰਹੇ ਸਨ। ਜਿਉਂ ਜਿਉਂ ਹਾੜ੍ਹੀ ਦਾ ਸੀਜ਼ਨ ਘਟਦਾ ਗਿਆ, ਸ਼ਹਿਰ ਵਿੱਚ ਆਉਣ ਵਾਲੇ ਮਜ਼ਦੂਰਾਂ ਦੀ ਗਿਣਤੀ ਵਧ ਗਈ।

ਕਹਿੰਦੇ ਹਨ ਕਿ ਹਰ ਵਰਗ ਦਾ ਆਪਣਾ ਆਪਣਾ ਦਿਨ ਹੁੰਦਾ ਹੈ। ਗੁਰੂਆਂ, ਪੀਰਾਂ, ਫ਼ਕੀਰਾਂ ਅਤੇ ਦੇਵੀ ਦੇਵਤਿਆਂ ਦੇ ਦਿਨ ਵੀ ਵੱਖ-ਵੱਖ ਹਨ। ਇਸ ਤਰ੍ਹਾਂ ਮਜ਼ਦੂਰ ਨੂੰ ਵੀ ਇਹ ਦਿਨ ਮਿਲਿਆ ਹੋਇਆ ਹੈ, ਭਾਵ ਇੱਕ ਮਈ, ਮਜ਼ਦੂਰ ਦਿਵਸ। ਮਜ਼ਦੂਰ ਦਿਵਸ ਮਨਾਉਣ ਲਈ ਇੱਕ ਦਿਨ ਪਹਿਲਾਂ ਹੀ ਪਰਚੀਆਂ ਕੱਟੀਆਂ ਜਾਣ ਲੱਗੀਆਂ ਤਾਂ ਕਿ ਇਸ ਦਿਨ ਨੂੰ ਪੂਰੀ ਸ਼ਾਨੋ ਸ਼ੌਕਤ ਨਾਲ ਮਨਾਇਆ ਜਾ ਸਕੇ ਅਤੇ ਮਜ਼ਦੂਰ ਆਪਣੇ ਅਧਿਕਾਰਾਂ ਪ੍ਰਤੀ ਜਾਗਰੂਕ ਹੋ ਸਕਣ।

ਮਜ਼ਦੂਰ ਦਿਵਸ ਵੀ ਆ ਗਿਆ। ਦਾਣਾ ਮੰਡੀ ਵਿੱਚ ਬਹੁਤ ਵੱਡਾ ਇਕੱਠ ਹੋਇਆ। ਬਹੁਤ ਸਾਰੇ ਬੁਲਾਰਿਆਂ ਨੇ ਆਪਣੇ ਭਾਸ਼ਣਾਂ ਰਾਹੀਂ ਆਪਣਾ ਗਲਾ ਸਾਫ਼ ਕੀਤਾ ਤੇ ਮਜ਼ਦੂਰਾਂ ਨੂੰ ਚੌਕਸ ਕੀਤਾ ਕਿ ਸੰਘਰਸ਼ ਹੀ ਜ਼ਿੰਦਗੀ ਹੈ। ਜੇਕਰ ਸੰਘਰਸ਼ ਨਹੀਂ ਕਰੋਗੇ ਤਾਂ ਖ਼ਤਮ ਹੋ ਜਾਓਗੇ। ਏਨਾ ਕਹਿਣ ’ਤੇ ਇਨਕਲਾਬ ਜ਼ਿੰਦਾਬਾਦ ਦੇ ਨਾਅਰਿਆਂ ਦੀ ਗੂੰਜ ਪੈ ਗਈ। ਚਾਰੇ ਪਾਸੇ ਮਜ਼ਦੂਰਾਂ ਦੀ ਜੈ ਜੈ ਕਾਰ ਹੋ ਰਹੀ ਸੀ। ਸਪੀਕਰਾਂ ਦੀ ਕੰਨ ਪਾੜਵੀਂ ਆਵਾਜ਼ ਸੁਣ ਕੇ ਬਾਬੂ ਬਿਸ਼ਨ ਮੱਲ ਵੀ ਉੱਥੇ ਰੁਕ ਗਿਆ। ਬਿਸ਼ਨ ਮੱਲ ਨੂੰ ਦੇਖ ਕੇ ਮੈਂ ਵੀ ਉੱਥੇ ਰੁਕ ਗਿਆ। ਉਸ ਨੇ ਆਪਣੇ ਦੋਸਤ ਦੁਕਾਨਦਾਰ ਉੱਤਮ ਸਿੰਘ ਨੂੰ ਪੁੱਛਿਆ, “ਆਹ ਰੌਲਾ ਜਿਹਾ ਕੀ ਪਾਈ ਜਾਂਦੇ ਨੇ ?”

“ਬਾਬੂ ਜੀ, ਇਹ ਮਜ਼ਦੂਰ ਇਕੱਠੇ ਹੋਏ ਨੇ।”

“ਕਾਹਦੇ ਵਾਸਤੇ ਇਕੱਠੇ ਹੋਏ ਨੇ ?”

“ਅੱਜ ਮਜ਼ਦੂਰ ਦਿਵਸ ਐ ਜੀ।”

“ਓਹੋ, ਯਾਦ ਹੀ ਨਹੀਂ ਰਿਹਾ।”

ਇਹ ਕਹਿ ਕੇ ਉਸ ਨੇ ਮੂੰਹ ’ਤੇ ਹੱਥ ਫੇਰਿਆ ਜਿਵੇਂ ਉਸ ਨੂੰ ਇਹ ਯਾਦ ਨਹੀਂ ਸੀ ਕਿ ਮਜ਼ਦੂਰ ਦਿਵਸ ਕਾਰਨ ਹੀ ਉਹ ਅੱਜ ਛੁੱਟੀ ਮਨਾ ਰਿਹਾ ਹੈ। ਆਪਣੇ ਸਕੂਟਰ ਨੂੰ ਅੱਗੇ ਤੋਰਨ ਤੋਂ ਪਹਿਲਾਂ ਬਾਬੂ ਬਿਸ਼ਨ ਮੱਲ ਬੋਲਿਆ, “ਐਵੇਂ ਭਕਾਈ ਮਾਰੀ ਜਾਂਦੇ ਨੇ, ਕਿਹੜੇ ਮਜ਼ਦੂਰ ਦਿਵਸ ਨੇ, ਐਵੇਂ ਵਿਹਲੜ ਇਕੱਠੇ ਹੋਏ ਨੇ।”

ਬਾਬੂ ਬਿਸ਼ਨ ਮੱਲ ਦੀ ਗੱਲ ਸੁਣ ਕੇ ਉੱਤਮ ਸਿੰਘ ਹੱਸ ਪਿਆ। ਸ਼ਾਇਦ ਉਹ ਵੀ ਉਸ ਦੀ ਹਾਂ ਵਿੱਚ ਹਾਂ ਮਿਲਾ ਰਿਹਾ ਸੀ। ਉਨ੍ਹਾਂ ਦੀ ਇਹ ਗੱਲ ਸੁਣ ਕੇ ਮੈਨੂੰ ਝਟਕਾ ਜਿਹਾ ਲੱਗਿਆ, ਪਰ ਮੈਂ ਮੂੰਹੋਂ ਕੁਝ ਨਾ ਬੋਲਿਆ।

ਸ਼ਾਮ ਦਾ ਵੇਲਾ ਸੀ। ਸਾਢੇ 7 ਵੱਜ ਚੁੱਕੇ ਸਨ। ਮੈਂ ਸ਼ਹਿਰ ਤੋਂ ਵਾਪਸ ਆ ਰਿਹਾ ਸੀ ਤਾਂ ਮੇਰੇ ਪਿੰਡ ਦਾ ਮਜ਼ਦੂਰ ਜੰਟਾ ਸਿੰਘ ਪਸੀਨੇ ਨਾਲ ਇੰਝ ਚੋਅ ਰਿਹਾ ਸੀ ਜਿਵੇਂ ਉਹ ਹੁਣੇ ਹੁਣੇ ਨਹਿਰ ਵਿੱਚੋਂ ਨਿਕਲਿਆ ਹੋਵੇ। ਉਹ ਕਿਸੇ ਨੂੰ ਕੱਖਾਂ ਦੀ ਭਰੀ ਚੁਕਾਉਣ ਲਈ ਉਡੀਕ ਰਿਹਾ ਸੀ। ਉਸ ਨੇ ਮੈਨੂੰ ਰੁਕਣ ਦਾ ਇਸ਼ਾਰਾ ਕੀਤਾ ਤਾਂ ਮੈਂ ਆਪਣਾ ਸਕੂਟਰ ਰੋਕ ਲਿਆ। ਪਸੀਨੇ ਨਾਲ ਭਿੱਜੇ ਉਸ ਦੇ ਕੱਪੜਿਆਂ ਵਿੱਚੋਂ ਉਸ ਦਾ ਸਰੀਰ ਸਾਫ਼ ਨਜ਼ਰ ਆ ਰਿਹਾ ਸੀ । ਉਸ ਦੇ ਕੱਪੜੇ ਮਿੱਟੀ ਨਾਲ ਲਿੱਬੜੇ ਹੋਏ ਸਨ। ਇਹ ਦੇਖ ਕੇ ਮੈਨੂੰ ਮਜ਼ਦੂਰ ਦਿਵਸ ਯਾਦ ਆ ਗਿਆ। ਮੈਂ ਉਸ ਨੂੰ ਭਰੀ ਚੁਕਾਉਣ ਤੋਂ ਪਹਿਲਾਂ ਹੀ ਪੁੱਛਿਆ, “ਜੰਟਿਆ, ਅੱਜ ਤਾਂ ਮਜ਼ਦੂਰ ਦਿਵਸ ਐ ?”

“ਕਿਹੜਾ ਮਜ਼ਦੂਰ ਦਿਵਸ ਸ਼ਰਮਾ ਜੀ ? ਕਦੇ ਮਜ਼ਦੂਰਾਂ ਦੇ ਵੀ, ਮਜ਼ਦੂਰ ਦਿਵਸ ਹੋਏ ਨੇ ?”

“ਅੱਜ ਕਿਵੇਂ ਲੇਟ ਹੋ ਗਿਆ ?” ਮੈਂ ਗੱਲ ਦੂਜੇ ਪਾਸੇ ਲਿਜਾਣ ਲਈ ਪੁੱਛਿਆ।

“ਬਸ ਜੀ, ਓਵਰ ਟੈਮ ਲਾ ਲਿਆ ਪਰ ਮੈਨੂੰ ਪਤਾ ਸੀ ਬਈ ਪਸ਼ੂ ਭੁੱਖੇ ਹੋਣਗੇ ਤਾਂ ਹੀ ਮੈਂ ਕੱਖ ਵੱਢਣ ਲੱਗ ਪਿਆ। ਮੈਂ ਕਿਹਾ ਜਾਂਦਾ ਜਾਂਦਾ ਦੋ ਥੱਬੇ ਕੱਖਾਂ ਦੇ ਹੀ ਵੱਢ ਲਵਾਂ।”

ਮੈਂ ਉਸ ਨੂੰ ਭਰੀ ਚੁਕਵਾਈ ਤੇ ਮੈਨੂੰ ਮਜ਼ਦੂਰ ਦਿਵਸ ਦੀ ਅਹਿਮੀਅਤ ਦਾ ਗਿਆਨ ਹੋ ਗਿਆ।

# ਮੇਰੀ ਕਲਮ

## ਨ੍ਹੇਰੀਆਂ ਸੁਰੰਗਾਂ

ਕੇਵਲ ਸਿੰਘ ਰੱਤੜਾ

ਬੰਦੇ ਦੀ ਵੀ ਜ਼ਾਤ ਕੇਹੀ ਹੈ,
ਪਰਵਾਸੀ ਅਗਿਆਤ ਜੇਹੀ ਹੈ।
ਕਿੱਥੋਂ ਆਇਆ, ਕਿੱਧਰ ਜਾਣਾ,
ਉਲਝਣ ਵੀ ਦਿਨ ਰਾਤ ਜੇਹੀ ਹੈ।
ਤੇਰੀ ਦਿੱਤੀ ਤਿਊੜੀ ਪ੍ਰੇਮ 'ਚ,
ਮੇਰੇ ਲਈ ਸੌਗਾਤ ਜੇਹੀ ਹੈ।
ਸੁੱਚੀ ਕਿਰਤ ਦੀ ਖ਼ੁਸ਼ਬੂ ਤਾਜ਼ੀ,
ਪੱਕੀ ਜਿਉਂ ਇਸਪਾਤ ਜੇਹੀ ਹੈ।
ਚੋਰੀ ਗਿਆਨ ਤੇ ਡਿਗਰੀ ਫੋਕੀ,
ਅੱਸੂ ਦੀ ਬਰਸਾਤ ਜੇਹੀ ਹੈ।
ਤੇਰੀ ਛੋਹ 'ਚ ਲੋਰ ਤੇ ਘੂਕੀ,
ਮੇਰੀ ਮਾਂ ਦੀ ਬਾਤ ਜੇਹੀ ਹੈ।
ਫੇਸਬੁੱਕ ਦੀ ਯਾਰੀ ਤਾਂ ਬੱਸ,
ਰੇਤੇ 'ਤੇ ਲਿਖਾਤ ਜੇਹੀ ਹੈ।
ਬਿਨਾਂ ਚੇਤਨਾ, ਸੋਝੀ ਨਿਰੀਉਂ,
ਭੀੜ ਹੁੰਦੀ ਪਗਲਾਤ ਜੇਹੀ ਹੈ।
ਬੰਦੇ ਵਿੱਚ ਕਈ 'ਨ੍ਹੇਰੀਆਂ ਸੁਰੰਗਾਂ,
ਜੋ ਦਿਸਦਾ ਇੱਕ ਝਾਤ ਜੇਹੀ ਹੈ।
ਉਮਰਾਂ ਤੀਕਰ ਖ਼ੁਦ ਨਾ ਜਾਵੇ,
ਹਉਮੈਂ ਬੁਰੇ ਹਾਲਾਤ ਜੇਹੀ ਹੈ।
ਯਾਦ ਯਾਰਾਂ ਦੀ ਸਾਂਭੀ ਕਿਉਂਕਿ,
ਫੱਟੀ ਕਲਮ ਦਵਾਤ ਜੇਹੀ ਹੈ।
ਵਿੱਚ ਪਰਦੇਸਾਂ ਦਿਸੇ ਅਮੀਰੀ,
ਪਰ ਲਗਦੀ ਖ਼ੈਰਾਤ ਜੇਹੀ ਹੈ।
ਜਿੰਨੀ ਮਰਜ਼ੀ ਕਰੇਂ ਚਲਾਕੀ,
ਦਿਸਣੀ ਤਾਂ ਔਕਾਤ ਜੇਹੀ ਹੈ।
ਤੇਰਾ ਬੀਜਿਆ ਤੂੰ ਹੀ ਵੱਢਣਾ,
ਸਿੱਧੀ ਸਾਦੀ ਬਾਤ ਏਹੀ ਹੈ।
ਮੰਨਣਾ ਤੇ ਫਿਰ ਮੁੱਕਰ ਜਾਣਾ,
ਨੀਤੀ ਆਤਮਘਾਤ ਜੇਹੀ ਹੈ।
ਛੱਡ ਦੇ ਰੁਕਣਾ, ਰੋਣਾ 'ਰੱਤੜਾ',
ਜ਼ਿੰਦਗੀ ਯਾਤਾਯਾਤ ਜੇਹੀ ਹੈ।

## ਮਾਂ ਤੇ ਰੰਗਾਂ ਵਰਗੀ ਧੀ

ਜਗਵੀਰ ਕੌਰ



ਉਹ ਮੇਰੇ ਕੋਲ ਬੈਠੀ
ਨਿੱਕੇ-ਨਿੱਕੇ ਹੱਥਾਂ ਨਾਲ
ਤਸਵੀਰਾਂ ਰੰਗਦੀ,
ਨਿੱਕੀਆਂ-ਨਿੱਕੀਆਂ ਗੱਲਾਂ ਕਰਦੀ
ਤੋਤਲੇ ਬੋਲ ਬੋਲੀ ਜਾਂਦੀ ਬੱਸ ਬੋਲੀ ਜਾਂਦੀ,
ਅੰਮੀ ਮੈਂ ਐਵੇਂ ਈ ਰੰਗ ਭਲਦੀ ਆਂ
ਤਾਂਲਿਆਂ 'ਚ ਐਵੇਂ ਈ ਰੰਗ ਭਲਦੀ ਆਂ,
ਤੇ.......
ਮੈਂ ਮੁਸਕਰਾ ਕੇ ਉਸ ਵੱਲ ਤੱਕਦੀ ਆਂ,
ਸ਼ਾਲਾ......
ਤੂੰ ਹਰ ਤਸਵੀਰ
ਆਪਣੀ ਮਰਜ਼ੀ ਨਾਲ ਰੰਗੇਂ,
ਜ਼ਿੰਦਗੀ ਦਾ ਹਰ ਵਰਕਾ
ਆਪਣੇ ਹੀ ਰੰਗ 'ਚ ਰੰਗੇਂ,
ਤੇ.......
ਕੋਈ ਵੀ ਰੰਗ
ਤੇਰੀਆਂ ਅੱਖਾਂ 'ਚ ਨਾ ਰੜਕੇ,
ਤੇਰੇ ਸੋਹਣੇ-ਮਲੂਕ ਪੈਰਾਂ 'ਚ
ਕੰਡੇ ਬਣ-ਬਣ ਨਾ ਖੁੱਭੇ,
ਸ਼ਾਲਾ......
ਆਪਾਂ ਐਵੇਂ ਈ ਬੈਠ
ਨਿੱਕੀਆਂ-ਨਿੱਕੀਆਂ ਗੱਲਾਂ ਕਰੀਏ
ਤਸਵੀਰਾਂ ਰੰਗੀਏ
ਤੇ ਗੂੜ੍ਹੀਆਂ ਸਹੇਲੀਆਂ ਬਣ
ਇੰਝ ਫੱਬੀਏ
ਜਿਉਂ.......
ਕੋਈ ਤਸਵੀਰ ਤੇ ਉਸ ਵਿਚਲੇ ਰੰਗ।

## ਜੰਗ ਦੇ.......

ਜਸਵੀਰ ਸੋਹਲ



ਲੋਕੀਂ ਚਰਚੇ ਕਰਦੇ ਜੰਗ ਦੇ
ਜ਼ਖ਼ਮ ਕਦੇ ਨਹੀਂ ਭਰਦੇ ਜੰਗ ਦੇ।
ਧਰਤੀ ਲੀਰੋ ਲੀਰ ਹੋ ਜਾਂਦੀ
ਜਿੱਥੇ ਬੱਦਲ ਵਰ੍ਹਦੇ ਜੰਗ ਦੇ।
ਮਾਨਵਤਾ ਦੇ ਵੈਰੀ ਹਨ ਉਹ
ਫ਼ਤਵੇ ਜਿਹੜੇ ਪੜ੍ਹਦੇ ਜੰਗ ਦੇ।
ਆਪਣੇ ਘਰ ਨੂੰ ਚੇਤੇ ਕਰਦੇ
ਜਦੋਂ ਸਿਪਾਹੀ ਲੜਦੇ ਜੰਗ ਦੇ।
ਚਾਨਣ ਦੀ ਥਾਂ ਨ੍ਹੇਰਾ ਵੰਡਦੇ
ਜਿੱਥੇ ਸੂਰਜ ਚੜ੍ਹਦੇ ਜੰਗ ਦੇ।
ਅੱਗ ਦੀ ਖੇਤੀ ਕਰਦੇ ਜਿਹੜੇ
ਉਹ ਮਨਸੂਬੇ ਘੜਦੇ ਜੰਗ ਦੇ।
'ਸੋਹਲ' ਮਾਵਾਂ ਦੇ ਪੁੱਤ ਸਭ ਹੀ
ਜਾ ਕੇ ਵਿੱਚ ਜੋ ਮਰਦੇ ਜੰਗ ਦੇ।

## ਅਮਨ ਦਾ ਹੋਕਾ

ਕੁਲਵਿੰਦਰ ਸਿੰਘ ਬਿੱਟੂ



ਕਬੂਤਰੋ
ਓ ਚਿੱਟੇ ਕਬੂਤਰੋ
ਅਸਮਰੱਥ ਹੋ ਗਏ ਓ
ਜਾਂ ਡਰ ਗਏ ਓ ?
ਨਿਕਲੋ ਖੁੱਡਿਓਂ ਬਾਹਰ।
ਤੁਹਾਡੇ
ਚਿੱਟੇ ਨੀਲੇ ਆਸਮਾਨ ਵਿੱਚ
ਫੁੰਕਾਰੇ ਮਾਰਦੀਆਂ ਗਿਰਝਾਂ
ਇੱਕ ਦੂਜੇ ਨੂੰ
ਨੋਚਣ ਲੱਗ ਗਈਆਂ ਹਨ।
ਨਿਰਮਲ ਪਾਣੀਆਂ ਦੇ ਵਹਿੰਦੇ ਵਹਿਣ
ਹਰੇ ਭਰੇ ਲਹਿਲਹਾਉਂਦੇ ਫੁੱਲ ਬੂਟੇ
ਨੀਲਾ ਸਾਫ਼ ਸੁਥਰਾ ਆਕਾਸ਼
ਕੁਸੈਲਾ ਤੇ ਸੁਰਖ਼ ਨਾ ਹੋ ਜਾਏ।
ਨਿਕਲੋ ਖੁੱਡਿਓਂ ਬਾਹਰ
ਝੁੰਡਾਂ ਦੇ ਝੁੰਡ ਬਣਾ
ਫੈਲ ਜਾਓ ਸਾਰੇ ਆਸਮਾਨ ਵਿੱਚ
ਖਦੇੜ ਦਿਓ ਇਨ੍ਹਾਂ ਲਹੂ ਪੀਣੀਆਂ
ਗਿਰਝਾਂ ਨੂੰ।
ਫੈਲਾਅ ਦਿਓ ਚਾਰੇ ਪਾਸੇ
ਚਿੱਟਾ ਹੀ ਚਿੱਟਾ ਰੰਗ।
ਦੇ ਦਿਓ
ਸਮੁੱਚੀ ਲੋਕਾਈ ਨੂੰ
ਅਮਨ ਦਾ ਹੋਕਾ॥


## ਭਲੀ ਹੋਈ

ਹਰਪ੍ਰੀਤ ਪੱਤੋ

ਭਲੀ ਹੋਈ ਤੋਪਾਂ ਨੇ ਮੂੰਹ ਮੋੜੇ,
ਜੋ ਗੱਜਣੀਆਂ ਸੀ ਵਿੱਚ ਆਸਮਾਨ ਪੱਤੋ।
ਛਹਿ ਗਏ ਡਰੋਨ ਆਪਣੇ ਟਿਕਾਣਿਆਂ 'ਤੇ,
ਜੋ ਮਚਾਈ ਜਾਂਦੇ ਸੀ ਘਸਮਾਣ ਪੱਤੋ।
ਸਾਹ ਸੁਖ ਦਾ ਆਇਆ ਸਾਰਿਆਂ ਨੂੰ,
ਜਦ ਹੋਇਆ ਅਮਨ ਅਮਾਨ ਪੱਤੋ।
ਜੀਵਨ ਪਹਿਲਾਂ ਵਰਗਾ ਹੋ ਚੱਲਿਆ,
ਲੋਕ ਲੱਗੇ ਕੰਮੀਂ ਜਾਣ ਪੱਤੋ।
ਉੱਡੇ ਪੰਛੀ ਆਪਣੇ ਆਲ੍ਹਣਿਆਂ 'ਚੋਂ,
ਲੱਗੀਆਂ ਰੌਣਕਾਂ ਰੁੱਖੀਂ ਆਣ ਪੱਤੋ।
ਚੰਗਾ ਹੋਇਆ ਭਲੇ ਵੇਲੇ ਮੱਤ ਆਈ,
ਬਹੁਤਾ ਹੋਇਆ ਨੀਂ ਨੁਕਸਾਨ ਪੱਤੋ।
ਬੰਦ ਹੋ ਗਏ ਸੀ ਬੱਲਬ ਚੁਬਾਰਿਆਂ ਦੇ,
ਬਲੈਕਆਊਟ ਦਾ ਨਾਂ, ਸੁੰਨਸਾਨ ਪੱਤੋ।
ਵੱਸਣ ਇੱਧਰ ਭਾਈ ਤੇ ਉੱਧਰ ਭਾਈ,
ਵਸੇ ਇੱਕ ਦੂਜੇ ਦੇ ਵਿੱਚ ਜਾਨ ਪੱਤੋ।

## ਜੰਗ

ਮੁਹੰਮਦ ਅੱਬਾਸ ਧਾਲੀਵਾਲ



ਜੰਗ ਤਾਂ ਵੀਰੇ ਜੰਗ ਹੁੰਦੀ ਐ।
ਨਾ ਤੁਧ ਨਾ ਮੁਝ ਸੰਗ ਹੁੰਦੀ ਐ।
ਬੰਬ ਫਟਣ ਦਾ ਰੌਲਾ-ਗੌਲਾ
ਸੁੱਖ ਸ਼ਾਂਤੀ ਸਭ ਭੰਗ ਹੁੰਦੀ ਐ।
ਸਰਹੱਦੀਂ ਬੈਠੇ ਜਵਾਨਾਂ ਦੇ।
ਹਰ ਪਲ ਮੌਤ ਜਿਵੇਂ ਸੰਗ ਹੁੰਦੀ ਐ।
ਚੁੰਨੀ ਕਿਸੇ ਦੀ ਲੱਥੀ ਹੋਈ।
ਟੁੱਟੀ ਮੁਟਿਆਰ ਦੀ ਵੰਗ ਹੁੰਦੀ ਐ।
ਭੁੱਖਮਰੀ ਅਤੇ ਚੀਕ ਚਿਹਾੜਾ।
ਖ਼ਲਕਤ ਇਕਦਮ ਨੰਗ ਹੁੰਦੀ ਐ।
ਖਾਧ-ਖੁਰਾਕ ਦੀ ਥੁੜ ਹੁੰਦੀ ਹੈ
ਆਟੇ-ਦਾਲ ਦੀ ਮੰਗ ਹੁੰਦੀ ਐ।
ਟੁੱਟੇ ਭੱਜੇ ਤਬਾਹ ਘਰਾਂ ਵਿੱਚ
ਦਹਿਸ਼ਤ ਅੱਖਾਂ ਸੰਗ ਹੁੰਦੀ ਐ।
ਚਾਰ-ਚੁਫ਼ੇਰੇ ਧੂੰਆਂ ਧੂੰਆਂ...
ਆਸ ਜੀਵਨ ਦੀ ਬੇ-ਰੰਗ ਹੁੰਦੀ ਐ।
ਯੁੱਧ ਦੇ ਖੇਤਰ ਵਿੱਚ 'ਅੱਬਾਸ'
ਜ਼ਿੰਦਗੀ ਇਕਦਮ ਤੰਗ ਹੁੰਦੀ ਐ।

## ਜੰਗ 'ਤੇ ਜੰਗ

ਰਵਿੰਦਰ ਸਿੰਘ ਕੁੰਦਰਾ
ਕਵੈਂਟਰੀ, ਯੂ.ਕੇ.
07748772308






ਹਰ ਇੱਕ ਜ਼ੁਬਾਨ 'ਤੇ, ਖ਼ੂਨ ਦਾ ਬਦਲਾ ਖ਼ੂਨ ਹੈ,
ਬਾਤਚੀਤ ਦੇ ਹਰ ਕੇਂਦਰ ਦਾ, ਇਹੀ ਸਿਰਫ ਮਜ਼ਮੂਨ ਹੈ।
ਬਲੈਕ ਆਊਟ ਅਤੇ ਬੰਕਰਾਂ ਦੇ ਸਿਲਸਿਲੇ ਦਾ ਜ਼ੋਰ ਹੈ,
ਸੰਜੀਦਗੀ ਦੀ ਸੋਚ ਨਹੀਂ, ਬਦਲੇ ਦਾ ਭਾਰੀ ਜਨੂੰਨ ਹੈ।
ਬੇ ਕਸੂਰੀ ਮਾਸੂਮ ਜਾਨਾਂ, ਜਾਂਦੀਆਂ 'ਤੇ ਰੁਲ਼ਦੀਆਂ,
ਸ਼ਾਸਕਾਂ ਦੇ ਹੱਥ 'ਚ ਪੈਸਾ, ਤਾਕਤ ਅਤੇ ਕਾਨੂੰਨ ਹੈ।
ਅਰਸ਼ ਤੋਂ ਬਰਸੇ ਅੰਗਾਰੇ, ਅਮਨ ਦਾ ਇਲਾਜ ਨਹੀਂ ,
ਭੁੱਲ ਕੇ ਵੀ ਨਾ ਸਮਝੋ ਕਿ, ਇਹ ਕੋਈ ਮਾਜੂਨ ਹੈ।
ਲਾਉਣ ਤੇ ਬੁਝਾਉਣ ਲਈ, ਖੜਪੰਚ ਕਈ ਨੇ ਕਾਹਲੇ,
ਵਹਿਮ ਨਾ ਰੱਖਿਓ ਕੋਈ, ਕਿ ਸਾਡਾ ਕੋਈ ਮਗ਼ਨੂਨ ਹੈ।
ਬਿਨਾ ਛੱਤ 'ਤੇ ਬਿਨਾ ਘਰ ਦੇ, ਰੜੇ ਹੀ ਜਿਹੜਾ ਬੈਠਾ ਹੈ,
ਜੰਗ ਦੀ ਚੱਕੀ ਵਿੱਚ ਪਿਸਦਾ, ਮਾਸੂਮ ਅਤੇ ਮਜ਼ਲੂਮ ਹੈ।
ਹਰ ਜੰਗ ਦੇ ਮਗਰੋਂ ਤੋਬਾ, ਅਤੇ ਹਰ ਤੋਬਾ ਦੇ ਪਿੱਛੋਂ ਜੰਗ,
ਇਹ ਕਿਹੜੀ ਹੈ ਸਿਆਣਪ, 'ਤੇ ਇਹ ਕਿਹੜਾ ਸਕੂਨ ਹੈ ?

## ਏਧਰ ਵੀ ਤੇ ਓਧਰ ਵੀ

ਸੁਖਪਾਲ ਕੌਰ ਬਾਠ



ਏਧਰ ਵੀ ਸੀਨੇ ਧੜਕਦੇ
ਓਧਰ ਵੀ ਦਿਲਾਂ 'ਚ ਜਾਨ ਏ।
ਏਧਰ ਵੀ ਕਲਾਕਾਰ ਖ਼ਾਸ ਨੇ
ਓਧਰ ਵੀ ਗੁਣਾਂ ਦੀ ਖਾਣ ਏ।
ਏਧਰ ਸਾਈਂ ਮੀਆਂ ਮੀਰ ਨੇ,
ਨੀਂਹ ਰੱਖੀ ਸੀ ਹਰਿਮੰਦਰ ਦੀ।
ਸਾਡਾ ਇੱਕੋ ਰੱਬ ਤੇ ਇੱਕੋ ਖ਼ੂਨ ਹੈ
ਕਿੰਝ ਸਮਝੀਏ ਗੱਲ ਅੰਦਰ ਦੀ।
ਫਿਰ ਇਹ ਕਿਹੜੀਆਂ ਨਫ਼ਰਤਾਂ
ਜੋ ਦੋਹੀਂ ਪਾਸੇ ਨੇ ਤੋਪਾਂ ਬੀੜੀਆਂ।
ਐਡੀ ਛੇਤੀ ਨਾ ਖੁੱਲ੍ਹਣਗੀਆਂ
ਪਿਆਰ ਦੀਆਂ ਤੰਦਾਂ ਪੀਢੀਆਂ।
ਤੀਲ੍ਹੀਆਂ ਲਾ ਲਾ ਭਾਂਬੜ ਬਾਲ਼ਦੇ,
ਘੁੱਗੀਆਂ ਸੜ ਸੜ ਮੱਚਦੀਆਂ।
ਆਮ ਘਰਾਂ 'ਚ ਪੈਂਦੇ ਵੈਣ ਜਦੋਂ,
ਲਾਸ਼ਾਂ 'ਤੇ ਕੁਰਸੀਆਂ ਨੱਚਦੀਆਂ।
ਜੰਗ ਨਾ ਮਸਲੇ ਦਾ ਹੱਲ ਕੋਈ,
ਆਖ਼ਰ ਤਾਂ ਦੋ ਹੱਥ ਮਿਲਣਗੇ ਹੀ।
ਉਹ ਦਿਨ ਏਨੀ ਵੀ ਦੂਰ ਨਹੀਂ
ਅਮਨਾਂ ਦੇ ਫੁੱਲ ਖਿੜਣਗੇ ਹੀ।

## ਸ਼ੋਰ ਬੰਬਾਂ ਦਾ

ਹਰਭਿੰਦਰ ਸਿੰਘ ਸੰਧੂ

ਮੁੜ ਜਾ ਕੋਇਲੇ ਮੁੜ ਜਾ ਆਪਣੇ ਵਤਨਾਂ ਨੂੰ,
ਸਾਡੇ ਮੁਲਕ 'ਚ ਤੱਤੀਆਂ ਵਗਣ ਹਵਾਵਾਂ ਨੀ।
ਕਿਹਨੇ ਤੇਰੀ ਮਿੱਠੀ ਕੂ ਕੂ ਸੁਣਨੀ ਹੁਣ,
ਸ਼ੋਰ ਬੰਬਾਂ ਦਾ ਉੱਚੀ ਸੁਣਦੀਆਂ ਧਾਹਾਂ ਨੀ।
ਪੁੱਤ ਜਿਨ੍ਹਾਂ ਦੇ ਬਾਰਡਰਾਂ ਉੱਤੇ ਦੇਣ ਪਹਿਰੇ,
ਰੋਟੀ ਨਾ ਉਹ ਖਾਂਦੀਆਂ ਅੱਜਕਲ੍ਹ ਮਾਵਾਂ ਨੀ।
ਕੌਣ ਨਫ਼ਰਤਾਂ ਵਾਲੇ ਬੀਜ ਇੱਥੇ ਸੁੱਟ ਜਾਂਦਾ,
ਕਿਉਂ ਬੰਦਾ, ਮਾਰੇ ਬੰਦੇ, ਮੈਂ ਸੋਚੀਂ ਜਾਵਾਂ ਨੀ।
ਸੰਧੂਆ ਰਾਜੇ ਮਹਿਲਾਂ ਵਿੱਚੋਂ ਦੇਣ ਹੁਕਮ,
ਮੈਂ ਚੁੱਲ੍ਹਾ ਦੱਸ ਕਿਹੜੀ ਜਗ੍ਹਾ ਲੁਕਾਵਾਂ ਨੀ।

# ਭਾਰਤ ਵੱਲੋਂ ਮਹਿਲਾ ਪ੍ਰੋ ਲੀਗ ਹਾਕੀ ਦੇ ਯੂਰਪੀ ਗੇੜ ਲਈ 24 ਮੈਂਬਰੀ ਟੀਮ ਦਾ ਐਲਾਨ





ਨਵੀਂ ਦਿੱਲੀ/ਏ.ਟੀ.ਨਿਊਜ਼: ਭਾਰਤ ਨੇ ਅੱਜ ਮਹਿਲਾ ਪ੍ਰੋ ਲੀਗ ਹਾਕੀ ਦੇ ਯੂਰਪੀ ਗੇੜ ਲਈ 24 ਮੈਂਬਰੀ ਟੀਮ ਦਾ ਐਲਾਨ ਕੀਤਾ ਹੈ, ਜਿਸ ਵਿੱਚ ਮਿਡਫੀਲਡਰ ਸਲੀਮਾ ਟੇਟੇ ਨੂੰ ਕਪਤਾਨ ਬਣਾਇਆ ਗਿਆ ਹੈ। ਭਾਰਤ 14 ਤੋਂ 29 ਜੂਨ ਤੱਕ ਲੰਡਨ, ਐਂਟਵਰਪ ਅਤੇ ਬਰਲਿਨ ਵਿੱਚ ਆਸਟਰੇਲੀਆ, ਅਰਜਨਟੀਨਾ, ਬੈਲਜੀਅਮ ਅਤੇ ਚੀਨ ਖ਼ਿਲਾਫ਼ ਦੋ-ਦੋ ਮੈਚ ਖੇਡੇਗਾ। ਟੀਮ 14 ਜੂਨ ਨੂੰ ਆਸਟਰੇਲੀਆ ਖ਼ਿਲਾਫ਼ ਆਪਣੀ ਮੁਹਿੰਮ ਦੀ ਸ਼ੁਰੂਆਤ ਕਰੇਗੀ। ਤਜਰਬੇਕਾਰ ਫਾਰਵਰਡ ਨਵਨੀਤ ਕੌਰ ਟੀਮ ਦੀ ਉਪ ਕਪਤਾਨ ਹੋਵੇਗੀ। ਟੀਮ ਵਿੱਚ ਗੋਲਕੀਪਰ ਸਵਿਤਾ ਅਤੇ ਬਿਚੂ ਦੇਵੀ ਖਾਰੀਬਾਮ ਵੀ ਸ਼ਾਮਲ ਹਨ। ਸੁਸ਼ੀਲਾ ਚਾਨੂ, ਜਯੋਤੀ, ਸੁਮਨ ਦੇਵੀ, ਜਯੋਤੀ ਸਿੰਘ, ਇਸ਼ਿਕਾ ਚੌਧਰੀ ਅਤੇ ਜਯੋਤੀ ਛੱਤਰੀ ਡਿਫੈਂਡਰ ਹੋਣਗੀਆਂ। ਮਿਡਫੀਲਡ ਦੀ ਜ਼ਿੰਮੇਵਾਰੀ ਵੈਸ਼ਨਵੀ ਵਿੱਠਲ ਫਾਲਕੇ, ਸੁਜਾਤਾ ਕੁਜੂਰ, ਮਨੀਸ਼ਾ ਚੌਹਾਨ, ਨੇਹਾ, ਸਲੀਮਾ, ਲਾਲਰੇਮਸਿਆਮੀ, ਸ਼ਰਮੀਲਾ ਦੇਵੀ, ਸੁਨੀਤਾ ਟੋਪੋ ਅਤੇ ਮਹਿਮਾ ਟੇਟੇ ਦੇ ਮੋਢਿਆਂ 'ਤੇ ਹੋਵੇਗੀ। ਦੀਪਿਕਾ, ਨਵਨੀਤ, ਦੀਪਿਕਾ ਸੋਰੇਂਗ, ਬਲਜੀਤ ਕੌਰ, ਰੁਤੂਜਾ ਦਾਦਾਸੋ, ਬਿਊਟੀ ਡੁੰਗਡੁੰਗ ਅਤੇ ਸਾਕਸ਼ੀ ਰਾਣਾ ਫਾਰਵਰਡ ਹੋਣਗੀਆਂ। ਟੀਮ ਦੀ ਚੋਣ ਬਾਰੇ ਭਾਰਤੀ ਮਹਿਲਾ ਹਾਕੀ ਟੀਮ ਦੇ ਮੁੱਖ ਕੋਚ ਹਰਿੰਦਰ ਸਿੰਘ ਨੇ ਕਿਹਾ, 'ਅਸੀਂ ਸੰਤੁਲਿਤ ਟੀਮ ਬਣਾਈ ਹੈ, ਜਿਸ ਵਿੱਚ ਤਜਰਬੇ ਅਤੇ ਨੌਜਵਾਨ ਹੁਨਰ ਦਾ ਮਿਸ਼ਰਣ ਹੈ। ਯੂਰਪੀ ਗੇੜ ਪ੍ਰੋ ਲੀਗ ਦਾ ਅਹਿਮ ਗੇੜ ਹੈ।'

# 'ਖੇਲੋ ਇੰਡੀਆ ਯੂਥ ਖੇਡਾਂ' ਵਿੱਚ ਪੰਜਾਬ ਦੇ ਗਤਕਾ ਖਿਡਾਰੀਆਂ ਵੱਲੋਂ ਓਵਰਆਲ ਟਰਾਫੀ 'ਤੇ ਕਬਜ਼ਾ



ਐਸ.ਏ.ਐਸ.ਨਗਰ/ਮੋਹਾਲੀ/ਏ.ਟੀ.ਨਿਊਜ਼: ਬਿਹਾਰ ਵਿੱਚ ਹੋਈਆਂ 'ਖੇਲੋ ਇੰਡੀਆ ਯੂਥ ਖੇਡਾਂ' ਵਿੱਚ ਪੰਜਾਬ ਦੇ ਗਤਕਾ ਖ਼ਿਡਾਰੀਆਂ ਨੇ ਦੋ ਸੋਨੇ, ਤਿੰਨ ਚਾਂਦੀ ਅਤੇ ਦੋ ਕਾਂਸੇ ਦੇ ਤਗ਼ਮਿਆਂ ਨਾਲ ਕੁੱਲ ਸੱਤ ਤਗ਼ਮੇ ਜਿੱਤ ਕੇ ਓਵਰਆਲ ਟਰਾਫੀ 'ਤੇ ਕਬਜ਼ਾ ਕੀਤਾ ਹੈ।

ਪੰਜਾਬ ਗਤਕਾ ਐਸੋਸੀਏਸ਼ਨ ਦੇ ਪ੍ਰਧਾਨ ਡਾ. ਰਜਿੰਦਰ ਸਿੰਘ ਸੋਹਲ ਅਤੇ ਜਨਰਲ ਸਕੱਤਰ ਬਲਜਿੰਦਰ ਸਿੰਘ ਤੂਰ ਨੇ ਦੱਸਿਆ ਕਿ ਯੁਵਾ, ਖੇਡ ਮੰਤਰਾਲੇ ਅਤੇ ਭਾਰਤੀ ਖੇਡ ਅਥਾਰਟੀ ਵੱਲੋਂ ਕਰਵਾਈਆਂ ਜਾ ਗਈਆਂ ਇਨ੍ਹਾਂ 28 ਖੇਡਾਂ ਵਿੱਚ ਗਤਕਾ ਵੀ ਸ਼ੁਮਾਰ ਹੈ। ਇਸ ਮੁਕਾਬਲੇ ਵਿੱਚ 19 ਸੂਬਿਆਂ ਦੇ 160 ਖਿਡਾਰੀਆਂ ਨੇ ਹਿੱਸਾ ਲਿਆ। ਇਸ ਦੌਰਾਨ ਵਿਅਕਤੀਗਤ ਸਿੰਗਲ ਸੋਟੀ ਮੁਕਾਬਲੇ ਵਿੱਚ ਪੰਜਾਬ ਦੇ ਗੁਰਸੇਵਕ ਸਿੰਘ ਨੇ ਸੋਨੇ ਅਤੇ ਜਸ਼ਨਦੀਪ ਸਿੰਘ ਨੇ ਚਾਂਦੀ ਦਾ ਤਗ਼ਮਾ ਜਿੱਤਿਆ।

ਟੀਮ ਫਰੀ ਸੋਟੀ ਮੁਕਾਬਲੇ ਵਿੱਚ ਗੁਰਸੇਵਕ ਸਿੰਘ, ਜਸ਼ਨਦੀਪ ਸਿੰਘ, ਰੌਬਿਨਪ੍ਰੀਤ ਸਿੰਘ ਨੇ ਚਾਂਦੀ ਦਾ ਤਗ਼ਮਾ ਅਤੇ ਵਿਅਕਤੀਗਤ ਫਰੀ ਸੋਟੀ ਮੁਕਾਬਲੇ ਵਿੱਚ ਜਗਦੀਪ ਸਿੰਘ ਨੇ ਚਾਂਦੀ ਦਾ ਤਗ਼ਮਾ ਜਿੱਤਿਆ।

ਮਹਿਲਾ ਵਰਗ ਦੇ ਵਿਅਕਤੀਗਤ ਸਿੰਗਲ ਸੋਟੀ ਮੁਕਾਬਲੇ ਵਿੱਚ ਤਮੰਨਾ ਨੇ ਸੋਨੇ ਦਾ ਤਗ਼ਮਾ ਅਤੇ ਅਵਨੀਤ ਕੌਰ ਨੇ ਕਾਂਸੇ ਦਾ ਤਗ਼ਮਾ ਜਿੱਤਿਆ। ਇਸ ਤੋਂ ਇਲਾਵਾ ਵਿਅਕਤੀਗਤ ਫਰੀ ਸੋਟੀ ਮੁਕਾਬਲੇ ਵਿੱਚ ਸੋਨੂੰ ਕੌਰ ਨੇ ਕਾਂਸੇ ਦਾ ਤਗ਼ਮਾ ਜਿੱਤਿਆ।

# ਮੰਧਾਨਾ ਆਈ.ਸੀ.ਸੀ. ਮਹਿਲਾ ਇੱਕ ਰੋਜ਼ਾ ਬੱਲੇਬਾਜ਼ੀ ਦਰਜਾਬੰਦੀ 'ਚ ਦੂਜੇ ਸਥਾਨ 'ਤੇ ਪਹੁੰਚੀ



ਦੁਬਈ/ਏ.ਟੀ.ਨਿਊਜ਼: ਸ੍ਰੀਲੰਕਾ ਵਿੱਚ ਹਾਲ ਹੀ 'ਚ ਖ਼ਤਮ ਹੋਈ ਤਿਕੋਣੀ ਲੜੀ ਵਿੱਚ ਭਾਰਤ ਦੀ ਖਿਤਾਬੀ ਜਿੱਤ ਵਿੱਚ ਅਹਿਮ ਭੂਮਿਕਾ ਨਿਭਾਉਣ ਵਾਲੀ ਸਟਾਰ ਓਪਨਰ ਸਮ੍ਰਿਤੀ ਮੰਧਾਨਾ ਆਈ.ਸੀ.ਸੀ. ਮਹਿਲਾ ਇੱਕ ਰੋਜ਼ਾ ਬੱਲੇਬਾਜ਼ੀ ਦਰਜਾਬੰਦੀ ਵਿੱਚ ਇੱਕ ਸਥਾਨ ਉਪਰ ਦੂਜੇ ਸਥਾਨ 'ਤੇ ਪਹੁੰਚ ਗਈ ਹੈ। ਹੁਣ ਉਸ ਦੀਆਂ ਨਜ਼ਰਾਂ ਸਿਖਰਲੇ ਸਥਾਨ 'ਤੇ ਹਨ। ਉਹ ਆਖਰੀ ਵਾਰ 2019 ਵਿੱਚ ਨੰਬਰ ਇੱਕ ਬੱਲੇਬਾਜ਼ ਬਣੀ ਸੀ। ਮੰਧਾਨਾ ਨੇ ਸ੍ਰੀਲੰਕਾ ਅਤੇ ਦੱਖਣੀ ਅਫਰੀਕਾ ਖ਼ਿਲਾਫ਼ ਹਾਲ ਹੀ 'ਚ ਸਮਾਪਤ ਹੋਈ ਲੜੀ ਵਿੱਚ ਪੰਜ ਪਾਰੀਆਂ 'ਚ 264 ਦੌੜਾਂ ਬਣਾਈਆਂ ਅਤੇ ਉਹ ਲੜੀ ਦੀ ਦੂਜੀ ਸਭ ਤੋਂ ਸਫਲ ਬੱਲੇਬਾਜ਼ ਰਹੀ। ਸ੍ਰੀਲੰਕਾ ਖ਼ਿਲਾਫ਼ ਫਾਈਨਲ ਵਿੱਚ 101 ਗੇਂਦਾਂ ਵਿੱਚ 116 ਦੌੜਾਂ ਬਣਾਉਣ ਵਾਲੀ ਮੰਧਾਨਾ ਸਿਖਰਲੇ ਸਥਾਨ 'ਤੇ ਕਾਬਜ਼ ਦੱਖਣੀ ਅਫਰੀਕਾ ਦੀ ਲੌਰਾ ਵੋਲਵਾਰਡ ਤੋਂ ਸਿਰਫ਼ 11 ਰੇਟਿੰਗ ਅੰਕ ਪਿੱਛੇ ਹੈ।

### ਹਰਫਨਮੌਲਾ ਖਿਡਾਰਨਾਂ 'ਚ ਦੀਪਤੀ ਪੰਜਵੇਂ ਸਥਾਨ 'ਤੇ

ਹਰਫਨਮੌਲਾ ਖਿਡਾਰਨਾਂ ਦੀ ਦਰਜਾਬੰਦੀ ਵਿੱਚ ਆਸਟ੍ਰੇਲੀਆ ਦੀ ਐਸ਼ਲੇ ਗਾਰਡਨਰ ਸਿਖ਼ਰ 'ਤੇ ਕਾਬਜ਼ ਹੈ। ਭਾਰਤ ਦੀ ਦੀਪਤੀ ਸ਼ਰਮਾ ਇੱਕ ਸਥਾਨ ਦੇ ਫਾਇਦੇ ਨਾਲ ਪੰਜਵੇਂ ਸਥਾਨ 'ਤੇ ਪਹੁੰਚ ਗਈ ਹੈ। ਦੱਖਣੀ ਅਫਰੀਕਾ ਦੀ ਕਲੋਏ ਟ੍ਰਾਇਓਨ (ਤਿੰਨ ਸਥਾਨ ਉੱਪਰ 11ਵੇਂ ਸਥਾਨ 'ਤੇ) ਅਤੇ ਡੀ ਕਲਰਕ (ਚਾਰ ਸਥਾਨ ਉੱਪਰ 12ਵੇਂ ਸਥਾਨ 'ਤੇ) ਨੂੰ ਵੀ ਫਾਇਦਾ ਹੋਇਆ ਹੈ।

## ਦੋਹਾ ਡਾਇਮੰਡ ਲੀਗ 'ਚ 90.23 ਮੀਟਰ ਨਾਲ ਚੋਪੜਾ ਦਾ ਸ਼ਾਨਦਾਰ ਪ੍ਰਦਰਸ਼ਨ



ਦੋਹਾ/ਏ.ਟੀ.ਨਿਊਜ਼: ਉਲੰਪਿਕ ਵਿੱਚ ਦੋ ਤਗ਼ਮੇ ਜੇਤੂ ਭਾਰਤ ਦੇ ਨੀਰਜ ਚੋਪੜਾ ਨੇ ਇੱਥੇ ਦੋਹਾ ਡਾਇਮੰਡ ਲੀਗ ਵਿੱਚ 90 ਮੀਟਰ ਤੋਂ ਵੱਧ ਜੈਵਲਿਨ ਸੁੱਟ ਕੇ ਰਿਕਾਰਡ ਕਾਇਮ ਕਰ ਦਿੱਤਾ ਹੈ। ਹਾਲਾਂਕਿ ਜਰਮਨੀ ਦਾ ਜੂਲੀਅਨ ਵੈਬਰ ਆਪਣੀ 91.06 ਮੀਟਰ ਦੀ ਆਖਰੀ ਕੋਸ਼ਿਸ਼ ਨਾਲ ਪਹਿਲੇ ਸਥਾਨ 'ਤੇ ਰਿਹਾ। ਇਸ ਤੋਂ ਪਹਿਲਾਂ ਨੀਰਜ ਚੋਪੜਾ ਨੇ ਤੀਜੀ ਕੋਸ਼ਿਸ਼ ਵਿੱਚ 90.23 ਮੀਟਰ ਦੂਰ ਜੈਵਲਿਨ ਸੁੱਟ ਕੇ ਦੂਜਾ ਸਥਾਨ ਹਾਸਲ ਕੀਤਾ। ਉਹ 90 ਮੀਟਰ ਤੋਂ ਵੱਧ ਜੈਵਲਿਨ ਸੁੱਟਣ ਵਾਲਾ ਪਹਿਲਾ ਭਾਰਤੀ ਬਣ ਗਿਆ ਹੈ।

# ਹੀਰੋ ਹਾਕੀ ਏਸ਼ੀਆ ਕੱਪ 'ਚ ਪਾਕਿਸਤਾਨ ਦਾ ਹਿਸਾ ਲੈਣਾ ਮੁਸ਼ਕਿਲ

ਨਵੀਂ ਦਿੱਲੀ/ਏ.ਟੀ.ਨਿਊਜ਼: ਪਹਿਲਗਾਮ ਦਹਿਸ਼ਤੀ ਹਮਲੇ ਤੋਂ ਬਾਅਦ ਭਾਰਤ ਅਤੇ ਪਾਕਿਸਤਾਨ ਵਿਚਾਲੇ ਚੱਲ ਰਹੇ ਤਣਾਅ ਕਾਰਨ ਇਸ ਸਾਲ ਦੇ ਹੀਰੋ ਹਾਕੀ ਏਸ਼ੀਆ ਕੱਪ ਵਿੱਚ ਪਾਕਿਸਤਾਨ ਦਾ ਹਿੱਸਾ ਲੈਣਾ ਮੁਸ਼ਕਿਲ ਹੈ। ਏਸ਼ੀਆ ਕੱਪ 27 ਅਗਸਤ ਤੋਂ 7 ਸਤੰਬਰ ਤੱਕ ਬਿਹਾਰ ਦੇ ਰਾਜਗੀਰ ਵਿੱਚ ਖੇਡਿਆ ਜਾਵੇਗਾ। ਮੇਜ਼ਬਾਨ ਭਾਰਤ, ਪਾਕਿਸਤਾਨ, ਜਪਾਨ, ਕੋਰੀਆ, ਚੀਨ, ਮਲੇਸ਼ੀਆ, ਓਮਾਨ ਅਤੇ ਚੀਨੀ ਤਾਇਪੇ ਇਸ ਵਿੱਚ ਹਿੱਸਾ ਲੈਣਗੇ। ਇਹ ਅਗਲੇ ਸਾਲ ਨੀਦਰਲੈਂਡਜ਼ ਅਤੇ ਬੈਲਜੀਅਮ ਵਿੱਚ ਹੋਣ ਵਾਲੇ ਵਿਸ਼ਵ ਕੱਪ ਲਈ ਕੁਆਲੀਫਾਈਂਗ ਟੂਰਨਾਮੈਂਟ ਵੀ ਹੈ। ਹਾਕੀ ਇੰਡੀਆ ਦੇ ਜਨਰਲ ਸਕੱਤਰ ਭੋਲਾ ਨਾਥ ਸਿੰਘ ਨੇ ਇਸ ਬਾਰੇ ਕਿਹਾ, 'ਹਾਲੇ ਕੁਝ ਵੀ ਕਹਿਣਾ ਜਲਦਬਾਜ਼ੀ ਹੋਵੇਗੀ। ਅਸੀਂ ਸਰਕਾਰੀ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਾਂਗੇ।'

# ਨਿੱਤ ਨਿੱਤ ਨਹੀਂ ਜੰਮਦੇ ਆਰਮੰਡ ਡੁਪਲਾਂਟਿਸ ਜਿਹੇ ਸਪੋਰਟਸ ਸਟਾਰ



ਪ੍ਰਿੰ. ਸਰਵਣ ਸਿੰਘ
+1-905-779-1661



ਆਰਮੰਡ ਡੁਪਲਾਂਟਿਸ ਪੋਲ ਵਾਲਟ ਦਾ ਮੌਜੂਦਾ ਉਲੰਪਿਕ ਚੈਂਪੀਅਨ ਤੇ ਵਿਸ਼ਵ ਚੈਂਪੀਅਨ ਹੈ। ਉਲੰਪਿਕ ਖੇਡਾਂ ਤੇ ਵਰਲਡ ਚੈਂਪੀਅਨਸ਼ਿਪਸ ਦੇ ਵਿਸ਼ਵ ਰਿਕਾਰਡ ਵੀ ਉਹਦੇ ਨਾਂ ਹਨ। ਉਸ ਨੂੰ ਸਾਲ 2025 ਦਾ ਬਿਹਤਰੀਨ ਖਿਡਾਰੀ ਤੇ ਲੌਰੀਅਸ ਅਥਲੀਟ ਮੰਨਿਆ ਗਿਐ। ਉਸ ਤੋਂ ਪਹਿਲਾਂ ਪੋਲ ਵਾਲਟ ਦੀ ਝੰਡੀ ਸਰਗੀ ਬੁਬਕਾ ਦੇ ਹੱਥ ਸੀ। ਵੀਹਵੀਂ ਸਦੀ 'ਚ ਉਹਦੀ ਗੁੱਡੀ ਅਸਮਾਨੀਂ ਚੜ੍ਹੀ ਰਹੀ। ਉਸ ਨੂੰ 'ਫਲਾਈਂਗ ਬਰਡ' ਕਿਹਾ ਜਾਂਦਾ ਰਿਹਾ। ਉਹ ਦੁਨੀਆ ਦਾ ਪਹਿਲਾ ਪੋਲ ਵਾਲਟਰ ਹੋਇਆ ਜਿਸ ਨੇ 6 ਮੀਟਰ ਤੋਂ ਉੱਚਾ ਟੱਪਣ ਦੀ ਹੱਦ ਪਹਿਲੀ ਵਾਰ ਤੋੜੀ। ਉਸ ਨੇ ਪੋਲ ਵਾਲਟ ਦੇ ਵਿਸ਼ਵ ਰਿਕਾਰਡ 17 ਵਾਰ ਨਵਿਆਏ ਤੇ ਆਪਣੇ ਖੇਡ ਕੈਰੀਅਰ ਦੌਰਾਨ ਵਿਸ਼ਵ ਅਥਲੈਟਿਕਸ ਚੈਂਪੀਅਨਸ਼ਿਪਾਂ ਵਿੱਚੋਂ 6 ਗੋਲਡ ਮੈਡਲ ਜਿੱਤੇ ਸਨ ਜੋ ਆਪਣੇ ਆਪ 'ਚ ਅਨੋਖਾ ਰਿਕਾਰਡ ਹੈ। ਉਹਦਾ ਜਨਮ 4 ਦਸੰਬਰ 1963 ਨੂੰ ਸੋਵੀਅਤ ਰੂਸ ਵਿੱਚ ਹੋਇਆ ਸੀ। ਉਸ ਦਾ 31 ਜੁਲਾਈ 1991 ਨੂੰ ਰੱਖਿਆ 6.14 ਮੀਟਰ ਦਾ ਵਿਸ਼ਵ ਰਿਕਾਰਡ 2015 ਤੱਕ ਕਾਇਮ ਰਿਹਾ। ਆਖ਼ਰ ਉਹ ਰਿਕਾਰਡ ਸਵੀਡਨ ਦੇ ਆਰਮੰਡ ਡੁਪਲਾਂਟਿਸ ਉਰਫ਼ 'ਮੋਂਡੋ' ਨੇ 24 ਸਾਲਾਂ ਬਾਅਦ 6.15 ਮੀਟਰ ਉੱਚੀ ਛਾਲ ਲਾ ਕੇ ਤੋੜਿਆ।

ਸਵੀਡਸ਼-ਅਮਰੀਕਨ ਅਥਲੀਟ, ਆਰਮਡ ਗੁਸਤਾਵ ਡੁਪਲਾਂਟਿਸ ਦਾ ਜਨਮ 10 ਨਵੰਬਰ 1999 ਨੂੰ ਅਮਰੀਕਾ ਵਿੱਚ ਹੋਇਆ ਸੀ, ਪਰ ਉਹ ਸਵੀਡਨ ਦੀ ਪ੍ਰਤੀਨਿਧਤਾ ਕਰਦਾ ਹੈ। ਹੁਣ ਉਸ ਨੂੰ ਸਰਬ ਸਮਿਆਂ ਦਾ ਸਭ ਤੋਂ ਮਹਾਨ ਪੋਲ ਵਾਲਟਰ ਕਿਹਾ ਜਾ ਰਿਹੈ। ਉਸ ਨੇ 6.27 ਮੀਟਰ ਯਾਨੀ 20 ਫੁੱਟ 7 ਇੰਚ ਉੱਚੀ ਛਾਲ ਲਾਉਣ ਦਾ ਵਿਸ਼ਵ ਰਿਕਾਰਡ ਰੱਖਿਆ ਤੇ ਗਲੋਬ ਦੇ 7 ਸੀਨੀਅਰ ਟਾਈਟਲ ਜਿੱਤੇ ਹਨ। ਉਲੰਪਿਕ ਖੇਡਾਂ ਦੇ 2 ਗੋਲਡ ਮੈਡਲ, ਆਊਟਡੋਰ ਵਿਸ਼ਵ ਅਥਲੈਟਿਕਸ ਚੈਂਪੀਅਨਸ਼ਿਪਾਂ ਦੇ ਵੀ 2 ਗੋਲਡ ਮੈਡਲ ਤੇ ਤਿੰਨ ਵਾਰ ਇਨਡੋਰ ਵਿਸ਼ਵ ਅਥਲੈਟਿਕਸ ਚੈਂਪੀਅਨਸ਼ਿਪਾਂ ਜਿੱਤੀਆਂ ਹਨ। ਯੂਰਪੀਨ ਤੇ ਹੋਰ ਚੈਂਪੀਅਨਸ਼ਿਪਾਂ ਜਿੱਤਣੀਆਂ ਤਾਂ ਮਾਮੂਲੀ ਗੱਲ ਸਨ। ਅਜੇ ਉਹ ਭਰ ਜੁਆਨ ਹੈ। ਕੀ ਪਤਾ ਪੋਲ ਵਾਲਟ ਦੀ ਬਾਰ ਹੋਰ ਕਿੰਨੀ ਉੱਚੀ ਕਰਾ ਜਾਵੇ?

'ਮੋਂਡੋ' ਡੁਪਲਾਂਟਿਸ ਲਈ 5 ਅਗਸਤ 2024 ਦਾ ਦਿਨ ਸਭ ਤੋਂ ਵੱਧ ਕਰਮਾਂ ਵਾਲਾ ਸਿੱਧ ਹੋਇਆ। ਉਸ ਦਿਨ ਪੈਰਿਸ ਦੀਆਂ ਉਲੰਪਿਕ ਖੇਡਾਂ ਵਿੱਚ ਪੋਲ ਵਾਲਟ ਦਾ ਫਾਈਨਲ ਮੁਕਾਬਲਾ ਹੋਣਾ ਸੀ। 2020 ਦੀਆਂ ਉਲੰਪਿਕ ਖੇਡਾਂ ਜੋ ਕੋਵਿਡ ਕਾਰਨ 2021 'ਚ ਟੋਕੀਓ ਵਿਖੇ ਹੋਈਆਂ, ਉਨ੍ਹਾਂ 'ਚੋਂ ਡੁਪਲਾਂਟਿਸ ਪੋਲ ਵਾਲਟ ਦਾ ਗੋਲਡ ਮੈਡਲ ਜਿੱਤ ਚੁੱਕਾ ਸੀ। ਜੇਕਰ ਉਹ ਪੈਰਿਸ ਤੋਂ ਵੀ ਗੋਲਡ ਮੈਡਲ ਜਿੱਤਦਾ ਤਾਂ ਅਨੋਖੀ ਗੱਲ ਹੋਣੀ ਸੀ ਕਿਉਂਕਿ 1896 ਤੋਂ ਸਿਵਾਏ ਇੱਕ ਪੋਲ ਵਾਲਟਰ ਦੇ ਕੋਈ ਹੋਰ ਪੋਲ ਵਾਲਟਰ ਦੂਜੀ ਵਾਰ ਉਲੰਪਿਕ ਖੇਡਾਂ ਦਾ ਗੋਲਡ ਮੈਡਲ ਨਹੀਂ ਸੀ ਜਿੱਤ ਸਕਿਆ। ਇੱਥੋਂ ਤੱਕ ਕਿ ਯੂਕ੍ਰੇਨ ਦਾ 'ਫਲਾਈਂਗ ਬਰਡ' ਸਰਗੀ ਬੁਬਕਾ ਵੀ ਨਹੀਂ ਜਿੱਤਿਆ।

ਉਹਦੀ ਪਹਿਲੀ ਵੱਡੀ ਜਿੱਤ 2015 ਦੀ ਵਰਲਡ ਯੂਥ ਚੈਂਪੀਅਨਸ਼ਿਪ 'ਚ ਹੋਈ। 2016 ਵਿੱਚ ਉਸ ਨੇ ਅੰਡਰ-20 ਵਰਲਡ ਚੈਂਪੀਅਨਸ਼ਿਪ 'ਚੋਂ ਕਾਂਸੀ ਦਾ ਤਗ਼ਮਾ ਜਿੱਤਿਆ। 2017 ਵਿੱਚ ਉਸ ਨੇ ਅੰਡਰ-20 ਦਾ ਯੂਰਪੀ ਟਾਈਟਲ ਜਿੱਤਿਆ ਤੇ 2018 ਵਿੱਚ ਵਰਲਡ ਅੰਡਰ-20 ਦਾ ਚੈਂਪੀਅਨ ਟਾਈਟਲ। ਜਿਵੇਂ ਤੇਜ਼ਤਰਾਰ ਦੌੜਾਕ ਉਸੈਨ ਬੋਲਟ ਨੇ ਯੂਥ, ਜੂਨੀਅਰ ਤੇ ਸੀਨੀਅਰ ਵਿਸ਼ਵ ਚੈਂਪੀਅਨਸ਼ਿਪਾਂ ਦੇ ਟਾਈਟਲ ਜਿੱਤੇ ਉਵੇਂ ਮੋਂਡੋ ਨੇ ਵੀ ਤਿੰਨੇ ਟਾਈਟਲ ਜਿੱਤੇ। 2020 ਵਿੱਚ ਉਸ ਨੂੰ ਵਰਲਡ ਅਥਲੀਟ ਆਫ ਦਿ ਯੀਅਰ ਐਲਾਨਿਆ ਗਿਆ। 2021 ਤੋਂ 2024 ਤੱਕ ਉਹ ਡਾਇਮੰਡ ਲੀਗਾਂ ਦਾ ਵੀ ਚੈਂਪੀਅਨ ਬਣਦਾ ਰਿਹਾ।

ਫੋਲ ਵਾਲਟ ਦੇ ਇਤਿਹਾਸ ਵਿੱਚ 6 ਮੀਟਰ ਦੀ ਉਚਾਈ ਉਸ ਨੇ ਸਭ ਤੋਂ ਵੱਧ ਵਾਰ ਟੱਪੀ ਹੈ। ਸਰਗੀ ਬੁਬਕਾ ਨੇ 6 ਮੀਟਰ ਦੀ ਉਚਾਈ 46 ਵਾਰ ਟੱਪੀ ਜੋ ਮੋਂਡੋ ਡੁਪਲਾਂਟਿਸ 102 ਵਾਰ ਟੱਪ ਚੁੱਕੈ। ਉਹ 6.16 ਮੀਟਰ ਦੇ ਵਿਸ਼ਵ ਰਿਕਾਰਡ ਨੂੰ 6.27 ਮੀਟਰ ਤੱਕ ਲੈ ਗਿਆ ਹੈ। ਉਹ ਕੇਵਲ 7 ਸਾਲਾਂ ਦਾ ਸੀ ਜਦੋਂ 3.86 ਮੀਟਰ ਭਾਵ 12 ਫੁੱਟ 8 ਇੰਚ ਉੱਚੀ ਛਲਾਂਗ ਲਾ ਗਿਆ ਸੀ। ਡੁਪਲਾਂਟਿਸ ਦਾ ਨਿੱਕਾ ਨਾਂ 'ਮੋਂਡੋ' ਉਹਦੇ ਬਾਪ ਦੇ ਇਤਾਲਵੀ ਦੋਸਤ ਨੇ ਰੱਖਿਆ ਸੀ ਜੋ ਇਟਲੀ ਤੋਂ ਸੀ। ਇਤਾਲਵੀ ਵਿੱਚ ਇਸ ਦਾ ਅਰਥ ਹੈ 'ਦੁਨੀਆ'। ਉਹ ਸੱਚਮੁੱਚ ਦੁਨੀਆ ਦਾ ਚੈਂਪੀਅਨ ਬਣਿਆ। 2020, 2022 ਤੇ 2023 ਦਾ ਉਹ ਵਰਲਡ ਅਥਲੀਟ ਆਫ ਦਿ ਯੀਅਰ ਐਵਾਰਡ ਹਾਸਲ ਕਰਦਾ ਰਿਹਾ। 2024 ਦਾ ਸਾਲ ਉਹਦੇ ਲਈ ਸਭ ਤੋਂ ਵੱਡੀਆਂ ਜਿੱਤਾਂ ਵਾਲਾ ਰਿਹਾ। ਉਸ ਨੇ ਓਲੰਪਿਕ ਖੇਡਾਂ ਦਾ ਦੂਜਾ ਟਾਈਟਲ, ਦੂਜਾ ਵਰਲਡ ਇਨਡੋਰ ਟਾਈਟਲ, ਤੀਜਾ ਯੂਰਪੀਨ ਟਾਈਟਲ ਤੇ ਕਈ ਹੋਰ ਮਹੱਤਵਪੂਰਨ ਟਾਈਟਲ ਜਿੱਤੇ।

28 ਫਰਵਰੀ 2025 ਦਾ ਦਿਨ ਪੋਲ ਵਾਲਟ ਦੇ ਇਤਿਹਾਸ ਦਾ ਯਾਦਗਾਰੀ ਦਿਵਸ ਹੋ ਨਿੱਬੜਿਆ। ਫਰਾਂਸ ਦੀ ਧਰਤੀ 'ਤੇ ਹੋਈ ਆਲ ਸਟਾਰ ਮੀਟ ਵਿੱਚ ਮੋਂਡੋ ਨੇ 6.27 ਮੀਟਰ ਉੱਚੀ ਛਾਲ ਲਾ ਕੇ 11ਵੀਂ ਵਾਰ ਵਿਸ਼ਵ ਰਿਕਾਰਡ ਨਵਿਆਇਆ। ਉਸ ਖ਼ੁਸ਼ੀ ਵਿੱਚ ਉਹਦਾ ਗੀਤ 'ਬੌਂਪ' ਰਿਲੀਜ਼ ਕੀਤਾ ਗਿਆ। ਕਈਆਂ ਨੂੰ ਇਹ ਜਾਣ ਕੇ ਹੈਰਾਨੀ ਹੋਵੇਗੀ ਕਿ ਮੋਂਡੋ ਗੀਤਕਾਰ ਵੀ ਹੈ। ਮੋਂਡੋ ਨੇ ਇੱਥੋਂ ਤੱਕ ਕਹਿ ਦਿੱਤਾ ਕਿ 6.30 ਮੀਟਰ ਟੱਪਣਾ ਤਾਂ ਮੇਰੀ ਪਹੁੰਚ ਵਿੱਚ ਹੀ ਹੈ, ਹੋ ਸਕਦੈ ਮੈਂ ਵਿਸ਼ਵ ਰਿਕਾਰਡ 6.40 ਮੀਟਰ ਤੱਕ ਲੈ ਜਾਵਾਂ!ਜੁਲਾਈ 2020 ਵਿੱਚ ਮੋਂਡੋ ਨੂੰ ਖਿਡਾਰੀਆਂ ਲਈ ਸਭ ਤੋਂ ਵੱਡਾ ਸਨਮਾਨ ਵਿਕਟੋਰੀਆ ਐਵਾਰਡ ਮਿਲਿਆ। 2025 ਤੱਕ ਸਪੋਰਟਸ ਦਾ ਸ਼ਾਇਦ ਹੀ ਕੋਈ ਐਵਾਰਡ ਹੋਵੇ ਜੋ ਉਸ ਨੂੰ ਨਾ ਮਿਲਿਆ ਹੋਵੇ। ਸਣੇ ਵਰਲਡ ਅਥਲੈਟਿਕਸ ਐਵਾਰਡ ਦੇ ਤੇ ਬੀ.ਬੀ.ਸੀ. ਸਪੋਰਟਸ ਪਰਸਨੈਲਿਟੀ ਵਰਲਡ ਸਪੋਰਟ ਸਟਾਰ ਦੇ। ਮੋਂਡੋ ਜਿਹੇ ਸਪੋਰਟਸ ਸਟਾਰ ਨਿੱਤ ਨਿੱਤ ਨਹੀਂ ਜੰਮਦੇ।


ਰਜਵਿੰਦਰ ਪਾਲ ਸ਼ਰਮਾ

## ਬਜ ਬਜ ਘਾਟ ਦੇ ਦੁਖਾਂਤ ਨੂੰ ਬਿਆਨ ਕਰਦੀ ਹੈ ਫ਼ਿਲਮ


# ‘ਗੁਰੂ ਨਾਨਕ ਜਹਾਜ਼’

ਗਾਇਕ ਅਤੇ ਅਦਾਕਾਰ ਤਰਸੇਮ ਜੱਸੜ ਦੀ ਫ਼ਿਲਮ ‘ਗੁਰੂ ਨਾਨਕ ਜਹਾਜ਼’ 1914 ਵਿੱਚ ਵਾਪਰੇ ਕੌਮਾਗਾਟਾ ਮਾਰੂ ਦੁਖਾਂਤ ਨੂੰ ਬਿਆਨ ਕਰਦੀ ਹੈ। ਜਦੋਂ 23 ਮਈ 1914 ਨੂੰ ਬਾਬਾ ਗੁਰਦਿੱਤ ਸਿੰਘ ਗੁਰੂ ਨਾਨਕ ਜਹਾਜ਼ (ਕੌਮਾਗਾਟਾ ਮਾਰੂ ਜਹਾਜ਼) ਵਿੱਚ 376 ਯਾਤਰੀਆਂ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਸਿੱਖ ਸਨ, ਨੂੰ ਲੈ ਕੇ ਵੈਨਕੂਵਰ ਦੇ ਕੰਢੇ ਪਹੁੰਚ ਗਏ ਤਾਂ ਕੈਨੇਡਾ ਸਰਕਾਰ ਨੇ ਉਨ੍ਹਾਂ ਨੂੰ ਕੈਨੇਡਾ ਵਿੱਚ ਉਤਰਨ ਨਹੀਂ ਦਿੱਤਾ। ਇਸ ਘਟਨਾ ਤੋਂ ਬਾਅਦ ਉਪਜਿਆ ਰੋਹ ਬ੍ਰਿਟਿਸ਼ ਬਸਤੀਵਾਦੀ ਸ਼ਾਸਨ ਅਤੇ ਨਸਲੀ ਵਿਤਕਰੇ ਵਿਰੁੱਧ ਵਿਰੋਧ ਦਾ ਇੱਕ ਸ਼ਕਤੀਸ਼ਾਲੀ ਪ੍ਰਤੀਕ ਬਣ ਗਿਆ, ਜਿਸ ਨੇ ਅੱਗੇ ਜਾ ਕੇ ਭਾਰਤੀ ਆਜ਼ਾਦੀ ਅੰਦੋਲਨ ਨੂੰ ਮਜ਼ਬੂਤੀ ਦੇਣ ਵਿੱਚ ਅਹਿਮ ਭੂਮਿਕਾ ਨਿਭਾਈ।

‘ਗੁਰੂ ਨਾਨਕ ਜਹਾਜ਼’ ਫ਼ਿਲਮ ਵਿੱਚ ਪਹਿਲੀ ਵਾਰ ਸਮੁੰਦਰੀ ਜਹਾਜ਼ ਰਾਹੀਂ ਕੈਨੇਡਾ ਦੀ ਧਰਤੀ ’ਤੇ ਪਹੁੰਚੇ 28 ਗ਼ਦਰੀ ਬਾਬਿਆਂ ਨਾਲ ਉੱਥੇ ਕੀ ਅਤੇ ਕਿਵੇਂ ਘਟਨਾਕ੍ਰਮ ਵਾਪਰਿਆ, ਦੀ ਕਹਾਣੀ ਨੂੰ ਬਿਆਨ ਕੀਤਾ ਗਿਆ ਹੈ। ਮੇਵਾ ਸਿੰਘ ਸਮੇਤ ਉੱਤਰੀ ਅਮਰੀਕਾ ’ਚ ਵਸਦੇ ਸਾਰੇ ਗ਼ਦਰ ਪਾਰਟੀ ਸਮਰਥਕਾਂ ਅੰਦਰ ਇਸ ਘਟਨਾ ਨੇ ਰੋਸ ਦੀ ਲਹਿਰ ਪੈਦਾ ਕਰ ਦਿੱਤੀ। ਵੈਨਕੂਵਰ ਦੇ ਸਿੱਖ ਭਾਈਚਾਰੇ ਵੱਲੋਂ ਖ਼ਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਦੀ ਅਗਵਾਈ ਅਧੀਨ ਇਨ੍ਹਾਂ ਮੁਸਾਫ਼ਰਾਂ ਨੂੰ ਕੈਨੇਡਾ ਵਿੱਚ ਉਤਾਰਨ ਲਈ ਸੰਘਰਸ਼ ਵਿੱਢਿਆ ਗਿਆ। ਇਸ ਸੰਘਰਸ਼ ਵਿੱਚ ਮੇਵਾ ਸਿੰਘ ਨੇ ਭਾਗ ਸਿੰਘ ਤੇ ਬਲਵੰਤ ਸਿੰਘ ਦੇ ਸਾਥੀ ਬਣ ਕੇ ਮੋਹਰੀ ਭੂਮਿਕਾ ਨਿਭਾਈ। ਫ਼ਿਲਮ ਵਿੱਚ ਤਰਸੇਮ ਜੱਸੜ ਮੇਵਾ ਸਿੰਘ ਲੋਪੋਕੇ ਅਤੇ ਗੁਰਪ੍ਰੀਤ ਘੁੱਗੀ ਬਾਬਾ ਗੁਰਦਿੱਤ ਸਿੰਘ ਦੀ ਭੂਮਿਕਾ ਵਿੱਚ ਦਰਸ਼ਕਾਂ ਦੇ ਦਿਲਾਂ ਨੂੰ ਛੂਹ ਰਹੇ ਹਨ। ਫ਼ਿਲਮ ਰਾਹੀਂ ਪੰਜਾਬੀਆਂ ਨੂੰ ਉਨ੍ਹਾਂ ਦੇ ਵਡਮੁੱਲੇ ਇਤਿਹਾਸ ਨਾਲ ਜੋੜਨ ਦਾ ਉਪਰਾਲਾ ਕੀਤਾ ਗਿਆ ਹੈ। ਇਹ ਫ਼ਿਲਮ ਉਨ੍ਹਾਂ ਸ਼ਹੀਦਾਂ ਨੂੰ ਸ਼ਰਧਾਂਜਲੀ ਹੈ ਜਿਨ੍ਹਾਂ ਨੇ ਅਨਿਆਂ ਅਤੇ ਗੁਲਾਮੀ ਵਿਰੁੱਧ ਆਵਾਜ਼ ਬੁਲੰਦ ਕੀਤੀ।




ਜਿਵੇਂ ਹੁਣ ਪੰਜਾਬ ਦੇ ਨੌਜਵਾਨ ਕੈਨੇਡਾ ਜਾਣ ਲਈ ਵਹੀਰਾਂ ਘੱਤ ਰਹੇ ਹਨ, ਸੌ ਸਾਲ ਪਹਿਲਾਂ ਇਹ ਸੰਭਵ ਨਹੀਂ ਸੀ ਕਿਉਂਕਿ ਅੰਗਰੇਜ਼ ਹਕੂਮਤ ਭਾਰਤੀਆਂ ਨਾਲ ਨਸਲ ਅਤੇ ਰੰਗ ਕਾਰਨ ਭੇਦਭਾਵ ਕਰਦੀ ਸੀ। ਗਿਆਨੀ ਗੁਰਦਿੱਤ ਸਿੰਘ ਵੱਲੋਂ ਲੀਜ਼ ’ਤੇ ਲਿਆ ਗਿਆ ਜਹਾਜ਼ ਕੌਮਾਗਾਟਾ ਮਾਰੂ ਜਦੋਂ ਭਾਰਤੀ ਯਾਤਰੀਆਂ ਨੂੰ ਲੈ ਕੇ ਵੈਨਕੂਵਰ ਪਹੁੰਚਿਆ ਤਾਂ ਅੰਗਰੇਜ਼ ਹਕੂਮਤ ਨੇ ਕੁੱਝ ਯਾਤਰੀਆਂ ਨੂੰ ਇਜਾਜ਼ਤ ਦੇ ਕੇ ਬਾਕੀਆਂ ਨੂੰ ਵਾਪਸ ਭਾਰਤ ਭੇਜ ਦਿੱਤਾ ਜਿਸ ਦਾ ਕੈਨੇਡਾ ਦੇ ਨਾਲ ਨਾਲ ਪੂਰੇ ਦੇਸ਼ ਵਿੱਚ ਵਿਰੋਧ ਹੋਇਆ। ਵੈਨਕੂਵਰ ਤੋਂ ਮੁੜਿਆ ਇਹ ਜਹਾਜ਼ ਜਦੋਂ ਕਲਕੱਤਾ ਦੇ ਬਜ ਬਜ ਘਾਟ ’ਤੇ ਪਹੁੰਚਿਆ ਤਾਂ ਉੱਥੇ ਅੰਗਰੇਜ਼ ਹਕੂਮਤ ਨੇ ਨਿਰਦੋਸ਼ ਯਾਤਰੀਆਂ ਨੂੰ ਗੋਲੀਆਂ ਨਾਲ ਭੁੰਨ ਦਿੱਤਾ ਜਿਸ ਨੂੰ ਇਤਿਹਾਸ ਵਿੱਚ ਕੌਮਾਗਾਟਾ ਮਾਰੂ ਜਾਂ ਬਜ ਬਜ ਘਾਟ ਦੇ ਦੁਖਾਂਤ ਵਜੋਂ ਯਾਦ ਕੀਤਾ ਜਾਂਦਾ ਹੈ। ‘ਵਿਹਲੀ ਜਨਤਾ ਫ਼ਿਲਮਜ਼’ ਵੱਲੋਂ ਪੇਸ਼ ਕੀਤੀ ਇਸ ਫ਼ਿਲਮ ਦਾ ਨਿਰਮਾਣ ਮਨਪ੍ਰੀਤ ਜੌਹਲ ਵੱਲੋਂ ਕੀਤਾ ਗਿਆ ਹੈ, ਜਦੋਂਕਿ ਨਿਰਦੇਸ਼ਨ ਜ਼ਿੰਮੇਵਾਰੀਆਂ ਨੂੰ ਸ਼ਰਨ ਆਰਟ ਦੁਆਰਾ ਅੰਜ਼ਾਮ ਦਿੱਤਾ ਗਿਆ ਹੈ। ਫ਼ਿਲਮ ਨੂੰ ਲਿਖਿਆ ਹੈ ਹਰਨਵ ਬੀਰ ਸਿੰਘ ਅਤੇ ਸ਼ਰਨ ਆਰਟ ਨੇ। ਤਰਸੇਮ ਜੱਸੜ ਅਤੇ ਗੁਰਪ੍ਰੀਤ ਘੁੱਗੀ ਤੋਂ ਇਲਾਵਾ ਐਡਵਰਡ ਸੋਨੇਨਬਲਿਕ, ਮਾਰਕ ਬਿਨਿੰਗਟਨ, ਬਲਵਿੰਦਰ ਬੁਲਟ ਅਤੇ ਹਰਸ਼ਰਨ ਸਿੰਘ ਨੇ ਅਹਿਮ ਭੂਮਿਕਾਵਾਂ ਨਿਭਾਈਆਂ ਹਨ। ਫ਼ਿਲਮ ਦੇਖ ਕੇ ਪੰਜਾਬ ਦੇ ਸੂਰਬੀਰ ਯੋਧਿਆਂ ਦੀਆਂ ਕੁਰਬਾਨੀਆਂ ਬਾਰੇ ਜਾਣਕਾਰੀ ਪ੍ਰਾਪਤ ਹੁੰਦੀ ਹੈ ਜਿਸ ਨੂੰ ਸਮੇਂ ਦੀਆਂ ਸਰਕਾਰਾਂ ਨੇ ਬਹੁਤਾ ਮਾਣ ਸਨਮਾਨ ਨਹੀਂ ਦਿੱਤਾ। ਇਹ ਫ਼ਿਲਮ ਜਿੱਥੇ ਇਤਿਹਾਸ ਦੇ ਪੰਨਿਆਂ ’ਤੇ ਜੰਮੀ ਧੂੜ ਉਠਾ ਕੇ ਗਿਆਨ ਵਿੱਚ ਵਾਧਾ ਕਰਨ ਵਾਲੀ ਹੈ, ਉੱਥੇ ਪੰਜਾਬੀ ਫ਼ਿਲਮ ਇੰਡਸਟਰੀ ਲਈ ਇਤਿਹਾਸਕ ਫ਼ਿਲਮਾਂ ਬਣਾਉਣ ਦੀ ਕੜੀ ਵਿੱਚ ਇੱਕ ਹੋਰ ਅਹਿਮ ਕੜੀ ਜੁੜ ਗਈ ਹੈ।



# ‘ਬੋਲ ਮਿੱਟੀ ਦਿਆ ਬਾਵਿਆ’ ਗੀਤ ਤੋਂ ਸੁਰਖ਼ੀਆਂ ’ਚ ਆਇਆ ਰਣਜੀਤ ਬਾਵਾ

ਆਪਣੀ ਸਾਫ਼ ਸੁਥਰੀ ਅਤੇ ਸੱਭਿਆਚਾਰਕ ਗਾਇਕੀ ਨਾਲ ਥੋੜ੍ਹੇ ਹੀ ਸਮੇਂ ਵਿੱਚ ਪੰਜਾਬੀਆਂ ਦੇ ਦਿਲ ਵਿੱਚ ਗਹਿਰੀ ਥਾਂ ਬਣਾਉਣ ਵਾਲਾ ਰਣਜੀਤ ਸਿੰਘ ਬਾਜਵਾ ਉਰਫ਼ ਰਣਜੀਤ ਬਾਵਾ ਕਿਸੇ ਜਾਣ ਪਹਿਚਾਣ ਦਾ ਮੁਹਤਾਜ ਨਹੀਂ। ਉਸ ਦਾ ਜਨਮ 14 ਮਾਰਚ 1989 ਨੂੰ ਪਿੰਡ ਵਡਾਲਾ ਗ੍ਰੰਥੀਆਂ ਜ਼ਿਲ੍ਹਾ ਗੁਰਦਾਸਪੁਰ ਵਿੱਚ ਪਿਤਾ ਗੱਜਣ ਸਿੰਘ ਬਾਜਵਾ ਅਤੇ ਮਾਤਾ ਗੁਰਮੀਤ ਕੌਰ ਬਾਜਵਾ ਦੇ ਘਰ ਹੋਇਆ। ਰਣਜੀਤ ਬਾਵੇ ਨੇ ਆਪਣੀ ਮੁੱਢਲੀ ਸਿੱਖਿਆ ਪਿੰਡ ਦੇ ਸਕੂਲ ਤੋਂ ਹੀ ਪ੍ਰਾਪਤ ਕੀਤੀ। ਸਕੂਲੀ ਪੜ੍ਹਾਈ ਦੌਰਾਨ ਹੀ ਉਸ ਨੂੰ ਸੰਗੀਤ ਦੀ ਗੁੜ੍ਹਤੀ ਮਿਲੀ ਜਿਸ ਵਿੱਚ ਉਸ ਦੇ ਸੰਗੀਤ ਅਧਿਆਪਕ ਮੰਗਲ ਸਿੰਘ ਦਾ ਬਹੁਤ ਵੱਡਾ ਯੋਗਦਾਨ ਰਿਹਾ। ਗੁਰੂ ਨਾਨਕ ਕਾਲਜ ਬਟਾਲਾ ਤੋਂ ਗ੍ਰੈਜੂਏਸ਼ਨ ਕਰਨ ਉਪਰੰਤ ਉਸ ਨੇ ਐੱਮ.ਏ. ਰਾਜਨੀਤੀ ਸ਼ਾਸਤਰ ਖ਼ਾਲਸਾ ਕਾਲਜ ਅੰਮ੍ਰਿਤਸਰ ਅਤੇ ਐੱਮ.ਏ. ਸੰਗੀਤ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਤੋਂ ਕੀਤੀ। ਬਚਪਨ ਵਿੱਚ ਪੈਦਾ ਹੋਇਆ ਗੀਤ ਗਾਉਣ ਦਾ ਸ਼ੌਕ ਹੌਲੀ ਹੌਲੀ ਉਸ ਦਾ ਜਨੂੰਨ ਬਣ ਗਿਆ।

ਉਸ ਨੇ ਰਣਜੀਤ ਸਿੰਘ ਬਾਜਵਾ ਤੋਂ ਰਣਜੀਤ ਬਾਵਾ ਬਣਨ ਦਾ ਜ਼ਿਕਰ ਕਰਦਿਆਂ ਕਿਹਾ ਕਿ ਉਸ ਦੁਆਰਾ ਲੰਮੇ ਸਮੇਂ ਤੋਂ ਗਾਏ ਜਾ ਰਹੇ ਪਾਕਿਸਤਾਨੀ ਗੀਤ ‘ਬੋਲ ਮਿੱਟੀ ਦਿਆ ਬਾਵਿਆ’ ਨੇ ਉਸ ਨੂੰ ਇੰਨਾ ਮਕਬੂਲ ਕੀਤਾ ਕਿ ਸਰੋਤਿਆਂ ਨੇ ਆਪਣੇ ਪਿਆਰ ਦੇ ਨਾਲ ਨਾਲ ਰਣਜੀਤ ਸਿੰਘ ਬਾਜਵਾ ਨੂੰ ਇੱਕ ਨਵਾਂ ਨਾਮ ਰਣਜੀਤ ਬਾਵਾ ਵੀ ਦੇ ਦਿੱਤਾ।

ਉਸ ਦੀ ਪਹਿਲੀ ਐਲਬਮ 2015 ਵਿੱਚ ‘ਮਿੱਟੀ ਦਾ ਬਾਵਾ’ ਆਈ ਜਿਸ ਵਿੱਚ ‘ਮਿੱਟੀ ਦਾ ਬਾਵਾ’ ਦੇ ਨਾਲ ਨਾਲ ‘ਬੋਟੀ ਬੋਟੀ’, ‘ਡਾਲਰ ਬਨਾਮ ਰੋਟੀ’, ‘ਬੰਦੂਕ’, ‘ਸਰਦਾਰ’, ‘ਜੱਟ ਦਾ ਡਰ’ ਅਤੇ ‘ਯਾਰੀ ਚੰਡੀਗੜ੍ਹ ਵਾਲੀਏ’ ਵਰਗੇ ਸੁਪਰ ਹਿੱਟ ਗੀਤ ਸ਼ਾਮਿਲ ਸਨ। ਇਸ ਤੋਂ ਬਾਅਦ ਉਸ ਦੇ ਆਏ ਸਿੰਗਲ ਗੀਤ ‘ਜੱਟ ਦੀ ਅਕਲ’, ‘ਜੀਨ’, ‘ਸਾਡੀ ਵਾਰੀ ਆਉਣ ਦੇ’, ‘ਜਿੰਦਾ ਸੁੱਖਾ’, ‘ਮੁੰਡਾ ਸਰਦਾਰਾ ਦਾ’, ‘ਨੈਰੋ ਸਲਵਾਰ’ ਅਤੇ ‘ਕਿੰਨੇ ਆਏ ਕਿੰਨੇ ਗਏ’ ਸ਼ਾਮਿਲ ਹਨ।

ਗਾਇਕੀ ਵਿੱਚ ਲੋਹਾ ਮਨਵਾਉਣ ਵਾਲਾ ਰਣਜੀਤ ਬਾਵਾ ਅਦਾਕਾਰੀ ਵਿੱਚ ਵੀ ਪਿੱਛੇ ਨਹੀਂ ਰਿਹਾ। ਸ਼ਹੀਦ ਜੁਗਰਾਜ ਸਿੰਘ ਤੂਫ਼ਾਨ ਦੀ ਜ਼ਿੰਦਗੀ ’ਤੇ ਆਧਾਰਿਤ 2017 ਵਿੱਚ ਆਈ ਫ਼ਿਲਮ ‘ਤੂਫ਼ਾਨ ਸਿੰਘ’ ਤੋਂ ਇਲਾਵਾ ‘ਵੇਖ ਬਰਾਤਾਂ ਚੱਲੀਆਂ’, ‘ਭਲਵਾਨ ਸਿੰਘ’, ‘ਖਿੱਦੋ ਖੂੰਡੀ’, ‘ਤਾਰਾ ਮੀਰਾ’, ‘ਮਿਸਟਰ ਐਂਡ ਮਿਸਿਜ਼ 420 ਰਿਟਰਨਜ਼’ ਅਤੇ ‘ਖਾਓ ਪੀਓ ਐਸ਼ ਕਰੋ’ ਵਰਗੀਆਂ ਸੁਪਰਹਿੱਟ ਫ਼ਿਲਮਾਂ ਵੀ ਪੰਜਾਬੀ ਸਿਨੇਮਾ ਦੀ ਝੋਲੀ ਪਾਈਆਂ।ਉਸ ਦੀ ਗਾਇਕੀ ਅਤੇ ਫ਼ਿਲਮਾਂ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨੂੰ ਸਮਰਪਿਤ ਰਹੀਆਂ ਹਨ। ਆਪਣੀ ਗਾਇਕੀ ਅਤੇ ਅਦਾਕਾਰੀ ਰਾਹੀਂ ਉਸ ਨੇ ਹਮੇਸ਼ਾਂ ਸਮਾਜਿਕ ਬੁਰਾਈਆਂ ’ਤੇ ਚੋਟ ਕਰਕੇ ਇਕਜੁੱਟ ਹੋਣ ਦਾ ਹੋਕਾ ਦਿੱਤਾ ਹੈ। ‘ਮਿਸਟਰ ਐਂਡ ਮਿਸਿਜ਼ 420 ਰਿਟਰਨਜ਼’ ਵਿੱਚ ਉਹ ਆਪਣੀ ਅਦਾਕਾਰੀ ਨਾਲ ਨਸ਼ਿਆਂ ਦੀ ਦਲਦਲ ਵਿੱਚ ਫ਼ਸੇ ਲਾਡੀ ਦੇ ਕਿਰਦਾਰ ਰਾਹੀਂ ਸਮਾਜ ਨੂੰ ਇਹ ਸੰਦੇਸ਼ ਦੇਣ ਵਿੱਚ ਕਾਮਯਾਬ ਰਿਹਾ ਕਿ ਜੇਕਰ ਵਿਅਕਤੀ ਚਾਹੇ ਤਾਂ ਨਸ਼ਿਆਂ ਦੀ ਦਲਦਲ ਵਿੱਚੋਂ ਨਿਕਲ ਕੇ ਨਵੀਂ ਜ਼ਿੰਦਗੀ ਦੀ ਸ਼ੁਰੂਆਤ ਕਰ ਸਕਦਾ ਹੈ।



# ਪੰਜਾਬੀ ਸਿਨੇਮਾ ਦਾ ਮਾਣ ਵਿਜੈ ਟੰਡਨ

ਅੰਗਰੇਜ ਸਿੰਘ ਵਿਰਦੀ

ਅਦਾਕਾਰ ਵਿਜੈ ਟੰਡਨ ਪੰਜਾਬੀ ਸਿਨੇਮਾ ਦਾ ਇੱਕ ਅਜਿਹਾ ਅਦਾਕਾਰ ਹੈ ਜਿਸ ਨੇ ਸੱਤਰ ਦੇ ਦਹਾਕੇ ਵਿੱਚ ਆਪਣੇ ਫਿਲਮੀ ਕਰੀਅਰ ਦਾ ਆਗਾਜ਼ ਕੀਤਾ ਤੇ 50 ਸਾਲ ਦਾ ਸ਼ਾਨਦਾਰ ਸਫ਼ਰ ਤੈਅ ਕਰਕੇ ਉਹ ਅੱਜ ਵੀ ਪੰਜਾਬੀ ਫਿਲਮਾਂ ਵਿੱਚ ਪੂਰੀ ਸ਼ਿੱਦਤ ਨਾਲ ਆਪਣੀ ਅਦਾਕਾਰੀ ਦੇ ਰੰਗ ਬਿਖੇਰ ਰਿਹਾ ਹੈ। ਪੰਜਾਬੀ ਸਿਨੇਮਾ ਦੀ ਝੋਲੀ ਵਿੱਚ ਬਹੁਤ ਸਾਰੀਆਂ ਖ਼ੂਬਸੂਰਤ ਫਿਲਮਾਂ ਪਾਉਣ ਵਾਲਾ ਵਿਜੈ ਟੰਡਨ ਅਜਿਹਾ ਇਕੱਲਾ ਸ਼ਖ਼ਸ ਹੈ ਜਿਸ ਦੀ ਬਤੌਰ ਲੇਖਕ, ਨਿਰਮਾਤਾ ਅਤੇ ਅਦਾਕਾਰ ਵਜੋਂ 1993 ਵਿੱਚ ਰਿਲੀਜ਼ ਹੋਈ ਫਿਲਮ ‘ਕਚਹਿਰੀ’ ਨੂੰ ਸਾਲ 1994 ਵਿੱਚ ਬਿਹਤਰੀਨ ਫਿਲਮ ਲਈ ਰਾਸ਼ਟਰੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। ਉਹ ਪੰਜਾਬੀ ਸਿਨੇਮਾ ਦਾ ਮਾਣ ਹੈ।

ਤੇਰਾਂ ਮਾਰਚ 1950 ਨੂੰ ਸੋਹਣ ਲਾਲ ਟੰਡਨ ਅਤੇ ਮਾਤਾ ਸਤਿਆਵਤੀ ਦੇ ਘਰ ਜ਼ਿਲ੍ਹਾ ਲੁਧਿਆਣਾ ਦੀ ਤਹਿਸੀਲ ਜਗਰਾਓਂ ਵਿੱਚ ਪੈਦਾ ਹੋਏ ਵਿਜੈ ਟੰਡਨ ਨੇ ਮੁੱਢਲੀ ਸਿੱਖਿਆ ਜਗਰਾਓਂ ਤੋਂ ਹੀ ਹਾਸਲ ਕੀਤੀ, ਉਪਰੰਤ ਗੁਰੂ ਗੋਬਿੰਦ ਸਿੰਘ ਕਾਲਜ ਚੰਡੀਗੜ੍ਹ ਤੋਂ ਗ੍ਰੈਜੂਏਸ਼ਨ ਕੀਤੀ। ਚੰਡੀਗੜ੍ਹ ਪੜ੍ਹਦਿਆਂ ਹੀ ਉਸ ਦੀ ਦਿਲਚਸਪੀ ਅਦਾਕਾਰੀ ਵੱਲ ਹੋ ਗਈ ਤੇ ਉਹ ਚੰਡੀਗੜ੍ਹ ਥੀਏਟਰ ਗਰੁੱਪ ਦਾ ਹਿੱਸਾ ਬਣ ਗਿਆ। ਇੱਥੇ ਹੀ ਥੀਏਟਰ ਕਰਦੇ ਹੋਏ ਉਸ ਦੀ ਮੁਲਾਕਾਤ ਪ੍ਰਸਿੱਧ ਅਦਾਕਾਰ ਮਿਹਰ ਮਿੱਤਲ ਨਾਲ ਹੋ ਗਈ ਜਿਸ ਨੇ ਵਿਜੈ ਦੇ ਫਿਲਮੀ ਕਰੀਅਰ ਨੂੰ ਬਣਾਉਣ ਵਿੱਚ ਵੱਡੀ ਭੂਮਿਕਾ ਅਦਾ ਕੀਤੀ। ਉਸ ਜ਼ਮਾਨੇ ਦੀਆਂ ਥੀਏਟਰ ਦੀਆਂ ਉੱਘੀਆਂ ਹਸਤੀਆਂ ਨਾਟਕਕਾਰ ਗੁਰਸ਼ਰਨ ਸਿੰਘ, ਹਰਪਾਲ ਟਿਵਾਣਾ, ਸਰਦਾਰ ਭਾਗ ਸਿੰਘ, ਸੁਰਜੀਤ ਸੇਠੀ ਅਤੇ ਕਪੂਰ ਸਿੰਘ ਘੁੰਮਣ ਨਾਲ ਉਸ ਨੂੰ ਕੰਮ ਕਰਨ ਦਾ ਮੌਕਾ ਮਿਲਿਆ। ਰੰਗਮੰਚ ਕਰਦਿਆਂ ਉਸ ਦੀ ਅਦਾਕਾਰੀ ਵਿੱਚ ਨਿਖਾਰ ਆਉਣ ਲੱਗਾ। 1969 ਵਿੱਚ ਉਸ ਨੇ ਬਲਵੰਤ ਗਾਰਗੀ ਦਾ ਲਿਖਿਆ ਮਸ਼ਹੂਰ ਨਾਟਕ ‘ਗਗਨ ਮੇਂ ਥਾਲ’ ਵਿੱਚ ਮਹੱਤਵਪੂਰਨ ਕਿਰਦਾਰ ਅਦਾ ਕੀਤਾ ਜਿਸ ਨੂੰ ਦਰਸ਼ਕਾਂ ਦਾ ਅਥਾਹ ਪਿਆਰ ਮਿਲਿਆ। ਥੀਏਟਰ ਵਿੱਚ ਖੇਡੇ ਅਣਗਿਣਤ ਨਾਟਕਾਂ ਜ਼ਰੀਏ ਅਦਾਕਾਰੀ ਵਿੱਚ ਪਰਿਪੱਕਤਾ ਹਾਸਲ ਕਰਨ ਤੋਂ ਬਾਅਦ ਉਸ ਨੇ ਪੰਜਾਬੀ ਫਿਲਮਾਂ ਵੱਲ ਰੁਖ਼ ਕੀਤਾ ਤੇ ਪ੍ਰਸਿੱਧ ਫਿਲਮਸਾਜ਼ ਇੰਦਰਜੀਤ ਹਸਨਪੁਰੀ ਨੇ ਉਸ ਨੂੰ ਆਪਣੀ ਪੰਜਾਬੀ ਫਿਲਮ ‘ਤੇਰੀ ਮੇਰੀ ਇੱਕ ਜਿੰਦੜੀ’ ਲਈ ਸਾਈਨ ਕਰ ਲਿਆ ਜੋ ਨਾਮਵਰ ਅਦਾਕਾਰ ਵਰਿੰਦਰ ਦੀ ਵੀ ਪਹਿਲੀ ਫਿਲਮ ਸੀ। ਬੇਸ਼ੱਕ ਫਿਲਮ ਦੀ ਸ਼ੂਟਿੰਗ 13 ਜਨਵਰੀ 1971 ਨੂੰ ਸ਼ੁਰੂ ਹੋ ਗਈ ਸੀ, ਪਰ ਕਿਸੇ ਕਾਰਨ ਫਿਲਮ ਨੂੰ ਪੂਰੇ ਹੋਣ ਵਿੱਚ 4 ਸਾਲ ਲੱਗ ਗਏ ਤੇ ਉਸ ਤੋਂ ਪਹਿਲਾਂ ਉਸ ਨੂੰ ਬਤੌਰ ਮੁੱਖ ਅਦਾਕਾਰ ਲੈ ਕੇ ਕਾਮੇਡੀਅਨ ਮਿਹਰ ਮਿੱਤਲ ਨੇ ਆਪਣੇ ਮਸ਼ਹੂਰ ਨਾਟਕ ਲਾਡਲਾ ’ਤੇ ਆਧਾਰਿਤ ਫਿਲਮ ‘ਮਾਂ ਦਾ ਲਾਡਲਾ’ ਦਾ ਨਿਰਮਾਣ ਕਰ ਕੇ ਉਸ ਨੂੰ ਆਪਣੇ ਬੈਨਰ ਐੱਮ.ਐੱਮ. ਫਿਲਮਜ਼ ਪ੍ਰਾਈਵੇਟ ਲਿਮਟਿਡ, ਬੰਬੇ ਦੇ ਬੈਨਰ ਹੇਠ 6 ਅਪਰੈਲ 1973 ਨੂੰ ਰਿਲੀਜ਼ ਕਰ ਦਿੱਤਾ ਜਿਸ ਨੂੰ ਸਿਨੇ ਪ੍ਰੇਮੀਆਂ ਦਾ ਅਥਾਹ ਪਿਆਰ ਮਿਲਿਆ। ਇਹ ਫਿਲਮ ਵਿਜੈ ਟੰਡਨ ਦੇ ਫਿਲਮੀ ਕਰੀਅਰ ਦੀ ਪਹਿਲੀ ਫਿਲਮ ਦੇ ਤੌਰ ’ਤੇ ਜਾਣੀ ਜਾਂਦੀ ਹੈ। ਪੰਜਾਬੀ ਸਿਨੇਮਾ ਵਿੱਚ ਉਸ ਦਾ ਫਿਲਮੀ ਸਫ਼ਰ ਸ਼ਾਨਦਾਰ ਰਿਹਾ। ਉਸ ਨੇ ਪੰਜਾਬੀ ਫਿਲਮਾਂ ਵਿੱਚ ਹੀਰੋ ਦੇ ਨਾਲ ਨਾਲ ਖ਼ਲਨਾਇਕ ਦੇ ਕਿਰਦਾਰ ਵੀ ਅਦਾ ਕੀਤੇ। ਉਸ ਦਾ ਪੰਜਾਬੀ ਫਿਲਮਾਂ ਵਿੱਚ 1973 ਤੋਂ ਸ਼ੁਰੂ ਹੋਇਆ ਸਫ਼ਰ ਅੱਜ ਵੀ ਨਿਰੰਤਰ ਜਾਰੀ ਹੈ।



## ਸ੍ਰੀ ਦਰਬਾਰ ਸਾਹਿਬ ਵਿੱਚ

ਉਨ੍ਹਾਂ ਦਾ ਮੰਨਣਾ ਹੈ ਕਿ ਅਜਿਹੇ ਸਿਸਟਮ ਨਾਲ ਸ੍ਰੀ ਦਰਬਾਰ ਸਾਹਿਬ ਨੂੰ ਉਲਟਾ ਦੁਸ਼ਮਣ ਦੇ ਨਿਸ਼ਾਨੇ 'ਤੇ ਲਿਆਂਦਾ ਗਿਆ। ਉਨ੍ਹਾਂ ਨੇ ਮੰਗ ਕੀਤੀ ਸੀ ਕਿ ਇਸ ਮਾਮਲੇ ਦੀ ਜਾਂਚ ਸਿੱਖ ਸੁਰੱਖਿਆ ਮਾਹਿਰਾਂ ਤੋਂ ਕਰਵਾਈ ਜਾਵੇ।

ਸੀਨੀਅਰ ਪੱਤਰਕਾਰ ਸੁਖਦੇਵ ਸਿੰਘ ਨੇ ਕਿਹਾ ਕਿ ਦੱਖਣੀ ਬ੍ਰਾਹਮਣ ਜਰਨੈਲਾਂ ਰਾਹੀ ਦਰਬਾਰ ਸਾਹਿਬ ਉੱਪਰ ਰਾਜਸੀ ਖੇਡਾਂ ਬੰਦ ਕੀਤੀਆਂ ਜਾਣ। ਨਾ ਕਿਸੇ ਨੂੰ ਇਸ ਦੀ ਰਖਵਾਲੀ ਦੀ ਲੋੜ ਹੈ, ਨਾ ਹੀ ਇਸ ਨੂੰ ਢਾਲ ਬਣਾ ਕੇ ਵਰਤਿਆ ਜਾਵੇ। ਦਰਬਾਰ ਸਾਹਿਬ ਦੇ ਉਸਰਈਏ ਗੁਰੂ ਸਾਹਿਬ ਆਪ ਸਨ, ਉਹੀ ਇਸ ਦੇ ਰਖਵਾਲੇ ਹਨ! ਬਚਦੀ ਸੇਵਾ ਲਈ ਸਿੱਖ ਕਾਫ਼ੀ ਹਨ !

ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਨੇ ਸਰਕਾਰ ਨੂੰ ਸਵਾਲ ਕੀਤਾ ਕਿ ਅਜਿਹੀਆਂ ਗਲਤ ਰਿਪੋਰਟਾਂ ਕਿਉਂ ਫ਼ੈਲਾਈਆਂ ਜਾ ਰਹੀਆਂ ਹਨ, ਜੋ ਸਿੱਖ ਭਾਵਨਾਵਾਂ ਨੂੰ ਜ਼ਖਮੀ ਕਰ ਸਕਦੀਆਂ ਹਨ। ਉਨ੍ਹਾਂ ਨੇ ਮੰਗ ਕੀਤੀ ਕਿ ਸਰਕਾਰ ਅਤੇ ਫ਼ੌਜ ਨੂੰ ਅਜਿਹੀਆਂ ਗੱਲਾਂ ਦਾ ਸਪੱਸ਼ਟੀਕਰਨ ਦੇਣਾ ਚਾਹੀਦਾ ਹੈ ਅਤੇ ਭਵਿੱਖ ਵਿੱਚ ਅਜਿਹੀਆਂ ਗਲਤ ਬਿਆਨਬਾਜ਼ੀਆਂ ਤੋਂ ਗੁਰੇਜ਼ ਕਰਨਾ ਚਾਹੀਦਾ ਹੈ।

### ਕਿਥੋਂ ਪੈਦਾ ਹੋਇਆ ਸੀ ਵਿਵਾਦ ?

ਸ੍ਰੀ ਹਰਿਮੰਦਰ ਸਾਹਿਬ (ਸ੍ਰੀ ਦਰਬਾਰ ਸਾਹਿਬ) ਵਿੱਚ ਅਪਰੇਸ਼ਨ ਸੰਧੂਰ ਦੌਰਾਨ ਏਅਰ ਡਿਫ਼ੈਂਸ ਗੰਨਾਂ ਦੀ ਤਾਇਨਾਤੀ ਸਬੰਧੀ ਭਾਰਤੀ ਫ਼ੌਜ ਦੇ ਸੀਨੀਅਰ ਅਧਿਕਾਰੀ, ਲੈਫ਼ਟੀਨੈਂਟ ਜਨਰਲ ਸੁਮੇਰ ਇਵਾਨ ਡੀ. ਕੁਨਹਾ, ਦੇ ਦਾਅਵੇ ਨੂੰ ਬਾਅਦ ਵਿੱਚ ਫ਼ੌਜ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਝੂਠਾ ਕਰਾਰ ਦਿੱਤਾ ਸੀ। ਇਸ ਸਬੰਧੀ ਕਈ ਸੰਭਾਵੀ ਕਾਰਨ ਹੋ ਸਕਦੇ ਹਨ ਜਿਨ੍ਹਾਂ ਕਰਕੇ ਅਜਿਹਾ ਗਲਤ ਬਿਆਨ ਸਾਹਮਣੇ ਆਇਆ।

ਮਾਹਿਰਾਂ ਦਾ ਕਹਿਣਾ ਹੈ ਕਿ ਫ਼ੌਜ ਦੇ ਅਧਿਕਾਰੀ ਨੂੰ ਗਲਤ ਜਾਣਕਾਰੀ ਮਿਲੀ ਹੋਵੇ ਜਾਂ ਉਸ ਨੇ ਗਲਤਫ਼ਹਿਮੀ ਕਾਰਨ ਅਜਿਹਾ ਬਿਆਨ ਦਿੱਤਾ ਹੋਵੇ। ਮੀਡੀਆ ਨਾਲ ਗੱਲਬਾਤ ਦੌਰਾਨ, ਸੰਭਵ ਤੌਰ 'ਤੇ, ਤੱਥਾਂ ਦੀ ਪੁਸ਼ਟੀ ਤੋਂ ਬਿਨਾਂ ਜਾਂ ਅਧੂਰੀ ਜਾਣਕਾਰੀ ਦੇ ਅਧਾਰ 'ਤੇ ਬਿਆਨ ਦਿੱਤਾ ਗਿਆ। ਕੁਝ ਸਿੱਖ ਸੰਗਠਨਾਂ ਅਤੇ ਸੋਸ਼ਲ ਮੀਡੀਆ 'ਤੇ ਪੋਸਟਾਂ ਅਨੁਸਾਰ ਫ਼ੌਜ ਦਾ ਬਿਆਨ ਸਰਕਾਰ ਜਾਂ ਸੱਜੇ-ਪੱਖੀ ਸਮੂਹਾਂ ਦੇ ਪ੍ਰੋਪੇਗੰਡੇ ਦਾ ਹਿੱਸਾ ਹੋ ਸਕਦਾ ਹੈ। ਉਨ੍ਹਾਂ ਦਾ ਦਾਅਵਾ ਹੈ ਕਿ ਇਹ ਸਿਆਸੀ ਮਕਸਦਾਂ ਲਈ ਜਾਣਬੁੱਝ ਕੇ ਕੀਤਾ ਗਿਆ।

ਕੁਝ ਲੋਕਾਂ ਦਾ ਸੋਸ਼ਲ ਮੀਡੀਆ ਉਪਰ ਮੰਨਣਾ ਸੀ ਕਿ ਅਪਰੇਸ਼ਨ ਸੰਧੂਰ ਦੌਰਾਨ ਭਾਰਤ-ਪਾਕਿਸਤਾਨ ਸਰਹੱਦ 'ਤੇ ਤਣਾਅਪੂਰਨ ਸਥਿਤੀ ਨੂੰ ਦੇਖਦਿਆਂ, ਫ਼ੌਜ ਨੇ ਸ਼ਾਇਦ ਆਪਣੀ ਤਿਆਰੀ ਅਤੇ ਸੁਰੱਖਿਆ ਉਪਾਵਾਂ ਨੂੰ ਵਧਾ-ਚੜ੍ਹਾ ਕੇ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੋਵੇ, ਜਿਸ ਵਿੱਚ ਸ੍ਰੀ ਦਰਬਾਰ ਸਾਹਿਬ ਵਰਗੇ ਮਹੱਤਵਪੂਰਨ ਸਥਾਨਾਂ ਦੀ ਸੁਰੱਖਿਆ ਦਾ ਜ਼ਿਕਰ ਸ਼ਾਮਲ ਸੀ। ਪਰ, ਇਸ ਪ੍ਰਕਾਰ ਦਾ ਬਿਆਨ ਦੇਣ ਤੋਂ ਪਹਿਲਾਂ ਸ਼੍ਰੋਮਣੀ ਕਮੇਟੀ ਜਾਂ ਸ੍ਰੀ ਦਰਬਾਰ ਸਾਹਿਬ ਦੇ ਪ੍ਰਬੰਧਕਾਂ ਨਾਲ ਸੰਪਰਕ ਨਾ ਕਰਨਾ ਇੱਕ ਵੱਡੀ ਗਲਤੀ ਸੀ। ਸੰਭਵ ਇਹ ਵੀ ਹੈ ਕਿ ਫ਼ੌਜ ਦੇ ਅਧਿਕਾਰੀ ਦੇ ਬਿਆਨ ਨੂੰ ਮੀਡੀਆ ਨੇ ਗਲਤ ਢੰਗ ਨਾਲ ਪੇਸ਼ ਕੀਤਾ ਹੋਵੇ। ਉਦਾਹਰਣ ਵਜੋਂ, ਲੈਫ਼ਟੀਨੈਂਟ ਜਨਰਲ ਡੀ. ਕੁਨਹਾ ਨੇ ਸ਼ਾਇਦ ਸ੍ਰੀ ਦਰਬਾਰ ਸਾਹਿਬ ਦੇ ਆਸ-ਪਾਸ ਦੀ ਸੁਰੱਖਿਆ ਦੀ ਗੱਲ ਕੀਤੀ ਹੋਵੇ।

ਹਾਲਾਂਕਿ, ਇਹ ਦਾਅਵੇ ਸਿਰਫ਼ ਅਨੁਮਾਨ ਹਨ ਅਤੇ ਇਸ ਦੀ ਪੁਸ਼ਟੀ ਲਈ ਕੋਈ ਠੋਸ ਸਬੂਤ ਨਹੀਂ ਹਨ। ਪਰ ਇਸ ਦੀ ਜਾਂਚ ਹੋਣੀ ਚਾਹੀਦੀ ਹੈ। ਸ੍ਰੀ ਦਰਬਾਰ ਸਾਹਿਬ ਸਿੱਖਾਂ ਦਾ ਸਰਵ ਉੱਚ ਧਾਰਮਿਕ ਸਥਾਨ ਹੈ ਅਤੇ ਇਸ ਸਬੰਧੀ ਗਲਤ ਬਿਆਨ ਸਿੱਖ ਸੰਗਤ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾ ਸਕਦੇ ਹਨ। ਫ਼ੌਜ ਦੇ ਸੀਨੀਅਰ ਅਧਿਕਾਰੀ ਵੱਲੋਂ ਗਲਤ ਬਿਆਨ ਦੇਣ ਨਾਲ ਸੰਸਥਾ ਦੀ ਵਿਸ਼ਵਾਸ ਯੋਗਤਾ 'ਤੇ ਸਵਾਲ ਉੱਠਦੇ ਹਨ। ਜੇਕਰ ਇਹ ਜਾਣਬੁੱਝ ਕੇ ਕੀਤਾ ਗਿਆ, ਤਾਂ ਇਸ ਦੇ ਪਿੱਛੇ ਦੇ ਮਕਸਦ ਅਤੇ ਜ਼ਿੰਮੇਵਾਰੀ ਨੂੰ ਸਾਹਮਣੇ ਲਿਆਉਣ ਲਈ ਜਾਂਚ ਜ਼ਰੂਰੀ ਹੈ। ਅਪਰੇਸ਼ਨ ਸੰਧੂਰ ਵਰਗੀਆਂ ਸੰਵੇਦਨਸ਼ੀਲ ਘਟਨਾਵਾਂ ਦੌਰਾਨ ਸਹੀ ਜਾਣਕਾਰੀ ਦਾ ਪ੍ਰਸਾਰਣ ਮਹੱਤਵਪੂਰਨ ਹੈ। ਗਲਤ ਬਿਆਨਾਂ ਨਾਲ ਨਾ ਸਿਰਫ਼ ਸੰਗਤ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਦੀ ਹੈ, ਸਗੋਂ ਸਰਕਾਰ ਅਤੇ ਫ਼ੌਜ ਦੀ ਸਾਖ ਨੂੰ ਵੀ ਨੁਕਸਾਨ ਹੁੰਦਾ ਹੈ। ਦਰਬਾਰ ਸਾਹਿਬ 'ਤੇ ਕਥਿਤ ਹਮਲੇ ਦੇ ਦਾਅਵੇ ਨੇ ਸਿੱਖ ਭਾਈਚਾਰੇ ਵਿੱਚ ਗੰਭੀਰ ਚਿੰਤਾ ਪੈਦਾ ਕੀਤੀ ਹੈ। ਸ਼੍ਰੋਮਣੀ ਕਮੇਟੀ ਅਤੇ ਸਿੱਖ ਆਗੂਆਂ ਦੀ ਸੁਤੰਤਰ ਜਾਂਚ ਦੀ ਮੰਗ, ਪਾਕਿਸਤਾਨ ਦੇ ਇਨਕਾਰ ਅਤੇ ਭਾਰਤ ਸਰਕਾਰ ਦੇ ਬਿਆਨ ਨੇ ਮਾਮਲੇ ਨੂੰ ਹੋਰ ਪੇਚੀਦਾ ਕਰ ਦਿੱਤਾ ਹੈ। ਸ੍ਰੀ ਦਰਬਾਰ ਸਾਹਿਬ ਦੀ ਪਵਿੱਤਰਤਾ ਨੂੰ ਧਿਆਨ ਵਿੱਚ ਰੱਖਦਿਆਂ, ਸੱਚਾਈ ਸਾਹਮਣੇ ਲਿਆਉਣ ਲਈ ਸਪੱਸ਼ਟ ਅਤੇ ਨਿਰਪੱਖ ਜਾਂਚ ਦੀ ਜ਼ਰੂਰਤ ਹੈ।

### ਪਾਕਿਸਤਾਨ ਨੇ ਭਾਰਤੀ ਫ਼ੌਜ ਦੇ ਦਾਅਵੇ ਨਕਾਰੇ, ਸਿੱਖਾਂ ਨੂੰ 'ਭਰਾ' ਦੱਸਿਆ

ਪਾਕਿਸਤਾਨ ਨੇ ਸ੍ਰੀ ਦਰਬਾਰ ਸਾਹਿਬ 'ਤੇ ਹਮਲੇ ਦੇ ਦੋਸ਼ਾਂ ਨੂੰ ਸਿਰੇ ਤੋਂ ਰੱਦ ਕੀਤਾ। ਪਾਕਿਸਤਾਨੀ ਅਧਿਕਾਰੀ ਫ਼ਵਾਦ ਚੌਧਰੀ ਨੇ ਐਕਸ 'ਤੇ ਪੋਸਟ ਕੀਤਾ ਕਿ ਦਰਬਾਰ ਸਾਹਿਬ ਸਾਡੇ ਸਾਰਿਆਂ ਲਈ ਪਵਿੱਤਰ ਹੈ। ਪਾਕਿਸਤਾਨ ਕਦੇ ਸਿੱਖ ਅਸਥਾਨਾਂ 'ਤੇ ਹਮਲਾ ਨਹੀਂ ਕਰ ਸਕਦਾ। ਮੁਹੰਮਦ ਅਕਰਮ ਨੇ ਦਾਅਵਾ ਕੀਤਾ ਕਿ ਭਾਰਤ ਨੇ ਅੰਮ੍ਰਿਤਸਰ ਵਿੱਚ ਬਲੈਕਆਊਟ ਕਰਕੇ ਸਿੱਖਾਂ ਵਿੱਚ ਡਰ ਪੈਦਾ ਕਰਨ ਦੀ ਕੋਸ਼ਿਸ਼ ਕੀਤੀ। ਪਾਕਿਸਤਾਨ ਦੇ ਵਿਦੇਸ਼ ਮੰਤਰਾਲੇ ਨੇ ਇਸ ਨੂੰ ਭਾਰਤ ਦੀ ਸਾਜ਼ਿਸ਼ ਕਰਾਰ ਦਿੱਤਾ।

***

## ਯੂ.ਕੇ. 'ਚ ਸਿੱਖ ਪਛਾਣ ਲਈ ਮੁਹਿੰਮ

'ਇੰਡੀਪੈਂਡੈਂਟ' ਨੇ ਆਪਣੀ ਰਿਪੋਰਟ ਵਿੱਚ ਜ਼ਿਕਰ ਕੀਤਾ ਕਿ ਜਗਜੀਤ ਸਿੰਘ ਦੀ ਮੁਹਿੰਮ ਨੇ ਯੂ.ਕੇ. ਦੇ ਸਮਾਜ ਵਿੱਚ ਸਿੱਖ ਪਛਾਣ ਨੂੰ ਮਜ਼ਬੂਤ ਕੀਤਾ ਸੀ ਅਤੇ ਬਹੁ-ਸੱਭਿਆਚਾਰਕ ਨੀਤੀਆਂ 'ਤੇ ਚਰਚਾ ਨੂੰ ਉਤਸ਼ਾਹਿਤ ਕੀਤਾ ਸੀ। ਅਖ਼ਬਾਰ ਨੇ ਲਿਖਿਆ ਸੀ ਕਿ ਇਸ ਜਿੱਤ ਨੇ ਸਿੱਖਾਂ ਨੂੰ ਆਪਣੀ ਪਛਾਣ ਨਾਲ ਮਾਣ ਮਹਿਸੂਸ ਕਰਨ ਦਾ ਮੌਕਾ ਦਿੱਤਾ ਸੀ।

ਇਸ ਮੁਹਿੰਮ ਨੂੰ ਸਮਰਥਨ ਦੇਣ ਲਈ ਸਿੱਖ ਭਾਈਚਾਰੇ ਨੇ ਵੱਡੀਆਂ ਰੈਲੀਆਂ ਅਤੇ ਪ੍ਰਦਰਸ਼ਨ ਵੀ ਕੀਤੇ, ਜਿਨ੍ਹਾਂ ਨੂੰ 'ਦ ਟੈਲੀਗ੍ਰਾਫ਼' ਨੇ ਸਿੱਖਾਂ ਦੀ ਏਕਤਾ ਦੀ ਮਿਸਾਲ ਦੱਸਿਆ ਸੀ।

ਬੀ.ਬੀ.ਸੀ. ਨੇ 2010 ਵਿੱਚ ਇੱਕ ਡਾਕੂਮੈਂਟਰੀ ਵਿੱਚ ਜਗਜੀਤ ਸਿੰਘ ਦੇ ਸੰਘਰਸ਼ ਨੂੰ ਯਾਦ ਕੀਤਾ ਅਤੇ ਉਨ੍ਹਾਂ ਨੂੰ ਸਿੱਖ ਪਛਾਣ ਦਾ ਰਾਖਾ ਦੱਸਿਆ ਸੀ। ਰਿਪੋਰਟ ਵਿੱਚ ਜ਼ਿਕਰ ਕੀਤਾ ਗਿਆ ਕਿ ਜਗਜੀਤ ਸਿੰਘ ਦੀ ਮੁਹਿੰਮ ਨੇ ਨਾ ਸਿਰਫ਼ ਸਿੱਖਾਂ ਦੇ ਅਧਿਕਾਰਾਂ ਨੂੰ ਸੁਰੱਖਿਅਤ ਕੀਤਾ, ਸਗੋਂ ਯੂ.ਕੇ. ਦੇ ਕਾਨੂੰਨੀ ਢਾਂਚੇ ਵਿੱਚ ਬਹੁ-ਸੱਭਿਆਚਾਰਕ ਮੁੱਦਿਆਂ ਨੂੰ ਸਮਝਣ ਦੀ ਸਮਰੱਥਾ ਵਧਾਈ ਸੀ।

ਪ੍ਰੋ. ਗੁਰਹਰਪਾਲ ਸਿੰਘ ਮੁਤਾਬਕ, ਇਸ ਮੁਹਿੰਮ ਨੇ ਸਿੱਖਾਂ ਦੀ ਸਿਆਸੀ ਤਾਕਤ ਅਤੇ ਬਰਤਾਨਵੀ ਸਮਾਜ 'ਚ ਉਨ੍ਹਾਂ ਦੀ ਹੋਂਦ ਨੂੰ ਵਧਾਇਆ ਸੀ।

ਪਰ ਕੁਝ ਅਖ਼ਬਾਰਾਂ, ਜਿਵੇਂ 'ਦ ਡੇਲੀ ਮੇਲ' ਨੇ ਸੁਰੱਖਿਆ ਨਿਯਮਾਂ 'ਤੇ ਸਵਾਲ ਉਠਾਏ ਸਨ, ਜਿਸ 'ਤੇ ਪੰਥਕ ਜਥੇਬੰਦੀਆਂ ਨੇ ਜਵਾਬ ਦਿੱਤਾ ਸੀ ਕਿ ਪੱਗ ਸਿੱਖਾਂ ਲਈ ਸਿਰਫ਼ ਪਹਿਰਾਵਾ ਨਹੀਂ, ਸਗੋਂ ਧਰਮ ਦਾ ਅਟੁੱਟ ਹਿੱਸਾ ਹੈ।

ਰਿਆਤ ਪਰਿਵਾਰ ਦੀ ਮੁਹਿੰਮ ਨੇ ਸਿੱਖਾਂ ਦੀ ਧਾਰਮਿਕ ਅਜ਼ਾਦੀ ਨੂੰ ਮਜ਼ਬੂਤ ਕੀਤਾ, ਪਰ ਇਸ ਦੌਰਾਨ ਸਮਾਜਿਕ ਅਤੇ ਕਾਨੂੰਨੀ ਰੁਕਾਵਟਾਂ ਦਾ ਸਾਹਮਣਾ ਵੀ ਕੀਤਾ। ਸੁਰੱਖਿਆ ਨਿਯਮਾਂ ਅਤੇ ਧਾਰਮਿਕ ਪਛਾਣ 'ਚ ਸੰਤੁਲਨ ਬਣਾਉਣਾ ਇੱਕ ਵੱਡੀ ਚੁਣੌਤੀ ਸੀ। ਇਸ ਜਿੱਤ ਨੇ ਸਿੱਖ ਭਾਈਚਾਰੇ 'ਚ ਆਤਮ-ਵਿਸ਼ਵਾਸ ਵਧਾਇਆ ਅਤੇ ਯੂਕੇ ਦੇ ਬਹੁ-ਸੱਭਿਆਚਾਰਕ ਨੀਤੀਆਂ ਨੂੰ ਮਜ਼ਬੂਤ ਕੀਤਾ। ਪਰ ਅਜੇ ਵੀ ਕੁਝ ਖੇਤਰਾਂ ਵਿੱਚ ਪਾਬੰਦੀਆਂ ਹਨ, ਜਿਸ ਲਈ ਸਿੱਖ ਜਥੇਬੰਦੀਆਂ ਨੂੰ ਲਗਾਤਾਰ ਸੰਵਾਦ ਦੀ ਲੋੜ ਹੈ। ਜਗਜੀਤ ਸਿੰਘ ਰਿਆਤ ਨੇ 23 ਨਵੰਬਰ 2024 ਨੂੰ ਆਪਣਾ ਪਰਿਵਾਰਕ ਕਾਰੋਬਾਰ ਐੱਮ. ਐੱਸ. ਰਿਆਤ ਐਂਡ ਸੰਨਜ਼ ਬੰਦ ਕਰਕੇ ਰਿਟਾਇਰਮੈਂਟ ਲੈ ਲਈ ਸੀ।

ਰਿਆਤ ਪਰਿਵਾਰ ਦਾ ਸੰਘਰਸ਼ ਸਿੱਖ ਧਰਮ ਦੀ ਪਛਾਣ ਅਤੇ ਧਾਰਮਿਕ ਅਜ਼ਾਦੀ ਦੀ ਇੱਕ ਮਿਸਾਲ ਹੈ। ਇਸ ਨੇ ਨਾ ਸਿਰਫ਼ ਸਿੱਖਾਂ ਨੂੰ ਆਪਣੀ ਪੱਗ ਨਾਲ ਮਾਣ ਨਾਲ ਜੀਣ ਦਾ ਹੱਕ ਦਿੱਤਾ, ਸਗੋਂ ਯੂ.ਕੇ. ਵਿੱਚ ਘੱਟ-ਗਿਣਤੀ ਭਾਈਚਾਰਿਆਂ ਦੇ ਹੱਕਾਂ ਦਾ ਰਾਹ ਪੱਧਰਾ ਕੀਤਾ। ਅੱਜ, ਰਿਆਤ ਦੀ ਮੁਹਿੰਮ ਦਾ ਪ੍ਰਭਾਵ ਸਿੱਖ ਭਾਈਚਾਰੇ ਵਿੱਚ ਅਤੇ ਯੂ.ਕੇ. ਦੇ ਬਹੁ-ਸੱਭਿਆਚਾਰਕ ਸਮਾਜ ਵਿੱਚ ਸਾਫ਼ ਦਿਖਾਈ ਦਿੰਦਾ ਹੈ। ਸਿੱਖ ਨੌਜਵਾਨ ਹੁਣ ਪੱਗ ਨਾਲ ਮਾਣ ਨਾਲ ਨੌਕਰੀਆਂ ਕਰਦੇ ਹਨ ਅਤੇ ਸਕੂਲਾਂ, ਜਨਤਕ ਥਾਂਵਾਂ ਅਤੇ ਹੋਰ ਸੰਸਥਾਂਵਾਂ ਵਿੱਚ ਸਿੱਖ ਪਛਾਣ ਨੂੰ ਸਵੀਕਾਰ ਕੀਤਾ ਜਾਂਦਾ ਹੈ।

***

## ਭਾਰਤ-ਪਾਕਿ ਤਣਾਅ ਦਰਮਿਆਨ

ਅੰਮਾਰ ਵਰਗੇ ਸ਼ਖਸ ਸੈਨਿਕ ਅੱਡਿਆਂ 'ਤੇ ਮਾਸ ਸ਼ੂਟਿੰਗ ਜਾਂ ਬੰਬ ਹਮਲਿਆਂ ਨੂੰ ਅੰਜਾਮ ਦੇਣ ਦੀ ਯੋਜਨਾ ਬਣਾਉਂਦੇ ਹਨ, ਜਿਸ ਨਾਲ ਵੱਡੇ ਪੱਧਰ 'ਤੇ ਜਾਨੀ-ਮਾਲੀ ਨੁਕਸਾਨ ਹੋ ਸਕਦਾ ਹੈ। ਐਫ਼.ਬੀ.ਆਈ. ਨੇ ਅੰਮਾਰ ਦੀ ਗ੍ਰਿਫ਼ਤਾਰੀ ਨਾਲ ਸਾਬਤ ਕਰ ਦਿੱਤਾ ਕਿ ਅਜਿਹੇ ਖਤਰਿਆਂ ਨੂੰ ਨਜਿੱਠਣ ਲਈ ਅਮਰੀਕੀ ਏਜੰਸੀਆਂ ਸੁਚੇਤ ਹਨ, ਪਰ ਘਰੇਲੂ ਅੱਤਵਾਦ ਦਾ ਖਤਰਾ ਅਜੇ ਵੀ ਜਾਰੀ ਹੈ।

### ਇੰਟਰਨੈਸ਼ਨਲ ਅਖ਼ਬਾਰਾਂ ਕੀ ਆਖਦੀਆਂ ਹਨ ?

ਅੰਤਰਰਾਸ਼ਟਰੀ ਮੀਡੀਆ ਨੇ ਅੰਮਾਰ ਦੀ ਗ੍ਰਿਫ਼ਤਾਰੀ ਨੂੰ ਅਮਰੀਕੀ ਸੁਰੱਖਿਆ ਲਈ ਵੱਡੀ ਸਫ਼ਲਤਾ ਦੱਸਿਆ ਹੈ। ਫ਼ਾਕਸ ਨਿਊਜ ਨੇ ਰਿਪੋਰਟ ਕੀਤਾ ਕਿ ਅੰਮਾਰ, ਜੋ ਮਿਸ਼ੀਗਨ ਆਰਮੀ ਨੈਸ਼ਨਲ ਗਾਰਡ ਦਾ ਸਾਬਕਾ ਮੈਂਬਰ ਸੀ, ਨੇ ਟੈਕਮ ਅੱਡੇ 'ਤੇ ਮਾਸ ਸ਼ੂਟਿੰਗ ਦੀ ਸਾਜ਼ਿਸ਼ ਰਚੀ ਸੀ। ਉਸ ਨੇ ਅੰਡਰਕਵਰ ਏਜੰਟਾਂ ਨਾਲ ਨੈਪਾਮ ਅਤੇ ਮੋਲੋਟੋਵ ਕਾਕਟੇਲ ਵਰਗੇ ਹਥਿਆਰਾਂ ਦੀ ਵਰਤੋਂ ਬਾਰੇ ਗੱਲਬਾਤ ਕੀਤੀ ਸੀ।

ਅਲ ਜਜੀਰਾ ਅਤੇ ਰਿਊਟਰਜ ਨੇ ਭਾਰਤ-ਪਾਕਿਸਤਾਨ ਤਣਾਅ 'ਤੇ ਧਿਆਨ ਦਿੰਦੇ ਹੋਏ ਕਿਹਾ ਕਿ ਅਮਰੀਕੀ ਅਧਿਕਾਰੀਆਂ ਨੇ ਇਸ ਸਮੇਂ ਸੁਰੱਖਿਆ ਵਧਾਉਣ ਦੀ ਲੋੜ 'ਤੇ ਜ਼ੋਰ ਦਿੱਤਾ, ਕਿਉਂਕਿ ਅਜਿਹੇ ਹਮਲੇ ਖੇਤਰੀ ਅਸਥਿਰਤਾ ਦਾ ਫ਼ਾਇਦਾ ਉਠਾ ਸਕਦੇ ਹਨ।

### ਐਫ਼.ਬੀ.ਆਈ. ਦੀ ਜਾਂਚ ਕੀ ਕਹਿੰਦੀ ਹੈ ?

ਐਫ਼.ਬੀ.ਆਈ. ਦੀ ਜਾਂਚ ਮੁਤਾਬਕ, ਅੰਮਾਰ ਅਬਦੁਲ ਮਾਜਿਦ-ਮੁਹੰਮਦ ਸਈਦ ਨੇ 2022 ਵਿੱਚ ਮਿਸ਼ੀਗਨ ਆਰਮੀ ਨੈਸ਼ਨਲ ਗਾਰਡ ਵਿੱਚ ਭਰਤੀ ਹੋਣ ਤੋਂ ਬਾਅਦ ਅਤੇ 2024 ਵਿੱਚ ਡਿਸਚਾਰਜ ਹੋਣ ਤੋਂ ਬਾਅਦ, ਆਈ.ਐਸ.ਆਈ.ਐਸ. ਦੀ ਸੋਚ ਨਾਲ ਪ੍ਰੇਰਿਤ ਹੋ ਕੇ ਟੈਕਮ ਅੱਡੇ 'ਤੇ ਹਮਲੇ ਦੀ ਯੋਜਨਾ ਬਣਾਈ। ਉਸ ਨੇ ਅੰਡਰਕਵਰ ਅਫ਼ਸਰਾਂ ਨਾਲ ਹਮਲੇ ਦੀਆਂ ਵਿਸਤ੍ਰਿਤ ਯੋਜਨਾਵਾਂ, ਜਿਵੇਂ ਕਿ ਡਰੋਨ ਨਾਲ ਰੈਕੀ, ਮੋਲੋਟੋਵ ਕਾਕਟੇਲ ਬਣਾਉਣ ਅਤੇ ਅੱਡੇ ਦੇ ਖਾਸ ਇਮਾਰਤਾਂ ਨੂੰ ਨਿਸ਼ਾਨਾ ਬਣਾਉਣ ਬਾਰੇ ਗੱਲਬਾਤ ਕੀਤੀ। ਐਫ਼.ਬੀ.ਆਈ. ਨੇ ਉਸ ਦੇ ਫ਼ੋਨ ਦੀ ਖੁਫ਼ੀਆ ਜਾਂਚ ਅਤੇ ਸੋਸ਼ਲ ਮੀਡੀਆ ਦੀ ਨਿਗਰਾਨੀ ਨਾਲ ਸਾਜ਼ਿਸ਼ ਦਾ ਪਰਦਾਫ਼ਾਸ਼ ਕੀਤਾ। ਜਾਂਚ ਵਿੱਚ ਇਹ ਵੀ ਸਾਹਮਣੇ ਆਇਆ ਕਿ ਅੰਮਾਰ ਸੰਭਾਵੀ ਤੌਰ 'ਤੇ ਪਾਕਿਸਤਾਨ ਸਥਿਤ ਆਈ.ਐਸ.ਆਈ.ਐਸ. ਹੈਂਡਲਰਾਂ ਨਾਲ ਸੰਪਰਕ ਵਿੱਚ ਸੀ, ਜਿਸ ਨਾਲ ਭਾਰਤ-ਪਾਕਿਸਤਾਨ ਤਣਾਅ ਦੇ ਸਮੇਂ ਵੱਡੇ ਹਮਲੇ ਦੀ ਸੰਭਾਵਨਾ ਜਤਾਈ ਜਾ ਰਹੀ ਹੈ।

### ਅਮਰੀਕਾ ਨੇ ਸੁਰੱਖਿਆ ਕੀਤੀ ਸਖ਼ਤ

ਅਮਰੀਕਾ ਨੇ ਅੰਮਾਰ ਦੀ ਗ੍ਰਿਫ਼ਤਾਰੀ ਤੋਂ ਬਾਅਦ ਸੁਰੱਖਿਆ ਉਪਾਅ ਹੋਰ ਸਖ਼ਤ ਕਰ ਦਿੱਤੇ ਹਨ। ਐਫ਼.ਬੀ.ਆਈ. ਦੀ ਜੁਆਇੰਟ ਟੈਰਰਿਜ਼ਮ ਟਾਸਕ ਫ਼ੋਰਸ ਨੇ ਘਰੇਲੂ ਅਤੇ ਅੰਤਰਰਾਸ਼ਟਰੀ ਅੱਤਵਾਦੀ ਸਾਜ਼ਿਸ਼ਾਂ ਦੀ ਨਿਗਰਾਨੀ ਵਧਾ ਦਿੱਤੀ ਹੈ।

ਸੈਨਿਕ ਅੱਡਿਆਂ ਦੀ ਸੁਰੱਖਿਆ: ਟੈਕਮ ਵਰਗੇ ਸੰਵੇਦਨਸ਼ੀਲ ਅੱਡਿਆਂ 'ਤੇ ਸੁਰੱਖਿਆ ਅਤੇ ਨਿਗਰਾਨੀ ਵਧਾਈ ਗਈ ਹੈ, ਜਿਸ ਵਿੱਚ ਡਰੋਨ ਵਿਰੋਧੀ ਸਿਸਟਮ ਅਤੇ ਵਾਧੂ ਸੁਰੱਖਿਆ ਕਰਮਚਾਰੀ ਤਾਇਨਾਤ ਕੀਤੇ ਗਏ ਹਨ। ਐਫ਼.ਬੀ.ਆਈ. ਸੋਸ਼ਲ ਮੀਡੀਆ ਅਤੇ ਐਨਕ੍ਰਿਪਟਡ ਪਲੇਟਫ਼ਾਰਮਾਂ 'ਤੇ ਸੰਭਾਵੀ ਅੱਤਵਾਦੀ ਸਰਗਰਮੀਆਂ ਦੀ ਪਹਿਲਾਂ ਨਾਲੋਂ ਵਧੇਰੇ ਡੂੰਘੀ ਜਾਂਚ ਕਰ ਰਿਹਾ ਹੈ। ਅਮਰੀਕਾ ਭਾਰਤ ਅਤੇ ਹੋਰ ਸਹਿਯੋਗੀ ਮੁਲਕਾਂ ਨਾਲ ਜਾਣਕਾਰੀ ਸਾਂਝੀ ਕਰਕੇ ਅੱਤਵਾਦੀ ਸੰਗਠਨਾਂ ਦੀਆਂ ਵਿਸ਼ਵਵਿਆਪੀ ਸਰਗਰਮੀਆਂ 'ਤੇ ਨਜ਼ਰ ਰੱਖ ਰਿਹਾ ਹੈ, ਖਾਸਕਰ ਪਾਕਿਸਤਾਨ ਸਥਿਤ ਅੱਤਵਾਦੀ ਸਮੂਹਾਂ ਦੇ ਸੰਭਾਵੀ ਸੰਪਰਕਾਂ ਦੀ ਜਾਂਚ।

ਜੇਕਰ ਕੋਈ ਲੇਖਕ ਆਪਣਾ ਆਰਟੀਕਲ, ਕਵਿਤਾ, ਕਹਾਣੀ, ਮਿੰਨੀ ਕਹਾਣੀ ਜਾਂ ਲੇਖ

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

ਅਖ਼ਬਾਰ ਵਿੱਚ ਛਪਵਾਉਣ ਲਈ ਇੱਛੁਕ ਹੈ ਤਾਂ ਉਹ ਸਾਡੀ ਈ.ਮੇਲ : asrnewwriters@gmail.com 'ਤੇ ਆਪਣੀ ਲਿਖਤ ਭੇਜ ਸਕਦੇ ਹਨ। ਮਿਆਰੀ ਲਿਖਤ ਨੂੰ ਅਖ਼ਬਾਰ 'ਚ ਜ਼ਰੂਰ ਥਾਂ ਦਿੱਤੀ ਜਾਵੇਗੀ।

ਨਾਮ ਅਤੇ ਫ਼ੋਨ ਨੰਬਰ ਜ਼ਰੂਰ ਲਿਖਿਆ ਜਾਵੇ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Email: asrnewwriters@gmail.com www.amritsartimes.com Ph.: (510) 240-5949

ਪਾਠਕਾਂ ਲਈ ਵਿਸ਼ੇਸ਼ ਸੂਚਨਾ

ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਵੱਲੋਂ ਪਾਠਕਾਂ ਦੀ ਜਾਣਕਾਰੀ ਵਿੱਚ ਵਾਧਾ ਕਰਨ ਲਈ ਨਵੀਂ ਵੈਬਸਾਈਟ

www.amritsartimes.live

ਸ਼ੁਰੂ ਕੀਤੀ ਗਈ ਹੈ। ਜਿਸ ਵਿੱਚ ਦੇਸ਼ ਵਿਦੇਸ਼ ਵਿੱਚ ਹਰ ਦਿਨ ਵਾਪਰਦੀਆਂ ਘਟਨਾਵਾਂ ਦਾ ਵੇਰਵਾ, ਪੰਥਕ ਖ਼ਬਰਾਂ ਵੱਖ-ਵੱਖ ਵਿਸ਼ਿਆਂ ਨਾਲ ਸਬੰਧਿਤ ਮਾਹਿਰ ਵਿਦਵਾਨਾਂ ਦੇ ਲੇਖ, ਵਿਸ਼ੇਸ਼ ਟਿੱਪਣੀਆਂ, ਕਵਰ ਸਟੋਰੀਆਂ, ਕਹਾਣੀਆਂ ਅਤੇ ਹੋਰ ਬਹੁਤ ਕੁਝ ਜਾਣਕਾਰੀ ਭਰਪੂਰ ਦੇਣ ਦਾ ਯਤਨ ਕੀਤਾ ਗਿਆ ਹੈ। ਇਕ ਵਾਰ ਜ਼ਰੂਰ ਵਿਜ਼ਟ ਕਰੋ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES
LIKE & SHARE
www.amritsartimes.live
Please like and share

## ਭਾਰਤ ਵਿੱਚ ਕਿਉਂ ਸੁੰਗੜ ਰਹੇ

**ਪੜ੍ਹਾਈ 'ਤੇ ਕੰਟਰੋਲ :** ਪਿਛਲੇ ਕੁਝ ਸਾਲਾਂ ਤੋਂ ਸੂਬਾ ਯੂਨੀਵਰਸਿਟੀਆਂ ਵਿੱਚ ਉਪ ਕੁਲਪਤੀਆਂ ਦੀਆਂ ਨਿਯੁਕਤੀਆਂ 'ਤੇ ਸੂਬਾ ਸਰਕਾਰਾਂ ਤੇ ਰਾਜਪਾਲਾਂ ਵਿਚਕਾਰ ਖਿੱਚੋ-ਤਾਣ ਚਲਦੀ ਆ ਰਹੀ ਹੈ। ਇਸ ਬਾਰੇ ਪਹਿਲਾਂ ਦੱਖਣ ਵਿੱਚ ਰੌਲਾ ਪਿਆ, ਫਿਰ ਬੰਗਾਲ ਨੇ ਤਾਂ ਵਿਧਾਨ ਸਭਾ ਵਿੱਚ ਮਤਾ ਪਾਸ ਕਰ ਕੇ ਰਾਜਪਾਲ ਦੀ ਥਾਂ ਮੁੱਖ-ਮੰਤਰੀ ਨੂੰ ਚਾਂਸਲਰ ਐਲਾਨ ਦਿੱਤਾ। ਖ਼ੈਰ ਇਸ ਬਿੱਲ 'ਤੇ ਰਾਸ਼ਟਰਪਤੀ ਨੇ ਦਸਤਖ਼ਤ ਨਹੀਂ ਕੀਤੇ। ਇਸ ਤੋਂ ਬਾਅਦ ਪੰਜਾਬ ਵਿੱਚ ਵੀ ਇਹੀ ਰੌਲਾ ਚੱਲਿਆ। ਇਸ ਵਿੱਚ ਮੁੱਖ ਮੰਤਵ ਸੀ ਕੇਂਦਰ ਵੱਲੋਂ ਵਿੱਦਿਅਕ ਅਦਾਰਿਆਂ 'ਤੇ ਆਪਣਾ ਕੰਟਰੋਲ ਵਧਾਉਣਾ, ਇਸ ਨਾਲ ਜਦੋਂ ਉਪ ਕੁਲਪਤੀ ਆਪਣੀ ਮਰਜ਼ੀ ਦਾ ਲੱਗ ਗਿਆ, ਫਿਰ ਹੇਠਾਂ ਵਾਲੇ ਵੀ ਉਨ੍ਹਾਂ ਦੀ ਮਰਜ਼ੀ ਨਾਲ ਹੀ ਲੱਗਣਗੇ।

ਇਸ ਲਈ ਸਾਲ 2025 ਦੇ ਸ਼ੁਰੂ ਵਿੱਚ ਹੀ ਯੂ.ਜੀ.ਸੀ. ਨੇ ਨਵੀਂ ਡਰਾਫਟ ਨੀਤੀ ਲਿਆਂਦੀ, ਜਿਸ 'ਚ ਉਪ ਕੁਲਪਤੀ ਦੀ ਨਿਯੁਕਤੀ ਤੋਂ ਲੈ ਕੇ ਪ੍ਰਿੰਸੀਪਲ, ਪ੍ਰੋਫੈਸਰਾਂ ਤੇ ਸਹਾਇਕ ਪ੍ਰੋਫੈਸਰਾਂ ਦੀ ਨਿਯੁਕਤੀ ਕੇਂਦਰ ਦੇ ਹੇਠ ਲਿਆਉਣਾ ਤੇ ਰਾਜਪਾਲ ਤੇ ਯੂ.ਜੀ.ਸੀ. ਵੱਲੋਂ ਹੀ ਚੋਣ ਕਮੇਟੀਆਂ ਦੇ ਚੇਅਰਮੈਨ ਬਣਾਏ ਜਾਣਾ ਸ਼ਾਮਿਲ ਹੈ। ਇਸ ਨਾਲ ਚੁਣੀ ਹੋਈ ਸੂਬਾ ਸਰਕਾਰ ਦੀ ਭੂਮਿਕਾ ਹੀ ਖ਼ਤਮ ਹੋ ਜਾਵੇਗੀ। ਗੱਲ ਕੀ ਕਿ ਆਉਣ ਵਾਲੇ ਸਮੇਂ ਵਿੱਚ ਨਵੀਂ ਪੀੜ੍ਹੀ ਦੀ ਸੋਚ ਪੜ੍ਹਾਉਣ ਵਾਲਿਆਂ ਨੂੰ ਅੱਗੇ ਲਾ ਕੇ ਹੀ ਬਦਲੀ ਜਾਣੀ ਹੈ। ਇਸ ਨਾਲ ਹੌਲੀ-ਹੌਲੀ ਸਰਕਾਰ ਦੀਆਂ ਨੀਤੀਆਂ 'ਤੇ ਸਾਕਰਾਤਮਿਕ ਬਹਿਸ ਵੀ ਖ਼ਤਮ ਹੋ ਜਾਵੇਗੀ। ਪੰਜਾਬ ਸਰਕਾਰ ਨੇ ਇਸ ਨੀਤੀ ਨੂੰ ਅਪਨਾ ਲਿਆ ਹੈ।

**ਜੀ.ਐੱਸ.ਟੀ :** ਕੇਂਦਰ ਨੇ ਪਹਿਲਾਂ ਸੂਬਾ ਸਰਕਾਰਾਂ ਦਾ ਆਰਥਿਕ ਲੱਕ ਤੋੜਿਆ। ਇਸ ਵਿੱਚ ਜੀ.ਐੱਸ.ਟੀ. ਰਾਹੀਂ ਸਾਰਾ ਟੈਕਸ (ਕੇਂਦਰ ਤੇ ਸੂਬੇ ਦਾ) ਸਿੱਧਾ ਕੇਂਦਰ ਕੋਲ ਜਾਣ ਲੱਗਾ। ਇੱਥੇ ਕੇਂਦਰ ਦੀ ਮਰਜ਼ੀ ਹੁੰਦੀ ਹੈ ਕਿ ਕਦੋਂ ਸੂਬੇ ਨੂੰ ਫੰਡ ਵਾਪਸ ਦੇਣੇ ਹਨ। ਕਈ ਵਾਰੀ ਤਾਂ ਇਹ ਵੀ ਕਿਹਾ ਗਿਆ ਕਿ ਤੁਸੀਂ ਆਪਣੇ ਹਿੱਸੇ ਦੇ ਮੁਤਾਬਕ ਆਰ.ਬੀ.ਆਈ. ਤੋਂ ਕਰਜ਼ਾ ਲੈ ਲਓ। ਭਾਵ ਆਪਣੇ ਪੈਸੇ ਹੁੰਦੇ ਹੋਏ ਵੀ ਸੂਬੇ ਨੂੰ ਕਰਜ਼ਾ ਲੈਣਾ ਪੈ ਰਿਹਾ ਹੈ। ਇਸ ਢੰਗ ਨਾਲ ਕੇਂਦਰ ਸੂਬਾ ਸਰਕਾਰਾਂ 'ਤੇ ਦਬਾਅ ਬਣਾ ਕੇ ਆਪਣੀਆਂ ਨੀਤੀਆਂ ਉਨ੍ਹਾਂ ਤੋਂ ਲਾਗੂ ਕਰਵਾਉਂਦਾ ਹੈ।

ਇਹ ਹੱਥਕੰਡੇ ਆਪਣੀ ਸਿਆਸਤ ਅਤੇ ਤਾਕਤ ਕਾਇਮ ਰੱਖਣ ਲਈ ਵਰਤੇ ਜਾਂਦੇ ਹਨ। ਹਰ ਸਰਕਾਰ ਸਮੇਂ-ਸਮੇਂ ਸਿਰ ਇਹ ਕਰਦੀ ਆਈ ਹੈ। ਗੱਲ ਕੀ ਕਿ ਜਦੋਂ ਪਾਣੀ, ਪਾਣੀ ਨਾਲ ਅਨਾਜ, ਪੜ੍ਹਾਈ ਨਾਲ ਸੋਚ ਤੇ ਪੈਸਾ ਸਾਰਾ ਕਾਬੂ ਕਰ ਲਿਆ ਤਾਂ ਫਿਰ ਕੌਣ ਬੋਲਣ ਜੋਗਾ ਰਹੇਗਾ ? ਜੋ ਤੁਸੀਂ ਕਰਾਉਣਾ ਚਾਹੋਗੇ, ਉਹੀ ਹੋਵੇਗਾ। ਇਸ ਨਾਲ ਸੂਬਾ ਸਰਕਾਰਾਂ ਦਿਨ-ਬ-ਦਿਨ ਕੇਂਦਰ ਦੀਆਂ ਬੈਸਾਖੀਆਂ ਵਰਤ ਕੇ ਤੁਰਨ ਲੱਗ ਪਈਆਂ ਹਨ। ਹਾਲਾਤ ਇਹ ਹਨ ਕਿ ਸੂਬਿਆਂ ਵਿੱਚ ਵਿਰੋਧੀ ਧਿਰ ਵੀ ਸਾਹ ਨਹੀਂ ਕੱਢਦੀ। ਹੌਲੀ-ਹੌਲੀ ਵਿਰੋਧੀ ਧਿਰਾਂ ਕਮਜ਼ੋਰ ਹੋ ਕੇ ਪਤਨ ਵੱਲ ਵਧ ਰਹੀਆਂ ਹਨ। ਕੋਈ ਵੀ ਇਕੱਲਾ ਬੰਦਾ ਕਿੰਨਾ ਹੀ ਸਿਆਣਾ ਹੋਵੇ, ਉਹ ਸਾਰੇ ਫ਼ੈਸਲੇ ਸਹੀ ਲੈਣ ਦੇ ਸਮਰੱਥ ਨਹੀਂ ਹੁੰਦਾ। ਲੋਕਤੰਤਰ ਏਸੇ ਕਰਕੇ ਚੰਗੀ ਹੈ ਕਿ ਵੱਡੇ ਮੁੱਦਿਆਂ 'ਤੇ ਜਨਤਕ ਬਹਿਸ ਹੋਵੇ ਅਤੇ ਸਾਰੇ ਮੁੱਦਿਆਂ 'ਤੇ ਸੋਚ-ਵਿਚਾਰ ਕੇ ਦੇਸ਼ ਤੇ ਲੋਕਾਂ ਦੇ ਹਿਤ ਸਾਹਮਣੇ ਰੱਖ ਕੇ ਸਹੀ ਫ਼ੈਸਲੇ ਲਏ ਜਾਣ।

***

## ਅਕਾਦਮਿਕ ਆਜ਼ਾਦੀ ਕੀ ਹੈ ?

ਕੀ ਹੁੰਦਾ ਜੇਕਰ ਉਹ ਵਿਅਕਤੀ ਮੰਨਦਾ ਹੈ ਕਿ ਪਤੰਗ ਅਜੀਬ ਢੰਗ ਨਾਲ ਵਿਵਹਾਰ ਕਰ ਰਹੀ ਹੈ ? ਬੇਸ਼ੱਕ, ਇੱਕ ਲੋਕਤੰਤਰ ਵਿੱਚ ਨਿਯੰਤਰਣ ਅਤੇ ਸੰਤੁਲਨ ਹੁੰਦੇ ਹਨ, ਜਿਵੇਂ ਕਿ ਨਿਆਂਪਾਲਿਕਾ ਅਤੇ ਸਮੇਂ-ਸਮੇਂ ਦੀਆਂ ਚੋਣਾਂ। ਇਸ ਲਈ, ਸਮਾਜਿਕ-ਰਾਜਨੀਤਿਕ ਗਤੀਸ਼ੀਲਤਾ ਨੂੰ ਬਦਲ ਕੇ ਅਕਾਦਮਿਕ ਆਜ਼ਾਦੀ ਅਤੇ ਇਸ ਵਿੱਚ ਰਾਜਨੀਤਿਕ ਦਖਲਅੰਦਾਜ਼ੀ ਨੂੰ ਲਗਾਤਾਰ ਮੁੜ ਪਰਿਭਾਸ਼ਿਤ ਕੀਤਾ ਜਾ ਰਿਹਾ ਹੈ।

ਅਕਾਦਮਿਕ ਆਜ਼ਾਦੀ ਨਿਸ਼ਚਤ ਤੌਰ 'ਤੇ ਵਿਦਵਾਨਾਂ ਦੀਆਂ ਗਤੀਵਿਧੀਆਂ ਉੱਤੇ ਇੱਕ ਸੁਰੱਖਿਆ ਛਤਰੀ ਸਥਾਪਤ ਕਰਦੀ ਹੈ; ਹਾਲਾਂਕਿ, ਇਹ ਸੁਰੱਖਿਆ ਨਾ ਤਾਂ ਸੰਪੂਰਨ ਹੈ ਅਤੇ ਨਾ ਹੀ ਗਰੰਟੀਸ਼ੁਦਾ ਹੈ। ਜਿਵੇਂ ਕਿ ਕੁਝ ਸ਼ਕਤੀਸ਼ਾਲੀ ਸਿਆਸਤਦਾਨ ਅਜੇ ਵੀ ਯੂਨੀਵਰਸਿਟੀਆਂ ਨੂੰ ਦੁਸ਼ਮਣ ਵਜੋਂ ਵੇਖਦੇ ਹਨ, ਹੀਰਕ ਰਾਜਰ ਦੇਸ਼ ਇੱਕ ਸਦੀਵੀ ਸਿਧਾਂਤ ਬਣ ਜਾਂਦਾ ਹੈ ਜੋ ਮੰਨਦਾ ਹੈ ਕਿ ਸਿੱਖਿਆ ਸਿਰਫ਼ ਗਿਆਨ ਦੇਣ ਤੋਂ ਵੱਧ ਹੈ, ਇਹ ਆਤਮਾਵਾਂ ਨੂੰ ਢਾਲਣ, ਦਿਮਾਗਾਂ ਨੂੰ ਵਿਕਸਤ ਕਰਨ ਅਤੇ ਲੋਕਾਂ ਨੂੰ ਆਲੋਚਨਾਤਮਕ ਤੌਰ 'ਤੇ ਸੋਚਣ ਅਤੇ ਨੈਤਿਕ ਤੌਰ 'ਤੇ ਵਿਵਹਾਰ ਕਰਨ ਦੇ ਯੋਗ ਬਣਾਉਣ ਬਾਰੇ ਵੀ ਹੈ। ਇੱਕ ਯੂਨੀਵਰਸਿਟੀ ਉਸ ਭਾਈਚਾਰੇ ਲਈ ਗਿਆਨ ਦੇ ਪ੍ਰਿਜ਼ਮ ਵਜੋਂ ਕੰਮ ਕਰਦੀ ਹੈ ਜਿਸਨੂੰ ਇਹ ਪੂਰਾ ਕਰਦਾ ਹੈ। ਹਾਲਾਂਕਿ, ਸਵੀਕਾਰਯੋਗ ਅਕਾਦਮਿਕ ਆਜ਼ਾਦੀ ਲਈ ਇੱਕ ਢਾਂਚੇ ਨੂੰ ਪਰਿਭਾਸ਼ਿਤ ਕਰਨ ਅਤੇ ਇਸ ਨੂੰ ਜਾਰੀ ਰੱਖਣ ਨੂੰ ਯਕੀਨੀ ਬਣਾਉਣ ਦੇ ਯਤਨ ਹੋਣਾ ਚਾਹੀਦਾ ਹੈ।

****

## ਪੰਜਾਬ 'ਚ ਕਿਵੇਂ ਬੰਦ ਹੋਵੇ ਜ਼ਹਿਰੀਲੀ ਸ਼ਰਾਬ

ਸ਼ਰਾਬ ਤਸਕਰਾਂ ਦੀ ਰਾਜਨੀਤਕ ਪਹੁੰਚ ਹੋਣ ਕਰਕੇ ਕੋਈ ਉਨ੍ਹਾਂ ਨੂੰ ਹੱਥ ਪਾਉਣ ਨੂੰ ਤਿਆਰ ਨਹੀਂ ਹੁੰਦਾ, ਜਿਸ ਕਰਕੇ ਉਨ੍ਹਾਂ ਦਾ ਬਿਨਾਂ ਕਿਸੇ ਰੋਕ-ਟੋਕ ਤੋਂ ਨਾਜਾਇਜ਼ ਸ਼ਰਾਬ ਦਾ ਕਾਰੋਬਾਰ ਚੱਲਦਾ ਰਹਿੰਦਾ ਹੈ। ਲੋਕਾਂ ਨੂੰ ਜਿਸ ਦਾ ਡਰ ਸੀ, ਅਖੀਰ 'ਚ ਉਹੀ ਘਟਨਾ ਵਾਪਰਨ ਤੋਂ ਬਾਅਦ ਪ੍ਰਸ਼ਾਸਨ ਹਰਕਤ 'ਚ ਆਇਆ। ਜ਼ਹਿਰੀਲੇ ਸ਼ਰਾਬ ਕਾਂਡ ਮਾਮਲੇ 'ਚ ਮੁਜ਼ਰਮਾਂ ਨੂੰ ਫੜ ਕੇ ਜੇਲ੍ਹ ਭੇਜਣ ਜਾਂ ਕੇਸ ਦਰਜ ਕਰਨ ਨਾਲ ਮਸਲੇ ਦਾ ਕੋਈ ਹੱਲ ਨਹੀਂ ਹੋਣਾ, ਸਗੋਂ ਡੂੰਘਾਈ ਨਾਲ ਜਾਂਚ ਹੋਣੀ ਚਾਹੀਦੀ ਹੈ ਕਿ ਕਿਹੜੇ ਸਿਆਸੀ ਵਿਅਕਤੀਆਂ ਤੇ ਪ੍ਰਸ਼ਾਸਨਿਕ ਅਧਿਕਾਰੀਆਂ ਦੀ ਮਿਲੀਭੁਗਤ ਨਾਲ ਜ਼ਹਿਰੀਲੀ ਸ਼ਰਾਬ ਦਾ ਇਹ ਕਾਰੋਬਾਰ ਚਲਾਇਆ ਜਾ ਰਿਹਾ ਸੀ। ਅਜਿਹੇ ਅਨਸਰਾਂ ਦੇ ਖ਼ਿਲਾਫ਼ ਨਿਰੰਤਰ ਮੁਹਿੰਮ ਚਲਾਈ ਜਾਣੀ ਚਾਹੀਦੀ ਹੈ ਅਤੇ ਦੋਸ਼ੀਆਂ ਨੂੰ ਅਦਾਲਤੀ ਅਮਲ ਰਾਹੀਂ ਤੇਜ਼ੀ ਨਾਲ ਸਜ਼ਾਵਾਂ ਵੀ ਮਿਲਣੀਆਂ ਚਾਹੀਦੀਆਂ ਹਨ।

***

## ਦੇਸ਼ ਦੇ ਵਿਕਾਸ ਲਈ ਆਰਥਿਕ ਲਾਭਾਂ

ਕਿਸੇ ਵੀ ਸਥਿਤੀ 'ਚ ਨੀਤੀ ਨਿਰਮਾਤਾਵਾਂ ਨੂੰ ਇਹ ਜਾਨਣ ਦੀ ਜ਼ਰੂਰਤ ਹੈ ਕਿ ਦੇਸ਼ 'ਚ ਜਿੱਥੇ 70 ਫ਼ੀਸਦੀ ਪੇਂਡੂ ਪਰਿਵਾਰ ਖੇਤੀ 'ਤੇ ਨਿਰਭਰ ਹਨ; ਉਨ੍ਹਾਂ ਲਈ ਸਾਲਾਨਾ ਬਜਟ ਵੰਡ ਕੁੱਲ ਬਜਟ ਦਾ ਸਿਰਫ਼ 3 ਫ਼ੀਸਦੀ ਹੈ। ਇਹ ਸਿਰਫ਼ ਆਰਥਿਕ ਤੌਰ 'ਤੇ ਅਣਉਚਿਤ ਨਹੀਂ, ਸਗੋਂ ਵਿੱਤੀ ਸਰੋਤਾਂ ਦੀ ਨਿਰਪੱਖ ਵੰਡ ਦੀ ਇੱਕ ਘੋਰ ਉਲੰਘਣਾ ਹੈ। ਕਿਸੇ ਪੱਧਰ 'ਤੇ ਨੀਤੀ ਨਿਰਮਾਤਾਵਾਂ ਨੂੰ ਅਰਥਵਿਵਸਥਾ ਨੂੰ ਮੁੜ ਤੋਂ ਡਿਜ਼ਾਈਨ ਕਰਨ ਬਾਰੇ ਸੋਚਣਾ ਪਵੇਗਾ। ਆਉਣ ਵਾਲੇ ਸਾਲਾਂ 'ਚ ਜਦੋਂ ਇਕ ਵਾਰ ਜਾਤੀ ਜਨਗਣਨਾ ਪੂਰੀ ਹੋ ਜਾਵੇਗੀ ਤਾਂ ਆਰਥਿਕ ਵਿਚਾਰ ਪ੍ਰਕਿਰਿਆ ਨੂੰ ਸਭ ਦਾ ਵਿਕਾਸ ਕਰਨ 'ਤੇ ਧਿਆਨ ਕੇਂਦਰਿਤ ਕਰਨਾ ਚਾਹੀਦਾ ਹੈ। ਭਾਵੇਂ ਇਹ ਮੌਜੂਦਾ ਵਿਕਾਸ ਡਿਜ਼ਾਈਨ ਨੂੰ ਪ੍ਰੇਸ਼ਾਨ ਕਰ ਸਕਦਾ ਹੈ, ਪਰ ਕਿਸੇ ਵੀ ਤਰ੍ਹਾਂ ਨਾਲ ਨੀਤੀ ਦਾ ਜ਼ੋਰ ਪੂਰੇ ਦੇਸ਼ ਨੂੰ ਨਾਲ ਲੈ ਕੇ ਚੱਲਣ ਦਾ ਹੋਣਾ ਚਾਹੀਦਾ ਹੈ, ਨਾ ਕਿ ਵਿਕਾਸ ਨੂੰ ਆਬਾਦੀ ਦੇ ਸਿਖਰਲੇ 10 ਫ਼ੀਸਦੀ ਲੋਕਾਂ ਲਈ ਛੱਡ ਦਿੱਤਾ ਜਾਵੇ।

ਰਾਸ਼ਟਰ ਨੂੰ ਨਿਸ਼ਚਿਤ ਤੌਰ 'ਤੇ ਤਰੱਕੀ ਕਰਨ ਦੀ ਜ਼ਰੂਰਤ ਹੈ, ਪਰ ਆਰਥਿਕ ਲਾਭਾਂ ਨੂੰ ਬਰਾਬਰੀ ਨਾਲ ਵੰਡਣ ਤੇ ਮਜ਼ਬੂਤ ਕਰਨਾ, 2047 ਤੱਕ ਭਾਰਤ ਨੂੰ ਵਿਕਸਿਤ ਦੇਸ਼ ਬਣਾਉਣ ਦੀ ਯੋਜਨਾ ਦਾ ਹਿੱਸਾ ਹੋਣਾ ਚਾਹੀਦਾ ਹੈ।

***

## ਫਰਾਂਸ 'ਚ ਰਹਿੰਦੇ ਹਨ ਕਰੀਬ

### ਰਾਜਨੀਤਕ ਅਤੇ ਪ੍ਰਸ਼ਾਸਨਿਕ ਪ੍ਰਾਪਤੀਆਂ

ਫਰਾਂਸ ਵਿੱਚ ਸਿੱਖ ਭਾਈਚਾਰੇ ਦੀ ਰਾਜਨੀਤਕ ਅਤੇ ਪ੍ਰਸ਼ਾਸਨਿਕ ਖੇਤਰ ਵਿੱਚ ਮੌਜੂਦਗੀ ਸੀਮਤ ਹੈ। ਸਿੱਖਾਂ ਦੀ ਘੱਟ ਅਬਾਦੀ ਅਤੇ ਫਰਾਂਸ ਦੀ ਸਖ਼ਤ ਧਰਮ ਨਿਰਪੱਖਤਾ ਨੀਤੀਆਂ ਕਾਰਨ ਉੱਚ ਪੱਧਰੀ ਸਰਕਾਰੀ ਅਹੁਦਿਆਂ 'ਤੇ ਸਿੱਖਾਂ ਦੀ ਨੁਮਾਇੰਦਗੀ ਨਹੀਂ ਦਿਖਾਈ ਦਿੰਦੀ। ਹਾਲਾਂਕਿ, ਸਿੱਖ ਭਾਈਚਾਰੇ ਨੇ ਸਥਾਨਕ ਪੱਧਰ 'ਤੇ ਆਪਣੀ ਪਛਾਣ ਨੂੰ ਬਰਕਰਾਰ ਰੱਖਣ ਲਈ ਕੁਝ ਯਤਨ ਕੀਤੇ ਹਨ, ਜਿਵੇਂ ਕਿ ਸਿੱਖ ਸੰਸਥਾਵਾਂ ਅਤੇ ਗੁਰਦੁਆਰਿਆਂ ਰਾਹੀਂ ਸਮਾਜਿਕ ਅਤੇ ਸੱਭਿਆਚਾਰਕ ਗਤੀਵਿਧੀਆਂ ਚਲਾਈਆਂ ਹਨ। ਕੁਝ ਸਿੱਖ ਨੌਜਵਾਨ ਸਥਾਨਕ ਸਮਾਜਿਕ ਅਤੇ ਵਪਾਰਕ ਖੇਤਰਾਂ ਵਿੱਚ ਸਰਗਰਮ ਹਨ, ਪਰ ਸਪਸ਼ਟ ਰਾਜਨੀਤਕ ਪ੍ਰਾਪਤੀਆਂ ਦੀਆਂ ਮਿਸਾਲਾਂ ਬਹੁਤ ਘੱਟ ਹਨ।

### ਚੈਰਿਟੀ ਵਿੱਚ ਯੋਗਦਾਨ

ਸਿੱਖ ਧਰਮ ਦੀ ਮੁੱਖ ਸਿੱਖਿਆ 'ਸੇਵਾ' ਅਤੇ 'ਵੰਡ ਛਕਣਾ' ਦੇ ਸਿਧਾਂਤ 'ਤੇ ਆਧਾਰਿਤ ਹੈ। ਫਰਾਂਸ ਵਿੱਚ ਸਿੱਖ ਭਾਈਚਾਰਾ, ਖਾਸ ਕਰਕੇ ਗੁਰਦੁਆਰਿਆਂ ਰਾਹੀਂ, ਚੈਰਿਟੀ ਅਤੇ ਸਮਾਜ ਸੇਵਾ ਵਿੱਚ ਸਰਗਰਮ ਹੈ। ਪੈਰਿਸ ਦੇ ਨੇੜੇ ਸਥਿਤ ਗੁਰਦੁਆਰਾ ਸਿੰਘ ਸਭਾ ਬੋਬਿਨੀ ਵਰਗੀਆਂ ਸੰਸਥਾਵਾਂ ਵਿੱਚ ਲੰਗਰ ਸੇਵਾ ਨਿਯਮਤ ਤੌਰ 'ਤੇ ਚੱਲਦੀ ਹੈ, ਜਿੱਥੇ ਸਾਰੇ ਧਰਮਾਂ ਅਤੇ ਪਿਛੋਕੜ ਦੇ ਲੋਕਾਂ ਨੂੰ ਮੁਫ਼ਤ ਭੋਜਨ ਪ੍ਰਦਾਨ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ, ਸਿੱਖ ਸੰਗਠਨ ਆਫਤਾਂ (ਜਿਵੇਂ ਹੜ੍ਹ ਜਾਂ ਹੋਰ ਕੁਦਰਤੀ ਆਫਤਾਂ) ਦੌਰਾਨ ਮਦਦ ਅਤੇ ਰਾਹਤ ਸਮੱਗਰੀ ਵੰਡਣ ਵਿੱਚ ਵੀ ਸ਼ਾਮਲ ਹੁੰਦੇ ਹਨ। ਸਿੱਖ ਸੰਸਥਾਵਾਂ ਨੇ ਗਰੀਬੀ, ਭੁੱਖਮਰੀ ਅਤੇ ਸਮਾਜਿਕ ਅਸਮਾਨਤਾ ਨੂੰ ਦੂਰ ਕਰਨ ਲਈ ਵੀ ਵਿਸ਼ਾਲ ਯੋਗਦਾਨ ਪਾਇਆ ਹੈ, ਜਿਸ ਵਿੱਚ ਬੇਘਰ ਲੋਕਾਂ ਨੂੰ ਭੋਜਨ ਅਤੇ ਸਹਾਇਤਾ ਪ੍ਰਦਾਨ ਕਰਨਾ ਸ਼ਾਮਲ ਹੈ।

***

## ਗੁਰੂ ਸਾਹਿਬ ਦੇ ਐਨੀਮੇਸ਼ਨ ਵੀਡੀਓ

ਉਨ੍ਹਾਂ ਦੇ ਪਰਿਵਾਰਾਂ ਨੂੰ ਪਾਤਰ ਦੇ ਰੂਪ ਵਿੱਚ ਨਹੀਂ ਦਿਖਾਇਆ ਜਾ ਸਕਦਾ। ਇਸ ਯੂਟਿਊਬਰ ਨੇ ਸਿੱਖ ਸਿਧਾਂਤਾਂ ਵਿਰੁੱਧ ਜਾਣ ਦੀ ਹਰਕਤ ਕੀਤੀ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਸਬੰਧਤ ਯੂਟਿਊਬਰ ਨੂੰ ਇਹ ਵੀਡੀਓ ਤੁਰੰਤ ਹਟਾਉਣ ਲਈ ਆਖਿਆ ਅਤੇ ਚਿਤਾਵਨੀ ਦਿੱਤੀ ਹੈ ਕਿ ਜੇਕਰ ਵੀਡੀਓ ਨਾ ਹਟਾਈ ਗਈ ਤਾਂ ਸ਼੍ਰੋਮਣੀ ਕਮੇਟੀ ਉਸ ਖਿਲਾਫ਼ ਕਾਨੂੰਨੀ ਕਾਰਵਾਈ ਵੀ ਅਮਲ ਵਿੱਚ ਲਿਆਵੇਗੀ।

ਇਸ ਤੋਂ ਪਹਿਲਾਂ ਸ੍ਰੀ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਇਸ ਵੀਡੀਓ 'ਤੇ ਸਖ਼ਤ ਇਤਰਾਜ਼ ਕਰਦਿਆਂ ਸ਼੍ਰੋਮਣੀ ਕਮੇਟੀ ਨੂੰ ਆਦੇਸ਼ ਦਿੱਤਾ ਸੀ ਕਿ ਉਹ ਇਸ ਵਿਅਕਤੀ ਖ਼ਿਲਾਫ਼ ਕਾਨੂੰਨੀ ਕਾਰਵਾਈ ਕਰਨ ਦਾ ਅਮਲ ਆਰੰਭਣ।

***

## ਸਿੱਖ ਧਰਮ ਪ੍ਰਚਾਰ ਲਹਿਰ ਨੂੰ

ਜ਼ਿਕਰਯੋਗ ਹੈ ਕਿ ਮਾਤਾ ਤੇਜ ਕੌਰ ਦੀ ਧੀ ਮਨਜੀਤ ਕੌਰ ਅਤੇ ਉਨ੍ਹਾਂ ਦੇ ਪਤੀ ਰਵਿੰਦਰਜੀਤ ਸਿੰਘ ਟੈਣੀ ਨੂੰ ਖੰਨਾ ਪੁਲੀਸ ਨੇ ਮੁਕਾਬਲੇ ਦੌਰਾਨ ਸ਼ਹੀਦ ਕਰ ਦਿੱਤਾ ਸੀ ਤੇ ਉਨ੍ਹਾਂ ਦੇ ਪੁੱਤਰ ਜਸਵੀਰ ਸਿੰਘ ਦਾ ਪਿੰਡ ਕਲੌਦੀ ਵਿੱਚ ਮੁਕਾਬਲਾ ਹੋ ਗਿਆ ਸੀ ਅਤੇ ਭਤੀਜੇ ਮੁਖਤਿਆਰ ਸਿੰਘ ਨੂੰ ਲੁਧਿਆਣਾ ਪੁਲੀਸ ਨੇ ਚੁੱਕ ਕੇ ਲਾਪਤਾ ਕਰ ਦਿੱਤਾ ਸੀ। ਉਸ ਦਾ ਅੱਜ ਤੱਕ ਵੀ ਪਤਾ ਨਹੀਂ ਲੱਗਿਆ। ਜਦੋਂਕਿ ਮਾਤਾ ਤੇਜ ਕੌਰ, ਉਨ੍ਹਾਂ ਦੀ ਭੈਣ ਪਾਲ ਕੌਰ ਅਤੇ ਮਨਜੀਤ ਕੌਰ ਦੀ ਛੋਟੀ ਭੈਣ ਰਘਵੀਰ ਕੌਰ ਵੀ ਤਕਰੀਬਨ 13-14 ਸਾਲ ਘਰ ਤੋਂ ਭਗੌੜੇ ਰਹੇ। ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਕੌਮ ਨੂੰ ਉਨ੍ਹਾਂ ਦੀ ਕੁਰਬਾਨੀ 'ਤੇ ਮਾਣ ਹੈ ਅਤੇ ਕੌਮ ਹਮੇਸ਼ਾ ਸ਼ਹੀਦ ਪਰਿਵਾਰ ਨਾਲ ਖੜ੍ਹੀ ਹੈ। ਇਸ ਤੋਂ ਪਹਿਲਾ ਜਥੇਦਾਰ ਗੜਗੱਜ ਗੁਰਦੁਆਰਾ ਸ੍ਰੀ ਕਤਲਗੜ੍ਹ ਸਾਹਿਬ ਵਿਖੇ ਨਤਮਸਤਕ ਹੋਏ, ਜਿੱਥੇ ਉਨ੍ਹਾਂ ਨੂੰ ਸਿਰੋਪਾਓ ਭੇਟ ਕੀਤਾ ਗਿਆ। ਇਸ ਮੌਕੇ ਬੀਕੇਯੂ ਖੋਸਾ ਜ਼ਿਲ੍ਹਾ ਮੁਹਾਲੀ ਦੇ ਪ੍ਰਧਾਨ ਅਮਰਿੰਦਰ ਸਿੰਘ ਧਾਲੀਵਾਲ ਤੇ ਉਨ੍ਹਾਂ ਦੀ ਪਤਨੀ ਅਮਨਦੀਪ ਕੌਰ, ਜ਼ਿਲ੍ਹਾ ਰੂਪਨਗਰ ਦੇ ਪ੍ਰਧਾਨ ਜਸਪ੍ਰੀਤ ਸਿੰਘ, ਦਲਵੀਰ ਸਿੰਘ, ਗੁਰਮੇਲ ਸਿੰਘ, ਗੁਰਪ੍ਰੀਤ ਕੌਰ ਅਤੇ ਪਰਮਿੰਦਰ ਕੌਰ ਹਾਜ਼ਰ ਸਨ।

***

## ਅਮਰੀਕਾ ਦੇ ਪਾਕਿਸਤਾਨ

ਪਾਕਿਸਤਾਨ ਇਸ ਪੈਸੇ ਦੀ ਵਰਤੋਂ ਅੱਤਵਾਦੀਆਂ ਦੇ ਪਰਿਵਾਰਾਂ ਨੂੰ ਮੁਆਵਜ਼ਾ ਦੇਣ 'ਚ ਕਰੇਗਾ। ਇਸੇ ਤਰ੍ਹਾਂ ਦੀ ਦੁਰਵਰਤੋਂ ਕਾਰਨ ਪਾਕਿਸਤਾਨ 1958 ਤੋਂ ਹੁਣ ਤੱਕ 24 ਵਾਰ ਕਰਜ਼ਾ ਲੈ ਕੇ ਆਈ.ਐੱਮ.ਐੱਫ. ਦਾ ਚੌਥਾ ਸਭ ਤੋਂ ਵੱਡਾ ਕਰਜ਼ਦਾਰ ਬਣ ਚੁੱਕਾ ਹੈ।

ਅਮਰੀਕਾ ਨੇ ਬੰਗਲਾਦੇਸ਼ ਦੀ ਨਵੀਂ ਜਿਹਾਦੀ ਸਰਕਾਰ ਲਈ ਵੀ ਹਿੰਦੂਆਂ 'ਤੇ ਜ਼ੁਲਮ ਤੇ ਲੋਕਤੰਤਰ ਦੀ ਬਹਾਲੀ ਦਾ ਹਿਸਾਬ ਮੰਗੇ ਬਿਨਾਂ 1300 ਕਰੋੜ ਡਾਲਰ ਦੀ ਕਿਸ਼ਤ ਮਨਜ਼ੂਰ ਕਰਵਾਈ ਹੈ। ਪਿਛਲੇ ਦਿਨੀਂ ਰਿਯਾਦ 'ਚ ਹੋਰ ਵੀ ਦਿਲਚਸਪ ਗੱਲ ਹੋਈ ਜਦ ਟਰੰਪ ਨੇ ਆਪਣੇ ਮੇਜ਼ਬਾਨ ਤੇ ਅਮਰੀਕੀ ਮਾਲ ਦੇ ਵੱਡੇ ਗਾਹਕ ਸਾਊਦੀ ਯੁਵਰਾਜ ਸਲਮਾਨ ਦੇ ਕਹਿਣ 'ਤੇ ਸੀਰੀਆ ਦੇ ਨਵੇਂ ਸ਼ਾਸਕ ਅਹਿਮਦ ਅਲ-ਸ਼ਾਰਾ ਦੀ ਸ਼ਲਾਘਾ ਕਰਦੇ ਹੋਏ ਸੀਰੀਆ ਤੋਂ ਸਾਰੀਆਂ ਪਾਬੰਦੀਆਂ ਹਟਾ ਲਈਆਂ। ਅਲ-ਸ਼ਾਰਾ ਅਲਕਾਇਦਾ ਦਾ ਕਮਾਂਡਰ ਤੇ ਸੀਰੀਆ ਦੇ ਬਦਨਾਮ ਅਲ-ਨੁਸਰਾ ਅੱਤਵਾਦੀ ਸੰਗਠਨ ਦਾ ਮੁਖੀ ਸੀ। ਉਸ ਨੂੰ ਗ੍ਰਿਫ਼ਤਾਰ ਕਰਵਾਉਣ ਲਈ ਇਕ ਕਰੋੜ ਡਾਲਰ ਦਾ ਇਨਾਮ ਸੀ, ਪਰ ਟਰੰਪ ਨਾਲ ਹੱਥ ਮਿਲਾਉਂਦੇ ਹੀ ਉਹ ਅਮਰੀਕਾ ਦਾ ਵਪਾਰਕ ਭਾਈਵਾਲ ਬਣ ਗਿਆ। ਇਸੇ ਤਰ੍ਹਾਂ ਪਰਮਾਣੂ ਸਮਝੌਤੇ ਲਈ ਤਿਆਰ ਹੁੰਦੇ ਹੀ ਇਰਾਨ ਵੀ ਅੱਤਵਾਦੀ ਦੇਸ਼ ਤੋਂ ਵਪਾਰਕ ਭਾਈਵਾਲ ਬਣ ਜਾਵੇਗਾ।

ਸਪੱਸ਼ਟ ਹੈ ਕਿ ਜਦ ਵੀ ਅਮਰੀਕਾ ਦੇ ਆਰਥਿਕ ਤੇ ਰਣਨੀਤਕ ਹਿਤਾਂ ਦੀ ਗੱਲ ਆਉਂਦੀ ਹੈ ਤਾਂ ਬਾਕੀ ਰਿਸ਼ਤੇ ਛੋਟੇ ਹੋ ਜਾਂਦੇ ਹਨ, ਚਾਹੇ ਉਹ ਕਿੰਨੇ ਵੀ ਪੁਰਾਣੇ ਤੇ ਡੂੰਘੇ ਹੋਣ। ਯੂਰਪ ਦੇ ਦੇਸ਼ ਇਸ ਦੀ ਮਿਸਾਲ ਹਨ। ਅਮਰੀਕਾ ਨਾਲ ਗਹਿਰਾਉਂਦੇ ਰਣਨੀਤਕ ਰਿਸ਼ਤਿਆਂ ਦੀ ਭਰੋਸੇਯੋਗਤਾ ਭਾਰਤ ਨੂੰ ਇਸੇ ਪੈਮਾਨੇ 'ਤੇ ਪਰਖਣੀ ਪਵੇਗੀ।

***

## ਚੀਨ-ਪਾਕਿਸਤਾਨ ਦਾ ਨਵਾਂ ਗੇਮ ਪਲਾਨ

ਬਾਜ਼ਾਰ ਬੰਦ ਕਰਨ ਦੀ ਬਜਾਏ ਚੀਨ ਨਾਲ ਕਾਰੋਬਾਰ ਬੰਦ ਕਰ ਦਿਓ, ਤਾਂ ਉਨ੍ਹਾਂ ਦਾ ਰਾਸ਼ਟਰਵਾਦ ਤੁਰੰਤ ਹਵਾ ਵਿੱਚ ਉੱਡ ਜਾਵੇਗਾ। ਪਰ ਤੁਰਕੀ ਅਤੇ ਅਜ਼ਰਬਾਈਜਾਨ ਦੇ ਬਾਈਕਾਟ ਦੇ ਨਾਂ 'ਤੇ ਸਭ ਦਾ ਰਾਸ਼ਟਰਵਾਦ ਪ੍ਰਗਟ ਹੁੰਦਾ ਹੈ। ਕੁਝ ਦਿਨ ਪਹਿਲਾਂ ਇਸੇ ਤਰ੍ਹਾਂ ਇੱਕ ਛੋਟੇ ਜਿਹੇ ਦੇਸ਼ ਮਾਲਦੀਵ ਦਾ ਸਾਰਾ ਦੇਸ਼ ਬਾਈਕਾਟ ਕਰ ਰਿਹਾ ਸੀ। 145 ਕਰੋੜ ਦੀ ਆਬਾਦੀ ਵਾਲਾ ਦੇਸ਼ 5 ਲੱਖ ਦੀ ਆਬਾਦੀ ਵਾਲੇ ਮਾਲਦੀਵ ਦਾ ਬਾਈਕਾਟ ਕਰ ਰਿਹਾ ਸੀ। ਮਜ਼ੇਦਾਰ ਗੱਲ ਇਹ ਹੈ ਕਿ ਇਸ ਨਾਲ ਮਾਲਦੀਵ 'ਤੇ ਕੋਈ ਅਸਰ ਨਹੀਂ ਪਿਆ। ਉੱਥੇ ਦਾ ਰਾਸ਼ਟਰਪਤੀ ਚੀਨ ਦਾ ਸਮਰਥਕ ਸੀ ਅਤੇ ਰਿਹਾ। ਇਸੇ ਤਰ੍ਹਾਂ ਤੁਰਕੀ ਅਤੇ ਅਜ਼ਰਬਾਈਜਾਨ ਵਰਗੇ ਛੋਟੇ ਦੇਸ਼ਾਂ ਦਾ ਬਾਈਕਾਟ ਕੀਤਾ ਜਾ ਰਿਹਾ ਹੈ ਕਿ ਉਨ੍ਹਾਂ ਨੇ ਪਾਕਿਸਤਾਨ ਦਾ ਸਾਥ ਦਿੱਤਾ। ਪਰ ਚੀਨ ਨੇ ਵੀ ਪਾਕਿਸਤਾਨ ਦਾ ਸਾਥ ਦਿੱਤਾ, ਪਰ ਉਸ 'ਤੇ ਹਰ ਪਾਸੇ ਚੁੱਪੀ ਹੈ। ਚੀਨ ਨੇ ਪਾਕਿਸਤਾਨ ਨੂੰ ਆਪਣਾ ਸਦੀਵੀ ਦੋਸਤ ਕਿਹਾ। ਉਸ ਨੇ ਪਾਕਿਸਤਾਨ ਨੂੰ ਫ਼ੌਜੀ ਸਾਜ਼ੋ-ਸਾਮਾਨ ਦਿੱਤਾ। ਇੰਨਾ ਹੀ ਨਹੀਂ, ਚੀਨ ਨੇ ਪਾਕਿਸਤਾਨ ਦੀ ਸੰਪ੍ਰਭੂਤਾ ਦੀ ਰਾਖੀ ਦੀ ਗਾਰੰਟੀ ਵੀ ਦਿੱਤੀ। ਫ਼ਿਰ ਵੀ ਕਿਸੇ ਨੂੰ ਉਸ ਨਾਲ ਕੋਈ ਨਾਰਾਜ਼ਗੀ ਨਹੀਂ! ਇਸ ਤੋਂ ਪਹਿਲਾਂ 2020 ਵਿੱਚ ਗਲਵਾਨ ਘਾਟੀ ਵਿੱਚ ਚੀਨ ਦੇ ਸੈਨਿਕਾਂ ਨਾਲ ਭਾਰਤੀ ਸੈਨਿਕਾਂ ਦੀ ਹਿੰਸਕ ਝੜਪ ਹੋਈ ਸੀ, ਜਿਸ ਵਿੱਚ ਸਾਡੇ 20 ਬਹਾਦਰ ਜਵਾਨ ਸ਼ਹੀਦ ਹੋਏ ਸਨ। ਉਸ ਤੋਂ ਬਾਅਦ ਚੀਨ ਨੇ ਲੱਦਾਖ ਵਿੱਚ ਭਾਰਤ ਦੀ ਜ਼ਮੀਨ 'ਤੇ ਕਬਜ਼ਾ ਕਰ ਲਿਆ। ਮਹੀਨਿਆਂ, ਸਾਲਾਂ ਤੱਕ ਚੀਨ ਨਾਲ ਗੱਲਬਾਤ ਹੋਈ ਅਤੇ ਅਖੀਰ ਵਿੱਚ ਇਹ ਸਮਝੌਤਾ ਹੋਇਆ ਕਿ ਜਿਨ੍ਹਾਂ ਇਲਾਕਿਆਂ ਵਿੱਚ ਭਾਰਤ ਪਹਿਲਾਂ ਗਸ਼ਤ ਕਰਦਾ ਸੀ, ਉਨ੍ਹਾਂ ਨੂੰ ਬਫ਼ਰ ਜ਼ੋਨ ਬਣਾ ਦਿੱਤਾ ਜਾਵੇ ਅਤੇ ਭਾਰਤ ਆਪਣੀ ਪੁਰਾਣੀ ਗਸ਼ਤ ਵਾਲੀ ਥਾਂ ਤੋਂ ਕਾਫ਼ੀ ਪਿੱਛੇ ਹਟ ਗਿਆ। ਇਹ ਵੀ ਸੱਚ ਹੈ ਕਿ ਗਲਵਾਨ ਝੜਪ ਤੋਂ ਬਾਅਦ ਦੇ ਪੰਜ ਸਾਲਾਂ ਵਿੱਚ ਚੀਨ ਨਾਲ ਕਾਰੋਬਾਰ ਵਿੱਚ ਬੇਹੱਦ ਵਾਧਾ ਹੋਇਆ। ਸਰਕਾਰੀ ਅਤੇ ਨਿੱਜੀ, ਦੋਵੇਂ ਕਾਰੋਬਾਰ ਵਧਦੇ ਗਏ। ਹੁਣ ਚੀਨ ਨੇ ਅਰੁਣਾਚਲ ਪ੍ਰਦੇਸ਼ ਦੇ ਅੰਦਰ 27 ਪਿੰਡਾਂ, ਪਹਾੜਾਂ ਅਤੇ ਨਦੀਆਂ ਦੇ ਨਾਂ ਬਦਲ ਦਿੱਤੇ ਹਨ। ਚੀਨ ਨੇ ਜਿਨ੍ਹਾਂ ਨਾਵਾਂ ਨੂੰ ਬਦਲਿਆ ਹੈ, ਉਨ੍ਹਾਂ ਵਿੱਚ 15 ਪਹਾੜ, 5 ਕਸਬੇ, 4 ਪਹਾੜੀ ਦੱਰੇ, 2 ਨਦੀਆਂ ਅਤੇ ਇੱਕ ਝੀਲ ਸ਼ਾਮਲ ਹੈ। ਇਨ੍ਹਾਂ ਸਾਰੇ ਨਾਵਾਂ ਦੀ ਸੂਚੀ ਚੀਨ ਦੇ ਸਰਕਾਰੀ ਅਖ਼ਬਾਰ 'ਗਲੋਬਲ ਟਾਈਮਜ਼' ਨੇ ਪ੍ਰਕਾਸ਼ਿਤ ਕੀਤੀ ਹੈ। ਚੀਨ ਨੇ ਆਪਣੀ ਅਧਿਕਾਰਤ ਵੈਬਸਾਈਟ 'ਤੇ ਵੀ ਇਹ ਨਾਂ ਰੱਖ ਦਿੱਤੇ ਹਨ। ਪਿਛਲੇ ਕਈ ਸਾਲਾਂ ਤੋਂ ਚੀਨ ਅਰੁਣਾਚਲ ਪ੍ਰਦੇਸ਼ ਦੇ ਪਿੰਡਾਂ, ਕਸਬਿਆਂ, ਨਦੀਆਂ ਅਤੇ ਪਹਾੜਾਂ ਦੇ ਨਾਂ ਬਦਲ ਰਿਹਾ ਹੈ। ਪਿਛਲੇ ਅੱਠ ਸਾਲਾਂ ਵਿੱਚ ਉਸ ਨੇ ਕੁੱਲ 92 ਨਾਂ ਬਦਲੇ ਹਨ। ਉਹ ਇਨ੍ਹਾਂ ਇਲਾਕਿਆਂ ਨੂੰ ਚੀਨੀ, ਤਿੱਬਤੀ ਜਾਂ ਪਿਨਯਿਨ ਨਾਂ ਦਿੰਦਾ ਹੈ। ਭਾਰਤ ਵੱਲੋਂ ਕਿਹਾ ਗਿਆ ਹੈ ਕਿ ਅਰੁਣਾਚਲ ਪ੍ਰਦੇਸ਼ ਭਾਰਤ ਦਾ ਅਟੁੱਟ ਅੰਗ ਸੀ, ਹੈ ਅਤੇ ਅੱਗੇ ਵੀ ਰਹੇਗਾ। ਪਰ ਹੈਰਾਨੀ ਦੀ ਗੱਲ ਹੈ ਕਿ ਇਸ ਨਾਲ ਦੇਸ਼ ਵਿੱਚ ਕਿਸੇ ਦਾ ਖ਼ੂਨ ਨਹੀਂ ਖੌਲ ਰਿਹਾ। ਕਿਸੇ ਨੂੰ ਚੀਨ ਦਾ ਬਾਈਕਾਟ ਕਰਨ ਦੀ ਹਿੰਮਤ ਨਹੀਂ ਹੋ ਰਹੀ। ਸਾਰਾ ਜ਼ੋਰ ਤੁਰਕੀ ਅਤੇ ਅਜ਼ਰਬਾਈਜਾਨ 'ਤੇ ਵਿਖਾਇਆ ਜਾ ਰਿਹਾ ਹੈ।

ਚੀਨ ਨਾਲ ਭਾਰਤ ਦਾ ਕਾਰੋਬਾਰ 128 ਅਰਬ ਡਾਲਰ, ਯਾਨੀ ਲਗਭਗ 10 ਲੱਖ ਕਰੋੜ ਰੁਪਏ ਦਾ ਹੈ। ਇਸ ਵਿੱਚੋਂ 113 ਅਰਬ ਡਾਲਰ ਤੋਂ ਥੋੜ੍ਹਾ ਜ਼ਿਆਦਾ ਦਾ ਆਯਾਤ ਭਾਰਤ ਕਰਦਾ ਹੈ ਅਤੇ 14 ਅਰਬ ਡਾਲਰ ਤੋਂ ਥੋੜ੍ਹਾ ਜ਼ਿਆਦਾ ਦਾ ਨਿਰਯਾਤ ਕਰਦਾ ਹੈ। ਇਸ ਤਰ੍ਹਾਂ 100 ਅਰਬ ਡਾਲਰ, ਯਾਨੀ ਲਗਭਗ 9 ਲੱਖ ਕਰੋੜ ਰੁਪਏ ਦਾ ਸਾਲਾਨਾ ਵਪਾਰਕ ਘਾਟਾ ਚੀਨ ਨਾਲ ਹੈ। ਇਸ ਲਈ ਕਾਰੋਬਾਰ ਬੰਦ ਕਰਨ ਨਾਲ ਭਾਰਤ ਦੀ ਅਰਥਵਿਵਸਥਾ 'ਤੇ ਵੱਡਾ ਅਸਰ ਪਵੇਗਾ। ਖੇਤੀਬਾੜੀ ਅਤੇ ਦਵਾਈਆਂ ਤੋਂ ਲੈ ਕੇ ਆਟੋਮੋਬਾਈਲ ਅਤੇ ਹੋਰ ਕਈ ਸੈਕਟਰ ਬੁਰੀ ਤਰ੍ਹਾਂ ਪ੍ਰਭਾਵਿਤ ਹੋਣਗੇ। ਇਸੇ ਕਰਕੇ ਕੋਈ ਚੀਨ ਦਾ ਬਾਈਕਾਟ ਔਖਾ ਹੈ । ਅੰਤਰਰਾਸ਼ਟਰੀ ਮੁਦਰਾ ਕੋਸ਼ ਦਾ ਵੀ ਬਾਈਕਾਟ ਹੋਣਾ ਚਾਹੀਦਾ, ਜਿਸ ਨੇ ਪਾਕਿਸਤਾਨ ਨੂੰ 2.3 ਅਰਬ ਡਾਲਰ ਦਾ ਕਰਜ਼ਾ ਦਿੱਤਾ ਹੈ। ਅਮਰੀਕਾ ਦਾ ਵੀ ਬਾਈਕਾਟ ਹੋਣਾ ਚਾਹੀਦਾ, ਜਿਸ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਪਾਕਿਸਤਾਨ ਨੂੰ ਦੋਸਤ ਕਿਹਾ ਅਤੇ ਭਾਰਤ ਦੇ ਨਾਲ-ਨਾਲ ਪਾਕਿਸਤਾਨ ਨੂੰ ਵੀ ਮਹਾਨ ਦੇਸ਼ ਕਿਹਾ। ਪਰ ਸਾਡੇ ਵਿੱਚ ਇੰਨੀ ਹਿੰਮਤ ਨਹੀਂ ਹੈ ਕਿ ਅਸੀਂ ਚੀਨ, ਅਮਰੀਕਾ ਜਾਂ ਅੰਤਰਰਾਸ਼ਟਰੀ ਮੁਦਰਾ ਕੋਸ਼ ਦਾ ਬਾਈਕਾਟ ਕਰ ਸਕੀਏ। ਇਸ ਲਈ ਅਸੀਂ ਤੁਰਕੀ ਅਤੇ ਅਜ਼ਰਬਾਈਜਾਨ ਨਾਲ ਹੀ ਕੰਮ ਚਲਾਉਂਦੇ ਹਾਂ।

***

## ਡਰੋਨ ਦੀ ਤਾਕਤ ਨੇ ਬਦਲੀ

ਰੂਸ ਦੇ ਆਰਲੇਨ-10, ਲੈਂਕਟ ਵਰਗੇ ਡਰੋਨ ਰੂਸ ਦੀ ਤਾਕਤ ਹਨ, ਪਰ ਯੂਕ੍ਰੇਨ ਜੰਗ ਵਿੱਚ ਇਹ ਪਛੜ ਗਏ।

ਡਰੋਨ ਸ਼ਕਤੀ ਵਿੱਚ ਭਾਰਤ ਅਤੇ ਪਾਕਿਸਤਾਨ ਦੀ ਪੁਜ਼ੀਸ਼ਨ

ਭਾਰਤ ਕੋਲ 2500-3000 ਡਰੋਨ ਹਨ, ਜਿਨ੍ਹਾਂ 'ਚ ਸਵਦੇਸ਼ੀ (ਰੁਸਤਮ-2, ਨਾਗਅਸਤਰ-1) ਅਤੇ ਵਿਦੇਸ਼ੀ (ਹਾਰੋਪ, ਐਮਕਿਊ-9 ਰੀਪਰ) ਸ਼ਾਮਲ ਨੇ। ਭਾਰਤ ਦੀ ਰੇਂਜ 200-3000 ਕਿਲੋਮੀਟਰ ਹੈ। 'ਅਪਰੇਸ਼ਨ ਸੰਧੂਰ' ਨੇ ਸਾਬਤ ਕੀਤਾ ਕਿ ਭਾਰਤ ਸਟੀਕ ਹਮਲਿਆਂ ਵਿੱਚ ਮਾਹਿਰ ਹੈ। ਵਿਸ਼ਵ ਵਿੱਚ ਭਾਰਤ ਦੀ ਪੁਜ਼ੀਸ਼ਨ 6-8ਵੀਂ ਹੈ।

ਭਾਰਤ ਏ.ਆਈ.9-ਅਧਾਰਿਤ ਜੀਪੀਐਸ ਡਰੋਨ ਵੀ ਬਣਾ ਰਿਹਾ ਹੈ।

ਪਾਕਿਸਤਾਨ ਕੋਲ 1000-1500 ਡਰੋਨ ਹਨ, ਜਿਨ੍ਹਾਂ ਵਿੱਚ ਸ਼ਾਹਪਾਰ-2, ਸੀ.ਐਚ.-4, ਬੇਰੈਕਟਰ ਟੀ.ਬੀ. 2 ਸ਼ਾਮਲ ਨੇ। ਪਰ ਇਸ ਦੀ ਜ਼ਿਆਦਾਤਰ ਤਕਨੀਕ ਚੀਨ ਅਤੇ ਤੁਰਕੀ 'ਤੇ ਨਿਰਭਰ ਹੈ। ਪਾਕਿਸਤਾਨ ਦੀ ਰੇਂਜ 1000-5000 ਕਿਲੋਮੀਟਰ ਹੈ, ਪਰ ਸਟੀਕਤਾ ਵਿੱਚ ਭਾਰਤ ਅੱਗੇ ਹੈ। ਵਿਸ਼ਵ ਵਿੱਚ ਪਾਕਿਸਤਾਨ 10-12ਵੇਂ ਸਥਾਨ 'ਤੇ ਹੈ।

***

## ਸ੍ਰੀ ਗੁਰੂ ਤੇਗ ਬਹਾਦਰ ਜੀ

ਕਿਤਾਬਚਾ ਜਾਰੀ ਕਰਨ ਦੇ ਨਾਲ-ਨਾਲ ਗੁਰੂ ਸਾਹਿਬ ਦੀ ਬਾਣੀ 'ਤੇ ਵੀ ਬੁੱਕਲੈੱਟ ਜਾਰੀ ਕੀਤੀ ਜਾਵੇਗੀ।

ਮੁੱਖ ਮੰਤਰੀ ਨੇ ਕਿਹਾ ਕਿ ਆਨੰਦਪੁਰ ਸਾਹਿਬ ਵਿੱਚ ਅੰਡਰ-17 ਫੁੱਟਬਾਲ ਟੂਰਨਾਮੈਂਟ ਦੇ ਨਾਲ-ਨਾਲ ਰਾਜ ਭਰ ਵਿੱਚ ਵਿਸ਼ਵ ਸ਼ਾਂਤੀ ਸੰਮੇਲਨ, ਵਿਸ਼ਵ ਅੰਤਰ-ਧਰਮ ਸੰਮੇਲਨਾਂ ਸਣੇ ਵੱਖ-ਵੱਖ ਜ਼ਿਲ੍ਹਿਆਂ ਵਿੱਚ ਸੈਮੀਨਾਰ ਕਰਵਾਏ ਜਾਣਗੇ। ਮੁੱਖ ਮੰਤਰੀ ਨੇ ਕਿਹਾ ਕਿ ਗੁਰੂ ਤੇਗ ਬਹਾਦਰ ਜੀ ਦੀ ਸ਼ਾਨਾਮੱਤੀ ਵਿਰਾਸਤ ਨੂੰ ਸਦੀਵੀ ਰੱਖਣ ਲਈ ਜੰਮੂ ਤੋਂ ਦਿੱਲੀ ਵਾਇਆ ਬਾਬਾ ਬਕਾਲਾ ਅਤੇ ਸ੍ਰੀ ਅਨੰਦਪੁਰ ਸਾਹਿਬ ਤੱਕ ਯਾਤਰਾ ਕੱਢੀ ਜਾਵੇਗੀ। ਉਨ੍ਹਾਂ ਕਿਹਾ ਕਿ ਰੂਪਨਗਰ, ਮਾਨਸਾ, ਬਠਿੰਡਾ, ਪਟਿਆਲਾ, ਜਲੰਧਰ, ਸੰਗਰੂਰ, ਐੱਸ.ਬੀ.ਐੱਸ ਨਗਰ, ਤਰਨ ਤਾਰਨ, ਸ੍ਰੀ ਫਤਿਹਗੜ੍ਹ ਸਾਹਿਬ, ਬਰਨਾਲਾ, ਸ੍ਰੀ ਮੁਕਤਸਰ ਸਾਹਿਬ, ਅੰਮ੍ਰਿਤਸਰ, ਐੱਸ.ਏ.ਐੱਸ. ਨਗਰ ਸਣੇ ਜ਼ਿਲ੍ਹਿਆਂ ਵਿੱਚ ਗੁਰੂ ਸਾਹਿਬ ਦੀ ਚਰਨ ਛੋਹ ਪ੍ਰਾਪਤ 63 ਥਾਵਾਂ 'ਤੇ ਬੁਨਿਆਦੀ ਢਾਂਚੇ ਦੇ ਵਿਕਾਸ ਨੂੰ ਵੱਡਾ ਹੁਲਾਰਾ ਦਿੱਤਾ ਜਾਵੇਗਾ। ਸੂਬਾ ਸਰਕਾਰ ਨੇ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਤੇ ਫਲਸਫੇ 'ਤੇ ਯਾਦਗਾਰੀ ਡਾਕ ਟਿਕਟ ਜਾਰੀ ਕਰਨ ਲਈ ਭਾਰਤ ਸਰਕਾਰ ਨੂੰ ਅਪੀਲ ਕੀਤੀ।


ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ
ਜਾਣੋ ਪਲ ਪਲ ਦੀ ਖਬਰ
MUDDA
ON
jus PUNJABI HD
sling
CREDIBILITY
RELIABILITY
Minute to Minute Coverage of Punjab Elections
Punjabi Super Pack
20 channels for only $25/month on
sling
SCAN ME TO SUBSCRIBE
Get 30% off ANY Pack for the first month! w/code: SLINGER854
To Subscribe Call: +1-718-752-9290
Visit: sling.com/juspunjabi
for advertisement & more information call: +1-718-752-9293
www.jusbroadcasting.com